Digitized by Arya Samaj Foundation Chennai and eGangotri

ਭਾਈ ਵੀਰ ਸਿੰਘ-ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ

ਡਾ. ਮਨਮੋਹਨ ਸਿੰਘ

ਮਨਦੀਪ ਪ੍ਰਕਾਸ਼ਨ, ਨਵੀਂ ਦਿਲੀ-੧੧੦੦੧੫

CC-0. In Public Domain. Gurukul Kangri Collection, Haridwar

a Samaj Foundation Chenna

ਡਾ.
ਮਨਮੋਹਨ
ਸਿੰਘ

ਭਾਈ ਵੀਰ ਸਿੰਘ-ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ

ਮਨਦੀਪ
ਪ੍ਰਕਾਸ਼ਨ

Domain. Gurukul Kangri Col

Digitized by Arya Samaj Foundation Chennai and eGangotri

P 2959

ਭਾਈ ਵੀਰ ਸਿੰਘ-ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ

ਡਾ: ਮਨਮੋਹਨ ਸਿੰਘ

ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ-੧੧੦੦੧੫

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਪੁਸਤਕ ਵਿੱਚ ਵੇਦਾਂ, ਉਪਨਿਸ਼ਦਾਂ, ਸ੍ਰੀਮਦ ਭਗਵਦਗੀਤਾ, ਸਾਂਖ ਦਰਸ਼ਨ, ਜੈਨ ਦਰਸ਼ਨ, ਬੌਧ ਦਰਸ਼ਨ, ਚਾਰਵਾਕ ਦਰਸ਼ਨ, ਨਿਆਇ ਦਰਸ਼ਨ, ਮਨੁ ਸਮ੍ਰਿਤੀ, ਪੁਰਾਣ ਸਾਹਿਤ, ਤੰਤਰ ਸਾਹਿਤ; ਦਖਣ ਦੇ ਵੈਸ਼ਣਵ ਆਲਵਾਰਾਂ, ਗੌੜਪਾਦ, ਅਦਵੈਤ-ਵੇਦਾਂਤੀ ਸ਼ੰਕਰ, ਵਿਸ਼ਿਸ਼ਟਾਦਵੈਤਵਾਦੀ ਰਾਮਾਨੁਜ, ਦਵੈਤਵਾਦੀ ਮਧਵ, ਦਵੈਤਾਦਵੈਤਵਾਦੀ ਨਿੰਮਬਾਰਕ ਸ਼ੁਧੱਾਦਵੈਤਵਾਦੀ, ਵਲਭ, ਅਚਿੰਤਯ ਭੇਦਾ ਭੇਦਵਾਦੀ ਚੈਤੰਨਯ, ਨਾਥ ਸੰਪ੍ਰਦਾਇ ਅਤੇ ਗੁਰਮਤ ਦੀ ਪ੍ਰਿਸ਼ਠਭੂਮੀ ਵਿੱਚ ਭਾਈ ਸਾਹਿਬ ਦੇ ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ ਪ੍ਰਸਤੁਤ ਕਰਦਿਆਂ ਹੋਇਆਂ ਲੇਖਕ ਨੇ ਬ੍ਰਹਮ, ਜਗਤ, ਜੀਵ, ਮਾਇਆ ਅਤੇ ਮੁਕਤੀ ਦੇ ਸੰਕਲਪਾਂ ਅਤੇ ਇਹਨਾਂ ਨਾਲ ਸੰਬੰਧਤ ਅਨੇਕ ਵਿਸ਼ਿਆਂ ਉਪਰ ਚਰਚਾ ਕੀਤੀ ਹੈ ਯਥਾ : ਬ੍ਰਹਮ ਸ਼ਬਦ, ਇਸਦੀ ਵਿਉਤਪਤੀ ਅਤੇ ਪ੍ਰਾਚੀਨਤਾ, ਜਗਤ ਅਥਵਾ ਸ੍ਰਿਸ਼ਟੀ-ਪ੍ਰਕਿਰਿਆ, ਸਾਂਖ ਦਾ ਪੁਰਸ਼ ਅਤੇ ਪ੍ਰਕਿਰਤੀਵਾਦ, ਸਾਂਖ ਦੀ ਪ੍ਰਕਿਰਤੀ ਅਤੇ ਉਪਨਿਸ਼ਦਾਂ ਅਤੇ ਭਗਵਦਗੀਤਾ ਦੀ ਮਾਇਆ, ਕਾਰਣਵਾਦ, ਬ੍ਰਹਮ ਕਾਰਣਵਾਦ, ਸਤਕਾਰਣਵਾਦ, ਸਤਕਾਰਜਵਾਦ, ਅਸਤਕਾਰਜਵਾਦ, ਪਰਿਣਾਮਵਾਦ, ਅਨੁਲੋਮ ਪਰਿਣਾਮ, ਪ੍ਰਤਿਲੋਮ ਪਰਿਣਾਮ, ਸਰਗ, ਵਿਸਰਗ, ਸਥਾਨ, ਪੋਸ਼ਣ, ਊਤਿ, ਮਨਵੰਤਰ, ਈਸ਼ਾਨੁਕਥਾ, ਨਿਤ-ਪ੍ਰਲੈ, ਪ੍ਰਾਕ੍ਰਿਤ-ਪ੍ਰਲੈ, ਅਤਿਅੰਤਕ-ਪ੍ਰਲੈ, ਅੰਸ਼ਕ-ਪ੍ਰਲੈ, ਪੂਰਣ ਨੈਮਿਤਿਕ-ਪ੍ਰਲੈ, ਕਾਲ, ਕਲਪ, ਮਨੁ ਆਦਿ; ਮਾਇਆ ਦੇ ਵਿਭਿੰਨ ਅਰਥ ਅਵਿਦਿਆ, ਅਗਿਆਨ, ਪ੍ਰਕਿਰਤੀ, ਅਵਿਅਕਤ, ਪ੍ਰਧਾਨ, ਅਧਿਆਸ, ਸ਼ਕਤੀ, ਉਪਾਧੀ ਆਦਿ; ਮੁਕਤੀ ਸ਼ਬਦ ਦੀ ਵਿਉਤਪਤੀ, ਮੁਕਤੀ ਦੀ ਪਰਿਭਾਸ਼ਾ, ਮੁਕਤੀ ਦੇ ਪ੍ਰਕਾਰ, ਅਪਰ-ਮੁਕਤੀ, ਪਰਾ-ਮੁਕਤੀ, ਪਰਮ-ਮੁਕਤੀ, ਕ੍ਰਮ-ਮੁਕਤੀ, ਸਦਯੋ-ਮੁਕਤੀ, ਨਿਰਵਾਣ, ਨਿਰੁਪਧਿਸ਼ੇਸ਼ ਨਿਰਵਾਣ, ਮੋਖਸ਼ ਦ੍ਰਵਯ-ਮੋਖਸ਼, ਕੈਵਲਯ, ਸਾਯੁਜਯ, ਸਾਰੂਪਯ, ਸਾਲੋਕਯ, ਸਾਮੀਪਯ, ਜੀਵਨ-ਮੁਕਤੀ, ਵਿਦੇਹ-ਮੁਕਤੀ, ਮੁਕਤ ਅਤੇ ਜੀਵਨ-ਮੁਕਤ ਆਦਿ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

गुरुकुल कांगड़ी विश्वविद्यालय, हरिद्वार
पुस्तकालय

विषय संख्या
पुस्तक संख्या
आगत पंजिका संख्या

पुस्तक पर किसी प्रकार का निशान लगाना वर्जित है। कृपया १५ दिन से अधिक समय तक पुस्तक अपने पास न रखें।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय

गुरुकुल कांगड़ी विश्वविद्यालय

हरिद्वार

वर्ग संख्या आ.सं.....

पुस्तक-वितरण की तिथि नीचे अंकित है। इस तिथि सहित १५वें दिन तक यह पुस्तक पुस्तकालय में वापिस आ जानी चाहिए। अन्यथा ५ पैसे प्रतिदिन के हिसाब से विलम्ब-दण्ड लगेगा।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਵੀਰ ਸਿੰਘ-ਕਾਵਿ
ਦਾ
ਦਾਰਸ਼ਨਿਕ ਵਿਸ਼ਲੇਸ਼ਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡੇ ਹੋਰ ਪ੍ਰਕਾਸ਼ਨ

੧. ਗੁਰੂ ਨਾਨਕ ਅਤੇ ਭਗਤੀ ਅੰਦੋਲਨ : ਡਾ. ਮਨਮੋਹਨ ਸਿੰਘ (ਭਾਸ਼ਾ ਵਿਭਾਗ, ਪੰਜਾਬ ਸਰਕਾਰ ਦੁਆਰਾ ਪੁਰਸਕ੍ਰਿਤ)

੨. ਭਗਤੀ ਅੰਦੋਲਨ ਪ੍ਰਤੀ ਗੁਰੂ ਨਾਨਕ ਦੇਵ ਜੀ ਦੀ ਦੇਣ : ਡਾ. ਮਨਮੋਹਨ ਸਿੰਘ

੩. ਗੁਰੂ ਨਾਨਕ ਦੇਵ ਜੀ ਦੀ ਭਗਤੀ ਭਾਵਨਾ : ਡਾ. ਮਨਮੋਹਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

भाई वीर सिंह कवि का

ਭਾਈ ਵੀਰ ਸਿੰਘ-ਕਾਵਿ

ਦਾ

दार्शनिक विश्लेषण

ਦਾਰਸ਼ਨਿਕ ਵਿਸ਼ਲੇਸ਼ਣ

स्टाक प्रमाणीकरण १९८४-१९८५

ਡਾ. ਮਨਮੋਹਨ ਸਿੰਘ डा० मनमोहन सिंह
ਆਨਰਜ਼, ਐਮ.ਏ. (ਦਿੱਲੀ ਯੂ.), ਪੀ-ਐਚ. ਡੀ. (ਪੰਜਾਬ ਯੂ.)
ਅਧਿਅਕਸ਼, ਪੰਜਾਬੀ ਵਿਭਾਗ,
ਡਾਇਰੈਕਟੋਰੇਟ, ਪੱਤਰ-ਵਿਹਾਰ ਸਿੱਖਿਆ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

Forwarded with compliments from the
DEPARTMENT OF EDUCATION
Govt. of India

ਮਨਦੀਪ ਪ੍ਰਕਾਸ਼ਨ (मनदीप प्रकाशन)
ਨਵੀਂ ਦਿੱਲੀ-੧੧੦੦੧੫ नई दिल्ली.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Bhai Vir Singh-Kav Da Darshnik Vishleshan
(Philosophical Study of the Poetry of Bhai Vir Singh)

Copy Right
ਡਾ. ਮਨਮੋਹਨ ਸਿੰਘ

ਕਰਤਾ
ਗੁਰੂ ਨਾਨਕ ਅਤੇ ਭਗਤੀ ਅੰਦੋਲਨ

ਪਹਿਲਾ ਸੰਸਕਰਣ : ਫਰਵਰੀ ੧੯੭੫

ਪ੍ਰਕਾਸ਼ਕ :
ਕ੍ਰਿਸ਼ਣ ਗੋਪਾਲ ਦਾਸ ਕੋਹਲੀ, ਮਨਦੀਪ ਪ੍ਰਕਾਸ਼ਨ,
੯/੫੬, ਮੋਤੀ ਨਗਰ,
ਨਵੀਂ ਦਿੱਲੀ-੧੧੦੦੧੫

ਪ੍ਰਿੰਟਰ : ਤਕਸ਼ਿਲਾ ਆਰਟ ਪ੍ਰਿੰਟਿੰਗ ਪ੍ਰੈਸ, ਸੈਕਟਰ-੧੫, ਚੰਡੀਗੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਿਤ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ

ਸਮ੍ਰਿਤੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DR. G. S. DHILLON
Speaker, Lok Sabha

Speaker's House
(20, Akbar Road)
New Delhi

Jan. 8, 1975

MESSAGE

Dr. Manmohan Singh's recent book "Bhai Vir Singh-Kav da Darshnik Vishleshan" is a welcome addition to the extant literature on Bhai Vir Singh. Dr. Manmohan Singh has done a special study of Bhai Vir Singh's literature and is eminently suited to present the philosophic thought in his literary outpourings. In a simple and literary diction, Dr. Manmohan Singh has contributed a valuable book in Punjabi literary criticism. I wish it will become popular and will be read to advantage.

Sd/-
(G. S. Dhillon)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Professor R. C. Paul
M.Sc., Ph.D. (Pb. &
Cantab), Sc.D. (Cantab.),
F. R. I. C., F. N. A. Sc.,
F. I. A. Sc., F. N. A.
VICE-CHANCELLOR

Panjab University,
Chandigarh–160014

February 13, 1975

The book entitled 'Bhai Vir Singh-Kav da Darshnik Vishleshan' embodies the result of many years' active research on the concept of Brahm, Jagat, Jiva, Maya and Mukti in the poetry of Bhai Vir Singh vis-a-vis similar concepts as appearing in Vedic, Upanishadic and Puranic literature, Bhagvadgita and the Vedantic schools of Sankara and as used by Ramanujan, Madhva, Numbarka, Vallabha, Chaitanya and the Sikh Gurus. Thus, the author has given a very recondite and comprehensive account of basic and the most important currents in Bhai Vir Singh's religio-Philosophical and literary writings.

Those interested in these philosophical concepts in general and the philosophy of Bhai Vir Singh in particular will find the book useful and stimulating.

Dr. Manmohan Singh deserves to be complimented for contribution to Panjabi Literary Criticism.

Sd/-
(R. C. Paul)
Vice-Chancellor

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Dr. O. P. Bharadwaj
M. A. Ph.D. (London), P. E. S. (I)
Director
Correspondence Courses
Panjab University

31 January, 1975

I have gone through some parts of the book "Bhai Vir Singh-Kav da Darshnik Vishleshan" written by Dr. Manmohan Singh, Head of the Punjabi Department, Directorate of Correspondence Courses, Panjab University, Chandigarh.

It is a significant addition to the existing literature on Bhai Vir Singh, the mystic poet of Punjab. Dr. Manmohan Singh has critically studied the fundamental problems of human life as expounded in the works of Bhai Vir Singh. I am very sure that students of literature in general and that of Punjabi in particular would greatly benefit from this work. The study as done by Dr. Manmohan Singh is both critical and constructive in its approach.

I congratulate him on bringing out for the benefit of the readers this work which is a significant contribution to the existing knowledge.

Sd/-
(O. P. Bharadwaj)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਕ੍ਰਮ	ਵਿਸ਼ਾ	ਪੰਨਾ
੧.	ਭੂਮਿਕਾ	..
੨.	ਅਧਿਆਇ ਪਹਿਲਾ : ਬ੍ਰਹਮ	.. ੧
੩.	ਅਧਿਆਇ ਦੂਜਾ : ਜਗਤ	.. ੩੭
੪.	ਅਧਿਆਇ ਤੀਜਾ : ਜੀਵ	.. ੮੯
੫.	ਅਧਿਆਇ ਚੌਥਾ : ਮਾਇਆ	.. ੧੨੩
੬.	ਅਧਿਆਇ ਪੰਜਵਾਂ : ਮੁਕਤੀ	.. ੧੫੫
੭.	ਪੁਸਤਕ-ਸੂਚੀ	.. ੨੦੨
੮.	ਅਨੁਕ੍ਰਮਣੀ	.. ੨੦੬

Forwarded with compliments from the
DEPARTMENT OF EDUCATION
Govt. of India

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਕੇਤਿਕਾ

੧.	ਰਾ. ਸੂ. ਸਿੰ.	ਰਾਣਾ ਸੂਰਤ ਸਿੰਘ
੨.	ਕੰ. ਕ.	ਕੰਬਦੀ ਕਲਾਈ
੩.	ਮੇ. ਸਾ. ਜੀ.	ਮੇਰੇ ਸਾਈਆਂ ਜੀਓ
੪.	ਬਿ. ਦੇ. ਹਾ.	ਬਿਜਲੀਆਂ ਦੇ ਹਾਰ
੫.	ਲ. ਦੇ. ਹਾ.	ਲਹਿਰਾਂ ਦੇ ਹਾਰ
੬.	ਮ. ਹੁ.	ਮਟਕ ਹੁਲਾਰੇ
੭.	ਪ੍ਰੀ. ਵੀ.	ਪ੍ਰੀਤ ਵੀਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ

ਹਰ ਕੰਮ ਦੀ ਸੰਪੂਰਣਤਾ ਦਾ ਕੋਈ ਨਾ ਕੋਈ ਸਮਾਂ ਨਿਸ਼ਚਿਤ ਹੁੰਦਾ ਹੈ। ਵਰਤਮਾਨ ਰੂਪ ਵਿੱਚ ਇਸ ਪੁਸਤਕ ਦੇ ਪ੍ਰਕਾਸ਼ਿਤ ਹੋਣ ਦਾ ਸਮਾਂ ਵੀ ਨਿਸ਼ਚਿਤ ਸੀ। 1959-61 ਵਿੱਚ ਲੇਖਕ ਐਮ. ਏ. (ਪੰਜਾਬੀ) ਦਾ ਵਿਦਿਆਰਥੀ ਸੀ। ਉਸ ਨੇ ਭਾਈ ਵੀਰ ਸਿੰਘ ਸਬੰਧੀ ਸ਼ੋਧ-ਅਨੁਬੰਧ (Dissertation) ਲਿਖਣ ਲਈ ਦਿੱਲੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਪਾਸ ਬਿਨੈ ਕੀਤੀ। ਬਿਨੈ ਇਸ ਕਾਰਣ ਅਸਵੀਕਾਰ ਕੀਤੀ ਗਈ ਕਿ ਸ਼ੋਧ-ਕਾਰਜ ਲਈ ਕੋਈ ਨਿਰਦੇਸ਼ਕ ਅਲੱਭ ਸੀ। ਲੇਖਕ ਨੂੰ ਉਸ ਸਮੇਂ ਘੋਰ ਨਿਰਾਸ਼ਾ ਹੋਈ। ਉਸ ਤੋਂ ਬਾਅਦ ਜੀਵਨ ਦੇ ਅਨੇਕ ਰੁਝੇਵੇਂ ਅਤੇ ਕਿੰਨਾ ਕੁਝ ਹੋਰ.....ਪਰ ਭਾਈ ਸਾਹਿਬ ਸੰਬੰਧੀ ਸ਼ੋਧ-ਕਾਰਜ ਕਰਨ ਦੀ ਰੁਚੀ ਆਪਣੇ ਮੱਧਮ ਅਤੇ ਦੱਬੇ-ਘੁੱਟੇ ਰੂਪ ਵਿੱਚ ਕਾਇਮ ਰਹੀ। ਲੇਖਕ ਦੀ ਪ੍ਰਥਮ ਪੁਸਤਕ "ਗੁਰੂ ਨਾਨਕ ਅਤੇ ਭਗਤੀ ਅੰਦੋਲਨ", ਜਿਸ ਨੂੰ ਭਾਸ਼ਾ ਵਿਭਾਗ, ਪੰਜਾਬ ਸਰਕਾਰ ਦੁਆਰਾ ਸਰਬੋਤਮ ਪੁਸਤਕ ਹੋਣ ਦੇ ਨਾਤੇ ਪੁਰਸਕ੍ਰਿਤ ਹੋਣ ਦਾ ਮਾਣ ਪ੍ਰਾਪਤ ਹੈ, ਦੀ ਰਚਨਾ-ਪ੍ਰਕਿਰਿਆ ਦੇ ਦੌਰਾਨ ਭਾਈ ਸਾਹਿਬ ਦੀ ਕਾਵਿ-ਰਚਨਾ ਸੰਬੰਧੀ ਸ਼ੋਧ-ਕਾਰਜ ਕਰਨ ਦੀ ਰੁਚੀ ਨੇ ਤੀਬਰਤਾ ਪਕੜੀ। "ਗੁਰੂ ਨਾਨਕ ਅਤੇ ਭਗਤੀ ਅੰਦੋਲਨ" ਦੇ ਲੇਖਨ-ਕਾਰਜ ਦੀ ਸੰਪੰਨਤਾ ਤੋਂ ਬਾਅਦ ਲੇਖਕ ਭਾਈ ਸਾਹਿਬ ਦੇ ਕਾਵਿ ਦੇ ਅਧਿਅਨ ਵਿੱਚ ਪੂਰੀ ਦਿਲਚਸਪੀ ਨਾਲ ਜੁਟ ਗਿਆ। ਉਦੋਂ (1970) ਤੋਂ ਹੁਣ ਤੀਕ ਦੇ ਲਗਾਤਾਰ ਅਧਿਅਨ ਦੇ ਫਲ ਸਰੂਪ ਇਹ ਪੁਸਤਕ "ਭਾਈ ਵੀਰ ਸਿੰਘ-ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ" ਪਾਠਕਾਂ ਦੇ ਹੱਥਾਂ ਵਿੱਚ ਹੈ।

ਇਸ ਰਚਨਾ ਦੇ ਦੋ ਪ੍ਰਯੋਜਨ ਹਨ :

1. ਦਾਰਸ਼ਨਿਕ ਤਤਾਂ ਅਰਥਾਤ ਬ੍ਰਹਮ, ਜਗਤ, ਜੀਵ, ਮਾਇਆ ਅਤੇ ਮੁਕਤੀ ਦਾ ਵਿਸਤਾਰ ਪੂਰਬਕ ਅਧਿਅਨ ਅਤੇ
2. ਇਹਨਾਂ ਦਾਰਸ਼ਨਿਕ ਤਤਾਂ ਦੇ ਪ੍ਰਕਰਣ ਵਿੱਚ ਭਾਈ ਸਾਹਿਬ ਦੇ ਕਾਵਿ ਦਾ ਵਿਸ਼ਲੇਸ਼ਣ ਪ੍ਰਸਤੁਤ ਕਰਨਾ।

ਵਿਸ਼ੇ ਦੇ ਨਿਭਾਉ ਸੰਬੰਧੀ ਸਾਡਾ ਕੋਈ ਹੋਰ ਪ੍ਰਯੋਜਨ ਨਹੀਂ।

ਆਸ ਹੈ ਇਸ ਪੁਸਤਕ ਦੇ ਰਚਨਾ-ਪ੍ਰਯੋਜਨ ਨੂੰ ਦ੍ਰਿਸ਼ਟੀ ਵਿੱਚ ਰਖ ਕੇ ਹੀ ਵਿਦਵਾਨ ਪਾਠਕ ਇਸ ਦਾ ਅਧਿਅਨ ਕਰਨਗੇ ਅਤੇ ਇਸ ਦੇ ਲੇਖਕ ਨੂੰ ਇਸ ਤੋਂ ਵੀ ਉਚੇਰੇ ਅਤੇ ਚੰਗੇਰੇ ਸ਼ੋਧ-ਗ੍ਰੰਥਾਂ ਦੇ ਨਿਰਮਾਣ ਲਈ ਪ੍ਰੋਤਸਾਹਨ ਅਤੇ ਪ੍ਰੇਰਣਾ ਪ੍ਰਦਾਨ ਕਰਨਗੇ।

ਅੰਤ ਵਿੱਚ ਲੇਖਕ ਡਾ: ਗੁਰਦਿਆਲ ਸਿੰਘ ਢਿੱਲੋਂ, ਸਪੀਕਰ ਲੋਕ ਸਭਾ ਅਤੇ ਚੇਅਰਮੈਨ, ਭਾਈ ਵੀਰ ਸਿੰਘ ਸਾਹਿਤ ਸਦਨ, ਡਾ. ਆਰ. ਸੀ. ਪਾਲ, ਵਾਈਸ ਚਾਂਸਲਰ, ਪੰਜਾਬ ਯੂਨੀਵਰਸਿਟੀ ਅਤੇ ਡਾ. ਓ. ਪੀ. ਭਾਰਦ੍ਵਾਜ, ਡਾਇਰੈਕਟਰ, ਕਾਰਸਪਾਂਡੈਂਸ ਕੋਰਸਿਜ਼, ਪੰਜਾਬ ਯੂਨੀਵਰਸਿਟੀ ਦਾ ਰਿਣੀ ਹੈ ਜਿਨ੍ਹਾਂ ਦੇ ਆਸ਼ੀਰਵਾਦ ਸਦਕਾ ਹੀ ਇਹ ਪੁਸਤਕ ਹੋਂਦ ਵਿੱਚ ਆਈ।

ਜਨਵਰੀ, 1975

—ਮਨਮੋਹਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ ਪਹਿਲਾ : ਬ੍ਰਹਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਹਮ

ਭਾਈ ਵੀਰ ਸਿੰਘ ਦਾ ਬ੍ਰਹਮ ਨਿਰਗੁਣ ਨਿਰਾਕਾਰ ਹੈ; ਅਰੂਪ, ਤ੍ਰੈਗੁਣਾਤੀਤ ਹੈ; ਰੂਪ, ਰੇਖ, ਰੰਗ ਤੋਂ ਵਿਹੀਨ ਹੈ; ਚੇਤੰਨ ਅਤੇ ਆਤਮ-ਸਰੂਪ ਹੈ; ਸਵੈ-ਪ੍ਰਕਾਸ਼ਿਤ, ਪ੍ਰਕਾਸ਼-ਰੂਪ ਅਤੇ ਪ੍ਰਕਾਸ਼-ਸੋ੍ਤ ਹੈ; ਸਤਯਮ, ਸ਼ਿਵਮ ਅਤੇ ਸੁੰਦਰਮ ਦੀ ਤ੍ਰੈ-ਮੂਰਤੀ ਹੈ, ਸੱਚਿਦਾਨੰਦ-ਸਰੂਪ ਹੈ; ਅਸਤੀ, ਭਾਂਤੀ, ਪ੍ਰੇਅ ਆਦਿ ਸਰੂਪ ਲੱਛਣਾਂ ਯੁਕਤ ਹੈ। ਸਮਸਤ ਸੌਂਦਰਯ ਪ੍ਰਕਾਸ਼ ਉਸੇ ਦਾ ਹੀ ਪ੍ਰਤਿਰੂਪ ਅਤੇ ਪ੍ਰਤਿਫਲ ਹੈ।

ਭਾਈ ਸਾਹਿਬ ਨੇ ਬ੍ਰਹਮ ਨੂੰ ਰਸ ਰੂਪ ਮੰਨਿਆਂ ਹੈ; ਰਸ ਵੀ ਉਹੀ ਹੈ, ਰਸੀਆ ਵੀ ਉਹੀ ਹੈ ਅਤੇ ਰਸ ਦਾ ਆਧਾਰ ਵੀ ਉਹੀ ਹੈ।

ਭਾਈ ਵੀਰ ਸਿੰਘ ਅਨੁਸਾਰ ਬ੍ਰਹਮ ਸਮਸਤ ਦ੍ਰਿਸ਼ਟ-ਜਗਤ ਦਾ ਆਧਾਰਭੂਤ ਕਾਰਣ ਹੈ, ਨਮਿਤ ਕਾਰਣ ਵੀ ਅਤੇ ਉਪਾਦਾਨ ਕਾਰਣ ਵੀ। ਸ੍ਰਿਸ਼ਟੀ ਦਾ ਉਤਪਾਦਕ, ਪਾਲਕ ਅਤੇ ਸੰਘਾਰਕ ਵੀ ਉਹੀ ਹੈ। ਉਹ ਸਰਬ ਵਿਆਪਕ ਹੈ। ਜਗਤ ਤੋਂ ਛੁੱਟ ਜੀਵਾਂ ਦੀ ਉਤਪਤੀ ਦਾ ਵੀ ਉਹ ਨਮਿਤ ਅਤੇ ਉਪਾਦਾਨ ਕਾਰਣ ਹੈ।

ਵੀਰ ਸਿੰਘ ਦਾ ਬ੍ਰਹਮ ਸਗਣ ਸਵਿਸ਼ੇਸ਼ ਹੈ—ਗੁਣਾਂ ਸਹਿਤ, ਗੁਣਾਂ ਦੀ ਖਾਣ, ਗਹਿਰ, ਗੰਭੀਰ, ਸ਼ਾਂਤ ਅਤੇ ਸਹਿਨਸ਼ੀਲ, ਅਨੰਤ ਰਹਿਮ-ਰੂਪ, ਅਨੁਗ੍ਰਹਿ-ਰੂਪ ਅਥਵਾ ਕਿਰਪਾ-ਰੂਪ।

ਭਾਈ ਸਾਹਿਬ ਨੇ ਇਕ ਪਾਸੇ ਬ੍ਰਹਮ ਦੇ ਮਾਤ-ਰੂਪ ਅਤੇ ਦੂਜੇ ਪਾਸੇ ਉਸ ਦੇ ਬਾਲ-ਰੂਪ ਦਾ ਵੀ ਪ੍ਰਤਿਪਾਦਨ ਕੀਤਾ ਹੈ।

ਉਪ੍ਰੋਕਤ ਸੰਕਲਪਾਤਮਕ ਵਿਚਾਰਾਂ ਦੇ ਸਹੀ ਅਤੇ ਸੰਪੂਰਣ ਸਪਸ਼ਟੀਕਰਣ ਲਈ ਭਾਰਤੀ ਦਰਸ਼ਨ-ਗ੍ਰੰਥਾਂ ਦੇ ਪ੍ਰਕਰਣ ਵਿਚ ਬ੍ਰਹਮ ਵਿਸ਼ਿਅਕ ਸਮੱਗਰੀ ਦਾ ਸਵਿਸਥਾਰ ਵਿਸ਼ਲੇਸ਼ਣ ਅਤਿ ਲੋੜੀਂਦਾ ਹੈ; ਇਸ ਲਈ ਅਸੀਂ ਇਹ ਵਿਸ਼ਲੇਸ਼ਣ ਪ੍ਰਸਤੁਤ ਕਰਦੇ ਹਾਂ।

ਬ੍ਰਹਮ ਸ਼ਬਦ ਅਤਿ ਪ੍ਰਾਚੀਨ ਹੈ। ਵੈਦਿਕ ਸਾਹਿਤ ਵਿਚ ਇਸ ਦੀ ਵਰਤੋਂ ਅਨੇਕ ਅਰਥਾਂ ਵਿਚ ਕੀਤੀ ਮਿਲਦੀ ਹੈ। ਰਿਗਵੇਦ ਵਿੱਚ ਸਤੁਤੀ ਦੇ ਅਰਥਾਂ ਵਿਚ ਬ੍ਰਹਮ[1] ਦੀ ਵਰਤੋਂ ਕੀਤੀ ਗਈ ਹੈ। ਅਥਰਵ ਵੇਦ ਵਿੱਚ ਬ੍ਰਹਮ ਨੂੰ ਯਗ ਦੇ ਅਰਥਾਂ ਵਿਚ ਵਰਤਦਿਆ ਕਿਹਾ ਗਿਆ ਹੈ ਕਿ ਜਿੱਥੇ ਬ੍ਰਹਮ ਕੀਤਾ ਜਾਂਦਾ ਹੈ ਉਥੇ ਸਭ ਜੀਵਤ ਰਹਿੰਦੇ ਹਨ ਅਤੇ ਕੋਈ

1. ਰਿਗਵੇਦ, 6.38.3-4

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਰਦਾ ਨਹੀਂ; ਬ੍ਰਹਮ ਦੇ ਪ੍ਰਤਾਪ ਤੋਂ ਰੋਗੀ ਸਵਸਥ ਹੋ ਜਾਂਦੇ ਹਨ ਅਤੇ ਮਰੇ ਹੋਏ ਵਾਪਸ ਪਰਤ ਪੈਂਦੇ ਹਨ; ਬ੍ਰਹਮ ਦੀ ਜਾਦੂ ਸ਼ਕਤੀ ਨਾਲ ਕੂਤ ਆਦਿ ਨਸ਼ਟ ਹੋ ਜਾਂਦੇ ਹਨ ਅਤੇ ਪੁਰੋਹਿਤ ਰਾਜੇ ਨੂੰ ਵਿਜਈ ਬਣਾ ਦਿੰਦਾ ਹੈ। ਬ੍ਰਹਮ ਨੂੰ ਅਗਨੀ, ਇੰਦਰ ਅਤੇ ਸੂਰ ਆਦਿ ਦੇਵਤਿਆਂ ਦੀ ਸ਼ਕਤੀ ਦਾ ਆਧਾਰ ਮੰਨਿਆਂ ਗਿਆ ਹੈ। ਬ੍ਰਹਮ ਨੂੰ ਸ੍ਰਿਸ਼ਟੀ ਦਾ ਆਧਾਰ ਮੰਨ ਕੇ ਅਤੇ ਚੰਦਰਮਾਂ ਅਤੇ ਸੂਰਜ ਨੂੰ ਉਸ ਦੀਆਂ ਅੱਖਾਂ ਵੀ ਦਰਸਾਇਆ ਗਿਆ ਹੈ[2]।

ਰਿਗਵੇਦ ਵਿੱਚ ਇਕੋ ਬ੍ਰਹਮ ਜਾਂ ਪਰਮਾਤਮਾ ਲਈ ਇੰਦਰ, ਮਿੱਤਰ, ਵਰੁਣ, ਅਗਨੀ ਆਦਿ ਅਨੇਕ ਦੇਵਤਿਆਂ ਦੇ ਨਾਮ ਲਏ ਗਏ ਹਨ[3]। ਇਸੇ ਤਰ੍ਹਾਂ ਯਜੁਰਵੇਦ ਵਿੱਚ ਇਕ ਹੀ ਈਸ਼ਵਰ ਨੂੰ ਅਗਨੀ, ਵਾਯੂ, ਚੰਦ੍ਰਮਾ, ਸ਼ੁਕਰ, ਬ੍ਰਹਮਾ ਅਤੇ ਪਰਜਾਪਤੀ ਕਿਹਾ ਗਿਆ ਹੈ[4]। ਸਪਸ਼ਟ ਹੈ ਕਿ ਵੇਦਾਂ ਵਿੱਚ ਅਨੇਕ ਦੇਵਤਿਆਂ ਨੂੰ ਇਕੋ ਬ੍ਰਹਮ ਦਾ ਰੂਪ ਮੰਨਿਆਂ ਗਿਆ ਹੈ। ਰਿਗਵੇਦ ਵਿੱਚ ਕਲਿਆਣਕਾਰੀ ਸਖਾ-ਰੂਪ ਅਤੇ ਪਿਤਾ-ਰੂਪ ਪਰਮਾਤਮਾ ਨੂੰ ਅਦੁੱਤੀ ਕਿਹਾ ਗਿਆ ਹੈ[5]।

ਬ੍ਰਾਹਮਣ ਗ੍ਰੰਥਾਂ ਵਿੱਚ ਕਿਹਾ ਗਿਆ ਹੈ ਕਿ ਯਗ ਦੇ ਸਮੇਂ ਹੋਤਾ (ਹਵਨ-ਕਰਤਾ) ਦਾ ਮੰਤਰ ਪਾਠ, ਗਾਇਕ ਦਾ ਸਾਮ-ਪਾਠ ਆਦਿ ਸਭ ਕੁਛ ਬ੍ਰਹਮ ਦੇ ਬਿਰਾਜਮਾਨ ਹੋਣ ਤੇ ਹੀ ਪਵਿਤਰ ਸਮਝੇ ਜਾਂਦੇ ਹਨ। ਬ੍ਰਹਮ ਤੋਂ ਧਨ, ਪਸ਼ੂ, ਰਾਜ ਆਦਿ ਇੱਛਤ ਵਸਤਾਂ ਦੀ ਪ੍ਰਾਪਤੀ ਹੁੰਦੀ ਹੈ। ਸ਼ਤਪਥ ਬ੍ਰਾਹਮਣ ਵਿੱਚ ਕਿਹਾ ਗਿਆ ਹੈ ਕਿ ਨਾ ਉਸ ਤੋਂ ਪਹਿਲਾਂ ਕੁਝ ਸੀ ਅਤੇ ਨਾ ਹੀ ਉਸ ਤੋਂ ਅਗਾਂਹ ਕੁਝ ਹੈ[6]। ਆਕਾਸ਼ ਅਤੇ ਪ੍ਰਿਥਵੀ ਦਾ ਉਹ ਆਧਾਰ ਹੈ[7]। ਰਾਖਸ਼ਾਂ ਦਾ ਸੰਘਾਰ-ਕਰਤਾ[8] ਅਤੇ ਸਮਸਤ ਰੁਕਾਵਟਾਂ ਦਾ ਹਰਤਾ ਵੀ ਉਹੀ ਹੈ।

ਬ੍ਰਹਮ ਸ਼ਬਦ ਦੀ ਵਿਉਤਪਤੀ ਦੁਆਰਾ ਬ੍ਰਹਮ ਦੇ ਉਪ੍ਰੋਕਤ ਅਰਥਾਂ ਵਿੱਚ ਪਰਿਵਰਤਨ ਆਇਆ। ਬ੍ਰਹਮ ਸ਼ਬਦ ਦੀ ਵਿਉਤਪਤੀ ਵ੍ਰਹ (ਵਧਣਾਂ) ਧਾਤੂ ਤੋਂ ਹੋਈ ਹੈ[9]। ਜੋ ਵ੍ਰਹਤਮ ਜਾਂ ਮਹੱਤਮ ਹੋਵੇ, ਜੋ ਸਭ ਤੋਂ ਵੱਡਾ ਹੋਵੇ, ਜਿਸ ਵਿਚ 'ਵਧਣਾ' ਕਿਰਿਆ ਦੇ ਸਾਰੇ ਅਰਥ ਸ਼ਾਮਿਲ ਹੋਣ, ਉਸ ਨੂੰ ਬ੍ਰਹਮ ਕਿਹਾ ਜਾਂਦਾ ਹੈ। ਸ਼ੰਕਰ, ਰਾਮਾਨੁਜ ਆਦਿ ਬ੍ਰਹਮਵਾਦੀਆਂ ਨੇ ਆਪਣੇ ਭਾਸ਼ਾਂ ਵਿੱਚ ਬ੍ਰਹਮ ਦੀ ਇਹੀ ਵਿਉਤਪਤੀ ਕੀਤੀ ਹੈ। ਸ਼ੰਕਰ ਦੇ ਅਨੁਆਈਆਂ ਨੇ ਵ੍ਰਹਤਮ ਜਾਂ ਮਹੱਤਮ ਦੇ ਅਰਥਾਂ ਨੂੰ ਸਪਸ਼ਟ ਕਰਨ ਲਈ ਇਨ੍ਹਾਂ ਦੀ ਵਿਆਖਿਆ ਕਰਦਿਆਂ ਹੋਇਆਂ ਬ੍ਰਹਮ ਦਾ ਸਰੂਪ-ਚਿਤਰਣ ਕੀਤਾ ਹੈ। ਜੋ ਦੇਸ਼ ਕਾਲ ਅਤੇ ਵਸਤੂ ਦੁਆਰਾ ਸੀਮਿਤ ਹੋਵੇ, ਜੋ ਅਨਿੱਤ ਅਤੇ ਪਰਿਵਰਤਨਸ਼ੀਲ

2. ਭਾਰਤੀ ਤਤਵ ਚਿੰਤਨ, ਜਗਦੀਸ਼ ਚੰਦਰ ਜੈਨ, ਪੰਨਾ 42-43
3. ਰਿਗਵੇਦ, 1/164/46
4. ਯਜੁਰਵੇਦ, 32/5
5. ਰਿਗਵੇਦ, 2/5/6
6. ਸ਼ਤਪਥ ਬ੍ਰਾਹਮਣ, 10.3.5.11
7. ਓਹੀ, 8.4.1.3
8. ਓਹੀ, 5.2.4.18
9. ਬ੍ਰਹਮ ਸੂਤਰ, ਸ਼ੰਕਰ ਭਾਸ਼, 1/1/1

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਵੇ, ਜੋ ਗੁਣਹੀਨ ਅਤੇ ਦੋਸ਼-ਪੂਰਣ ਹੋਵੇ, ਜੋ ਜੜ੍ਹ ਅਤੇ ਅਗਿਆਨੀ ਹੋਵੇ, ਜੋ ਪਰਤੰਤਰ ਅਤੇ ਬੱਧ ਹੋਵੇ, ਉਸ ਨੂੰ ਮਹੱਤਮ ਜਾਂ ਬ੍ਰਹਮ ਨਹੀਂ ਕਿਹਾ ਜਾ ਸਕਦਾ, ਉਹ ਤਾਂ 'ਅਲਪ' ਹੈ। ਇੰਜ ਬ੍ਰਹਮ ਅਨੰਤ, ਨਿੱਤ ਸ਼ੁਧ, ਬੁਧ ਅਤੇ ਮੁਕਤ ਹੈ[10]।

'ਭੂਮਾ' ਸ਼ਬਦ ਵੀ ਬ੍ਰਹਮ ਦੇ ਪ੍ਰਥਾਇ ਵਰਤਿਆ ਜਾਂਦਾ ਹੈ। ਇਸ ਦਾ ਵਿਪਰੀਤਾਰਥ 'ਅਲਪ' ਹੈ। ਜੋ 'ਭੂਮਾ' ਹੈ ਉਹੀ ਅਮਿਤ ਜਾਂ ਅਮਰ ਹੈ ਅਤੇ ਜੋ 'ਅਲਪ' ਹੈ ਉਹ ਮਿਤ ਜਾਂ ਮਰਣਹਾਰ ਹੈ[11]।

ਤੈਤਰੀਅ ਉਪਨਿਸ਼ਦ ਦੀ ਭ੍ਰਿਗੁਵੱਲੀ[12] ਦੀ ਕਥਾ ਤੋਂ ਬ੍ਰਹਮ ਦੇ ਲੱਛਣਾਂ ਦਾ ਸਪਸ਼ਟੀਕਰਣ ਹੁੰਦਾ ਹੈ। ਇਸ ਕਥਾ ਅਨੁਸਾਰ ਭ੍ਰਿਗੁ ਨੇ ਆਪਣੇ ਪਿਤਾ ਵਰੁਣ ਦੇ ਕੋਲ ਜਾ ਕੇ ਕਿਹਾ ਕਿ ਭਗਵਾਨ ਤੁਸੀਂ ਮੈਨੂੰ ਬ੍ਰਹਮ ਦਾ ਉਪਦੇਸ਼ ਦਿਉ। ਵਰੁਣ ਨੇ ਕਿਹਾ ਕਿ ਜਿਥੋਂ ਇਹ ਪ੍ਰਾਣੀ ਉਤਪੰਨ ਹੁੰਦੇ ਹਨ, ਉਤਪੰਨ ਹੋ ਕੇ ਜਿਸ ਦੇ ਸਹਾਰੇ ਜੀਵਨ ਜੀਉਂਦੇ ਹਨ ਅਤੇ ਅੰਤ ਵਿਚ ਨਸ਼ਟ ਹੋ ਕੇ ਜਿਸ ਵਿੱਚ ਸਮਾ ਜਾਂਦੇ ਹਨ, ਉਸ ਦੀ ਜਗਿਆਸਾ ਕਰਨੀ ਚਾਹੀਦੀ ਹੈ, ਉਹੀ ਬ੍ਰਹਮ ਹੈ। ਭ੍ਰਿਗੁ ਨੇ ਤਪ ਕੀਤਾ ਅਤੇ ਪਿਤਾ ਨੂੰ ਆਣ ਕਿਹਾ ਕਿ 'ਅੰਨ ਬ੍ਰਹਮ ਹੈ', ਮੈਂ ਇੰਜ ਸਮਝਿਆ ਹੈ, ਕਿਉਂਕਿ ਅੰਨ ਤੋਂ ਹੀ ਸਭ ਪ੍ਰਾਣੀ ਉਤਪੰਨ ਹੁੰਦੇ ਹਨ, ਅੰਨ ਦੇ ਸਹਾਰੇ ਹੀ ਜੀਵਤ ਰਹਿੰਦੇ ਹਨ ਅਤੇ ਮੌਤ ਸਮੇਂ ਅੰਨ ਵਿਚ ਹੀ ਲੀਨ ਹੋ ਜਾਂਦੇ ਹਨ। ਅੰਨ ਦਾ ਇਥੇ ਅਰਥ ਪ੍ਰਿਥਵੀ ਹੈ, ਇਸ ਨੂੰ ਅਸੀਂ ਮਿੱਟੀ ਵੀ ਕਹਿ ਸਕਦੇ ਹਾਂ। ਵਰੁਣ ਨੇ ਉਸ ਨੂੰ ਮੁੜ ਤਪ ਦੁਆਰਾ ਬ੍ਰਹਮ ਨੂੰ ਜਾਣਨ ਦਾ ਉਪਦੇਸ਼ ਦਿੱਤਾ। ਇਸ ਉਪਦੇਸ਼ ਦੀ ਪਾਲਨਾ ਕਰਕੇ ਭ੍ਰਿਗੁ ਨੇ ਕਿਹਾ, 'ਪ੍ਰਾਣ ਬ੍ਰਹਮ ਹੈ', ਮੈਂ ਇੰਜ ਜਾਣਿਆਂ ਹੈ, ਕਿਉਂਕਿ ਪ੍ਰਾਣ ਤੋਂ ਹੀ ਪ੍ਰਾਣੀ ਉਤਪੰਨ ਹੁੰਦੇ ਹਨ, ਪ੍ਰਾਣ ਦੁਆਰਾ ਹੀ ਜੀਵਤ ਰਹਿਦੇ ਹਨ ਅਤੇ ਮਰਣ ਸਮੇਂ ਪ੍ਰਾਣ ਵਿੱਚ ਹੀ ਲੀਨ ਹੋ ਜਾਂਦੇ ਹਨ। ਤਪ ਦਾ ਆਦੇਸ਼ ਪਾ ਕੇ ਉਹ ਫੇਰ ਚਲਾ ਗਿਆ। ਵਾਪਸ ਆ ਕੇ ਉਸ ਕਿਹਾ, 'ਮਨ ਬ੍ਰਹਮ ਹੈ', ਮੈਂ ਇੰਜ ਜਾਣਿਆਂ ਹੈ। ਪਿਤਾ ਦੇ ਆਦੇਸ਼ ਅਧੀਨ ਭ੍ਰਿਗੁ ਨੂੰ ਮੁੜ ਜਾਣਾ ਪਿਆ। ਫਿਰ ਉਸ ਨੂੰ ਅਨੁਭਵ ਹੋਇਆ ਕਿ ਵਿਗਿਆਨ (ਆਤਮਾ) ਬ੍ਰਹਮ ਹੈ, ਕਿਉਂਕਿ ਵਿਗਿਆਨ ਤੋਂ ਹੀ ਸਮਸਤ ਜੀਵ ਉਤਪੰਨ ਹੁੰਦੇ ਹਨ, ਵਿਗਿਆਨ ਦੇ ਦੁਆਰਾ ਹੀ ਉਹ ਜੀਵਤ ਰਹਿੰਦੇ ਹਨ ਅਤੇ ਮੌਤ ਸਮੇਂ ਵਿਗਿਆਨ ਵਿੱਚ ਹੀ ਸਮਾ ਜਾਂਦੇ ਹਨ।

ਉਕਤ ਉਪਨਿਸ਼ਦ ਦੀ ਇਸ ਕਥਾ ਵਿੱਚ ਬ੍ਰਹਮ ਜਿਗਿਆਸਾ ਦਾ ਅੰਤ 'ਪ੍ਰਾਣ ਬ੍ਰਹਮ ਹੈ', 'ਵਿਗਿਆਨ ਬ੍ਰਹਮ ਹੈ,' 'ਆਨੰਦ ਬ੍ਰਹਮ ਹੈ' ਆਦਿ ਉਕਤੀਆਂ ਨਾਲ ਹੁੰਦਾ ਹੈ। ਸੋ ਅੰਤ ਵਿਚ ਭ੍ਰਿਗੁ ਨੂੰ ਗਿਆਤ ਹੋਇਆ ਕਿ ਆਨੰਦ ਬ੍ਰਹਮ ਹੈ, ਕਿਉਂਕਿ ਆਨੰਦ ਤੋਂ ਹੀ ਸਭ ਜੀਵ ਉਤਪੰਨ ਹੁੰਦੇ ਹਨ, ਆਨੰਦ ਦੇ ਦੁਆਰਾ ਹੀ ਜੀਵਤ ਰਹਿੰਦੇ ਹਨ ਅਤੇ ਮੌਤ ਸਮੇਂ ਆਨੰਦ ਵਿੱਚ ਹੀ ਲੀਨ ਹੋ ਜਾਂਦੇ ਹਨ।

ਤੈਤਰੀਅ ਉਪਨਿਸ਼ਦ ਦੀ 'ਆਨੰਦਵੱਲੀ' ਵਿੱਚ ਅੰਨ, ਪ੍ਰਾਣ, ਮਨ, ਵਿਗਿਆਨ

10. ਹਿੰਦੀ ਸਾਹਿਤ ਕੋਸ਼, ਦੂਜਾ ਸੰਸਕਰਣ, ਪੰਨਾ 565
11. ਹਿੰਦੀ ਸਾਹਿਤ ਕੋਸ਼, ਦੂਜਾ ਸੰਸਕਰਣ, ਪੰਨਾ 565
12. ਤੈਤਰੀਅ ਉਪਨਿਸ਼ਦ, 3/1

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਆਨੰਦ ਨੂੰ ਬ੍ਰਹਮ ਦਾ ਕੋਸ਼ ਕਿਹਾ ਗਿਆ ਹੈ। ਬ੍ਰਹਮ ਨੂੰ ਕ੍ਰਮਵਾਰ ਅੰਨ, ਪ੍ਰਾਣ, ਮਨ, ਵਿਗਿਆਨ ਅਤੇ ਆਨੰਦਮਈ ਮੰਨਿਆਂ ਗਿਆ ਹੈ। ਇਹਨਾਂ ਵਿੱਚੋਂ ਪਰਵਰਤੀ ਨੂੰ ਪੂਰਵਵਰਤੀ ਦਾ ਆਧਾਰ ਦਰਸਾਇਆ ਗਿਆ ਹੈ। ਇਸ ਲਈ 'ਆਨੰਦਮਈ' ਸਭ ਦਾ ਆਧਾਰ ਸਿੱਧ ਹੁੰਦਾ ਹੈ। ਬਾਅਦ ਵਿੱਚ 'ਬ੍ਰਹਮ ਪੁਛੱਮਪ੍ਰਤਿਸ਼ਠਾ' (ਅਰਥਾਤ ਬ੍ਰਹਮ ਸਭ ਦਾ ਆਧਾਰ ਹੈ) ਕਹਿ ਕੇ ਬ੍ਰਹਮ ਨੂੰ ਆਨੰਦਮਈ ਤੋਂ ਵੀ ਪਰੇ ਨਿਸ਼ਚਿਤ ਕੀਤਾ ਗਿਆ ਹੈ[13]।

ਬ੍ਰਹਮ ਦੀ ਵਰੁਣ-ਕਥਿਤ ਉਪੁੱਕਤ ਪਰਿਭਾਸ਼ਾ ਦੇ ਅਰਥਾਂ ਵਿਚ ਛਾਂਦੋਗਯ ਉਪਨਿਸ਼ਦ ਵਿੱਚ ਸ਼ਾਂਡਿਲਯ ਨੇ ਸੂਤ੍ਰਿਕ ਸ਼ਬਦਾਵਲੀ ਦੀ ਵਰਤੋਂ ਦੁਆਰਾ ਬ੍ਰਹਮ ਨੂੰ 'ਤੱਜਲਾਨ' ਕਿਹਾ ਹੈ। ਬ੍ਰਹਮ 'ਤੱਜਲਾਨ' ਹੈ ਕਿਉਂਕਿ ਉਹ 'ਤੱਜ', 'ਤੱਲ' ਅਤੇ 'ਤਦਨ' ਹੈ। ਤਤ+ਜ+ਲ +ਅਨ ਤੋਂ 'ਤੱਜਲਾਨ' ਬਣਦਾ ਹੈ। ਕਿਉਂਕਿ ਸਮਸਤ ਭੂਤ ਬ੍ਰਹਮ ਤੋਂ ਜਾਤ ਜਾਂ ਉਤਪੰਨ ਹੁੰਦੇ ਹਨ, ਇਸ ਲਈ ਉਹ 'ਤੱਜ' ਹੈ, ਸਮਸਤ ਭੂਤਾਂ ਦਾ ਉਸੇ ਵਿੱਚ ਲੈਅ ਹੁੰਦਾ ਹੈ, ਇਸ ਲਈ ਉਹ 'ਤੱਲ' ਹੈ, ਸਮਸਤ ਭੂਤ ਆਪਣੇ ਸਥਿਤੀ ਕਾਲ ਵਿੱਚ ਉਸੇ ਬ੍ਰਹਮ ਵਿੱਚ ਅਨੰਤ ਚੇਸ਼ਟਾ ਕਰਦੇ ਹਨ, ਇਸ ਲਈ ਬ੍ਰਹਮ 'ਤਦਨ' ਹੈ। ਅੰਤ ਵਿਚ ਤਿੰਨਾਂ ਨੂੰ ਮਿਲਾਣ ਨਾਲ ਬ੍ਰਹਮ 'ਤੱਜਲਾਨ' ਬਣਦਾ ਹੈ, ਜੋ ਬ੍ਰਹਮ ਦਾ ਸਟਵ ਪ੍ਰਥਮ ਲਖਸ਼ਣ ਹੈ। ਬ੍ਰਹਮ ਸੂਤਰਕਾਰ ਬਾਦਰਾਇਣ ਨੇ ਇਸ ਲਖਸ਼ਣ ਨੂੰ ਜਨਮਾਦਯਸ਼ਯਯਤਾ'[14] ਕਿਹਾ ਹੈ ਜਿਸ ਦਾ ਸ਼ਾਬਦਿਕ ਅਰਥ ਹੈ ਕਿ ਜਿਸ ਤੋਂ ਸਮਸਤ ਭੂਤਾਂ ਦੇ ਜਨਮ ਆਦਿ (ਆਦਿ ਤੋਂ ਭਾਵ ਸਥਿਤੀ ਅਤੇ ਲੈਅ ਤੋਂ ਹੈ) ਹੁੰਦੇ ਹਨ ਉਹੀ ਬ੍ਰਹਮ ਹੈ। ਇਸ ਪਰਿਭਾਸ਼ਾ ਦਾ ਬਾਅਦ ਵਿਚ ਬਹੁਤ ਆਦਰ ਹੋਇਆ ਜਿਸ ਦੇ ਫਲਸਰੂਪ 'ਜਨਮਾਦਯਸਯਯਤਾ' ਸਦੀਆਂ ਤੋਂ ਬ੍ਰਹਮ ਦਾ ਲਖਸ਼ਣ ਮੰਨਿਆਂ ਜਾਂਦਾ ਰਿਹਾ ਹੈ।[15]

ਬ੍ਰਿਹਦਾਰਣਯਕ ਉਪਨਿਸ਼ਦ ਵਿੱਚ ਬ੍ਰਹਮ ਦੇ ਮੂਰਤ ਅਤੇ ਅਮੂਰਤ ਦੋ ਰੂਪ ਦਸੇ ਗਏ ਹਨ। ਇਹਨਾਂ ਵਿਚੋਂ ਮੂਰਤ ਨਾਸ਼ਮਾਨ ਹੈ ਅਤੇ ਅਮੂਰਤ ਅਬਿਨਾਸ਼ੀ[16]। ਮੂਰਤ ਬ੍ਰਹਮ ਜਗਤ ਰੂਪ ਵਿਚ ਦ੍ਰਿਸ਼ਟੀਗੋਚਰ ਹੋਣ ਕਾਰਣ ਸਗੁਣ ਬ੍ਰਹਮ ਹੈ ਅਤੇ ਅਮੂਰਤ ਬ੍ਰਹਮ ਇੰਦ੍ਰਾਵੀ ਗਿਆਨ ਤੋਂ ਪਰੇ ਦੀ ਵਸਤੂ ਹੋਣ ਕਾਰਣ ਨਿਰਗੁਣ ਬ੍ਰਹਮ ਹੈ। ਇਸੇ ਆਧਾਰ ਉਪਰ ਬ੍ਰਹਮ ਦੇ ਸਵਿਸ਼ੇਸ਼ ਅਤੇ ਨਿਰਵਿਸ਼ੇਸ਼ ਰੂਪ ਦਾ ਪ੍ਰਤਿਪਾਦਨ ਹੋਇਆ ਹੈ।

ਬ੍ਰਹਮ ਦੇ ਵਿਸ਼ੇਸ਼ਣ ਯੁਕਤ ਅਰਥਾਤ ਮੂਰਤ ਰੂਪ ਦੀ ਵਿਆਖਿਆ ਕਰਦਿਆਂ ਜੇ ਮੁੰਡਕ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ 'ਇਹ ਸਭ ਕੁਛ (ਸੰਸਾਰ) ਬ੍ਰਹਮ ਹੀ ਹੈ'[17] ਤਾਂ ਛਾਂਦੋਗਯ ਉਪਨਿਸ਼ਦ ਦਾ ਕਥਨ ਹੈ ਕਿ ਇਹ ਸਭ ਚਰਾਚਰ ਰੂਪ (ਸੰਸਾਰ) ਬ੍ਰਹਮ ਹੀ ਹੈ।[18] ਤੈਤਰੀਅ ਉਪਨਿਸ਼ਦ ਵਿੱਚ ਜਿੱਥੇ ਬ੍ਰਹਮ ਨੂੰ ਸੱਤ, ਗਿਆਨ

13. ਹਿੰਦੀ ਸਾਹਿਤ ਕੋਸ਼, ਦੂਜਾ ਸੰਸਕਰਣ, ਪੰਨਾ 566
14. ਬ੍ਰਹਮ ਸੂਤਰ. 1:1:2
15. ਹਿੰਦੀ ਸਾਹਿਤ ਕੋਸ਼, ਦੂਜਾ ਸੰਸਕਰਣ, ਪੰਨਾ 565-66
16. ਬ੍ਰਿਹਦਾਰਣਯਕ ਉਪਨਿਸ਼ਦ, 2/2/1, 2/3/4, 2/3/5
17. ਮੁੰਡਕ ਉਪਨਿਸ਼ਦ, 2/2/11
18. ਛਾਂਦੋਗਯ ਉਪਨਿਸ਼ਦ, 3/64/1

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਅਨੰਦ ਰੂਪ ਦਸਿਆ ਗਿਆ ਹੈ[19] ਉਥੇ ਬ੍ਰਿਹਦਾਰਣਯਕ ਉਪਨਿਸ਼ਦ ਵਿੱਚ ਬ੍ਰਹਮ ਨੂੰ ਵਿਗਿਆਨ ਅਤੇ ਆਨੰਦ ਸ੍ਵਰੂਪ ਕਿਹਾ ਗਿਆ ਹੈ।[20] ਛਾਂਦੋਗਯ ਉਪਨਿਸ਼ਦ ਵਿੱਚ ਬ੍ਰਹਮ ਨੂੰ ਨਾਮ ਰੂਪਾਂ ਦੇ ਧਾਰਣ ਕਰਨ ਵਾਲਾ[21] ਅਤੇ ਏਤਰੇਅ ਉਪਨਿਸ਼ਦ ਵਿੱਚ ਪ੍ਰਗਿਆਨ (ਮਨ, ਬੁਧੀ ਗੋਚਰ ਸਮਸਤ ਦ੍ਰਿਸ਼ਟ ਵਿਸ਼ੇ ਰੂਪ) ਨੂੰ ਬ੍ਰਹਮ ਕਿਹਾ ਗਿਆ ਹੈ।[22]

ਸਪਸ਼ਟ ਹੈ ਕਿ ਜਗਤ ਬ੍ਰਹਮ ਦਾ ਮੂਰਤ ਰੂਪ ਹੀ ਹੈ। ਸ਼ੁਰੂ ਸ਼ੁਰੂ ਵਿੱਚ ਆਤਮਾ ਅਤੇ ਬ੍ਰਹਮ ਨੂੰ ਭਿੰਨ ਭਿੰਨ ਮੰਨ ਕੇ ਵਿਸ਼ਵ ਦਾ ਵਖੋ ਵਖਰਾ ਆਧਾਰ ਦਸਿਆ ਗਿਆ ਹੈ[23] ਪਰ ਬਾਅਦ ਵਿਚ ਦੋਹਾਂ ਨੂੰ ਅਭਿੰਨ[24] ਮੰਨ ਕੇ ਕਿਹਾ ਗਿਆ ਹੈ ਕਿ ਮਹਾਨ, ਅਜਨਮਾ; ਅਮਰ ਅਤੇ ਅਭੈ ਆਤਮਾ ਹੀ ਅਮਰ ਹੈ।[25] ਉਪਨਿਸ਼ਦਾਂ ਦੀਆਂ ਹੋਰ ਵੀ ਅਨੇਕਾਂ ਉਕਤੀਆਂ ਇਸ ਤਥ ਦੀ ਪੁੜਤਾ ਕਰਦੀਆਂ ਹਨ ਜਿਵੇਂ 'ਬ੍ਰਹਮ ਹੀ ਜੀਵ ਰੂਪ (ਸਰੀਰਾਂ) ਵਿੱਚ ਪ੍ਰਗਟ ਹੋਇਆ',[26] 'ਮੈਂ ਬ੍ਰਹਮ ਹਾਂ'[27] 'ਇਹ ਆਤਮਾ ਬ੍ਰਹਮ ਹੈ'[28] ਅਤੇ 'ਉਹ (ਬ੍ਰਹਮ) ਤੂੰ ਹੈਂ'।[29]

ਬ੍ਰਹਮ ਵਿਵੇਚਨ ਦੇ ਲਈ ਉਪਨਿਸ਼ਦ-ਸਾਹਿਤ ਵਿਚ ਅਨੇਕ ਥਾਵਾਂ ਤੇ ਨਿਸ਼ੇਧਾਤਮਕ ਰਹੱਸਵਾਦੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਜਿਵੇਂ ਉਹ ਇਹ ਵੀ ਨਹੀਂ (ਨੇਤਿ ਨੇਤਿ)[30] ਨਾ ਉਹ ਸਥੂਲ ਹੈ, ਨਾ ਸੂਖਮ, ਨਾ ਛੋਟਾ, ਨਾ ਵੱਡਾ, ਨਾ ਰਕਤ ਨਾ ਮਾਸ, ਨਾ ਛਾਇਆ-ਨਾ ਤਮ, ਨਾ ਵਾਯੂ, ਨਾ ਆਕਾਸ਼, ਨਾ ਸਪਰਸ਼-ਰਸ-ਗੰਧ-ਯੁਕਤ, ਨਾ ਅੱਖ-ਕੰਨ-ਵਾਣੀ-ਮਨ-ਪ੍ਰਾਣ-ਮੁਖ-ਯੁਕਤ, ਨਾ ਆਂਤ੍ਰਿਕ ਨ। ਬਾਹਰੀ, ਨਾ ਉਹ ਕਿਸੇ ਦਾ ਭਖ਼ਸ਼ਣ ਕਰਦਾ ਹੈ ਨਾ ਕੋਈ ਉਸਦਾ[31]। ਜੋ ਉਸ ਨੂੰ ਜਾਣਦੇ ਹਨ, ਉਹ ਨਹੀਂ ਜਾਣਦੇ ਅਤੇ ਜੋ ਨਹੀਂ ਜਾਣਦੇ ਉਹ ਉਸ ਨੂੰ ਜਾਣਦੇ ਹਨ,[32] ਉਹ ਛੋਟੇ ਤੋਂ ਵੀ ਛੋਟਾ ਹੈ ਅਤੇ ਵੱਡੇ ਤੋਂ ਵੀ ਵੱਡਾ ਹੈ,[33] ਉਹ ਪ੍ਰਵਚਨ, ਬੁੱਧੀ ਅਤੇ ਵਿਦਵਤਾ-ਪ੍ਰਦਰਸ਼ਨ ਦੁਆਰਾ ਪ੍ਰਾਪਤ ਨਹੀਂ ਹੁੰਦਾ।[34] ਨਾ ਉਹ

19. ਤੈਤਰੀਅ ਉਪਨਿਸ਼ਦ, 2/1/1
20. ਬ੍ਰਿਹਦਾਰਣਯਕ ਉਪਨਿਸ਼ਦ, 8/14/1
21. ਛਾਂਦੋਗਯ ਉਪਨਿਸ਼ਦ, 8/14/1
22. ਏਤਰੇਅ ਉਪਨਿਸ਼ਦ, 3/1/3
23. (ੳ) ਬ੍ਰਿਹਦਾਰਣਯਕ ਉਪਨਿਸ਼ਦ, 2.5.1
    (ਅ) ਸ਼ਵੇਤਾਸ਼ਵਤਰ ਉਪਨਿਸ਼ਦ, 4.6
24. ਛਾਂਦੋਗਯ ਉਪਨਿਸ਼ਦ, 4.14.1
25. ਬ੍ਰਿਹਦਾਰਣਯਕ ਉਪਨਿਸ਼ਦ, 4.4.25
26. ਛਾਂਦੋਗਯ ਉਪਨਿਸ਼ਦ, 6/3/2
27. ਬ੍ਰਿਹਦਾਰਣਯਕ ਉਪਨਿਸ਼ਦ, 1/5/71 ਅਤੇ 1/4/10
28. ਓਹੀ, 1/5/91
29. ਛਾਂਦੋਗਯ ਉਪਨਿਸ਼ਦ, 6/16/3
30. ਬ੍ਰਿਹਦਾਰਣਯਕ ਉਪਨਿਸ਼ਦ, 2/3/6
31. ਓਹੀ, 3/8/8
32. ਕੇਨ ਉਪਨਿਸ਼ਦ, 2/3
33. ਕਠ ਉਪਨਿਸ਼ਦ, 1/2/20

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਤ੍ਰਿਕ ਪ੍ਰਗਿਆ ਵਾਲਾ ਹੈ, ਨਾ ਬਾਹਰੀ ਪ੍ਰਗਿਆ ਵਾਲਾ, ਨਾ ਪ੍ਰਗਯ ਹੈ ਅਤੇ ਨਾ ਹੀ ਅਪ੍ਰਗਯ। ਉਹ ਤਾਂ ਅਦ੍ਰਿਸ਼ਟ, ਅਗ੍ਰਾਹੀ, ਅਲੱਖਣ ਅਤੇ ਅਚਿੰਤ ਹੈ।[35] ਤੈਤਰੀਅ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਬ੍ਰਹਮ-ਸਰੂਪ ਦਾ ਗਿਆਨ ਇੰਦਰੀਆਂ ਦੀ ਸੀਮਾ ਤੋਂ ਬਾਹਰ ਹੈ।[36] ਮੁੰਡਕ ਉਪਨਿਸ਼ਦ ਅਨੁਸਾਰ ਬ੍ਰਹਮ (ਸੰਪੂਰਣ ਭਾਂਤ) ਅਜਨਮਾ ਹੈ। ਇਸ ਲਈ ਉਸ ਦੀ ਪ੍ਰਾਪਤੀ ਪਦਾਰਥ ਜਾਂ ਭਾਵ ਰੂਪ ਵਿਚ ਨਹੀਂ ਹੋ ਸਕਦੀ।[37]

ਉਪਨਿਸ਼ਦਾਂ ਵਿਚ ਕਿਹਾ ਗਿਆ ਹੈ ਕਿ ਜੋ ਇਸ (ਬ੍ਰਹਮ) ਨੂੰ ਜਾਣਦਾ ਹੈ ਉਸ ਨੂੰ ਸਵਰਗ ਲੋਕ ਦੀ ਪ੍ਰਾਪਤੀ ਹੁੰਦੀ ਹੈ[38] ਅਤੇ ਉਸ ਦਾ ਕੋਈ ਦੁਸ਼ਮਣ ਨਹੀਂ ਰਹਿ ਜਾਂਦਾ।[39] ਜੋ ਕੋਈ ਆਦਿ ਬ੍ਰਹਮ ਨੂੰ ਸੱਤ ਸਮਝਦਾ ਹੈ, ਉਸ ਨੂੰ ਕੋਈ ਨਹੀਂ ਜਿੱਤ ਸਕਦਾ ਅਤੇ ਉਹ ਆਪਣੇ ਦੁਸ਼ਮਣ ਉਪਰ ਜਿੱਤ ਪ੍ਰਾਪਤ ਕਰਕੇ ਉਸ ਦਾ ਨਾਸ ਕਰ ਦਿੰਦਾ ਹੈ।[40] ਜੋ ਬ੍ਰਹਮ ਨੂੰ ਜਾਣਨ ਵਾਲੇ ਦਾ ਬੁਰਾ ਚਿਤਵਦਾ ਹੈ ਉਹ ਚੱਟਾਣ ਨਾਲ ਟਕਰਾਉਣ ਵਾਲੇ ਮਿੱਟੀ ਦੇ ਢੇਲੇ ਵਾਂਗ ਚਕਨਾਚੂਰ ਹੋ ਜਾਂਦਾ ਹੈ।[41] ਅਤੇ ਜੋ ਉਸ ਸੱਤ, ਗਿਆਨ ਅਤੇ ਅਨੰਤ ਰੂਪ ਨੂੰ ਜਾਣ ਜਾਂਦਾ ਹੈ, ਉਸ ਦੀਆਂ ਸਮਸਤ ਇੱਛਾਵਾਂ ਪੂਰਣ ਹੋ ਜਾਂਦੀਆਂ ਹਨ।[42]

ਉਪਨਿਸ਼ਦਾਂ ਅਨੁਸਾਰ ਜੋ ਬ੍ਰਹਮ ਨੂੰ ਜਾਣਦਾ ਹੈ ਉਹ ਭਾਵੇਂ ਕਿੰਨਾਂ ਹੀ ਪਾਪ ਕਿਉਂ ਨਾ ਕਰੇ, ਉਹ ਸਰਬ ਪਾਪਾਂ ਤੋਂ ਮੁਕਤ ਹੋ ਕੇ ਸ਼ੁੱਧ, ਪਵਿੱਤਰ ਅਤੇ ਅਜਰ ਅਮਰ ਹੋ ਜਾਂਦਾ ਹੈ।[43] ਜੋ ਉਸ ਨੂੰ ਜਾਣਦਾ ਹੈ ਉਹ ਭਾਵੇਂ ਚੋਰੀ, ਹਤਿਆ, ਮਾਤ-ਪਿਤਾ ਦੇ ਕਤਲ ਜਿਹਾ ਘੋਰ ਪਾਪ ਵੀ ਕਰ ਲਵੇ ਤਾਂ ਵੀ ਉਸ ਦਾ ਪਰਲੋਕ ਨਹੀਂ ਵਿਗੜਦਾ[44] ਅਤੇ ਨਾ ਹੀ ਉਹ ਸਵਰਣ-ਚੋਰ, ਸ਼ਰਾਬੀ ਅਤੇ ਬ੍ਰਾਹਮਣਘਾਤੀ ਆਦਿ ਪਾਪੀ ਜਨਾਂ ਦੇ ਸੰਪਰਕ ਵਿੱਚ ਰਹਿ ਕੇ ਹੀ ਪਾਪ-ਲਿਪਤ ਹੁੰਦਾ ਹੈ।[45]

ਭਗਵਦਗੀਤਾ ਵਿੱਚ ਬ੍ਰਹਮ ਦੇ ਵਿਅਕਤ ਅਤੇ ਅਵਿਅਕਤ ਦੋਹਾਂ ਰੂਪਾਂ ਦਾ ਵਰਣਨ ਕੀਤਾ ਗਿਆ ਹੈ।[46] ਗੀਤਾ ਵਿੱਚ ਭਗਵਾਨ ਸ੍ਰੀ ਕ੍ਰਿਸ਼ਣ

34. ਕਠ ਉਪਨਿਸ਼ਦ, 1/2/23
35. ਮਾਂਡੂਕਯ ਉਪਨਿਸ਼ਦ, 3/1/17
36. ਤੈਤਰੀਅ ਉਪਨਿਸ਼ਦ, 2/4/1
37. ਮੁੰਡਕ ਉਪਨਿਸ਼ਦ, 2/1/2
38. ਬ੍ਰਿਹਦਾਰਣਯਕ ਉਪਨਿਸ਼ਦ, 1/4/17
40. ਓਹੀ, 1/5/12
39. ਓਹੀ, 5/4
41. ਛਾਂਦੋਗਯ ਉਪਨਿਸ਼ਦ, 1.2.8
42. ਤੈਤਰੀਅ ਉਪਨਿਸ਼ਦ, 2.1
43. ਬ੍ਰਿਹਦਾਰਣਯਕ ਉਪਨਿਸ਼ਦ, 5.14.18
44. ਕੌਸ਼ੀਤਕੀ ਉਪਨਿਸ਼ਦ, 3.1
45. ਛਾਂਦੋਗਯ ਉਪਨਿਸ਼ਦ, 5.10.9-10
46. ਗੀਤਾ ਰਹੱਸ, ਲੋਕਮਾਨ ਬਾਲ ਗੰਗਾਧਰ ਤਿਲਕ, ਪੰਨਾ 211

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਵਿਅਕਤ ਬ੍ਰਹਮ ਹਨ। ਉਹ ਪਰਮੇਸ਼ਰ ਦੇ ਸਾਖਿਆਤ ਮੂਰਤੀਮਾਨ ਅਵਤਾਰ ਹਨ। ਅਨੇਕ ਸਥਾਨਾਂ ਤੇ ਉਹਨਾਂ ਨੇ ਆਪਣੇ ਸੰਬੰਧ ਵਿੱਚ ਆਪ ਕਿਹਾ ਹੈ ਕਿ ਪ੍ਰਕਿਰਤੀ ਮੇਰਾ ਸਰੂਪ ਹੈ,[47] ਜੀਵ ਮੇਰਾ ਅੰਸ਼ ਹੈ,[48] ਸਮਸਤ ਭੂਤਾਂ ਦਾ ਅੰਤਰਯਮੀ ਆਤਮਾ ਮੈਂ ਹਾਂ[49] ਆਦਿ। ਕ੍ਰਿਸ਼ਣ ਭਗਵਾਨ ਨੇ ਆਪਣੇ ਵਿਸ਼ਵ ਰੂਪ ਦੇ ਦਰਸ਼ਨ ਦੁਆਰਾ ਅਰਜਨ ਨੂੰ ਇਹ ਪ੍ਰਤੱਖ ਅਨੁਭਵ ਕਰਾ ਦੇਣ ਤੋਂ ਬਾਅਦ ਕਿ ਸਮਸਤ ਚਰਾਚਰ ਸ੍ਰਿਸ਼ਟੀ ਬ੍ਰਹਮ ਦੇ ਵਿਅਕਤ ਰੂਪ ਦਾ ਹੀ ਪਸਾਰਾ ਹੈ, ਅਰਜਨ ਨੂੰ ਇਹੀ ਉਪਦੇਸ਼ ਦਿੱਤਾ ਕਿ ਅਵਿਅਕਤ ਰੂਪ ਦੇ ਟਾਕਰੇ ਤੇ ਵਿਅਕਤ ਰੂਪ ਦੀ ਉਪਾਸਨਾ ਸਹਿਜ ਅਤੇ ਸਰਲ ਹੈ।[50] ਇਸ ਤੋਂ ਸਪਸ਼ਟ ਹੈ ਕਿ ਗੀਤਾ ਵਿਚ ਬ੍ਰਹਮ ਦਾ ਵਿਅਕਤ ਸਰੂਪ-ਚਿਤ੍ਰਣ ਵਿਦਮਾਨ ਹੈ।

ਪਰ ਗੀਤਾ ਦਾ ਇਹ ਵਿਅਕਤ-ਸਰੂਪ ਅੰਤਿਮ ਸਾਧਯ (ਅੰਤਿਮ ਲਕਸ਼) ਨਹੀਂ ਹੈ। ਇਸ ਦੇ ਉਲਟ ਅਵਿਅਕਤ ਸਰੂਪ ਨੂੰ ਹੀ ਵਿਅਕਤ ਦੇ ਟਾਕਰੇ ਤੇ ਸ੍ਰੇਸ਼ਠ ਮੰਨਿਆਂ ਗਿਆ ਹੈ। ਬ੍ਰਹਮ ਦਾ ਵਿਅਕਤ ਸਰੂਪ ਮਾਇਕ ਹੈ, ਇਸ ਤੋਂ ਪਰੇ ਦਾ ਅਵਿਅਕਤ ਸਰੂਪ ਅਰਥਾਤ ਇੰਦਰੀਆਂ ਦੁਆਰਾ ਅਗੋਚਰ ਸਰੂਪ ਹੀ ਬ੍ਰਹਮ ਦਾ ਯਥਾਰਥ ਸਰੂਪ ਹੈ। ਕ੍ਰਿਸ਼ਣ ਭਗਵਾਨ ਨੇ ਗੀਤਾ ਵਿਚ ਸਪਸ਼ਟ ਕਿਹਾ ਹੈ ਕਿ ਭਾਵੇਂ ਮੈਂ ਅਵਿਅਕਤ ਹਾਂ ਪਰ ਫੇਰ ਵੀ ਮੂਰਖ ਲੋਕ ਮੈਨੂੰ ਵਿਅਕਤ ਸਮਝਦੇ ਹਨ ਅਤੇ ਵਿਅਕਤ ਤੋਂ ਪਰੇ ਮੇਰੇ ਸ੍ਰੇਸ਼ਠ ਅਤੇ ਅਵਿਅਕਤ ਸਰੂਪ ਨੂੰ ਨਹੀਂ ਪਹਿਚਾਣਦੇ।[51] ਮੈਂ ਆਪਣੀ ਯੋਗ ਮਾਇਆ ਦੁਆਰਾ ਢਕਿਆ ਹੋਇਆ ਹਾਂ, ਇਸ ਲਈ ਤੁੱਛ ਬੁੱਧੀ ਵਾਲੇ ਲੋਕ ਮੈਨੂੰ ਨਹੀਂ ਪਹਿਚਾਣਦੇ[52]। ਮੈਂ ਭਾਵੇਂ ਅਜਨਮਾ ਹਾਂ ਪਰ ਫੇਰ ਵੀ ਆਪਣੀ ਹੀ ਪ੍ਰਕਿਰਤੀ ਵਿਚ ਸਥਿਤ ਹੋ ਕੇ ਆਪਣੀ ਹੀ ਮਾਇਆ ਦੁਆਰਾ ਜਨਮ ਲੈਂਦਾ ਹਾਂ।[53] ਇਹ ਤ੍ਰੈਗੁਣਾਤਮਿਕ ਪ੍ਰਕਿਰਤੀ ਮੇਰੀ ਦੈਵੀ ਮਾਇਆ ਹੈ। ਇਸ ਮਾਇਆ ਨੂੰ ਜੋ ਪਾਰ ਕਰ ਜਾਂਦੇ ਹਨ ਉਹ ਮੈਨੂੰ ਪ੍ਰਾਪਤ ਕਰਦੇ ਹਨ ਅਤੇ ਇਸ ਮਾਇਆ ਨਾਲ ਜਿਨ੍ਹਾਂ ਦਾ ਗਿਆਨ ਨਸ਼ਟ ਹੋ ਜਾਂਦਾ ਹੈ ਉਹ ਮੂੜ੍ਹ ਮੈਨੂੰ ਪ੍ਰਾਪਤ ਨਹੀਂ ਕਰ ਸਕਦੇ।[54]

ਗੀਤਾ ਦਾ ਅਵਿਅਕਤ ਬ੍ਰਹਮ ਸਗੁਣ ਵੀ ਹੈ ਅਤੇ ਨਿਰਗੁਣ ਵੀ। ਭਗਵਾਨ ਕ੍ਰਿਸ਼ਣ ਨੇ ਕਿਹਾ ਕਿ ਮੈਨੂੰ ਕਰਮਾਂ ਜਾਂ ਗੁਣਾਂ ਦਾ ਕਦੀ ਸਪਰਸ਼ ਨਹੀਂ ਹੁੰਦਾ।[55] ਪ੍ਰਕਿਰਤੀ ਦੇ

47. ਸ੍ਰੀਮਦ ਭਗਵਦ ਗੀਤਾ, 9/8
48. ਓਹੀ, 15/7
49. ਓਹੀ, 10/20
50. ਓਹੀ, 12/7
51. ਓਹੀ, 7/24
52. ਓਹੀ, 7/25
53. ਓਹੀ, 4/6
54. ਓਹੀ, 7/15
55. ਓਹੀ, 4/14

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਣਾਂ ਤੋਂ ਮੋਹਿਤ ਹੋ ਕੇ ਮੂਰਖ ਲੋਕ ਆਤਮਾ ਨੂੰ ਹੀ ਕਰਤਾ ਮੰਨ ਲੈਂਦੇ ਹਨ।[56] ਇਹ ਅਵਿਅਕਤ ਅਤੇ ਅਕਰਤਾ ਬ੍ਰਹਮ ਹੀ ਪ੍ਰਾਣੀਆਂ ਦੇ ਹਿਰਦੇ ਵਿਚ ਜੀਵ-ਰੂਪ ਵਿੱਚ ਨਿਵਾਸ ਕਰਦਾ ਹੈ।[57] ਬ੍ਰਹਮ ਜੀਵਾਂ ਦੇ ਕਰਮ ਅਤੇ ਕਰਤਵ ਤੋਂ ਨਿਰਲੇਪ ਹੈ।[58] ਅਵਿਅਕਤ ਬ੍ਰਹਮ ਵਿਅਕਤ ਸ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ,[59] ਜੀਵਾਂ ਦੇ ਵਿੱਚ ਰਹਿ ਕੇ ਉਹਨਾਂ ਪਾਸੋਂ ਕਰਮ ਕਰਾਂਦਾ ਹੈ,[60] ਯਗ ਆਦਿ ਦਾ ਭੋਗੀ ਹੈ,[62] ਪ੍ਰਾਣੀਆਂ ਦੇ ਸੁਖ-ਦੁਖ ਆਦਿ ਭਾਵਾਂ ਦੀ ਉਤਪਤੀ ਦਾ ਸੂਤ ਹੈ,[62] ਜੀਵਾ ਦੇ ਹਿਰਦੇ ਵਿਚ ਸ਼ਰਧਾ ਉਤਪੰਨ ਕਰਨ ਵਾਲਾ ਅਤੇ ਉਹਨਾਂ ਦੀਆਂ ਵਾਸ਼ਨਾਵਾਂ ਦਾ ਫਲ-ਪ੍ਰਦਾਤਾ ਵੀ ਉਹੀ ਹੈ,[63] ਆਦਿ ਵਿਚਾਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਬ੍ਰਹਮ ਭਾਵੇਂ ਅਵਿਅਕਤ ਅਤੇ ਇੰਦਰੀਆਂ ਦੁਆਰਾ ਅਗੋਚਰ ਹੁੰਦਾ ਹੈ ਪਰ ਦਇਆ, ਕਰਤਵ-ਪਰਾਇਣਤਾ ਆਦਿ ਗੁਣਾਂ ਨਾਲ ਯੁਕਤ ਹੋਣ ਕਾਰਣ ਉਹ ਸਗੁਣ ਵੀ ਹੈ। ਇਹ ਬ੍ਰਹਮ ਦਾ ਅਵਿਅਕਤ ਸਗੁਣ ਸਰੂਪ ਹੈ।

ਅਵਿਅਕਤ ਨਿਰਗੁਣ ਅਤੇ ਸਗੁਣ ਦੇ ਨਾਲ ਨਾਲ ਗੀਤਾ ਵਿੱਚ ਕਈ ਥਾਵਾਂ ਤੇ ਬ੍ਰਹਮ ਦੇ ਨਿਰਗੁਣ-ਸਗੁਣ ਮਿਸ਼ਰਤ ਰੂਪ ਦਾ ਵੀ ਵਰਣਨ ਕੀਤਾ ਗਿਆ ਹੈ, ਜਿਵੇਂ : ਬ੍ਰਹਮ ਭੂਤਾਂ ਦਾ ਆਧਾਰ ਹੋ ਕੇ ਵੀ ਉਹਨਾਂ ਵਿੱਚ ਨਹੀਂ ਹੈ, ਪਾਰਬ੍ਰਹਮ ਨਾ ਸੱਤ ਹੈ, ਨਾ ਅਸੱਤ,[64] ਇੰਦਰੀ ਰਹਿਤ ਅਤੇ ਨਿਰਗੁਣ ਹੋ ਕੇ ਵੀ ਗੁਣਾਂ ਦਾ ਉਪਭੋਗ ਕਰਨ ਵਾਲਾ ਹੈ,[65] ਉਹ ਦੂਰ ਵੀ ਹੈ ਅਤੇ ਨੇੜੇ ਵੀ,[66] ਵਿਭਕਤੀ ਰਹਿਤ ਵੀ ਹੈ ਅਤੇ ਵਿਭਕਤੀ-ਸਹਿਤ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ,[67] (ਜਿਵੇਂ ਆਕਾਸ਼ ਵਿਭਕਤੀ ਰਹਿਤ ਹੋ ਕੇ ਵੀ ਘੜਿਆ ਵਿੱਚ ਵੱਖ ਵੱਖ ਪ੍ਰਤੀਤ ਹੁੰਦਾ ਹੈ ਉਸੇ ਤਰ੍ਹਾਂ ਪਰਮਾਤਮਾ ਸਮਸਤ ਭੂਤਾਂ ਵਿਚ ਇਕ-ਰੂਪ ਵਿਦਮਾਨ ਹੁੰਦਾ ਹੋਇਆ ਵੀ ਵੱਖ ਵੱਖ ਭਾਂਤ ਪ੍ਰਤੀਤ ਹੁੰਦਾ ਹੈ)।

ਸਮੁੱਚੇ ਤੌਰ ਤੇ ਗੀਤਾ ਵਿਚ ਬ੍ਰਹਮ ਦੇ ਸ਼ੁੱਧ ਨਿਰਗੁਣ, ਅਵਿਅਕਤ,[68] ਅਚਿੰਤਯ, ਅਵਿਕਾਰ ਅਤੇ ਅਨਾਦਿ ਸਰੂਪ ਦੀ ਸ੍ਰੇਸ਼ਠਤਾ ਦਾ ਪ੍ਰਤਿਪਾਦਨ ਕਰਦਿਆਂ ਹੋਇਆਂ ਉਸ

56. ਗੀਤਾ, 3/27
57. ਓਹੀ, 13/31
58. ਓਹੀ, 5/14-15
59. ਓਹੀ, 9/8
60. ਓਹੀ, 18/61
61. ਓਹੀ, 9/24
62. ਓਹੀ, 10/5
63. ਓਹੀ, 7/22
64. ਓਹੀ, 11/37
65. ਓਹੀ, 13/14
66. ਓਹੀ, 13/16
67 ਓਹੀ, 2/25
68. ਓਹੀ, 13/31

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਵਿਅਕਤ ਅਤੇ ਸਗੁਣ ਸਰੂਪ ਦੀ ਸੰਸਾਰ ਪ੍ਰਤੀ ਨਿਰਲੇਪਤਾ ਦਰਸ਼ਾਈ ਹੈ।[69]

ਸਾਂਖ ਦਾ ਪੁਰਸ਼-ਸੰਕਲਪ ਹੀ ਬ੍ਰਹਮ-ਸੰਕਲਪ ਹੈ। ਸਾਂਖ ਕਾਰਿਕਾ ਵਿਚ ਪੁਰਸ਼ ਨੂੰ 'ਨਾ ਕਾਰਜ ਹੈ ਅਤੇ ਨਾ ਕਾਰਣ ਹੈ'[70] ਕਹਿਕੇ ਦਰਸਾਇਆ ਗਿਆ ਹੈ। ਸਾਂਖ ਦਾ ਪੁਰਸ਼ ਤ੍ਰੈਗੁਣਾਤੀਤ ਹੈ,[71] ਉਹ ਵਿਵੇਕੀ, ਅਵਿਸ਼ਯੀ, ਵਿਸ਼ੇਸ਼, ਚੇਤਨ ਅਤੇ ਅਜਨਮਾ ਹੈ,[72] ਚੇਤਨ-ਸਰੂਪ ਹੈ, ਸਦੈਵ ਹੈ, ਪ੍ਰਕਾਸ਼ ਸਰੂਪ ਹੈ, ਸਵੈ-ਪ੍ਰਕਾਸ਼ਿਤ ਹੈ, ਆਪਣੇ ਆਪ ਨੂੰ ਪ੍ਰਕਾਸ਼ਮਾਨ ਕਰਦਾ ਹੈ। ਉਸਦੇ ਪ੍ਰਕਾਸ਼ ਕਾਰਣ ਹੀ ਸਮਸਤ ਜੜ੍ਹ ਪਦਾਰਥ ਪ੍ਰਕਾਸ਼ਿਤ ਹੋ ਰਹੇ ਹਨ। ਪੁਰਸ਼ ਅਵਿਕਾਰੀ ਹੈ, ਅਪਰਿਵਰਤਨਸ਼ੀਲ, ਅਟੱਲ, ਵਿਨਾਸ਼ ਰਹਿਤ, ਨਿਤੱਯ ਅਤੇ ਸਰਬ-ਵਿਆਪਕ ਹੈ। ਕ੍ਰਿਆਸ਼ੀਲਤਾ ਪ੍ਰਕਿਰਤੀ ਦਾ ਧਰਮ ਹੈ, ਪੁਰਸ਼ ਵਾਸਤਵ ਵਿਚ ਨਿਰਗੁਣ, ਨਿਸ਼ਕ੍ਰਿਅ ਅਤੇ ਅਕਰਤਾ ਹੈ।[73] ਜਗਤ ਦੀ ਸਿਰਜਨਾ ਪ੍ਰਕਿਰਤੀ ਕਰਦੀ ਹੈ, ਪੁਰਸ਼ ਤਾਂ ਕੇਵਲ ਦ੍ਰਿਸ਼ਟ ਹੈ।[74] ਪੁਰਸ਼ ਨਿਰਲਿਪਤ ਹੈ, ਉਹ ਨਾਂ ਬੰਧਨ ਵਿੱਚ ਪੈਂਦਾ ਹੈ ਅਤੇ ਨਾ ਹੀ ਮੁਕਤ ਹੁੰਦਾ ਹੈ।[75] ਤ੍ਰੈਗੁਣਾਤੀਤ ਹੋਣ ਕਾਰਣ ਪੁਰਸ਼ ਨਿਤਯ ਮੁਕਤ ਹੈ।[76]

ਸਾਂਖ ਦਰਸ਼ਨ ਅਨੁਸਾਰ ਪੁਰਸ਼ ਅਨੇਕ ਹਨ।[77] ਇਹੀ ਕਾਰਣ ਹੈ ਕਿ ਇਕ ਵਿਅਕਤੀ ਦੇ ਜਨਮ ਨਾਲ ਸਭ ਦਾ ਜਨਮ, ਇਕ ਦੀ ਮੌਤ ਨਾਲ ਸਭ ਦੀ ਮੌਤ ਜਾਂ ਇਕ ਦੀ ਮੁਕਤੀ ਨਾਲ ਸਭ ਦੀ ਮੁਕਤੀ ਨਹੀਂ ਹੁੰਦੀ। ਪੁਰਸ਼ ਅਨੇਕ ਹਨ, ਇਸੇ ਲਈ ਸਭ ਦੇ ਮਨ ਅਤੇ ਬੁੱਧੀ ਇਕੋ ਜਿਹੇ ਨਹੀਂ। ਜੇ ਪੁਰਸ਼ ਇਕ ਹੋਵੇ ਤਾਂ ਸੰਸਾਰ ਦੇ ਸਮਸਤ ਪ੍ਰਾਣੀਆਂ ਦੇ ਸੁਭਾ ਅਭਿੰਨ ਹੋਣੇ ਚਾਹੀਦੇ ਹਨ, ਪਰ ਹੁੰਦਾ ਇਸ ਦੇ ਵਿਪਰੀਤ ਹੈ। ਸੁਭਾਵਾਂ ਅਤੇ ਪ੍ਰਵਿਰਤੀਆਂ ਵਿਚ ਵਿਕੋਲਿਤ੍ਰਪਨ ਮੌਜੂਦ ਹੈ। ਤ੍ਰੈਗੁਣਾਤਮਿਕ ਪ੍ਰਵਿਰਤੀ ਦੀ ਹੋਂਦ ਵੀ ਪੁਰਸ਼ਾਂ ਦੀ ਅਨੇਕਤਾ ਦੀ ਸਮਰਥਕ ਹੈ। ਇਸੇ ਲਈ ਕੋਈ ਪੁਰਸ਼ ਰਜ ਪ੍ਰਧਾਨ, ਕੋਈ ਸਤ ਪ੍ਰਧਾਨ ਅਤੇ ਕੋਈ ਤਮ-ਪ੍ਰਧਾਨ ਦ੍ਰਿਸ਼ਟੀਗਤ ਹੁੰਦਾ ਹੈ।[78]

ਸਾਂਖ ਦਰਸ਼ਨ ਵਿਚ ਉਪਰੋਕਤ ਵਰਣਤ ਪੁਰਸ਼ ਜਾਂ ਆਤਮਾ ਦੀ ਸੱਤਾ ਨੂੰ ਸਿੱਧ ਕਰਨ ਲਈ ਅਨੇਕਾਂ ਯੁਕਤੀਆਂ ਪੇਸ਼ ਕੀਤੀਆਂ ਗਈਆਂ ਹਨ; ਜਿਵੇਂ : ਪ੍ਰਕਿਰਤੀ ਤੋਂ ਲੈ ਕੇ ਸਥੂਲ ਜਗਤ ਤੀਕ ਸਭ ਪਦਾਰਥ ਤ੍ਰੈਗੁਣਾਤਮਿਕ ਹਨ। ਪ੍ਰਕਿਰਤੀ ਅਤੇ ਇਸ ਦੇ ਕਾਰਜ ਤੋਂ ਛੁਟ ਹੋਰ ਕੋਈ ਸੱਤਾ ਹੋਵੇਗੀ ਜਿਸ ਦੇ ਪ੍ਰਯੋਜਨ ਦੀ ਪੂਰਤੀ ਇਹ ਸਭ ਕਰਦੇ ਹਨ।

---

69. ਗੀਤਾ ਰਹੱਸਯ, ਲੋਕਮਾਨ ਬਾਲ ਗੰਗਾਧਰ ਤਿਲਕ, ਪੰਨਾ 274
70. ਸਾਂਖ ਕਾਰਿਕਾ, ਗੌੜਪਾਦ ਭਾਸ਼, 3
71. ਸਾਂਖ ਕਾਰਿਕਾ, 14
72. ਸਾਂਖ ਕਾਰਿਕਾ, ਗੌੜਪਾਦ ਭਾਸ਼, 11
73. ਸਾਂਖ ਕਾਰਿਕਾ, 64
74. ਸਾਂਖ ਕਾਰਿਕਾ, ਗੌੜਪਾਦ ਭਾਸ਼, 65
75. ਸਾਂਖ ਕਾਰਿਕਾ, 62
76. ਓਹੀ, 19
77. ਓਹੀ, 18
78. ਸਾਂਖ ਕਾਰਿਕਾ, ਗੌੜਪਾਦ ਭਾਸ਼, 18

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਸੱਤਾ ਹੀ ਪੁਰਸ਼ ਜਾਂ ਸਚੇਤ ਆਤਮਾ ਹੈ। ਸਚੇਤ ਪੁਰਸ਼ ਦਾ ਹੀ ਕੋਈ ਉਦੇਸ਼ ਹੋ ਸਕਦਾ ਹੈ, ਜੜ੍ਹ ਪਦਾਰਥਾਂ ਨੂੰ ਪ੍ਰਯੋਜਨ ਦਾ ਕੋਈ ਗਿਆਨ ਨਹੀਂ ਹੁੰਦਾ। ਇਸ ਲਈ ਇਹ ਪੁਰਸ਼ ਦੇ ਉਦੇਸ਼ ਦੀ ਪੂਰਤੀ ਕਰਦੇ ਹਨ। ਦੂਜੇ, ਦ੍ਰਿਸ਼ ਦੀ ਹੋਂਦ ਨਾਲ ਦ੍ਰਸ਼ਟਾ ਦੀ ਹੋਂਦ ਸੰਬੰਧਤ ਹੈ, ਪਰ ਜਿਸ ਵਿਚ ਚੇਤਨਾ ਹੈ ਉਹੀ ਕੇਵਲ ਦ੍ਰਸ਼ਟਾ ਹੋ ਸਕਦਾ ਹੈ। ਕਿਉਂਕਿ ਤ੍ਰੈਗੁਣਾਤਮਿਕ ਜਗਤ ਵਿਦਮਾਨ ਹੈ ਇਸ ਲਈ ਵਿਸ਼ੁੱਧ, ਸਚੇਤ ਸੱਤਾ ਵੀ ਵਿਦਮਾਨ ਹੋਵੇਗੀ। ਪੁਰਸ਼ ਜਾਂ ਜੀਵਾਤਮਾ ਹੀ ਇਹ ਸਚੇਤ ਦ੍ਰਸ਼ਟਾ ਹੈ। ਤੀਜੇ, ਜਿਵੇਂ ਸਚੇਤ ਰਥਵਾਨ ਦੀ ਅਣਹੋਂਦ ਵਿਚ ਜੜ੍ਹ ਰਥ ਮਿੱਥੇ ਹੋਏ ਮਾਰਗ ਤੇ ਚਲਣ ਤੋਂ ਅਸਮਰਥ ਹੈ, ਉਸੇ ਤਰ੍ਹਾਂ ਸਚੇਤ ਪੁਰਸ਼ ਦੀ ਅਣਹੋਂਦ ਵਿੱਚ ਅਚੇਤਨ ਪ੍ਰਕ੍ਰਿਤੀ ਦੀ ਕਿਰਿਆ ਕ੍ਰਮ-ਬਧ ਰੂਪ ਵਿਚ ਨਹੀਂ ਚਲ ਸਕਦੀ। ਪ੍ਰਕਿਰਤੀ ਦੀ ਕਿਰਿਆਸ਼ੀਲਤਾ ਅਤੇ ਇਸ ਵਿਚਲੀ ਨਿਯਮਬੱਧਤਾ ਹੀ ਸਚੇਤ ਪੁਰਸ਼ ਦੀ ਹੋਂਦ ਦੀ ਸੂਚਕ ਹੈ। ਚੌਥੇ, ਅਸੀਂ ਸੁਖ ਦੁਖ ਆਦਿ ਭੋਗਦੇ ਹਾਂ। ਪ੍ਰਕਿਰਤੀ ਅਤੇ ਉਸ ਤੋਂ ਉਤਪੰਨ ਅਹੰਕਾਰ ਆਦਿ ਸਮਸਤ ਪਦਾਰਥ ਜੜ੍ਹ ਅਤੇ ਅਚੇਤਨ ਹਨ। ਜੜ੍ਹ ਪਦਾਰਥ ਵਿਚ ਭੋਗ ਕਰਨ ਦੀ ਸ਼ਕਤੀ ਨਹੀਂ ਹੁੰਦੀ। ਭੋਗੀ ਤੋਂ ਬਿਨਾਂ ਭੋਗ ਨਹੀਂ ਰਹਿ ਸਕਦਾ। ਸਚੇਤ ਪੁਰਸ਼ ਹੀ ਇਸ ਸੁਖ ਦੁਖ ਦਾ ਭੋਗੀ ਹੈ। ਪੰਜਵੇਂ, ਜੇਕਰ ਪ੍ਰਕਿਰਤੀ ਤੋਂ ਛੁਟ ਦੂਜੀ ਕੋਈ ਹੋਰ ਸਚੇਤ ਸੱਤਾ ਨਾ ਹੁੰਦੀ ਤਾਂ ਪ੍ਰਕਿਰਤੀ ਦੇ ਬੰਧਨ ਤੋਂ ਮੁਕਤੀ ਪ੍ਰਾਪਤੀ ਦੀ ਜੋ ਚੇਸ਼ਟਾ ਚਲ ਰਹੀ ਹੈ, ਉਹ ਨਿਰਾਰਥਕ ਹੁੰਦੀ। ਜੜ੍ਹ ਪਦਾਰਥ ਦੇ ਬੰਧਨ ਅਤੇ ਮੁਕਤੀ ਦਾ ਕੋਈ ਸੁਆਲ ਹੀ ਨਹੀਂ ਉਠਦਾ। ਪੁਰਸ਼ ਹੈ, ਇਸੇ ਲਈ ਪ੍ਰਕਿਰਤੀ ਦੇ ਬੰਧਨ ਤੋਂ ਮੁਕਤੀ ਦੀ ਚੇਸ਼ਟਾ ਚਲ ਰਹੀ ਹੈ ਆਦਿ।

ਉਪ੍ਰੋਕਤ ਅਧਿਅਨ ਦੇ ਆਧਾਰ ਤੇ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਸਾਂਖ ਦੇ ਪੁਰਸ਼ ਅਤੇ ਵੇਦਾਂਤ ਦੇ ਬ੍ਰਹਮ ਵਿਚ ਮੌਲਿਕ ਅੰਤਰ ਹੈ। ਸਾਂਖ ਦਾ ਪੁਰਸ਼ ਅਕਰਤਾ ਹੈ। ਉਹ ਸ੍ਰਿਸ਼ਟੀ ਦਾ ਮੂਲ ਕਾਰਣ ਨਹੀਂ ਹੈ। ਪਰ ਉਪਨਿਸ਼ਦਾਂ ਅਤੇ ਗੀਤਾ ਦਾ ਬ੍ਰਹਮ ਸ੍ਰਿਸ਼ਟੀ ਦਾ ਕਾਰਣ ਭੂਤ ਤਤ ਹੈ। ਉਪਨਿਸ਼ਦਾਂ ਦਾ ਬ੍ਰਹਮ ਆਨੰਦਮਈ ਹੈ ਪਰ ਸਾਂਖ ਦੇ ਪੁਰਸ਼ ਵਿਚ ਅਜਿਹੀ ਕੋਈ ਵਿਸ਼ੇਸ਼ਤਾ ਨਹੀਂ ਹੈ। ਸਾਂਖ ਦਰਸ਼ਨ ਅਨੁਸਾਰ ਪੁਰਸ਼ ਜਾਂ ਆਤਮਾ ਅਨੇਕ ਹਨ ਪਰ ਉਪਨਿਸ਼ਦਾਂ ਅਤੇ ਗੀਤਾ ਵਿਚ ਬ੍ਰਹਮ ਜਾਂ ਆਤਮਾ ਦੀ ਏਕਤਾ ਦੀ ਸਥਾਪਨਾ ਹੈ। ਇੰਜ ਸਾਂਖ ਅਤੇ ਵੇਦਾਂਤ ਦੀ ਬ੍ਰਹਮ ਧਾਰਣਾ ਵਖੋ ਵਖਰੇ ਚਿੰਤਨ ਦਾ ਫਲ ਸਰੂਪ ਹੈ।

ਉਪਨਿਸ਼ਦ ਗ੍ਰੰਥਾਂ ਦਾ ਜੋ ਪਾਰਬ੍ਰਹਮ ਹੈ, ਯੋਗ ਸ਼ਾਸਤ੍ਰ ਦਾ ਜੋ ਪਰਮਾਤਮਾ ਜਾਂ ਈਸ਼ਵਰ ਹੈ, ਸਾਂਖ ਦਰਸ਼ਨ ਦਾ ਜੋ ਪੁਰਸ਼ ਹੈ, ਸ੍ਰੀਮਦ ਭਾਗਵਤ ਅਨੁਸਾਰ ਭਗਤੀ ਸ਼ਾਸਤ੍ਰ ਵਿਚ ਉਸੇ ਨੂੰ ਭਗਵਾਨ ਕਿਹਾ ਜਾਂਦਾ ਹੈ।[79] ਇਸੇ ਨੂੰ ਸ੍ਰੀਮਦ ਭਾਗਵਤ ਵਿੱਚ ਪਰਮਾਤਮਾ, ਬ੍ਰਹਮ ਅਤੇ ਆਸ਼ੂਯ ਤਤ ਦੇ ਨਾਮ ਦਿਤੇ ਗਏ ਹਨ। ਇਸ ਆਸ਼ੂਯ ਤਤ (ਬ੍ਰਹਮ) ਦੇ ਨਿਰੂਪਣ ਵਿਚ ਵੇਦ, ਉਪਨਿਸ਼ਦ ਅਤੇ ਗੀਤਾ ਦੇ ਵਿਚਾਰਾਂ ਨੂੰ ਹੀ ਸਵੀਕਾਰ ਕੀਤਾ ਗਿਆ ਹੈ।[80]

---

79. ਸ੍ਰੀਮਦ ਭਾਗਵਤ, 1.2.11 ਅਤੇ 3.32.26

80. ਦੀ ਫਿਲਾਸਫੀ ਆਫ ਸ੍ਰੀਮਦ ਭਾਗਵਤ, ਭਾਗ ਪਹਿਲਾ, ਡਾ: ਸ੍ਰਿੱਧੇਸ਼ਵਰ ਭੱਟਾਚਾਰੀਆ, ਪੰਨਾ 21

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀਮਦ ਭਾਗਵਤ ਦੇ ਮੰਗਲਾਚਰਣ ਦੇ ਪਹਿਲੇ ਦੋ ਸਲੋਕਾਂ ਵਿਚ ਕਿਹਾ ਗਿਆ ਹੈ ਕਿ ਕਾਰਜ - ਕਾਰਣਾਤਮਕ ਸਮਸਤ ਜਗਤ ਵਿੱਚ ਜੋ ਵਿਆਪਕ ਹੈ ਅਰਥਾਤ ਜਿਸ ਦੀ ਸੱਤਾ ਕਾਰਣ ਸਮਸਤ ਪਦਾਰਥ ਸੱਤਾਵਾਨ ਹਨ ਅਤੇ ਜਿਸ ਦੀ ਸੱਤਾ ਦੇ ਅਭਾਵ ਵਿਚ ਸਭ ਪਦਾਰਥ ਸੱਤਾਹੀਨ ਹਨ, ਜਿਸ ਤੋਂ ਇਸ ਜਗਤ ਦੀ ਉਤਪਤੀ, ਸਥਿਤੀ ਅਤੇ ਸੰਘਾਰ ਹੁੰਦੇ ਹਨ, ਜੋ ਸਰਵੱਗ ਅਤੇ ਪ੍ਰਕਾਸ਼-ਰੂਪ ਹੈ, ਜਿਸ ਨੇ ਕੇਵਲ ਸੰਕਲਪ ਦੁਆਰਾ ਹੀ ਬ੍ਰਹਮਾ ਦੇ ਹਿਰਦੇ ਵਿਚ ਵੇਦ ਗਿਆਨ ਦਾ ਸੰਚਾਰ ਕਰ ਦਿੱਤਾ, ਜਿਸ ਸ਼ੁੱਧ ਬ੍ਰਹਮ ਵਿਚ ਤ੍ਰੈਗੁਣਾਤਮਿਕ ਅਸੱਤ ਸ੍ਰਿਸ਼ਟੀ ਵੀ ਸੱਤ ਪ੍ਰਤੀਤ ਹੁੰਦੀ ਹੈ, ਜਿਸ ਦੇ ਗਿਆਨ ਸਰੂਪ ਤੇਜ ਦੁਆਰਾ ਮਾਇਆ, ਕਪਟ ਆਦਿ ਦਾ ਨਾਸ਼ ਹੁੰਦਾ ਹੈ ਅਸੀਂ ਉਸ ਸਤੱਯ (ਬ੍ਰਹਮ) ਦਾ ਧਿਆਨ ਕਰਦੇ ਹਾਂ ।[81]

ਸ੍ਰੀਮਦ ਭਾਗਵਤ ਵਿਚ ਆਤਮਾ ਅਤੇ ਪਰਮਾਤਮਾ ਵਿਚ ਅਭੇਦ ਦਰਸਾਇਆ ਗਿਆ ਹੈ ।[82] ਆਤਮਾ ਉਹੀ ਗੁਣਾਂ ਦੀ ਧਾਰਣੀ ਹੈ ਜੋ ਗੁਣ ਪਰਮਾਤਮਾ ਦੇ ਹਨ ਜਿਵੇਂ ਨਿੱਤ, ਅਬਿਨਾਸ਼ੀ, ਸ਼ੁਧ, ਇਕ, ਪ੍ਰਕਾਸ਼-ਰੂਪ, ਸਭ ਦਾ ਕਾਰਣ, ਵਿਆਪਕ[83] ਆਦਿ । ਬੁੱਧੀ ਦੀਆਂ ਤਿੰਨ ਬਿਰਤੀਆਂ ਹਨ—ਜਾਗ੍ਰਤ, ਸੁਪਨ ਅਤੇ ਸੁਸ਼ੁਪਤੀ (ਗਹਿਰੀ ਨਿੰਦ੍ਰਾ ਦੀ ਅਵਸਥਾ) । ਇਹਨਾਂ ਨੂੰ ਅਨੁਭਵ ਕਰਨ ਵਾਲਾ ਸਰਵ ਸਾਖ਼ਸ਼ੀ ਪੁਰਸ਼ ਹੀ ਪਰਮਾਤਮਾ ਅਖਵਾਉਂਦਾ ਹੈ ।[84]

ਬ੍ਰਹਮ ਦਾ ਪਰਮਾਰਥਕ ਸਰੂਪ ਚੇਤੰਨ ਹੈ । ਜਦੋਂ ਬ੍ਰਹਮ ਸਤੋਗੁਣ ਰੂਪੀ ਉਪਾਧੀ ਤੋਂ ਬੇਲਾਗ ਰਹਿੰਦਾ ਹੈ ਉਦੋਂ ਉਹ ਨਿਰਾਕਾਰ ਅਤੇ ਅਵਿਅਕਤ ਭਾਵ ਨਾਲ ਸਥਿਤ 'ਨਿਰਗੁਣ ਬ੍ਰਹਮ' ਕਿਹਾ ਜਾਂਦਾ ਹੈ । ਪਰ ਜਦੋਂ ਬ੍ਰਹਮ ਸਤੋਗੁਣ ਰੂਪੀ ਉਪਾਧੀ ਦੇ ਲਗਾਉ ਵਿਚ ਆਉਂਦਾ ਹੈ ਤਦੋਂ ਉਹ ਸਾਕਾਰ ਅਤੇ ਵਿਅਕਤ ਭਾਵ ਨਾਲ ਸਥਿਤ 'ਸਗੁਣ-ਬ੍ਰਹਮ' ਅਖਵਾਉਂਦਾ ਹੈ । ਬ੍ਰਹਮ ਦਾ ਇਹੀ ਸਰੂਪ 'ਈਸ਼ਵਰ' ਜਾਂ ਭਗਵਾਨ ਹੈ । ਇਹ 'ਈਸ਼ਵਰ' ਸ੍ਰੀਮਦ ਭਾਗਵਤ ਅਨੁਸਾਰ ਮਾਇਆ ਦਾ ਸੁਆਮੀ, ਨਿਤ-ਮੁਕਤ ਅਤੇ ਗਿਆਨਮਈ ਹੈ ।[85]

ਸ੍ਰੀਮਦ ਭਾਗਵਤ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਤੋਂ ਪੂਰਵ ਕੇਵਲ ਬ੍ਰਹਮ ਹੀ ਬ੍ਰਹਮ ਸੀ । ਬ੍ਰਹਮ ਤੋਂ ਛੁਟ ਨਾ ਭਾਵ ਸੀ, ਨਾ ਅਭਾਵ ਅਤੇ ਨਾ ਦੋਹਾਂ ਦਾ ਕਾਰਣ ਅਗਿਆਨ ਹੀ ਸੀ। ਉਸ ਸਮੇਂ ਨਾ ਸਥੂਲ ਜਗਤ ਸੀ, ਨਾ ਸੂਖਮ ਜਗਤ ਅਤੇ ਨਾ ਹੀ ਦੋਹਾਂ ਦਾ ਕਾਰਣ ਪ੍ਰਕਿਰਤੀ ਸੀ । ਜਿੱਥੇ ਇਹ ਸ੍ਰਿਸ਼ਟੀ ਨਹੀਂ ਸੀ, ਉਥੇ ਵੀ ਕੇਵਲ ਬ੍ਰਹਮ ਹੈ ਅਤੇ ਇਸ ਪ੍ਰਪੰਚ ਦੇ ਰੂਪ ਵਿੱਚ ਜੋ ਕੁਝ ਪ੍ਰਤੀਤ ਹੋ ਰਿਹਾ ਹੈ, ਉਹ ਵੀ ਬ੍ਰਹਮ ਹੈ । ਇਸ ਪ੍ਰਪੰਚ ਦੀ ਅਣਹੋਂਦ ਵਿੱਚ ਜੋ ਕੁਝ ਬਚ ਰਹੇਗਾ, ਉਹ ਵੀ ਬ੍ਰਹਮ ਹੀ ਹੋਵੇਗਾ । ਬ੍ਰਹਮ ਦਾ ਸਰਬ ਵਿਆਪਕ ਰੂਪ ਵਾਸਤਵ ਵਿੱਚ ਤਤਵ-ਪਦਾਰਥ ਹੈ ।[86]

---

81. ਸ੍ਰੀਮਦ ਭਾਗਵਤ, 1.1.1, 2
82. ਓਹੀ, 11 22.11
83. ਓਹੀ, 7.7.19, 20
84 ਓਹੀ, 7.7.25
85. ਓਹੀ, 11.11.7 ਅਤੇ 11.6 8.
86. ਓਹੀ, 2.9.32-35

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੁੱਚੇ ਤੌਰ ਤੇ ਸ੍ਰੀਮਦ ਭਾਗਵਤ ਵਿੱਚ ਬ੍ਰਹਮ, ਪਰਮਾਤਮਾ, ਈਸ਼ਵਰ, ਪੁਰਸ਼, ਭਗਵਾਨ ਆਦਿ ਸ਼ਬਦ ਇਕ ਹੀ ਅਰਥ ਵਿੱਚ ਵਰਤੇ ਗਏ ਹਨ ਕਿਉਂਕਿ ਭਾਗਵਤਕਾਰ ਦੇ ਮਤ ਵਿੱਚ ਤਾਤਵਿਕ ਤੌਰ ਤੇ ਇਹ ਸਭ ਇਕ ਹੀ ਸੱਤ-ਵਸਤੂ ਦੇ ਸੂਚਕ ਹਨ । ਸ੍ਰੀਮਦ ਭਾਗਵਤ ਵਿੱਚ ਭਗਵਾਨ ਦਾ ਵਰਣਨ ਨਿਰਵਿਸ਼ੇਸ਼, ਸਵਿਸ਼ੇਸ਼, ਨਿਰਾਕਾਰ, ਸਾਕਾਰ ਆਦਿ ਭਿੰਨ ਰੂਪਾਂ ਵਿਚ ਕੀਤਾ ਗਿਆ ਹੈ । ਉਂਜ ਤਾਂ ਭਾਗਵਤ ਦੇ ਬਾਰਾਂ ਸਕੰਧਾਂ ਵਿਚੋਂ ਹਰੇਕ ਵਿੱਚ ਆਸ਼ੂਯ-ਤਤ—ਬ੍ਰਹਮ ਦਾ ਨਿਰੂਪਣ ਕੀਤਾ ਗਿਆ ਹੈ ਪਰ ਵਿਸ਼ੇਸ਼ ਤੌਰ ਤੇ ਉਸ ਦੇ ਸਗੁਣ ਅਤੇ ਸਾਕਾਰ ਰੂਪ ਦਾ ਵਰਣਨ ਦਸਮ ਸਕੰਧ ਵਿੱਚ ਅਤੇ ਨਿਰਗੁਣ ਅਤੇ ਨਿਰਾਕਾਰ ਰੂਪ ਦਾ ਵਰਣਨ ਬਾਹਰਵੇਂ ਸਕੰਧ ਵਿੱਚ ਮਿਲਦਾ ਹੈ । ਦਸਮ ਸਕੰਧ ਵਿੱਚ ਸ੍ਰੀ ਕ੍ਰਿਸ਼ਣ ਦੇ ਸਰੂਪ ਦਾ ਵਰਣਨ ਅਤੇ ਲੀਲਾਗਾਨ ਹੈ। ਸ੍ਰੀ ਕ੍ਰਿਸ਼ਣ ਹੀ ਭਾਗਵਤ ਅਨੁਸਾਰ ਸਗੁਣ, ਸਾਕਾਰ ਬ੍ਰਹਮ ਹਨ । ਇਹੀ ਆਸ਼ੂਯ-ਤਤ[87] ਹਨ । ਸ੍ਰੀਮਦ ਭਾਗਵਤ ਵਿੱਚ ਅਨੇਕ ਸਥਲਾਂ[88] ਤੇ ਸ੍ਰੀ ਕ੍ਰਿਸ਼ਣ ਨੂੰ ਬ੍ਰਹਮ, ਭਗਵਾਨ ਅਤੇ ਪਰਮਾਤਮਾ ਨਾਲ ਅਭਿੰਨ ਦਰਸਾਇਆ ਗਿਆ ਹੈ ।[89]

ਸ਼ੰਕਰ ਦੇ ਅਦਵੈਤਵਾਦ ਦੇ ਮੂਲ ਮੰਤਰ—'ਬ੍ਰਹਮ ਸਤਯਮ ਜਗਤ ਮਿਥਿਆ ਜੀਵੋ ਬ੍ਰਹਮੈਵ ਨਾਪਰਾਹ' ਜਿਸ ਦੇ ਅਰਥ ਹਨ ਬ੍ਰਹਮ ਸੱਤ ਹੈ, ਜਗਤ ਮਿਥਿਆ ਹੈ, ਜੀਵ ਬ੍ਰਹਮ ਹੀ ਹੈ, ਜੀਵ ਬ੍ਰਹਮ ਤੋਂ ਕਿਸੇ ਤਰ੍ਹਾਂ ਵੀ ਭਿੰਨ ਨਹੀਂ ਹੈ—ਵਿਚ ਸ਼ੰਕਰ ਦੇ ਬ੍ਰਹਮ ਦਾ ਸਰੂਪ-ਚਿਤ੍ਰਣ ਵਿਦਮਾਨ ਹੈ।

ਸ਼ੰਕਰ ਅਨੁਸਾਰ ਬ੍ਰਹਮ[90] ਨਿਰਵਿਸ਼ੇਸ਼ ਹੈ, ਨਿਰਗੁਣ ਹੈ, ਨਿਰਵਿਕਾਰ ਹੈ, ਸੱਤ ਹੈ, ਅਨੰਤ ਹੈ ਅਤੇ ਗਿਆਨ-ਸਰੂਪ ਹੈ । ਇਸ ਨੂੰ ਪਾਰਬ੍ਰਹਮ ਕਿਹਾ ਗਿਆ ਹੈ । ਇਹੀ ਬ੍ਰਹਮ ਸੱਤ, ਚਿੱਤ ਅਤੇ ਆਨੰਦ ਹੈ । ਪਰ ਜਦੋਂ ਇਹ ਮਾਇਆ ਦੇ ਲਗਾਉ ਕਾਰਣ ਸਵਿਸ਼ੇਸ਼ ਜਾਂ ਸਗੁਣ ਭਾਵ ਨੂੰ ਧਾਰਣ ਕਰਦਾ ਹੈ ਤਾਂ ਉਸ ਨੂੰ ਸਗੁਣ ਬ੍ਰਹਮ, ਅਪਰ ਬ੍ਰਹਮ ਜਾਂ ਈਸ਼ਵਰ ਕਹਿੰਦੇ ਹਨ । ਉਹ ਸਰਬ ਸ਼ਕਤੀਮਾਨ ਹੈ, ਸ੍ਰਿਸ਼ਟੀ ਦਾ ਕਰਤਾ ਹੈ, ਉਸ ਦਾ ਪਾਲਕ ਅਤੇ ਸੰਘਾਰਕ ਵੀ ਹੈ ।[91]

---

87. ਸ੍ਰੀਮਦ ਭਾਗਵਤ ਵਿਚ ਬ੍ਰਹਮ ਅਥਵਾ ਭਗਵਾਨ ਨੂੰ ਆਸ਼ੂਯ-ਤੱਤ ਕਿਹਾ ਗਿਆ ਹੈ । ਆਸ਼ੂਯ ਦਾ ਸਾਧਾਰਣ ਅਰਥ ਹੈ 'ਸ਼ਰਣ-ਸਥਾਨ' । ਬ੍ਰਹਮ ਜਾਂ ਭਗਵਾਨ ਹੀ ਸਮਸਤ ਚਰਾਚਰ ਜਗਤ ਦਾ ਕੇਵਲ ਇਕੋ-ਇਕ 'ਸ਼ਰਣ-ਸਥਾਨ' ਹੈ ।

88. ਸ੍ਰੀਮਦ ਭਾਗਵਤ, 10. 10. 29

89. ਓਹੀ, 1. 2. 11 ਅਤੇ 10. 14. 15

90. ਬ੍ਰਹਮ ਸੂਤਰਾਂ ਵਿਚ ਅਨੇਕ ਨਾਮਾਂ ਅਤੇ ਵਿਸ਼ੇਸ਼ਣਾਂ ਦੁਆਰਾ ਬ੍ਰਹਮ ਦਾ ਨਿਰੂਪਣ ਕੀਤਾ ਗਿਆ ਹੈ ਜਿਵੇਂ ਆਕਾਸ਼ (ਬ੍ਰਹਮਸੂਤਰ, 1/1/22), ਪ੍ਰਾਣ (ਓਹੀ, 1/1/28), ਜਯੋਤੀ ਓਹੀ, 1/2/24) ਛੰਧ (ਓਹੀ, 1/1/25), ਆਨੰਦ-ਮਯ (ਓਹੀ, 1/1/12), ਅਖਸ਼ਰ (ਓਹੀ, (1/3/10), ਅੰਤਰਯਾਮੀ (ਓਹੀ, 1/2/18), ਚਰਾਚਰ ਦਾ ਭਖਸ਼ਣ ਕਰਨ ਵਾਲਾ (ਓਹੀ, 1/2/29), ਅਤੇ ਆਤਮਾ (ਓਹੀ, 3/3/25) ਆਦਿਕ ।

91. ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਪੰਨਾ 49-50.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਨਿਸ਼ਦਾਂ ਵਿਚ ਬ੍ਰਹਮ ਦੇ ਨਿਰਗੁਣ ਅਤੇ ਸਗੁਣ ਦੋਹਾਂ ਰੂਪਾਂ ਦਾ ਪ੍ਰਤਿਪਾਦਨ ਕੀਤਾ ਗਿਆ ਹੈ। ਪਰ ਸ਼ੰਕਰ ਅਨੁਸਾਰ ਨਿਰਗੁਣ ਬ੍ਰਹਮ ਹੀ ਉਪਨਿਸ਼ਦਾਂ ਦਾ ਵਿਸ਼ਾ ਹੈ। ਅਚਾਰੀਆ ਸ਼ੰਕਰ ਨੇ ਬ੍ਰਹਮ ਦੇ ਵਾਸਤਵਿਕ ਸਰੂਪ ਦੇ ਸਪਸ਼ਟੀਕਰਣ ਲਈ ਦੋ ਪ੍ਰਕਾਰ ਦੇ ਲੱਛਣਾਂ ਨੂੰ ਸਵੀਕਾਰ ਕੀਤਾ ਹੈ (1) ਸਰੂਪ ਲੱਛਣ (2) ਤਟਸਥ ਲੱਛਣ। 'ਸਰੂਪ ਲੱਛਣ' ਪਦਾਰਥ ਦੇ ਸੱਤ-ਤਾਤਵਿਕ ਸਰੂਪ ਅਤੇ 'ਤਟਸਥ ਲੱਛਣ' ਕਾਲ-ਅਵਸਥਾ ਨਾਲ ਯੁਕਤ ਗੁਣਾਂ ਦਾ ਨਿਰਦੇਸ਼ ਕਰਦਾ ਹੈ। ਇਕ ਲੌਕਿਕ ਉਦਾਹਰਣ ਦੁਆਰਾ ਇਸ ਦਾ ਸਪਸ਼ਟੀਕਰਣ ਕੀਤਾ ਜਾ ਸਕਦਾ ਹੈ। ਕੋਈ ਬ੍ਰਾਹਮਣ ਕਿਸੇ ਨਾਟਕ ਵਿਚ ਇਕ ਖਤਰੀ ਨਰੇਸ਼ ਦਾ ਵੇਸ ਧਾਰਣ ਕਰਕੇ ਰੰਗ ਮੰਚ ਉਪਰ ਆਉਂਦਾ ਹੈ। ਉਹ ਸ਼ਤਰੂਆਂ ਨੂੰ ਹਰਾ ਕੇ ਆਪਣੀ ਵਿਜੈ ਦਾ ਡੰਕਾ ਵਜਾਉਂਦਾ ਅਤੇ ਅਨੇਕ ਸ਼ੋਭਾਸ਼ੀਲ ਕਾਰਜ ਨਿਭਾਉਂਦਾ ਹੋਇਆ ਦਰਸ਼ਕਾਂ ਦਾ ਮਨੋਰੰਜਨ ਕਰਦਾ ਹੈ। ਇਸ ਬ੍ਰਾਹਮਣ ਦੇ ਸੱਤ-ਸਰੂਪ ਦਾ ਨਿਰਣਾ ਕਰਨ ਲਈ ਉਸ ਨੂੰ ਰਾਜਾ ਕਹਿਣਾ ਕਿਥੋਂ ਤੀਕ ਉਚਿਤ ਹੈ ? ਰਾਜਾ ਉਹ ਹੈ ਜ਼ਰੂਰ ਪਰ ਕਦ ਤੀਕ ? ਉਦੋਂ ਤੀਕ ਜਦ ਤੀਕ ਨਾਟਕ ਦਾ ਕਾਰਜ ਚਲਦਾ ਹੈ, ਉਸ ਤੋਂ ਬਾਅਦ ਉਹ ਆਪਣੇ ਸ਼ੁੱਧ ਬ੍ਰਾਹਮਣ-ਰੂਪ ਵਿਚ ਆ ਜਾਂਦਾ ਹੈ। ਇਸ ਲਈ ਉਸ ਨੂੰ ਖਤਰੀ ਰਾਜਾ ਮੰਨਣਾ ਉਸ ਦਾ 'ਤਟਸਥ-ਲੱਛਣ' ਹੈ ਅਤੇ ਬ੍ਰਾਹਮਣ ਕਹਿਣਾ 'ਸਰੂਪ-ਲੱਛਣ'।

ਇੰਜ ਹੀ ਨਿਰਗੁਣ, ਨਿਰਾਕਾਰ, ਬ੍ਰਹਮ ਦਾ 'ਕਾਰਣ-ਰੂਪ' ਸੱਤ (ਸੱਤਾ), ਚਿੱਤ (ਗਿਆਨ) ਅਤੇ ਆਨੰਦ (ਸਚਿੱਦਾਨੰਦ) ਸਰੂਪ ਉਸ ਦਾ 'ਸਰੂਪ-ਲੱਛਣ' ਹੈ ਅਤੇ ਜਦੋਂ ਇਹੀ ਬ੍ਰਹਮ ਮਾਇਆ ਦੇ ਲਗਾਉ ਕਾਰਣ ਸਗੁਣ ਬ੍ਰਹਮ ਦਾ ਰੂਪ ਧਾਰਣ ਕਰਦਾ ਹੋਇਆ ਜਗਤ ਜਾਂ ਸ੍ਰਿਸ਼ਟੀ ਦੀ ਸਥਿਤੀ, ਉਤਪਤੀ ਅਤੇ ਲੈਅ ਦਾ ਕਰਤਾ ਬਣ ਕੇ 'ਅਪਰ-ਬ੍ਰਹਮ' ਜਾਂ 'ਈਸ਼ਵਰ' ਅਖਵਾਉਂਦਾ ਹੈ ਤਾਂ ਇਹ ਉਸਦਾ 'ਤਟਸਥ-ਲੱਛਣ' ਹੈ।

ਸ਼ੰਕਰ ਅਨੁਸਾਰ ਬ੍ਰਹਮ ਦੋ ਰੂਪਾਂ ਵਿਚ ਸ੍ਰਿਸ਼ਟੀ ਉਤਪਤੀ ਦਾ ਕਾਰਣ ਹੈ—ਨਮਿਤ ਅਰਥਾਤ ਸ੍ਰਿਸ਼ਟੀ ਦੇ ਹੇਤੁ ਦੇ ਰੂਪ ਵਿਚ ਅਤੇ ਉਪਾਦਾਨ ਅਰਥਾਤ ਸ੍ਰਿਸ਼ਟ ਪਦਾਰਥਾਂ ਦੇ ਸਾਧਨ ਦੇ ਰੂਪ ਵਿਚ।[92] ਉਦਾਹਰਣ ਦੇ ਤੌਰ ਤੇ ਘੁਮਿਆਰ ਘੜੇ ਆਦਿ ਦਾ ਹੇਤੁ ਹੈ ਅਥਵਾ ਨਮਿਤ ਕਾਰਣ ਹੈ ਅਤੇ ਮਿੱਟੀ ਸਾਧਨ ਰੂਪ ਵਿਚ ਉਪਾਦਾਨ ਕਾਰਣ ਹੈ।[93] ਬ੍ਰਹਮ ਦੀ ਕਾਰਣ ਸਰੂਪਤਾ ਸੰਬੰਧੀ ਸ਼ੰਕਰ ਦਾ ਮਤ ਹੈ ਕਿ ਜੋ ਸ੍ਰਿਸ਼ਟੀ ਦਾ ਆਧਾਰ ਹੈ, ਮਨ ਦੁਆਰਾ ਜਿਸ ਦੀ ਰਚਨਾ ਦਾ ਵਿਚਾਰ ਨਹੀਂ ਹੋ ਸਕਦਾ, ਜੋ ਅਚਿੰਤਯ ਹੈ ਅਤੇ ਜਿਸ ਦੁਆਰਾ ਸ੍ਰਿਸ਼ਟੀ ਦੀ ਸਥਿਤੀ ਅਤੇ ਪ੍ਰਲੈ ਹੁੰਦੀ ਹੈ, ਜੋ ਸਰਵੱਗ ਅਤੇ ਸ਼ਕਤੀਮਾਨ ਕਾਰਣ ਹੈ ਉਹੀ ਬ੍ਰਹਮ ਹੈ।[94]

ਨਮਿਤ ਅਤੇ ਉਪਾਦਾਨ ਕਾਰਣ ਦੀ ਭਿੰਨਤਾ ਬ੍ਰਹਮ ਦੇ ਸਰੂਪ ਦੀ ਭਿੰਨਤਾ ਦੀ ਲਖਾਇਕ ਨਹੀਂ ਕਿਉਂਕਿ ਇਕ ਹੀ ਬ੍ਰਹਮ ਨਮਿਤ ਅਤੇ ਉਪਾਦਾਨ ਕਾਰਣ ਦੋਵੇਂ ਹੈ। ਸ਼ੰਕਰ ਅਨੁਸਾਰ ਘੜੇ, ਦੀਵੇ ਆਦਿ ਦਾ ਉਪਾਦਾਨ ਕਾਰਣ ਮਿੱਟੀ ਅਤੇ ਕੜੇ, ਚੂੜੀਆਂ

92. ਬ੍ਰਹਮ ਸੂਤਰ, ਸ਼ੰਕਰ ਭਾਸ਼, 1/1/2
93. ਓਹੀ, 1/4/23
94. ਓਹੀ, 1/1/2

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਦਾ ਉਪਾਦਾਨ ਕਾਰਣ ਸੋਨਾ ਹੈ ਅਤੇ ਘੁਮਿਆਰ ਅਤੇ ਸੁਨਿਆਰ ਕ੍ਰਮਵਾਰ ਨਮਿੱਤ ਕਾਰਣ ਹਨ। ਪਰ ਦੋਹਾਂ ਕਾਰਣਾਂ ਦੇ ਹੁੰਦਿਆਂ ਹੋਇਆਂ ਵੀ ਬ੍ਰਹਮ ਦੀ ਕਾਰਣ-ਰੂਪਤਾ ਵਿੱਚ ਭੇਦ ਨਹੀਂ ਕਿਉਂਕਿ ਦੋਹਾਂ ਕਾਰਣਾਂ ਦਾ ਆਧਾਰ ਇਕ ਹੀ ਬ੍ਰਹਮ ਹੈ। ਸ਼ੰਕਰ ਅਨੁਸਾਰ ਜਿਸ ਤਰ੍ਹਾਂ ਮਿੱਟੀ, ਸੋਨਾ ਆਦਿ ਉਪਾਦਾਨ ਕਾਰਣਾਂ ਲਈ ਘੁਮਿਆਰ ਅਤੇ ਸੁਨਿਆਰ ਆਦਿਕ ਘੜਿਆਂ ਦੀ ਲੋੜ ਹੈ, ਉਸ ਤਰ੍ਹਾਂ ਬ੍ਰਹਮ ਦੇ ਉਪਾਦਾਨ ਕਾਰਣ ਸਰੂਪ ਵਿੱਚ ਕਿਸੇ ਹੋਰ ਸ੍ਰਿਸ਼ਟਾ ਦੀ ਲੋੜ ਨਹੀਂ ਹੁੰਦੀ। ਇਥੇ ਇਸ ਗੱਲ ਵਿੱਚ ਸ਼ੰਕਾ ਉਤਪੰਨ ਹੋ ਸਕਦੀ ਹੈ ਕਿ ਮਿੱਟੀ, ਸੋਨਾ ਆਦਿ ਤਾਂ ਘੁਮਿਆਰ ਅਤੇ ਸੁਨਿਆਰ ਤੋਂ ਭਿੰਨ ਹਨ, ਇਸ ਲਈ ਉਪਾਦਾਨ ਕਾਰਣ ਦੀ ਨਮਿਤ ਕਾਰਣ ਨਾਲ ਇਕ-ਰੂਪਤਾ ਨਹੀਂ ਹੋ ਸਕਦੀ। ਪਰ ਸ਼ੰਕਰ ਅਨੁਸਾਰ ਨਮਿਤ ਅਤੇ ਉਪਾਦਾਨ ਕਾਰਣਾਂ ਦੀ ਵਖੋ ਵਖਰੀ ਸੱਤਾ ਨਹੀਂ ਹੈ।[95] ਇੰਜ ਸ਼ੰਕਰ ਨੇ ਦੋਹਾਂ ਦਾ ਅਭੇਦ[96] ਸਵੀਕਾਰ ਕਰਦਿਆਂ ਹੋਇਆਂ ਬ੍ਰਹਮ ਦੀ ਇਕ-ਰੂਪਤਾ ਦੀ ਪ੍ਰਤਿਸ਼ਠਾ ਕੀਤੀ ਹੈ।

ਸ਼ੰਕਰ ਅਨੁਸਾਰ ਬ੍ਰਹਮ ਸੱਤ, ਚਿੱਤ[97] ਅਤੇ ਆਨੰਦ[98] ਹੈ। ਅੰਨ, ਪ੍ਰਾਣ, ਮਨ,

---

95 ਓਹੀ, 1/4/23

96 ਨਮਿਤ ਅਤੇ ਉਪਾਦਾਨ ਕਾਰਣਾਂ ਦਾ ਅਦ੍ਵੈਤੀ ਬ੍ਰਹਮ ਦੇ ਸਰੂਪ ਹੋਣ ਕਰ ਕੇ ਇਹ ਸਿੱਧ ਹੁੰਦਾ ਹੈ ਕਿ ਕਾਰਜ ਅਤੇ ਕਾਰਣ ਵਿਚ ਕੋਈ ਭੇਦ ਨਹੀਂ। ਬ੍ਰਹਮ ਸੂਤਰਾਂ ਵਿਚ ਵੀ ਕਾਰਜ ਅਤੇ ਕਾਰਣ ਦਾ ਅਭੇਦ ਦਰਸਾਇਆ ਗਿਆ ਹੈ (ਬ੍ਰਹਮ ਸੂਤਰ, 2/1/14)। ਛਾਂਦੋਗਯ ਉਪਨਿਸ਼ਦ (6/1/4) ਵਿਚ ਵੀ ਕਾਰਜ-ਕਾਰਣ ਦੀ ਅਭੇਦ ਰੂਪਤਾ ਦਾ ਵਰਣਨ ਕਰਦਿਆਂ ਕਿਹਾ ਗਿਆ ਹੈ ਕਿ ਜਿਸ ਤਰ੍ਹਾਂ ਮਿੱਟੀ ਦੇ ਇਕ ਬਰਤਨ ਤੋਂ ਮਿੱਟੀ ਨਾਲ ਬਣੇ ਸਮਸਤ ਪਦਾਰਥਾਂ ਦਾ ਗਿਆਨ ਹੋ ਜਾਂਦਾ ਹੈ ਉਸੇ ਤਰ੍ਹਾਂ ਬ੍ਰਹਮ ਦੇ ਗਿਆਨ ਦੁਆਰਾ ਬ੍ਰਹਮ-ਕਾਰਜਾਂ ਦਾ ਗਿਆਨ ਹੋ ਜਾਂਦਾ ਹੈ। ਮਿੱਟੀ ਦੁਆਰਾ ਬਣੇ ਘੜੇ ਆਦਿ ਬੋਲੀ ਦੇ ਮੁਥਾਜ ਅਰਥਾਤ ਕੇਵਲ ਨਾਮ ਮਾਤਰ ਹੀ ਹਨ, ਸੱਚ ਤਾਂ ਕੇਵਲ ਮਿੱਟੀ ਹੈ। 'ਵਿਵੇਕ ਚੂੜਾਮਣੀ' ਅਨੁਸਾਰ ਮਿੱਟੀ ਦਾ ਕਾਰਜ ਹੋਣ ਤੇ ਵੀ ਘੜਾ ਉਸ ਤੋਂ ਵਖ ਨਹੀਂ ਹੁੰਦਾ ਕਿਉਂਕਿ ਹਰ ਪਾਸਿਉਂ ਉਹ ਮਿੱਟੀ ਦਾ ਹੀ ਰੂਪ ਹੁੰਦਾ ਹੈ। ਮਿੱਟੀ ਵਿਚ ਮਿਥਿਆ ਅਤੇ ਕਲਪਿਤ ਨਾਮ ਮਾਤਰ ਘੜੇ ਦੀ ਸੱਤਾ ਤਾਂ ਹੈ ਹੀ ਨਹੀਂ (ਵਿਵੇਕ ਚੂੜਾਮਣੀ, 230)।

97 'ਵਿਚਾਰ ਚੰਦ੍ਰੋਦਯ' ਦੇ ਅਨੁਸਾਰ ਤ੍ਰੈਕਾਲ-ਮੁਕਤ ਬ੍ਰਹਮ ਅਥਵਾ ਆਤਮਾ ਦਾ ਸੂਚਕ 'ਸੱਤ' ਸ਼ਬਦ ਹੈ। ਤ੍ਰੈਕਾਲ ਦਾ ਗਿਆਨ ਰਖਣ ਕਾਰਣ ਬ੍ਰਹਮ ਅਥਵਾ ਆਤਮਾ 'ਚਿਤ' ਅਤੇ ਤ੍ਰੈਕਾਲ ਵਿਚ ਪਰਮ ਪ੍ਰੇਮ ਦਾ ਵਿਸ਼ਾ ਹੋਣ ਦੇ ਕਾਰਣ 'ਆਨੰਦ' ਅਖਵਾਉਂਦਾ ਹੈ (ਵਿਚਾਰ ਚੰਦ੍ਰੋਦਯ, ਕਲਾ 8, ਪੰਨਾ 180, 190)। ਸੱਤ ਸ਼ਬਦ ਤੋਂ ਬ੍ਰਹਮ ਦੀ ਸਥਿਤੀ, 'ਚਿੱਤ' ਸ਼ਬਦ ਤੋਂ ਕਿਰਿਆ ਅਤੇ ਗਿਆਨ ਰੂਪਤਾ ਅਤੇ 'ਆਨੰਦ' ਸ਼ਬਦ ਤੋਂ ਬ੍ਰਹਮ ਦੀ ਪ੍ਰੇਮ-ਰੂਪਤਾ ਦਾ ਕਥਨ ਹੁੰਦਾ ਹੈ। 'ਵਿਚਾਰ ਸਾਗਰ' ਵਿਚ 'ਸੱਤ' ਸ਼ਬਦ ਦੇ ਲਈ 'ਅਸਤਿ', ਚਿੱਤ ਸ਼ਬਦ ਦੇ ਲਈ 'ਭਾਤਿ' ਅਤੇ 'ਆਨੰਦ' ਸ਼ਬਦ ਦੇ ਲਈ 'ਪ੍ਰਿਅ' ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। (ਵਿਚਾਰ ਸਾਗਰ, ਆਰੰਭਕ ਪੰਨਾ)। ਸੱਤ ਸ਼ਬਦ ਬ੍ਰਹਮ ਦੇ ਅਸਤਿਤਵ ਦਾ ਅਤੇ ਚਿੱਤ ਸ਼ਬਦ ਬ੍ਰਹਮ ਦੀ ਚੇਤਨ ਸੱਤਾ ਦਾ ਲਖਾਇਕ ਹੈ।

98 ਬ੍ਰਹਮ ਸੂਤਰਾਂ ਵਿਚ ਬ੍ਰਹਮ ਨੂੰ ਆਨੰਦਮਈ ਕਿਹਾ ਗਿਆ ਹੈ (ਬ੍ਰਹਮ ਸੂਤਰ 1/1/12)। ਤੈਤਰੀਅ ਉਪਨਿਸ਼ਦ ਵਿਚ ਬ੍ਰਹਮ ਦੀ ਆਨੰਦ-ਸਰੂਪਤਾ ਦੀ ਪ੍ਰਤਿਸ਼ਠਾ ਸੰਬੰਧੀ ਕਿਹਾ ਗਿਆ ਹੈ ਕਿ

ਬਾਕੀ ਅਗਲੇ ਪੰਨੇ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਗਿਆਨ ਅਤੇ ਆਨੰਦਮਯ ਕੋਸ਼ਾਂ ਨੂੰ ਸ਼ੰਕਰ ਨੇ ਅਵਿਦਿਆ ਕਿਰਤ[99] ਦਸ ਕੇ ਇਹ ਸਿੱਧ ਕੀਤਾ ਹੈ ਕਿ ਬ੍ਰਹਮ ਕੋਸ਼ਾਂ ਤੋਂ ਅਤੀਤ ਹੈ ਅਤੇ ਬ੍ਰਹਮ ਦੀ ਆਨੰਦ - ਰੂਪਤਾ ਬ੍ਰਹਮ ਦਾ ਪਰਮਾਰਥਕ ਸਰੂਪ ਨਹੀਂ ਹੈ। ਸ਼ੰਕਰ ਅਨੁਸਾਰ ਆਨੰਦ ਦਾ ਲੈਅ ਬ੍ਰਹਮ ਵਿੱਚ ਹੁੰਦਾ ਹੈ।[100]

ਸ਼ੰਕਰ ਨੇ ਬ੍ਰਹਮ ਦੇ ਦੋ ਰੂਪਾਂ ਨੂੰ ਸਵੀਕਾਰ ਕੀਤਾ ਹੈ—ਸਾਕਾਰ ਅਤੇ ਨਿਰਾਕਾਰ। ਸਾਕਾਰ ਬ੍ਰਹਮ ਅਵਿਦਿਆ ਦੇ ਕਾਰਣ ਅਨੇਕ ਆਕਾਰਾਂ, ਨਾਮ ਰੂਪਾਂ ਅਤੇ ਗੁਣਾਂ ਨਾਲ ਯੁਕਤ ਹੁੰਦਾ ਹੈ। ਸ਼ੰਕਰ ਦਾ ਮਤ ਹੈ ਕਿ ਕਿਤੇ ਤਾਂ ਬ੍ਰਹਮ ਦਾ ਸਰੂਪ ਨਾਮ ਰੂਪਾਤਮਕ ਅਤੇ ਜਗਤ-ਭੇਦ ਆਦਿ ਉਪਾਧੀਆਂ ਨਾਲ ਯੁਕਤ ਅਤੇ ਕਿਤੇ ਸਭ ਉਪਾਧੀਆਂ ਤੋਂ ਰਹਿਤ ਹੈ। ਇਹ ਸਰੂਪ-ਵੰਡ ਅਵਿਦਿਆ-ਵਿਦਿਆ ਦੀ ਵਿਸ਼ੇ-ਵੰਡ ਦੇ ਅਨੁਸਾਰ ਕੀਤੀ ਗਈ ਹੈ।[101] ਨਿਰਾਕਾਰ ਬ੍ਰਹਮ ਆਕਾਰ ਅਤੇ ਗੁਣਾਂ ਤੋਂ ਰਹਿਤ ਹੈ। ਇਕ ਹੀ ਬ੍ਰਹਮ ਦਾ ਦੋ ਸਰੂਪਾਂ ਵਿਚ ਸਥਿਤ ਰਹਿਣਾ ਅਸੰਗਤ ਹੈ। ਸ਼ੰਕਰ ਅਨੁਸਾਰ ਵਾਸਤਵ ਵਿਚ ਬ੍ਰਹਮ ਨਿਰਾਕਾਰ ਹੀ ਹੈ, ਪਰ ਜਿਸ ਤਰ੍ਹਾਂ ਪ੍ਰਕਾਸ਼ ਕੋਈ ਆਕਾਰ ਯੁਕਤ ਆਸਰਾ ਪ੍ਰਾਪਤ ਕਰ ਕੇ ਪ੍ਰਕਾਸ਼ਮਾਨ ਹੁੰਦਾ ਹੈ ਉਸੇ ਤਰ੍ਹਾਂ ਨਿਰਗੁਣ ਬ੍ਰਹਮ ਗੁਣਾਂ ਨਾਲ ਯੁਕਤ ਹੋਣ ਤੇ ਸਾਕਾਰ ਹੋ ਜਾਂਦਾ ਹੈ। ਪ੍ਰਕਾਸ਼ ਦਾ ਆਪਣਾ ਕੋਈ ਆਕਾਰ ਨਹੀਂ ਹੁੰਦਾ ਪਰ ਉਹ ਦੀਵਾਰ ਜਾਂ ਛਤ ਆਦਿ ਦੇ ਛਿਦ੍ਰਾਂ ਰਾਹੀਂ ਪ੍ਰਵੇਸ਼ ਕਰਕੇ ਛਿਦ੍ਰਾਂ ਦੇ ਅਨੁਰੂਪ ਆਕਾਰ ਸਹਿਤ ਹੋ ਨਿਬੜਦਾ ਹੈ। ਇੰਜ ਹੀ ਅਵਿਦਿਆ ਕਾਰਣ ਬ੍ਰਹਮ ਸਾਕਾਰ ਹੁੰਦਾ ਹੈ।[102] ਪਰ ਬ੍ਰਹਮ ਦੇ ਸਾਕਾਰ ਹੋਣ ਤੇ ਉਸ ਦੇ ਨਿਰਗੁਣ ਸਰੂਪ ਵਿਚ ਪਰਿਵਰਤਨ ਨਹੀਂ ਆਉਂਦਾ, ਉਸੇ ਤਰ੍ਹਾਂ ਸੂਰਜ ਦੇ ਪ੍ਰਤਿਬਿੰਬ ਦੇ ਘਟਣ ਵਧਣ ਅਤੇ ਹਿਲਜੁਲ ਕਾਰਣ ਸੂਰਜ ਵਿਚ ਕੋਈ ਪਰਿਵਰਤਨ ਨਹੀਂ ਆਉਂਦਾ।[103] ਉਪਾਸਨਾ ਦੀ ਦ੍ਰਿਸ਼ਟੀ ਤੋਂ ਹੀ ਬ੍ਰਹਮ ਸਾਕਾਰ ਅਤੇ ਸਗੁਣ ਰੂਪ ਵਿਚ ਪ੍ਰਤਿਸ਼ਠਤ ਹੁੰਦਾ ਹੈ। ਸ਼ੰਕਰ ਅਨੁਸਾਰ ਆਕਾਰਵਤ ਬ੍ਰਹਮ ਦੇ ਬੋਧਕ ਸ਼ਰੁਤੀ ਵਾਕ ਉਪਾਸਨਾਪਰਕ ਹਨ।[104] ਸ਼ੰਕਰ ਨੇ ਬ੍ਰਹਮ ਨੂੰ ਚੇਤਨ ਕਿਹਾ ਹੈ ਪਰ ਬ੍ਰਹਮ ਦੀ ਇਹ ਵਿਸ਼ੁੱਧ ਚੇਤਨ ਸੱਤਾ ਆਕਾਰ ਰਹਿਤ ਹੈ। ਬ੍ਰਹਮ ਦੀ ਚੇਤਨਤਾ ਵਾਸਤਵ ਵਿੱਚ ਨਿਰਵਿਸ਼ੇਸ਼ ਅਥਵਾ ਵਿਕਾਰ ਅਤੇ ਆਕਾਰਾਂ ਤੋਂ ਰਹਿਤ ਹੈ, ਪਰ ਉਪਾਸਨਾ ਦੇ ਖੇਤਰ ਵਿਚ ਨਿਰਵਿਸ਼ੇਸ਼

ਆਨੰਦ ਹੀ ਬ੍ਰਹਮ ਹੈ, ਅਜਿਹਾ ਸਮਝਣਾ ਚਾਹੀਦਾ ਹੈ (ਤੈਤਰੀਅ ਉਪਨਿਸ਼ਦ ਭ੍ਰਿਗੁਵੱਲੀ, 3/1)। ਬ੍ਰਹਿਦਾਰਣਯਕ ਉਪਨਿਸ਼ਦ ਦੇ ਅਨੁਸਾਰ ਵੀ ਬ੍ਰਹਮ ਨੂੰ ਆਨੰਦ ਸਰੂਪ ਕਿਹਾ ਗਿਆ ਹੈ (ਬ੍ਰਿਹਦਾਰਣਯਕ ਉਪਨਿਸ਼ਦ, 3/9/28)। ਬ੍ਰਹਮ ਸੂਤਰਾਂ ਦੇ ਅਨੁਸਾਰ ਨਾ ਜੀਵ ਹੀ ਆਨੰਦ ਸਰੂਪ ਹੈ ਅਤੇ ਨਾ ਹੀ ਪ੍ਰਕਿਰਤੀ ਕਿਉਂਕਿ ਜੀਵ ਸਚੀਂ ਦੁਆਰਾ ਢਕਿਆ ਹੋਇਆ ਹੈ ਅਤੇ ਪ੍ਰਕਿਰਤੀ ਬ੍ਰਹਮ ਦੇ ਅਧੀਨ ਹੈ (ਬ੍ਰਹਮਸੂਤਰ, 1/4/3)।

99 ਤੈਤਰੀਅ ਉਪਨਿਸ਼ਦ, ਸ਼ੰਕਰ ਭਾਸ਼ 2/3/1
100 ਓਹੀ, 2/2/5
101 ਓਹੀ, 1/1/12
102 ਓਹੀ, 3/2/15
103 ਓਹੀ, 3/2/20
104 ਬ੍ਰਹਮ ਸੂਤਰ, ਸ਼ੰਕਰ ਭਾਸ਼, 3/2/16

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਾਕਾਰ ਚੇਤਨ-ਸਰੂਪ ਬ੍ਰਹਮ ਸਾਕਾਰ ਅਤੇ ਸਵਿਸ਼ੇਸ਼ ਹੋ ਜਾਂਦਾ ਹੈ। ਗਿਆਨ ਦੇ ਖੇਤਰ ਵਿਚ ਬ੍ਰਹਮ ਨਿਰਗੁਣ-ਨਿਰਾਕਾਰ ਅਤੇ ਨਿਰਵਿਸ਼ੇਸ਼ ਹੀ ਰਹਿੰਦਾ ਹੈ ।

ਸੱਤ, ਰਜ ਅਤੇ ਤਮ ਗੁਣਾਂ ਨਾਲ ਯੁਕਤ ਬ੍ਰਹਮ ਸਗੁਣ ਬ੍ਰਹਮ ਹੈ ਅਤੇ ਇਹਨਾਂ ਤਿੰਨਾਂ ਗੁਣਾਂ ਤੋਂ ਰਹਿਤ ਬ੍ਰਹਮ ਨਿਰਗੁਣ ਅਖਵਾਉਂਦਾ ਹੈ। ਨਿਰਗੁਣ ਬ੍ਰਹਮ ਵਿਚ ਕਿਸੇ ਤਰ੍ਹਾਂ ਦਾ ਵਿਕਾਰ ਨਹੀਂ ਹੁੰਦਾ, ਉਹ ਵਿਸ਼ੁਧ ਸੱਤ ਹੈ ਜਿਸ ਦਾ ਸ੍ਰਿਸ਼ਟੀ ਆਦਿ ਦੀ ਸਿਰਜਨਾ ਨਾਲ ਕੋਈ ਸੰਬੰਧ ਨਹੀਂ। ਸਗੁਣ ਬ੍ਰਹਮ ਈਸ਼ਵਰ ਰੂਪ ਵਿਚ ਸ੍ਰਿਸ਼ਟੀ ਦੀ ਸਿਰਜਨਾ, ਪਾਲਨਾ ਅਤੇ ਸੰਘਾਰ ਕਰਦਾ ਹੈ। ਸ਼ੰਕਰ ਅਨੁਸਾਰ ਈਸ਼ਵਰ ਸਭ ਦਾ ਅਧਿਅਕਸ਼, ਵਿਚਿੱਤਰ ਸ੍ਰਿਸ਼ਟੀ, ਅਤੇ ਸੰਘਾਰ ਦਾ ਕਰਤਾ ਅਤੇ ਦੇਸ਼-ਕਾਲ ਦਾ ਗਿਆਤਾ ਹੈ। ਉਹੀ ਕਰਮਾਂ ਅਨੁਸਾਰ ਸਭ ਲਈ ਫਲ ਦੀ ਵਿਵਸਥਾ ਕਰਦਾ ਹੈ।[105]

ਅਚਾਰੀਆ ਸ਼ੰਕਰ ਅਨੁਸਾਰ ਗੁਣਾਂ ਦਾ ਆਰੋਪ ਸਗੁਣ ਬ੍ਰਹਮ ਵਿਚ ਹੀ ਹੁੰਦਾ ਹੈ, ਨਿਰਗੁਣ ਵਿਚ ਨਹੀਂ।[106] ਇਸੇ ਤਰ੍ਹਾਂ ਆਨੰਦ ਆਦਿ ਦੇ ਗੁਣ ਬ੍ਰਹਮ ਦੇ ਸਰੂਪ ਦਾ ਗਿਆਨ ਨਹੀਂ ਕਰਾਂਦੇ। ਸ਼ੰਕਰ ਇਹਨਾਂ ਨੂੰ ਕੇਵਲ ਉਪਾਸਨਾ ਉਪਯੋਗੀ ਹੀ ਮੰਨਦੇ ਹਨ।[107]

ਸ਼ੰਕਰ ਅਨੁਸਾਰ ਬ੍ਰਹਮ ਇਕੋ ਸਮੇਂ ਸਗੁਣ ਅਤੇ ਨਿਰਗੁਣ ਦੋਵੇਂ ਨਹੀਂ ਹੋ ਸਕਦਾ। ਬ੍ਰਹਮ ਦੀ ਅਜਿਹੀ ਅਵਸਥਾ ਵਿਰੋਧ ਦੀ ਸੂਚਕ ਹੈ। ਇਸ ਹਾਲਤ ਵਿਚ ਬ੍ਰਹਮ ਕੇਵਲ ਨਿਰਗੁਣ ਹੈ, ਸਗੁਣ ਨਹੀਂ। ਸਗੁਣਤਾ ਦਾ ਆਰੋਪ ਵਿਵਹਾਰਕ ਹੈ, ਉਪਾਧੀਗਤ ਹੈ ਅਤੇ ਮਾਇਕ ਹੈ। ਬ੍ਰਹਮ ਨੂੰ 'ਸੱਤ' ਕਹਿਣ ਦਾ ਉਦੇਸ਼ ਹੈ ਬ੍ਰਹਮ ਦੇ ਸਰੂਪ ਵਿਚ 'ਅਸੱਤ' ਰੂਪ ਦਾ ਨਿਖੇਧ ਕਰਨਾ, 'ਚਿੱਤ' ਤੋਂ ਭਾਵ ਹੈ ਬ੍ਰਹਮ ਵਿਚੋਂ ਦੁਖ ਕਲੇਸ਼ ਆਦਿ ਨੂੰ ਦੂਰ ਕਰਨਾ। ਸ਼ੰਕਰ ਅਨੁਸਾਰ ਭਾਵੇਂ ਆਤਮ-ਤੱਤ-ਸੱਤ ਸੰਪੂਰਣ ਗਿਆਨ ਦਾ ਇਕਮਾਤਰ ਵਿਸ਼ਾ ਹੈ ਤਾਂ ਵੀ ਤੁੱਛ ਬੁੱਧੀ ਵਾਲੇ ਪੁਰਸ਼ਾਂ ਦੇ ਲਈ ਉਸ ਦੀ ਸਗੁਣਤਾ ਹੀ ਇਸ਼ਟ ਹੈ। ਇਸੇ ਲਈ ਉਸ ਦੇ ਸੱਤ ਸੰਕਲਪ ਆਦਿ ਗੁਣਾਂ ਨਾਲ ਯੁਕਤ ਹੋਣ ਦਾ ਪ੍ਰਤਿਪਾਦਨ ਕਰਨਾ ਜ਼ਰੂਰੀ ਹੈ।[108]

ਸ਼ੰਕਰ ਅਨੁਸਾਰ ਨਿਰਗੁਣ ਬ੍ਰਹਮ ਅਕਰਤਾ ਹੈ, ਆਕਾਸ਼ ਦੀ ਨਿਆਈਂ ਨਿਰਲੇਪ ਹੈ। ਜਿਸ ਤਰ੍ਹਾਂ ਆਕਾਸ਼ ਹਰ ਪਾਸੇ ਵਿਆਪਕ ਹੈ, ਪਰ ਸੂਖਮ ਹੋਣ ਕਾਰਣ ਕਿਸੇ ਪਦਾਰਥ ਨਾਲ ਸੰਬੰਧ-ਯੁਕਤ ਨਹੀਂ ਹੁੰਦਾ, ਉਸੇ ਤਰ੍ਹਾਂ ਆਤਮ-ਸਰੂਪ ਬ੍ਰਹਮ ਸਰੀਰ ਵਿਚ ਰਹਿੰਦਿਆਂ ਹੋਇਆਂ ਵੀ ਕਰਮ ਦੇ ਵਿਕਾਰਾਂ ਨਾਲ ਦੂਸ਼ਿਤ ਨਹੀਂ ਹੁੰਦਾ।[109] ਬ੍ਰਹਮ ਮਾਇਆ ਅਥਵਾ ਪ੍ਰਕਿਰਤੀ ਨਾਲ ਉਸੇ ਤਰ੍ਹਾਂ ਲਿਪਤ ਨਹੀਂ ਹੁੰਦਾ ਹੈ, ਜਿਸ ਤਰ੍ਹਾਂ ਮਾਯਾਵੀ ਤਿੰਨਾਂ ਕਾਲਾਂ ਵਿੱਚ ਵੀ ਆਪਣੀ ਮਾਇਆ ਵਿੱਚ ਲਿਪਤ ਨਹੀਂ ਹੁੰਦਾ।[110]

---

105 ਬ੍ਰਹਮ ਸੂਤਰ, ਸ਼ੰਕਰ ਭਾਸ਼, 3/2/28
106 ਓਹੀ, 3 3/1 ਅਤੇ 3/3/13
107 ਓਹੀ, 3/3/13
108 ਛਾਂਦੋਗਯ ਉਪਨਿਸ਼ਦ, ਸ਼ੰਕਰ ਭਾਸ਼, 8/1/1
109 ਗੀਤਾ, ਸ਼ੰਕਰ ਭਾਸ਼, 13/12
110 ਬ੍ਰਹਮ ਸੂਤਰ, ਸ਼ੰਕਰ ਭਾਸ਼, 1/2/9

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੰਕਰ ਅਨੁਸਾਰ ਅਗਿਆਨੀ ਲੋਕ ਆਕਾਸ਼ ਵਿਚ ਮਲਿਨਤਾ ਆਦਿ ਦੀ ਕਲਪਨਾ ਕਰਦੇ ਹਨ ਪਰ ਆਕਾਸ਼ ਮਲਿਨਤਾ ਆਦਿ ਨਾਲ ਯੁਕਤ ਨਹੀਂ ਹੁੰਦਾ ।[111] ਠੀਕ ਇਸੇ ਤਰ੍ਹਾਂ ਬ੍ਰਹਮ ਵਿੱਚ ਕਰਤ੍ਰਿਤਵ ਆਦਿ ਦੇ ਵਿਕਾਰ ਕਹੇ ਜਾਂਦੇ ਹਨ ਪਰ ਤ੍ਰੈਕਾਲ ਵਿੱਚ ਵੀ ਬ੍ਰਹਮ ਅੰਦਰ ਵਿਕਾਰ ਨਹੀਂ ਆਉਂਦੇ ।[112] ਬ੍ਰਹਮ, ਸ਼ੰਕਰ ਅਨੁਸਾਰ, ਸਮਸਤ ਜੀਵਾਂ ਦੀ ਰਚਨਾ ਨਹੀਂ ਕਰਦਾ, ਉਹਨਾਂ ਦੀ ਰਚਨਾ ਤਾਂ ਅਵਿਦਿਆ ਵਸ ਹੁੰਦੀ ਹੈ ।[113] ਜੀਵਾਂ ਦੇ ਕਰਮਾਂ ਅਤੇ ਉਹਨਾਂ ਦੇ ਫਲਾਂ ਤੋਂ ਵੀ ਬ੍ਰਹਮ ਨਿਰਲਾਪ ਹੈ ।[114]

ਦਖੱਣ ਦੇ ਵੈਸ਼ਣਵ ਆਲਵਾਰਾਂ ਨੇ ਆਪਣੇ ਇਸ਼ਟਦੇਵ ਕ੍ਰਿਸ਼ਣ ਨੂੰ ਪਾਰਬ੍ਰਹਮ ਚਿਤ੍ਰਤ ਕੀਤਾ ਹੈ। ਉਹੀ ਪੁਰਸ਼ੋਤਮ ਹੈ । ਉਹੀ ਇਸ ਵਿਸ਼ਵ ਦਾ ਕਾਰਣ ਹੈ । ਉਹ ਆਦਿ, ਅਨਾਦਿ, ਅਨੂਪ ਅਤੇ ਸਰਬ ਅੰਤਰਯਾਮੀ ਹੈ । ਬ੍ਰਹਮ ਹੋ ਕੇ ਵੀ ਭਗਤਾਂ ਦੇ ਉਧਾਰ ਨਮਿਤ ਦੇਹ ਧਾਰਣ ਕਰਦਾ ਹੈ । ਇੰਜ ਅਵਤਾਰੀ ਅਤੇ ਅਵਤਾਰ ਉਸਦੇ ਦੋਵੇਂ ਸਰੂਪ ਹਨ । ਜੀਵ ਰੂਪ ਅਤੇ ਜਗਤ ਵਿਚ ਜੋ ਕੁਝ ਵੀ ਹੈ ਉਹ ਉਸੇ ਦਾ ਅੰਸ਼ ਹੈ ।

ਆਲਵਾਰਾਂ ਨੇ ਬ੍ਰਹਮ ਨੂੰ ਰਸ-ਰੂਪ ਜਾਂ ਆਨੰਦ ਰੂਪ ਮੰਨਦਿਆਂ ਹੋਇਆਂ[115] ਉਸਦੇ ਸੌਂਦਰਯ-ਸਰੂਪ[116] ਦਾ ਵੀ ਪ੍ਰਤਿਪਾਦਨ ਕੀਤਾ ਹੈ ।

ਆਲਵਾਰਾਂ ਦਾ ਬ੍ਰਹਮ ਸਰਬ ਸ਼ਕਤੀਮਾਨ, ਅਦੁੱਤੀ ਅਤੇ ਸਮਸਤ ਦੇਵਤਿਆਂ ਤੋਂ ਸ੍ਰੇਸ਼ਠ ਹੈ । ਉਹ ਸਰਬ ਲੋਕ-ਰਖਿਅਕ ਹੈ, ਸ਼ਿਵ, ਬ੍ਰਹਮਾ ਅਤੇ ਇੰਦਰ ਸਭਨਾਂ ਦਾ ਪਾਲਕ ਹੈ,[117] ਜਗਤ ਦਾ ਕਰਤਾ ਹੈ,[118] ਮਹਾਨ ਤੋਂ ਮਹਾਨ ਅਤੇ ਪੂਰਣ ਬ੍ਰਹਮ ਹੈ, ਸ੍ਰੇਸ਼ਠ ਗੁਣਾਂ ਅਤੇ ਚੰਗਿਆਈਆਂ ਦਾ ਸਾਗਰ ਹੈ ।[119] ਸਮਸਤ ਚਿੱਤ ਅਤੇ ਅਚਿੱਤ ਪ੍ਰਾਣੀਆਂ ਦਾ ਆਧਾਰ ਹੈ ।[120] ਤ੍ਰੈਲੋਕ ਦੀ ਸ੍ਰਿਸ਼ਟੀ, ਪਾਲਨ ਅਤੇ ਸੰਘਾਰ ਵੀ ਉਹੀ ਕਰਦਾ ਹੈ ।[121]

---

111 ਬ੍ਰਹਮ ਸੂਤਰ, ਸ਼ੰਕਰ ਭਾਸ਼, 1/2/9

112 ਓਹੀ, 2/1/27

113 ਓਹੀ, 9/6

114 ਓਹੀ, 9/9

115 (ਓ) ਤਿਰੁਮੰਗੈ ਆਲਵਾਰ ਕਹਿੰਦੇ ਹਨ ਕਿ ਭਗਵਾਨ ਆਨੰਦ ਰੂਪ ਹੈ ਅਤੇ ਸ਼ਹਿਤ ਦੀ ਨਿਆਈਂ ਮਧੁਰ ਰਸ-ਰੂਪ ਹੈ (ਤਿਰੁਕੁਰਤਾਂਡਮ, 6)

(ਅ) ਤਿਰੁਪਾਣ ਆਲਵਾਰ ਕਹਿੰਦੇ ਹਨ ਕਿ ਮੇਰੇ ਜਿਹਨਾਂ ਨੈਣਾਂ ਨੇ ਅੰਮ੍ਰਿਤ ਸਮਾਨ ਰਸ-ਰੂਪ ਭਗਵਾਨ ਦੇ ਦਰਸ਼ਨ ਕੀਤੇ ਹਨ ਉਹ ਕਿਸੇ ਦੂਜੀ ਵਸਤ ਨੂੰ ਨਹੀਂ ਦੇਖਣਗੇ (ਅਮਲਨਾਦਿ ਪਿਰਾਨ, 10)

116 ਪੇਰਿ ਆਲਵਾਰ ਆਪਣੇ ਇਸ਼ਟਦੇਵ ਨੂੰ 'ਸੁੰਦਰ-ਮੂਰਤੀ' ਕਹਿਕੇ ਪੁਕਾਰਦੇ ਹਨ (ਪੇਰਿਆਲਵਾਰ ਤਿਰੁਮੋਲੀ, 2-4-6)

117 ਨੰਮ ਆਲਵਾਰ (ਤਿਰਵਾਚਿਰਿਅਮ, ਛੰਦ 7)

118 (ਓ) ਤਿਰੁਵਾਇਮੋਲੀ, 3-1-3

(ਅ) ਪੇਰੁਮਾਲ ਤਿਰੁਮੋਲੀ, 8:10

119 ਤਿਰੁਵਾਇ ਮੋਲੀ, 3-4-10

120 ਓਹੀ, 1-10-2

121 ਤਿਰੁਵਾਇਮੋਲੀ, 8-4-2

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਲਵਾਰਾਂ ਅਨੁਸਾਰ ਪਾਰਬ੍ਰਹਮ ਇਕ ਹੈ। ਸਮਸਤ ਪ੍ਰਾਣੀਆਂ ਦਾ ਇਕੋ ਇਕ ਸਹਾਰਾ ਹੈ। ਚਿੰਤਨ, ਤਪ ਸਭ ਦਾ ਲਖਸ਼ ਉਸੇ ਵਿਚ ਲੀਨ ਹੋਣਾ ਹੈ।[122] ਉਹ ਆਦਿ ਪੁਰਖ ਦਾ ਵੀ ਆਦਿ ਪੁਰਖ ਹੈ, ਅੰਤ ਵਿਚ ਕੇਵਲ ਉਹੀ ਰਹੇਗਾ।[123]

ਬ੍ਰਹਮ ਹੀ ਕਾਰਣ, ਅਬਿਨਾਸ਼ੀ ਅਤੇ ਪਰਮ ਪੁਰਖ ਹੈ।[124] ਸਭਨਾ ਦਾ ਆਦਿ[125] ਅਤੇ ਅੰਤ ਹੈ।[126] ਪਰਮ ਜੋਤਿ-ਸਰੂਪ ਹੈ।[127] ਉਸੇ ਨੇ ਜਗਤ ਦੀ ਸ੍ਰਿਸ਼ਟੀ ਲਈ ਬ੍ਰਹਮਾ ਨੂੰ ਸਾਜਿਆ ਅਤੇ ਸੰਘਾਰ ਹਿਤ ਯਮ ਦਾ ਸਿਰਜਨ ਕੀਤਾ।[128]

ਆਲਵਾਰਾਂ ਅਨੁਸਾਰ ਪਾਰਬ੍ਰਹਮ ਵਿਸ਼ਣੂ ਅਨੇਕ ਯੁਗਾਂ ਵਿਚ ਲੋਕ ਉਧਾਰ ਨਮਿਤ ਅਵਤਾਰ ਧਾਰਣ ਕਰਦੇ ਹਨ। ਉਹ ਕ੍ਰਿਸ਼ਣ ਦੇ ਰੂਪ ਵਿੱਚ ਅਨੇਕ ਕਾਰਣਾਂ ਕਰਕੇ ਅਵਤਾਰ ਧਾਰਣ ਕਰਦੇ ਹਨ, ਜਿਵੇਂ ਦੇਵ ਲੋਕ ਦੇ ਦੇਵਤਿਆਂ ਦੀ ਵੇਦਨਾ ਨੂੰ ਦੂਰ ਕਰਨ ਲਈ,[129] ਪ੍ਰਿਥਵੀ ਅਤੇ ਇਸ ਉਪਰ ਰਹਿਣ ਵਾਲੇ ਮਨੁੱਖਾਂ ਦੇ ਉਧਾਰ ਨਮਿਤ,[130] ਪ੍ਰਿਥਵੀ ਦੇ ਭਾਰ ਨੂੰ ਹਲਕਾ ਕਰਨ ਲਈ,[131] ਧਰਤੀ ਦੇ ਕਸ਼ਟ ਦੂਰ ਕਰਨ ਲਈ,[132] ਦੇਵਤਿਆਂ ਦੀ ਪ੍ਰਾਰਥਨਾ ਕਾਰਣ[133] ਅਤੇ ਲੋਕਾਂ ਨੂੰ ਦੁਖ ਦੇਣ ਵਾਲੇ ਕੰਸ ਦਾ ਨਾਸ ਕਰਨ ਹਿਤ[134] ਆਦਿ

ਰਾਮਾਨੁਜ ਦੇ ਵਿਸ਼ਸ਼ਟਾਦਵੈਤ ਵਿੱਚ ਬ੍ਰਹਮ ਨੂੰ ਸ਼ੰਕਰ ਦੇ ਅਦਵੈਤਵਾਦ ਵਾਂਗ ਨਿਰਗੁਣ ਨਿਰਵਿਕਲਪ ਨਾ ਮੰਨਕੇ ਸਗੁਣ ਅਤੇ ਸਵਿਸ਼ੇਸ਼ ਮੰਨਿਆ ਹੈ। ਉਪਨਿਸ਼ਦਾਂ ਵਿਚਲੇ ਨਿਰਗੁਣ ਬ੍ਰਹਮ ਦੇ ਵਿਵੇਚਨ ਸੰਬੰਧੀ ਰਾਮਾਨੁਜ ਦਾ ਕਥਨ ਹੈ ਕਿ ਨਿਰਗੁਣ ਬ੍ਰਹਮ ਤੋਂ ਤਾਤਪਰਜ ਇਹ ਹੈ ਕਿ ਉਹ ਜੀਵਾਂ ਦੇ ਹਰਖ ਸੋਗ ਆਦਿ ਗੁਣਾਂ ਤੋਂ ਬੇਲਾਗ ਹੈ।[135]

ਰਾਮਾਨੁਜ ਨੇ ਬ੍ਰਹਮ ਨੂੰ 'ਕਾਰਣ-ਰੂਪ' ਅਤੇ 'ਕਰਮ-ਰੂਪ' ਦੋਵੇਂ ਮੰਨਿਆ ਹੈ। ਸ੍ਰਿਸ਼ਟੀ ਪ੍ਰਕਿਰਿਆ ਸਮੇਂ ਜਦੋਂ ਬ੍ਰਹਮ ਜੀਵਾਂ ਅਤੇ ਭੌਤਕ ਵਸਤੂਆਂ ਵਿੱਚ ਪ੍ਰਗਟ ਹੁੰਦਾ ਹੈ ਉਦੋਂ ਉਸ ਨੂੰ ਕਰਮ-ਬ੍ਰਹਮ ਕਿਹਾ ਜਾਂਦਾ ਹੈ। ਪ੍ਰਲੈਕਾਲ ਵਿਚ ਵਸਤੂਆਂ ਦੀ ਅਣਹੋਂਦ ਕਾਰਣ ਜਦੋਂ ਬ੍ਰਹਮ ਸ਼ੁੱਧ ਚਿੱਤ (ਅਸਰੀਰੀ ਜੀਵ) ਅਤੇ ਅਵਿਅਕਤ ਅਚਿੱਤ (ਨਿਰਵਿਸ਼ਿਅਕ

122 ਨਾਨਮੁਖਨ ਤਿਰੁਵੰਤਾਦਿ, 2
123 ਤਿਰੁਚੰਤਵਿਰੁਤਮ, 8
124 ਪੇਰਿ-ਆਲਵਾਰ ਤਿਰੁਮੋਲੀ, 4-10-9
125 ਪੇਰਿ ਤਿਰੁਮੋਲੀ, 3-5-9
126 ਓਹੀ, 4-6-9
127 ਪੇਰਿ ਆਲਵਾਰ ਤਿਰੁਮੋਲੀ, 4-4-10
128 ਓਹੀ, 4-10-5
129 ਓਹੀ, 4-9-3
130 ਪੇਰੁਮਾਲ ਤਿਰੁਮੋਲੀ, 1-10
131 ਪੇਰਿ ਤਿਰੁਮੋਲੀ, 2-10-8
132 ਓਹੀ, 8-8-9
133 ਤਿਰੁਵਾਇਮੋਲੀ, 2-10-8
134 ਓਹੀ, 3-5-5
135 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਪੰਨਾ 50

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਕਿਰਤੀ) ਨਾਲ ਸੰਯੁਕਤ ਰਹਿੰਦਾ ਹੈ ਤਦੋਂ ਉਸ ਨੂੰ 'ਕਾਰਣ-ਬ੍ਰਹਮ' ਕਹਿੰਦੇ ਹਨ।[136]

ਰਾਮਾਨੁਜ ਅਨੁਸਾਰ ਬ੍ਰਹਮ ਦੇ ਪੰਜ ਰੂਪ ਹਨ। ਇਕ ਰੂਪ ਨੂੰ ਪਾਰਬ੍ਰਹਮ ਕਹਿੰਦੇ ਹਨ। ਇਸਦਾ ਨਿਵਾਸ ਸਥਾਨ ਬੈਕੁੰਠ ਹੈ ਜੋ ਅਨੇਕ ਦੈਵੀ ਵਸਤਾਂ ਨਾਲ ਸ਼ੁਸ਼ੋਭਿਤ ਹੈ। ਇਸੇ ਰੂਪ ਨੂੰ ਨਾਰਾਇਣ ਜਾਂ ਵਾਸੁਦੇਵ ਵੀ ਕਿਹਾ ਜਾਂਦਾ ਹੈ। ਇਸ ਰੂਪ ਵਿਚ ਭਗਵਾਨ ਸ਼ੇਸ਼ਨਾਗ ਤੋਂ ਬਿਰਾਜਮਾਨ ਹਨ। ਸੰਖ, ਚਕਰ, ਗਦਾ ਅਤੇ ਪਦਮ ਨੂੰ ਉਹਨਾਂ ਨੇ ਆਪਣੇ ਚਹੁੰ ਕਰ ਕਮਲਾਂ ਵਿੱਚ ਧਾਰਣ ਕੀਤਾ ਹੋਇਆ ਹੈ। ਰਿਸ਼ੀ, ਮੁਨੀ, ਤਪਸਵੀ ਅਤੇ ਮੁਕਤ ਆਤਮਾਵਾਂ ਉਹਨਾਂ ਦੀ ਹਜ਼ੂਰੀ ਵਿਚ ਵਿਦਮਾਨ ਹਨ।[137]

ਬ੍ਰਹਮ ਦਾ ਦੂਸਰਾ ਸਰੂਪ ਵਯੂਹ ਹੈ। ਇਸ ਦਾ ਅਰਥ ਹੈ ਕਿ ਬ੍ਰਹਮ ਨੇ ਚਾਰ ਰੂਪ ਧਾਰਣ ਕੀਤੇ ਹੋਏ ਹਨ–ਵਾਸੁਦੇਵ, ਸੰਕਰਸ਼ਣ, ਪ੍ਰਦੁਮਨ ਅਤੇ ਅਨਿਰੁੱਧ। ਇਹ ਰੂਪ ਬ੍ਰਹਮ ਨੇ ਪੂਜਾ ਅਤੇ ਜਗਤ ਦੀ ਉਤਪਤੀ ਦੇ ਪ੍ਰਥਾਇ ਧਾਰਣ ਕੀਤੇ ਸਨ।

ਇਹਨਾਂ ਚਹੁੰਆਂ ਰੂਪਾਂ ਵਿਚੋਂ ਗਿਆਨ ਅਤੇ ਬਲ ਦਾ ਪ੍ਰਗਟਾਉ 'ਸੰਕਰਸ਼ਣ ਰੂਪ' ਹੈ, ਐਸ਼ਵਰਜ ਅਤੇ ਬੀਰਤਾ ਦਾ ਪ੍ਰਗਟਾਉ 'ਪ੍ਰਦੁਮਨ ਰੂਪ' ਹੈ, ਸ਼ਕਤੀ ਅਤੇ ਤੇਜ ਦਾ ਪ੍ਰਗਟਾਉ, ਅਨਿਰੁੱਧ-ਰੂਪ ਹੈ ਅਤੇ ਗਿਆਨ, ਬਲ, ਐਸ਼ਵਰਜ, ਬੀਰਤਾ, ਸ਼ਕਤੀ ਅਤੇ ਤੇਜ ਇਹਨਾਂ ਛੇਆਂ ਗੁਣਾਂ ਦਾ ਪ੍ਰਗਟਾਉ ਵਾਸੁਦੇਵ ਰੂਪ ਹੈ।[138]

ਬ੍ਰਹਮ ਦਾ ਤੀਜਾ ਸਰੂਪ ਉਹ ਹੈ ਜਿਸ ਰਾਹੀਂ ਉਹ ਅਨੇਕਾਂ ਰੂਪਾਂ ਵਿਚ ਅਵਤਰਿਤ ਹੁੰਦਾ ਹੈ। ਇਸ ਨੂੰ ਵਿਭਵ ਕਹਿੰਦੇ ਹਨ। ਬ੍ਰਹਮ ਦੇ ਅਵਤਾਰੀ ਸਰੂਪ ਦੇ ਦੋ ਭੇਦ ਮੰਨੇ ਗਏ ਹਨ—ਮੁਖ ਅਵਤਾਰੀ ਸਰੂਪ ਅਤੇ ਗੌਣ ਅਵਤਾਰੀ ਸਰੂਪ। ਮੁਖ ਅਵਤਾਰ ਉਦੋਂ ਹੁੰਦਾ ਹੈ ਜਦੋਂ ਆਪ ਵਿਸ਼ਣੂ ਅਵਤਾਰ ਧਾਰੇ। ਵਿਅਕਤੀਗਤ ਆਤਮਾ ਜਦੋਂ ਆਵੇਸ਼ ਵਿਚ ਆਉਂਦੀ ਹੈ ਉਦੋਂ ਗੌਣ ਅਵਤਾਰ ਹੁੰਦਾ ਹੈ।[139]

ਬ੍ਰਹਮ ਦਾ ਚੌਥਾ ਸਰੂਪ ਅੰਤਰਯਾਮੀ ਦਾ ਹੈ ਜਿਸ ਅਨੁਸਾਰ ਉਹ ਮਨੁੱਖਾਂ ਦੇ ਹਿਰਦਿਆਂ ਵਿਚ ਵਿਦਮਾਨ, ਯੋਗੀਆਂ ਨੂੰ ਦਰਸ਼ਨ ਦਿੰਦਾ ਹੈ ਅਤੇ ਆਤਮਾਵਾਂ ਦਾ ਸਖਾ ਬਣਦਾ ਹੈ।[140]

ਬ੍ਰਹਮ ਦਾ ਪੰਜਵਾਂ ਸਰੂਪ ਅਰਚਾ ਦਾ ਹੈ। ਬ੍ਰਹਮ ਦੇ ਇਸ ਸਰੂਪ ਦੇ ਅੰਤਰਗਤ ਉਪਾਸਕਾਂ ਨੇ ਉਸਦੀਆਂ ਅਨੇਕ ਮੂਰਤੀਆਂ ਦੀ ਕਲਪਨਾ ਕੀਤੀ ਹੈ। ਮੰਦਰਾਂ ਅਤੇ ਘਰਾਂ ਵਿੱਚ ਇਹਨਾਂ ਦੀ ਸਥਾਪਨਾ ਵੀ ਕੀਤੀ ਜਾਂਦੀ ਹੈ। ਸਮਝਿਆ ਇਹ ਜਾਂਦਾ ਹੈ ਕਿ ਇਹਨਾਂ ਮੂਰਤੀਆਂ ਵਿਚ ਪਾਰਬ੍ਰਹਮ ਸੂਖਮ ਸਰੀਰ ਦੇ ਰੂਪ ਵਿਚ ਬਿਰਾਜਮਾਨ ਹੁੰਦਾ ਹੈ।[141]

---

136 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਪੰਨਾ 50
137 ਓਹੀ, ਪੰਨਾ 50
138 ਓਹੀ, ਪੰਨਾ 50
139 ਓਹੀ, ਪੰਨਾ 50
140 ਓਹੀ, ਪੰਨਾ 50
141 ਓਹੀ, ਪੰਨਾ 50-51

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨਾਂ ਪੰਜਾਂ ਰੂਪਾਂ ਨੂੰ ਧਾਰਣ ਕਰਨ ਦਾ ਕਾਰਣ ਰਾਮਾਨੁਜ ਅਨੁਸਾਰ ਭਗਵਾਨ ਦੀ ਕਰੁਣਾ ਅਤੇ ਭਗਵਤ ਵਤਸਲਤਾ ਹੈ।[142]

ਦਵੈਤਵਾਦੀ ਬ੍ਰਹਮ ਸੰਪ੍ਰਦਾ ਦੇ ਪਰਵਰਤਕ ਮਧਵਾਚਾਰੀਆ ਨੇ ਬ੍ਰਹਮ ਦਾ ਸਰੂਪ ਨਿਰਧਾਰਤ ਕਰਦਿਆਂ ਕਿਹਾ ਹੈ ਕਿ ਨਿਰਗੁਣ ਬ੍ਰਹਮ ਮਿਥਿਆ ਹੈ। ਬ੍ਰਹਮ ਤਾਂ ਸਗੁਣ ਹੈ ਜੋ ਅਨੰਤ ਗੁਣਾਂ ਦਾ ਭੰਡਾਰ ਹੈ। ਵਿਸ਼ਨੂ ਨੂੰ ਇਸ ਮਤ ਅਨੁਸਾਰ ਪਰਮਾਤਮਾ ਮੰਨਿਆ ਗਿਆ ਹੈ। ਭਗਵਾਨ ਹੀ ਉਤਪਤੀ, ਪਾਲਨਾ, ਸਥਿਤੀ, ਸੰਘਾਰ ਅਤੇ ਮੋਖ ਦਾ ਕਰਤਾ ਹੈ। ਗਿਆਨ, ਆਨੰਦ ਅਤੇ ਕਲਿਆਣਕਾਰੀ ਗੁਣ ਭਗਵਾਨ ਦੇ ਸਰੀਰ ਹਨ।[143]

ਨਿੰਮਬਾਰਕ ਨੇ ਆਪਣੇ ਦਵੈਤਾਦਵੈਤ ਦੁਆਰਾ ਬ੍ਰਹਮ ਦਾ ਸਰੂਪ ਵਰਣਨ ਕਰਦਿਆਂ ਦੱਸਿਆ ਹੈ ਕਿ ਬ੍ਰਹਮ ਹੀ ਜਗਤ ਦੀ ਉਤਪਤੀ ਦਾ ਕਾਰਣ ਹੈ। ਮਕੜੀ ਦੇ ਜਾਲੇ ਵਾਂਗ ਸ੍ਰਿਸ਼ਟੀ ਈਸ਼ਵਰ ਤੋਂ ਉਤਪੰਨ ਹੋਈ ਹੈ। ਈਸ਼ਵਰ ਪ੍ਰਾਕ੍ਰਿਤ ਦੋਸ਼ਾਂ ਤੋਂ ਰਹਿਤ; ਗਿਆਨ, ਸ਼ਕਤੀ, ਐਸ਼ਵਰਜ, ਤੇਜ, ਸੁਸ਼ੀਲਤਾ, ਵਾਤਸਲ, ਕਰੁਣਾ ਆਦਿ ਗੁਣਾਂ ਦਾ ਭੰਡਾਰ ਹੈ। ਨਾਰਾਇਣ, ਭਗਵਾਨ, ਕ੍ਰਿਸ਼ਣ, ਪੁਰਸ਼ੋਤਮ ਆਦਿ ਸਭ ਪਰਮਾਤਮਾ ਦੇ ਹੀ ਨਾਮ ਹਨ।[144]

ਨਿੰਮਬਾਰਕ ਨੇ ਬ੍ਰਹਮ ਦੇ ਚਾਰ ਸਰੂਪ ਮੰਨੇ ਹਨ—'ਪਰ ਅਮੂਰਤ' ਅਰਥਾਤ ਪਰਮ ਸਦੀਵੀ ਤੱਤ, 'ਅਪਰ ਅਮੂਰਤ', ਅਰਥਾਤ ਸਰਬ ਸ੍ਰਿਸ਼ਟਾ ਅਤੇ ਸਰਬ ਸ਼ਕਤੀਆਂ ਦਾ ਨਿਕਾਸ, 'ਪਰ ਮੂਰਤ' ਅਰਥਾਤ ਹਿਰਣੈ ਗਰਭ ਅਤੇ ਸਭ ਪ੍ਰਗਟ ਰੂਪਾਂ ਦਾ ਮੂਲ ਸੋਮਾ ਅਤੇ 'ਅਪਰ ਮੂਰਤ' ਅਰਥਾਤ ਜੀਵ ਰੂਪ ਜਿਸ ਨਾਲ ਇੰਦ੍ਰਾਵੀ ਜਗਤ ਦਾ ਅਨੁਭਵ ਹੁੰਦਾ ਹੈ।[145]

ਨਿੰਮਬਾਰਕ ਦੇ ਮਤ ਵਿਚ ਸ੍ਰੀ ਕ੍ਰਿਸ਼ਣ ਨੂੰ ਹੀ ਪਾਰਬ੍ਰਹਮ ਮੰਨਿਆ ਗਿਆ ਹੈ। ਇਹੀ ਸ੍ਰਿਸ਼ਟਾ, ਪਾਲਕ ਅਤੇ ਸੰਘਾਰਕ ਹੈ, ਇਹੀ ਮੋਖ ਦਾ ਕਾਰਣ, ਸਰਬਵਿਆਪੀ ਅਤੇ ਅੰਸ਼ੀ ਹੈ। ਇਹੀ ਸਗੁਣ ਈਸ਼ਵਰ ਹੈ। ਸਵਿਸ਼ੇਸ਼ ਅਤੇ ਨਿਰਵਿਸ਼ੇਸ਼ ਬ੍ਰਹਮ ਵਿੱਚ, ਦਵੈਤਾ-ਦਵੈਤ ਅਨੁਸਾਰ, ਕੋਈ ਅੰਤਰ ਨਹੀਂ।[146]

ਵਲਭਾਚਾਰੀਆ ਨੇ ਆਪਣੇ ਸ਼ੁੱਧਾਦਵੈਤ ਦੁਆਰਾ ਬ੍ਰਹਮ ਦਾ ਸਰੂਪ ਇਉਂ ਦਸਿਆ ਹੈ—ਬ੍ਰਹਮ ਸੱਤ, ਚਿੱਤ ਅਤੇ ਆਨੰਦ ਸਰੂਪ ਹੈ। ਉਹ ਸਰਬ ਸ਼ਕਤੀਮਾਨ, ਸੁਤੰਤਰ, ਤ੍ਰੈਗੁਣਾ-ਤੀਤ, ਦਵੈਤ ਰਹਿਤ ਅਰਥਾਤ ਅਦਵੈਤ ਹੈ। ਉਹ ਸੰਪੂਰਣ ਸ੍ਰਿਸ਼ਟੀ ਦਾ ਆਧਾਰ, ਮਾਇਆ ਨੂੰ ਆਪਣੇ ਵਸ ਵਿਚ ਰਖਣ ਵਾਲਾ, ਸਮਸਤ ਪਦਾਰਥਾਂ ਤੋਂ ਬੇਲਾਗ, ਆਪਣੇ ਸਰੂਪ ਅਤੇ ਆਪਣੇ ਦੁਆਰਾ ਰਚਿਤ ਲੀਲ੍ਹਾ ਵਿਚ ਮਗਨ ਰਹਿਣ ਵਾਲਾ ਹੈ। ਇਸ ਮਤ ਵਿੱਚ ਸ੍ਰੀ ਕ੍ਰਿਸ਼ਣ ਨੂੰ ਹੀ ਪੂਰਣ ਆਨੰਦ-ਸਰੂਪ, ਪੂਰਣ-ਪੁਰਸ਼ੋਤਮ ਅਤੇ ਪਾਰ-ਬ੍ਰਹਮ ਮੰਨਿਆਂ ਗਿਆ ਹੈ।[147]

---

142 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਪੰਨਾ, 51
143 ਓਹੀ, ਪੰਨਾ 51
144 ਓਹੀ, ਪੰਨਾ 51
145 ਓਹੀ, ਪੰਨਾ 51
146 ਓਹੀ, ਪੰਨਾ 51
147 ਓਹੀ, ਪੰਨਾ 51

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ 2959

ਅਚਿੰਤੰਯ ਭੇਦਾਭੇਦ ਦੇ ਪਰਵਰਤਕ ਚੈਤੰਨਯ ਦੇਵ ਅਨੁਸਾਰ ਭਗਵਾਨ ਸ੍ਰੀ ਕ੍ਰਿਸ਼ਣ ਹੀ ਬ੍ਰਹਮ ਹਨ, ਇਹੀ ਪਰਮ ਤੱਤ ਹਨ, ਅਨੰਤ ਸ਼ਕਤੀਆਂ ਅਤੇ ਗੁਣਾਂ ਦੇ ਭੰਡਾਰ ਵੀ ਹਨ। ਈਸ਼ਵਰ ਦੀਆਂ ਅਨੰਤ ਸ਼ਕਤੀਆਂ ਵਿਚੋਂ ਤਿੰਨ ਸ਼ਕਤੀਆਂ ਹੀ ਪ੍ਰਮੁੱਖ ਹਨ—ਅੰਤਰੰਗ ਸ਼ਕਤੀ, ਤਟਸਥ ਸ਼ਕਤੀ ਅਤੇ ਬਹਿਰੰਗ ਸ਼ਕਤੀ। ਅੰਤਰੰਗ ਸ਼ਕਤੀ ਨੂੰ ਹੀ ਸਰੂਪ ਸ਼ਕਤੀ ਜਾਂ ਚਿੱਤ ਸ਼ਕਤੀ ਕਹਿੰਦੇ ਹਨ। ਤਟਸਥ ਸ਼ਕਤੀ ਨੂੰ ਜੀਵ ਸ਼ਕਤੀ ਵੀ ਕਹਿੰਦੇ ਹਨ। ਇਹੀ ਜੀਵਾਂ ਦੀ ਉਤਪਤੀ ਦਾ ਕਾਰਣ ਹੈ। ਬਹਿਰੰਗ ਸ਼ਕਤੀ ਮਾਇਆ ਸ਼ਕਤੀ ਹੈ, ਜੋ ਜਗਤ ਅਤੇ ਪ੍ਰਕਿਰਤੀ ਦੀ ਉਤਪਤੀ ਕਰਦੀ ਹੈ। ਬ੍ਰਹਮ ਦੀਆਂ ਇਨ੍ਹਾਂ ਤਿੰਨਾਂ ਸ਼ਕਤੀਆਂ ਨੂੰ ਪਰਾ ਸ਼ਕਤੀ ਕਹਿੰਦੇ ਹਨ।[148]

ਨਾਥ ਸੰਪ੍ਰਦਾਇ ਅਨੁਸਾਰ ਵਿਅਕਤ ਪਰਮਤਤ[149] ਅਰਥਾਤ ਅਵਿਅਕਤ ਬ੍ਰਹਮ ਦੀ ਧਾਰਣਾ ਨੂੰ ਮਾਣਤਾ ਪ੍ਰਾਪਤ ਹੈ। ਅਵਿਅਕਤ ਬ੍ਰਹਮ ਨੂੰ ਨਾਥ ਸਾਹਿਤ ਵਿਚ ਅਵਿਗਤ-ਬ੍ਰਹਮ ਕਿਹਾ ਗਿਆ ਹੈ। ਸ੍ਰਿਸ਼ਟੀ[150] ਅਤੇ ਪ੍ਰਾਣ[151] ਦੀ ਉਤਪਤੀ ਇਸੇ ਬ੍ਰਹਮ ਤੋਂ ਹੋਈ ਮੰਨੀ ਗਈ ਹੈ। ਜਿਸ ਅਵਿਗਤ-ਤਤ ਤੋਂ ਪੰਚ ਭੂਤ ਦੀ ਉਤਪਤੀ ਦਸੀ ਗਈ ਹੈ ਉਸ ਨੂੰ 'ਆਵਤੇ ਨਾ ਜਾਵਤੇ'[152] ਕਹਿਕੇ ਇਸ ਤਤ ਦੀ ਨਿੱਤਤਾ ਵਲ ਸੰਕੇਤ ਕੀਤਾ ਗਿਆ ਹੈ। ਇਹ ਅਵਿਅਕਤ ਬ੍ਰਹਮ ਨਿਰਗੁਣ ਨਿਰਾਕਾਰ ਹੈ,[153] ਨਿਰੰਜਨ ਹੈ ਅਰਥਾਤ ਅੰਜਨ ਰੂਪ ਮਾਇਆ ਤੋਂ ਵਿਮੁਕਤ ਹੈ। ਇਹ ਨਿਰਾਕਾਰ ਪਰਮ ਤਤ ਰੂਪ ਰੇਖ ਤੋਂ ਰਹਿਤ, ਨਿਤਯ ਤਤ ਹੈ।[154] ਬ੍ਰਹਮ ਅਪਰਿਵਰਤਨੀਅ ਹੈ, ਨਾ ਉਦੈ ਨਾ ਅਸਤ, ਨਾ ਰਾਤ ਨਾ ਦਿਵਸ।[155] ਨਿਰਗੁਣ,-ਨਿਰਾਕਾਰ ਅਤੇ ਨਿਰ-ਉਪਾਧੀ ਪਰਮ ਤਤ ਦੇ ਵਰਣਨ ਲਈ ਨਾਥਾਂ ਨੇ ਅਗਮ[156] ਅਗੋਚਰ,[157] ਅਪਾਰ,[158] ਅਜਰ,[159] ਅਮਰ[160] ਅਤੇ ਅਲਖ[161] ਆਦਿ ਨਾਮਾਂ ਦੀ ਵਰਤੋਂ ਕੀਤੀ ਹੈ। ਨਾਥ ਸੰਪ੍ਰਦਾਇ ਵਿਚ ਬ੍ਰਹਮ ਦੇ ਇਸੇ ਨਿਰਗੁਣ, ਨਿਰਾਕਾਰ ਅਤੇ ਨਿਰ-ਉਪਾਧੀ ਰੂਪ ਨੂੰ ਹੀ ਸ੍ਰੇਸ਼ਠ ਮੰਨਿਆ ਗਿਆ ਹੈ।

ਨਾਥ ਸੰਪ੍ਰਦਾਇ ਵਿਚ ਬ੍ਰਹਮ ਦੇ ਦਵੈਤ ਅਤੇ ਅਦਵੈਤ, ਆਕਾਰ ਅਤੇ ਨਿਰਾਕਾਰ

---

148 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਪੰਨਾ 5 .-52
149 ਸਿੱਧ ਸਿਧਾਂਤ ਸੰਗ੍ਰਹਿ, 1/4
150 ਗੋਰਖ ਬਾਨੀ, ਪੀਤਾਂਬਰ ਦੱਤ ਬੜਥਵਾਲ, ਪੰਨਾ 159
151 ਓਹੀ, ਪੰਨਾ 191
152 ਓਹੀ, ਪੰਨਾ 225
153 ਓਹੀ ਪੰਨਾ 27
154 ਨਾਥ ਸਿਧੋਂ ਕੀ ਬਾਨੀਆ, ਪੰਨਾ 109
155 ਗੋਰਖ ਬਾਨੀ, ਪੀਤਾਂਬਰ ਦੱਤ ਬੜਥਵਾਲ, ਪੰਨਾ, 39
156 ਓਹੀ, ਪੰਨਾ 46
157 ਓਹੀ, ਪੰਨਾ 46
158 ਓਹੀ, ਪੰਨਾ 64
159 ਓਹੀ, ਪੰਨਾ 228
160 ਓਹੀ, ਪੰਨਾ 228

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ ਤੋਂ ਪਰੇ ਦੀ ਸੱਤਾ, ਜਿਸ ਨੂੰ ਸਮ-ਤਤ ਕਿਹਾ ਹੈ,[162] ਦਾ ਸਮਰਥਨ ਕੀਤਾ ਗਿਆ ਹੈ । ਇਸੇ ਨੂੰ 'ਗੋਰਖ ਉਪਨਿਸ਼ਦ' ਵਿਚ ਦਵੈਤ-ਅਦਵੈਤ ਰਹਿਤ ਅਨਿਰਵਚਨੀਅ ਸਦਾਨੰਦ ਦੇ ਨਾਮ ਨਾਲ ਪ੍ਰਗਟਾਇਆ ਗਿਆ ਹੈ ।[163] ਇਸ ਉਪਨਿਸ਼ਦ ਅਨੁਸਾਰ ਨਿਰ ਕਾਰ ਨੂੰ ਪਰਮ ਤਤ ਕਹਿਣ ਨਾਲ ਉਸ ਨੂੰ ਸੰਕਲਪ-ਪ੍ਰੇਰਿਤ ਆਕਾਰ-ਯੁਕਤ ਜਗਤ ਦਾ ਕ ਰਣ ਕਿਵੇਂ ਕਿਹਾ ਜਾ ਸਕਦਾ ਹੈ ਅਤੇ ਸਾਕਾਰ ਨੂੰ ਕਰਤਾ ਕਹਿਣਾ ਬ੍ਰਹਮ ਦੀ ਸੀਮਾ ਨੂੰ ਨਿਰਧਾਰਤ ਕਰਨਾ ਹੈ। ਇਹਨਾਂ ਵਿਰੋਧਤਾਈਆਂ ਤੋਂ ਬਚਣ ਲਈ ਹੀ ਪਰਮ-ਤਤ ਦਾ ਨਿਰਾਕਾਰ-ਸਾਕਾਰ ਜਾਂ ਦਵੈਤ-ਅਦਵੈਤ-ਵਿਲੱਖਣ ਰੂਪ ਨਿਰਧਾਰਤ ਕੀਤਾ ਗਿਆ ਹੈ ।[164] ਇਸੇ ਦ੍ਰਿਸ਼ਟੀ ਦੇ ਆਧਾਰ ਤੇ ਪਰਮ ਤਤ ਨੂੰ ਨਾ ਸ਼ੂਨਯ ਅਤੇ ਨਾ ਹੀ ਬਸਤੀ,[165] ਨਾ ਸੂਖਮ ਅਤੇ ਨ ਸਥੂਲ,[166] ਨਾ ਨਿਰਾਕਾਰ ਅਤੇ ਨਾ ਹੀ ਸਕਾਰ[167] ਕਿਹਾ ਗਿਆ ਹੈ ।

ਨਾਥ ਸੰਪ੍ਰਦਾਇ ਵਿਚ ਨਾਦ-ਬ੍ਰਹਮ ਹੀ ਅਵਿਅਕਤ ਬ੍ਰਹਮ ਹੈ । ਇਸ ਸੰਪ੍ਰਦਾਇ ਵਿਚ ਨਾਦ ਬ੍ਰਹਮ ਜਾਂ ਸ਼ਬਦ-ਬ੍ਰਹਮ ਦਾ ਵਿਸ਼ੇਸ਼ ਮਹੱਤਵ ਹੈ । ਇਸ ਦਾ ਵਰਣਨ ਇਸ ਸੰਪ੍ਰਦਾਇ ਦੇ ਅਨੇਕਾਂ ਗ੍ਰੰਥਾਂ ਵਿਚ ਮਿਲਦਾ ਹੈ । 'ਹਠਯੋਗ' ਪ੍ਰਦੀਪਕਾ ਵਿੱਚ ਅਨਾਹਤ ਨਾਦ ਜਾਂ ਸ਼ਬਦ-ਬ੍ਰਹਮ ਦੀ ਸ੍ਰੇਸ਼ਠਤਾ[168] ਪ੍ਰਦਿਪਾਦਿਤ ਹੈ । ਗੋਰਖ ਨਾਥ ਨੇ ਯੋਗ ਮਾਰਤੰਡ ਵਿਚ ਨਾਦ-ਬ੍ਰਹਮ ਦਾ ਵਰਣਨ ਕੀਤਾ ਹੈ ।[169] ਗੋਰਖ ਬਾਣੀ ਵਿਚ 'ਧੁਨਿ ਅਨਹਦ ਗ ਜੈ'[170] ਦੁਆਰਾ ਨਾਦ-ਬ੍ਰਹਮ ਦਾ ਅਵਿਅਕਤ ਅਤੇ ਨਿਰਾਕਾਰ ਰੂਪ ਹੀ ਵਰਣਤ ਹੈ । ਇਹ ਸ਼ਬਦ-ਬ੍ਰਹਮ ਹੀ ਮੂਲ ਮੰਤਰ ਹੈ, ਇਹੀ ਸ਼ਬਦ-ਬ੍ਰਹਮ ਸਮਸਤ ਸੰਸਾਰ ਵਿਚ ਵਿਆਪਤ ਹੈ, ਨਾਦ-ਬ੍ਰਹਮ ਹੀ ਸਗਲ ਨਿਧਾਨ ਹੈ ਅਤੇ ਨਾਦ-ਬ੍ਰਹਮ ਤੋਂ ਹੀ ਪਰਮ ਨਿਰਵਾਣ ਜਾਂ ਮੋਖ ਦੀ ਪ੍ਰਾਪਤੀ ਹੁੰਦੀ ਹੈ ।[171]

ਸ਼ੂਨਯ ਦੇ ਦੁਆਰਾ ਵੀ ਨਾਥ ਸੰਪ੍ਰਦਾਇ ਵਿਚ ਬ੍ਰਹਮ-ਭਾਵਨਾ ਨੂੰ ਵਿਅਕਤ ਕੀਤਾ ਗਿਆ ਹੈ। ਸ਼ੂਨਯ ਹੀ ਗੋਰਖ ਨਾਥ ਅਨੁਸਾਰ ਮਾਤਾ-ਪਿਤਾ (ਜੀਵ ਦਾ ਮੂਲ) ਹੈ[172] । ਸਿਧ ਜਾਲੰਧਰ ਨਾਥ ਨੇ ਵੀ ਸ਼ੂਨਯ ਨੂੰ ਪਰਮ ਜਯੋਤੀ ਪ੍ਰਕਾਸ਼ ਰੂਪੀ ਪਰਮਪਦ ਕਿਹਾ ਹੈ ।[173] ਸੋ

161 ਗੋਰਖ ਬਾਣੀ, ਪੀਤਾਂਬਰ ਦੇਤ ਬੜਥਵਾਲ, ਪੰਨਾ 32
162 ਅਵਧੂਤ ਗੀਤਾ, 1/36
163 ਗੋਰਖ ਉਪਨਿਸ਼ਦ, ਪੰਨਾ 1
164 ਓਹੀ ਪੰਨਾ, 1
165 ਗੋਰਖ ਬਾਨੀ, ਪੀਤਾਂਬਰ ਦੱਤ ਬੜਥਬਲ, ਪੰਨਾ 1
166 ਓਹੀ, ਪੰਨਾ 39 ਅਤੇ 129
167 ਓਹੀ, ਪੰਨਾ 124
168 ਹਠਯੋਗ ਪ੍ਰਦੀਪਕਾ, 1/45
169 ਯੋਗ ਮਾਰਤੰਡ, ਸਲੋਕ, 108
170 ਗੋਰਖਬਾਨੀ, ਪੀਤਾਂਬਰ ਦੱਤ ਬੜਥਵਾਲ ਪੰਨੇਂ, 109
171 ਓਹੀ, ਪੰਨਾ 89-99
172 ਗੋਰਖਬਾਨੀ, ਪੀਤਾਂਬਰ ਦੱਤ ਬੜਥਵਾਲ, ਪੰਨਾ 73
173 ਨਾਥ ਸਿਧੋਂ ਕੀ ਬਾਨੀਆਂ, ਪੰਨਾ 5

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੂਨਯ ਹੀ ਬ੍ਰਹਮ ਹੈ ।

ਗੁਰਮਤ ਵਿਚ ਬ੍ਰਹਮ ਦਾ ਸਰੂਪ ਵਰਣਨ[174] ਕਰਦਿਆਂ ਹੋਇਆਂ ਇਸ ਨੂੰ ਇਕ ਅਤੇ ਕੇਵਲ ਇਕ ਦਸਿਆ ਹੈ ।[175] ਉਹ ਅਮਰ ਅਜੋਨੀ ਹੈ, ਜਾਤਿ, ਜਨਮਹੀਨ ਹੈ, ਅਗੰਮ ਅਗੋਚਰ ਹੈ ਅਤੇ ਰੂਪ ਰਹਿਤ ਹੈ ।[175] ਉਹ ਅਦੁੱਤੀ ਹੈ, ਉਸ ਜਿਹਾ ਹੋਰ ਕੋਈ ਨਹੀਂ, ਉਹ ਹਰ ਪਾਸੇ ਵਿਆਪ ਰਿਹਾ ਹੈ ।[176] ਇਹ ਬ੍ਰਹਮ ਆਪ ਸੱਚ ਹੈ, ਇਸਦਾ ਨਾਮ ਸ਼ੱਚ ਹੈ ।[177]

ਗੁਰਮਤ ਦਾ ਬ੍ਰਹਮ ਇਕ ਚੇਤਨ ਹਸਤੀ ਹੈ ਅਤੇ ਸ੍ਰਿਸ਼ਟੀ ਦਾ ਕਰਤਾ ਵੀ ਹੈ ।[178] ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਦਾ ਰਚਣਹਾਰ ਵੀ ਉਹੀ ਹੈ ।[180] ਉਹ ਨਿਰਭਉ ਹੈ,[181] ਨਿਰਵੈਰ ਹੈ,[182] ਕਾਲ ਅਤੇ ਇਸਦੀਆਂ ਸੀਮਾਵਾਂ ਤੋਂ ਸੁਤੰਤਰ ਹੈ । ਇਸੇ ਲਈ ਕਾਲ ਉਸਦਾ ਵਿਨਾਸ਼ ਨਹੀਂ ਕਰ ਸਕਦਾ ।[183] ਵਿਨਾਸ਼ ਉਸਦਾ ਹੁੰਦਾ ਹੈ ਜਿਸ ਦਾ ਆਦਿ

---

174 ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ (ਜਪੁਜੀ)

175 ਸਾਹਿਬ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ । (ਆਸਾ ਮ: ੧)

176 (ਓ) ਏਕਮ ਏਕੰਕਾਰ ਨਿਰਾਲਾ । ਅਮਰੁ ਅਜੋਨੀ ਜਾਤਿ ਨਾ ਜਾਲਾ ।
ਅਗਮ ਅਗੋਚਰੁ ਰੂਪ ਨ ਰੇਖਿਆ । .. ... (ਬਿਲਾਵਲ ਮ: ੧)

(ਅ) ਅਗਮ ਅਗੋਚਰ ਅਨਾਥੁ ਅਜੋਨੀ ਗੁਰਮਤਿ ਏਕੈ ਜਾਨਿਆ । (ਸਾਰੰਗ ਮ: ੧)

(ਏ) ਜਨਮ ਮਰਣਿ ਨਹੀਂ ਧੰਧਾ ਧੈਰ । (ਰਾਮਕਲੀ ਮ: ੧)

177 (ਓ) ਏਕੰਕਾਰ ਅਵਰ ਨਹੀਂ ਦੂਜਾ ਨਾਨਕ ਏਕੁ ਸਮਾਈ । (ਰਾਮਕਲੀ ਮ: ੧)

(ਅ) ਗੁਣੁ ਏਹੋ ਹੋਰੁ ਨਾਹੀ ਕੋਇ । ਨਾ ਕੋ ਹੋਆ ਨਾ ਕੋ ਹੋਇ । (ਆਸਾ ਮ: ੧)

178 (ਓ) ਸਾਚਾ ਸਾਹਿਬੁ ਸਾਚੁ ਨਾਇ । (ਜਪੁਜੀ)

(ਅ) ਨਿਰਭਉ ਨਿਰੰਕਾਰੁ ਸਦੁਨਾਮੁ । (ਆਸਾ ਮ: ੧)

179 (ਓ) ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕ । (ਆਸਾ ਮ: ੧)

(ਅ) ਕਰਤਾ ਤੂੰ ਸਭਨਾ ਕਾ ਸੋਈ । (ਆਸਾ ਮ: ੧)

(ਏ) ਜਾ ਤੂੰ ਕਰਣਹਾਰੁ ਕਰਤਾਰੁ । (ਆਸਾ ਮ: ੧)

(ਸ) ਕਰਤੇ ਕੀ ਮਿਤਿ ਕਰਤਾ ਜਾਣੈ । (ਰਾਮਕਲੀ ਮ: ੧)

(ਹ) ਕਰਤਾ ਆਪਿ ਅਭੁਲ ਹੈ । (ਮਾਝ ਮ: ੧)

(ਕ) ਹੁਕਮੀ ਹੋਵਨਿ ਆਕਾਰ । (ਜਪਜੀ)

(ਖ) ਕੀਤਾ ਪਸਾਰੁ ਏਕੋ ਕਵਾਉ । (ਜਪੁਜੀ)

180 (ਓ) ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾਕਾਰੀ । (ਰਾਮ ਕਲੀ ਮ: ੧)

(ਅ) ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ਦੇਵੀ ਦੇਵ ਉਪਾਏ ਵੇਸਾ । (ਬਿਲਾਵਲ ਮ: ੧)

(ਏ) ਬ੍ਰਹਮਾ ਬਿਸਨੁ ਮਹੇਸਾ ਦੇਵ ਉਪਾਇਆ । (ਵਾਰ ਮਲਾਰ ਮ: ੧)

181 (ਓ) ਨਾਨਕ ਨਿਰਭਉ ਨਿਰੰਕਾਰ ਹੋਰਿ ਕੇਤੇ ਰਾਮ ਰਵਾਲ । (ਆਸਾ ਮ: ੧)

(ਅ) ਨਾਨਕ ਨਿਰਭਉ ਨਿਰੰਕਾਰ ਸਚੁ ਏਕੁ । (ਆਸਾ ਮ: ੧)

(ਏ) ਏਕੋ ਕੋ ਨਾਹੀ ਭੰਉ ਕੋਇ । ਕਰਤਾ ਕਰੇ ਕਰਾਵੈ ਸੋਇ । (ਬਿਲਾਵਲ ਮ: ੧)

182 ਨਿਰਭਉ ਨਿਰੰਕਾਰ ਨਿਰਵੈਰ ਪੂਰਨ ਜੋਤਿ ਸਮਾਈ । (ਸੋਰਠਿ ਮ: ੧)

183 ਤੂ ਅਕਾਲ ਪੁਰਖੁ ਨਾਹੀ ਸਿਰ ਕਾਲਾ । (ਮਾਰੂ ਮ: ੧)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤ ਹੋਵੇ। ਬ੍ਰਹਮ ਦੋਹਾਂ ਤੋਂ ਪਰੇ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਉਹ ਅਣਹੋਂਦ-ਰੂਪ ਹੈ। ਉਹ ਹੋਂਦ-ਸਰੂਪ ਹੈ, ਹਸਤੀ ਹੈ ਪਰ ਉਸ ਦੀ ਹੋਂਦ ਕਿਸੇ ਕਾਰਣ ਕਰਕੇ ਨਹੀਂ ਕਿਉਂਕਿ ਉਹ ਸਵੈ-ਪ੍ਰਕਾਸ਼-ਰੂਪ ਹੈ, ਜੋਤਿ-ਸਰੂਪ ਹੈ, ਕੋਈ ਪ੍ਰਕਾਸ਼ ਉਸ ਨੂੰ ਪ੍ਰਕਾਸ਼ਣ ਵਾਲਾ ਨਹੀਂ ਹੈ। ਬ੍ਰਹਮ ਹੀ ਸਭ ਨੂੰ ਪ੍ਰਕਾਸ਼ਿਤ ਕਰਨ ਵਾਲਾ ਹੈ।[184] ਸੱਚਾ ਬ੍ਰਹਮ ਤਾਂ ਹੈ ਹੀ ਜੋਤਿ-ਸਰੂਪ।[185] ਇਸ ਜੋਤਿ-ਸਰੂਪ ਦੀ ਜੋਤਿ ਹੀ ਸਮਸਤ ਤ੍ਰਿਭਵਨ ਵਿਚ ਪ੍ਰਕਾਸ਼-ਮਾਨ ਹੋ ਰਹੀ ਹੈ।[186]

ਗੁਰਮਤ ਅਨੁਸਾਰ ਬ੍ਰਹਮ ਨਿਰਗੁਣ[187] ਵੀ ਹੈ ਅਤੇ ਸਗੁਣ ਵੀ,[188] ਕਾਰਣ-ਰੂਪ ਵੀ ਹੈ ਅਤੇ ਕਰਮ-ਰੂਪ ਵੀ।[189] ਜੋ ਇਸ ਤਤ[190] ਦਾ ਗਿਆਤਾ ਹੈ ਉਹੀ ਅਸਲੀ ਅਰਥਾਂ ਵਿਚ ਪੰਡਤ ਜਾਂ ਗਿਆਨੀ ਹੈ। ਗੁਰੂ ਅਰਜਨ ਦੇਵ ਜੀ ਨੇ ਤਾਂ ਥਾਂ ਥਾਂ ਪਰਮਾਤਮਾ ਦੇ ਨਿਰਗੁਣ ਅਤੇ ਸਗੁਣ ਦੋਹਾਂ ਰੂਪਾਂ ਦਾ ਪ੍ਰਤਿਪਾਦਨ ਕੀਤਾ ਹੈ।[191] ਉਹਨਾਂ ਅਨੁਸਾਰ ਕਿਸੇ ਦਾ ਬ੍ਰਹਮ ਨਿਰਗੁਣ ਹੈ ਅਤੇ ਕਿਸੇ ਦਾ ਸਗੁਣ ਪਰ ਮੇਰਾ ਬ੍ਰਹਮ ਤਾਂ ਦੋਹਾਂ ਰੂਪਾਂ ਵਿੱਚ ਕ੍ਰੀੜਾ ਕਰ ਰਿਹਾ ਹੈ।[192]

ਸੋ ਸਪਸ਼ਟ ਹੈ ਕਿ ਗੁਰਮਤ ਵਿੱਚ ਬ੍ਰਹਮ ਦੇ ਨਿਰਗੁਣ ਅਤੇ ਸਗੁਣ ਅਤੇ ਨਿਰਗੁਣ-ਸਗੁਣ ਮਿਸ਼ਰਤ ਰੂਪ ਦਾ ਵੀ ਵਰਣਨ ਕੀਤਾ ਗਿਆ ਹੈ, ਪਰ ਗੁਰਮਤ ਦਾ ਬ੍ਰਹਮ ਸਗੁਣ-ਨਿਰਾਕਾਰ ਹੈ ਸਗੁਣ ਸਾਕਾਰ ਨਹੀਂ ਅਰਥਾਤ ਉਹ ਅਵਤਾਰ ਅਤੇ ਅਵਤਾਰੀ ਰੂਪ ਵਿਚ

---

184 ਸਭ ਮਹਿ ਜੋਤਿ ਜੋਤਿ ਹੈ ਸੋਇ । (ਧਨਾਸਰੀ ਮ: ੧)

185 ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ । (ਮਾਰੂ ਮ: ੧)

186 ਜੋਤਿ ਸਬਾਇਆ ਤ੍ਰਿਭਵਣ ਸਾਰੇ ਰਾਮ । (ਬਿਲਾਵਲ ਮ: ੧)

187 ਨਿਰਗੁਣ ਸਰੂਪ ਦੇ ਨਿਰੂਪਣ ਸੰਦਰਭੀ ਵੇਖੋ :

ਅਰਬਦ ਨਰਬਦ ਧੁੰਧੂਕਾਰਾ

... ...

ਆਪੇ ਅਲਖੁ ਲਖਾਇਚਾ । (ਮਾਰੂ ਸੋਲਹੇ ਮ: ੧)

188 ਸਗੁਣ ਸਰੂਪ ਸੰਦਰਭੀ ਇਹ ਸਤਰਾਂ ਧਿਆਨ ਯੋਗ ਹਨ :

ਤੇਰੇ ਬੰਕੇ ਲੋਇਣ ਦੰਤ ਰੀਸਾਲਾ

... ...

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ । (ਵਡਹੰਸ ਮ: ੧)

189 ਅਵਿਗਤੋ ਨਿਰਮਾਇਲ ਓਪਜੈ । ਨਿਰਗੁਣ ਤੇ ਸਰਗੁਣ ਥੀਆ । (ਰਾਮਕਲੀ ਮ: ੧)

190 ਨਿਰਗੁਣ ਸਰਗੁਣ ਆਪੇ ਸੋਈ ਤਤ ਪਛਾਣੇ ਸੋ ਪੰਡਿਤ ਹੋਈ । (ਮਾਝ ਮ: ੩)

191 (ੳ) ਤੂੰ ਨਿਰਗੁਨ ਤੂੰ ਸਰਗੁਨੀ । (ਗਾਉੜੀ ਮ: ੫)

(ਅ) ਸਰਗੁਨ ਨਿਰਗੁਣ ਨਿਰੰਕਾਰ । (ਗਾਉੜੀ ਸੁਖਮਨੀ ਮ: ੫)

(ਏ) ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ । (ਗਾਉੜੀ ਬਾਵਨ ਅਖਰੀ ਮ: ੫)

(ਸ) ਤੂੰ ਨਿਰਗੁਣ ਸਰਗੁਣ ਸੁਖਦਾਤਾ ਤੂੰ ਨਿਰਬਾਣੁ ਰਸੀਆ ਰੰਗਿ ਰਾਤਾ । (ਮਾਝ ਮ: ੧)

(ਹ) ਨਿਰਗੁਨ ਆਪਿ ਸਰਗੁਨ ਭੀ ਓਹੀ
ਕਲਾਧਾਰਿ ਜਿਨਿ ਸਗਲੀ ਮੋਹੀ । (ਗਾਉੜੀ ਸੁਖਮਨੀ ਮ: ੫)

192 ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ । (ਬਿਲਾਵਲ ਮ: ੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਗੁਣ ਨਹੀਂ ਹੈ ।[193]

ਭਾਈ ਵੀਰ ਸਿਘ ਦਾ ਬ੍ਰਹਮ ਨਿਰਗੁਣ ਹੈ,[194] ਨਿਰਾਕਾਰ ਹੈ, ਅਰੂਪ ਹੈ,[195] ਤ੍ਰੈਗੁਣਾਤੀਤ ਹੈ, ਰਜ, ਸਤ ਅਤੇ ਤਮ ਤੋਂ ਬੇਲਾਗ ਹੈ, ਰੂਪ ਰੇਖ ਅਤੇ ਰੰਗ ਤੋਂ ਵਿਹੀਨ ਹੈ,[196] ਉਹ ਦੇਸ਼ ਅਤੇ ਕਾਲ[197] ਦੀਆਂ ਸੀਮਾਵਾਂ ਤੋਂ ਸੁਤੰਤਰ ਤ੍ਰੈਕਾਲ-ਮੁਕਤ ਬ੍ਰਹਮ ਹੈ ।

ਇਹ ਬ੍ਰਹਮ ਅਵਿਅਕਤ ਅਤੇ ਇੰਦਰੀਆਂ ਦੁਆਰਾ ਅਗੋਚਰ ਹੋਣ ਦੇ ਨਾਲ ਨਾਲ ਸਗੁਣ ਵੀ ਹੈ, ਅਰਥਾਤ ਗੁਣਾਂ ਸਹਿਤ ਹੈ, ਗੁਣਾਂ ਦੀ ਖਾਣ ਹੈ ।[198] ਗਹਿਰ, ਗੰਭੀਰ, ਸ਼ਾਂਤ ਅਤੇ ਸਹਿਨਸ਼ੀਲ ਸਾਗਰ ਦੀ ਨਿਆਈਂ[199] ਅਤੇ ਅਪਰੰਪਾਰ ਹੈ ।[200] ਉਹ ਨਿਰਭਉ[201]

---

193 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ ਪੰਨਾ 52

194 ਨਿਰਗੁਣ ਰੂਪ ਅਕਾਲ ਸਭ ਦਾ ਮੂਲ ਜੋ..... (ਰਾ. ਸ੍ਰ. ਸਿੰ., ਪੰਨਾ, 33)

195 (ੳ) ਹੇ ਅਰੂਪ ! ਤੁਸੀਂ ਰੂਪਵਾਨ ਹੋ ਕਦੇ ਤਾਂ ਲਾਡ ਲਡਾਓ;
(ਓਝਲ ਡਾਚੀ ਮੇ. ਸਾ. ਜੀ., ਪੰਨਾ, 62)

(ਅ) ਹੇ ਅਰੂਪ ! ਇਹ ਤੜਪ ਉਹੋ ਨਹੀਂ ਧੁਰੋਂ ਤੁਸਾਂ ਜੋ ਲਾਈ ?
(ਸਾਈਂ ਲਈ ਤੜਪ, ਬਿ. ਦੇ. ਹਾ , ਪੰਨਾ, 35)

196 ਰੂਪ ਨ ਰੇਖ ਨ ਰੰਗ ਹੈ ਉਸ ਰੱਬ ਦਾ,
ਤ੍ਰੈਗੁਣ ਤੇ ਓ ਭਿੰਨ ਸੱਚੇ ਸ਼ੱਚ ਹੈ;
ਨਜ਼ਰ ਗੋਚਰਾ ਓਹ ਤਾਂਤੇ ਹੈ ਨਹੀਂ, (ਰਾ. ਸ੍ਰ. ਸਿੰ. ਪੰਨਾ, 27)

197 ਦੇਸ਼ ਕਾਲ ਦੇ ਨਾਲ ਰਬ ਨ ਰੰਗਿਆ; (ਓਹੀ, ਪੰਨਾ, 212)

198 (ੳ) ਗੁਣਾਂ ਪੁੰਜ ਕਰਤਾਰ ਗੁਣ ਦੀ ਖਾਣ ਹੈ । (ਰਾ. ਸ੍ਰ. ਸਿੰ. ਪੰਨਾ, 186)

(ਅ) ਸਾਈਂ ਗੁਣਾਂ ਸਮੇਤ ਸਿਫਤਾਂ ਵਾਲੜਾ । (ਰਾ. ਸ੍ਰ. ਸਿੰ. ਪੰਨਾ, 197)

(ੲ) ਰਿਦੇ ਵਿਖੇ ਵਿਸ਼ਵਾਸ਼ ਪੂਰਾ ਚਾਹੀਏ;
ਕੇ ਸਾਈਂ ਹੈ ਸੱਤ ਮਾਲਕ ਸਾਡੜਾ;
ਹੈ ਉਹ ਗੁਣਾਂ ਭੰਡਾਰ ਸਿਫਤ ਸਲਾਹਿਆ । (ਰਾ. ਸ੍ਰ. ਸਿੰ., ਪੰਨਾ, 221)

199 ਜਿਉਂ 'ਸਾਗਰ ਦੀ ਲਹਿਰ' ਕਿਨਾਰਾ, ਚੁੰਮ ਚੁੰਮ ਮੁੜ ਮੁੜ ਜਾਂਦੀ ਆ,
ਤਿਉਂ ਮੈਂ 'ਯਾਦ ਤੇਰੀ ਦੀ ਦੇਹੁਲੀ' ਚੁੰਮ ਚੁੰਮ ਮੁੜ ਮੁੜ ਜਾਂਦੀ ਆਂ ।
ਅਕਦੇ ਤੁਸੀਂ ਨ ਅਕਦਾ ਸਾਹਿਲ, ਇਹ ਖੂਬੀ ਸਿੰਦ ਲਾਂਦੀ ਆ ।
ਸਾਗਰ ਕੰਡਾ ਅਤੇ ਕੁਰਾੜਾ, ਚਰਨ ਤੁਸਾਂ ਪਰ ਕੂਲੇ ਹਨ ।
ਸਹਿ ਜਾਂਦੇ ਹਨ ਚੁੰਮਣ ਮੇਹਣਾ, ਤਕ ਤਕ ਸਦਕੇ ਜਾਂਦੀ ਹਾਂ,
ਸਹਿਨਸ਼ੀਲਤਾ ਦੇਖ ਤੁਸਾਂ ਦੀ, ਮੁੜ ਮੁੜ ਫੇਰਾ ਪਾਂਦੀ ਆਂ ।
(ਮੁੜ ਮੁੜ ਫੇਰਾ ਪਾਂਦੀ ਆਂ. ਮੇ. ਸਾ. ਜੀ., ਪੰਨਾ, 57-58)

200 ਪ੍ਰਭ ਦਾ ਪਾਰਾਵਾਰ ਪਾ ਨਾ ਸੱਕੀਏ । (ਰਾ. ਸ੍ਰ. ਸਿੰ. ਪੰਨਾ, 186)

201 'ਨਿਰਭਉ' ਜਿਸਦਾ ਰੂਪ ਜਾਣ ਡਰਾਵਣਾ ।
ਆਪੇ ਡਰਦੇ ਜਾਣ ਸਮਝਣ ਭੇਤ ਨਾ ।
ਨਿਰਭਉ ਦਾ ਜੇ ਧਯਾਨ ਕਰ ਆਰਾਧੀਏ ।
....
ਨਿਰਭਉ ਜਾਈਏ ਹੋਇ ਨਿਰਭਉ ਧਯਾਂਵਦੇ । (ਰਾ. ਸ੍ਰ. ਸਿੰ. ਪੰਨਾ, 104)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਵੈਰ[202] ਅਤੇ ਅਨੰਤ ਰਹਿਮ-ਰੂਪ ਹੈ, ਕਿਰਪਾ-ਰੂਪ ਅਥਵਾ ਅਨੁਗ੍ਰਹਿ-ਰੂਪ ਹੈ।[203] ਪਤਿਤਾਂ ਉਪਰ ਧੁਰ ਤੋਂ ਹੀ ਤਰੁੱਠਦੇ ਰਹਿਣਾ ਉਸ ਦਾ ਬਿਰਦ ਰਿਹਾ ਹੈ।[204] ਇਹ ਭਾਈ ਸਾਹਿਬ ਦੇ ਬ੍ਰਹਮ ਦਾ ਅਵਿਅਕਤ-ਸਗੁਣ-ਸਰੂਪ ਹੈ। ਕਿਤੇ ਕਿਤੇ ਭਾਵੁਕ ਹੋ ਕੇ ਉਹਨਾਂ ਨੇ ਬ੍ਰਹਮ-ਗੁਣ-ਅਭਿਵਿਅਕਤੀ ਕਰਦਿਆਂ ਕਰਦਿਆਂ ਬ੍ਰਹਮ ਦੇ ਪ੍ਰਥਾਇ ਸਤਿਗੁਰ ਸ਼ਬਦ ਦੀ ਵੀ ਵਰਤੋਂ ਕਰ ਦਿੱਤੀ ਹੈ।[205]

ਇੰਜ ਭਾਈ ਸਾਹਿਬ ਦਾ ਬ੍ਰਹਮ ਨਿਰਗੁਣ ਵੀ ਹੈ ਅਤੇ ਸਗੁਣ ਵੀ। ਇਸੇ ਲਈ ਉਹ ਮਾਯਾਵੀ ਹੈ ਅਰਥਾਤ ਛਲੀਆ ਹੈ, ਜਾਦੂਗਰ ਹੈ, 'ਬਾਜੀਗਰ' ਹੈ ਜੋ ਆਪਣੀ ਕਲਾ ਅਰਥਾਤ ਮ ਇਆ ਦੇ ਚਮਤਕਾਰ ਦੁਆਰਾ ਸੰਸਾਰ ਨੂੰ ਛਲ ਰਿਹਾ ਹੈ[206]।

ਭਾਈ ਵੀਰ ਸਿੰਘ ਅਨੁਸਾਰ ਬ੍ਰਹਮ ਆਤਮ-ਸਰੂਪ ਹੈ, ਸੰਪੂਰਣ ਆਤਮਾ ਹੈ।[207] ਉਹ ਚੇਤੰਨ ਪੁਰਖ ਅਤੇ ਜਾਗ੍ਰਤ ਦ੍ਰਸ਼ਟਾ ਜਾਂ ਦੇਖਣਹਾਰ ਹੈ, ਜੜ੍ਹ ਪ੍ਰਕਿਰਤੀ ਅਤੇ ਅਚੇਤਨ ਦ੍ਰਿਸ਼ ਜਾਂ ਦੀਸਣਹਾਰ ਨਹੀਂ।[208] ਬ੍ਰਹਮ ਸਵੈ ਪ੍ਰਕਾਸ਼ਿਤ ਹੈ, ਪ੍ਰਕਾਸ਼-ਰੂਪ

---

202 (ੳ) ਪਰ ਉਹ ਵੈਰੋਂ ਸ੍ਵਛ ਮੂਰਤ ਮੇਰੁ ਦੀ
ਐਗਣ ਐਬ ਚਿਤਾਰ ਨਾ ਚਿਤ ਰੱਖਦਾ ;
ਉਹ ਤਾਂ ਵੈਰੀਆਂ ਨਾਲ ਕਰੇ ਮਿਰੁਮਤਾਂ। (ਰਾ. ਸ੍ਰ. ਸਿੰ., ਪੰਨਾ, 105)
(ਅ) ਨਿਰਵੈਰੈ ਸੰਗ ਏਹ ਵੈਰ ਰਚਾਇੰਦੇ। (ਰਾ. ਸ੍ਰ. ਸਿੰ., ਪੰਨਾ, 105)

203 .... ਰੱਬ ਕ੍ਰਿਪਾਲ ਹੈ,
ਨਾਰ ਦਮ ਕਰਦਾ ਮੇਰੁ ਪਾਪੀ ਪੁੰਨੀਆਂ।
....
ਬਖਸ਼ ਬਖਸ਼ ਕੇ ਆਪ ਚਰਨੀ ਲਾਂਵਦਾ। (ਰਾ. ਸ੍ਰ. ਸਿੰ., ਪੰਨਾ, 104)

204 ੳ. 'ਅਨੰਤ ਰਹਿਮ' ਪਤਿਤਾਂ ਬੀ ਉੱਤੇ
ਤਰੁਠਦਾ ਧੁਰ ਤੋਂ ਆਇਆ। (ਗੰਧਕ ਦਾ ਚਸ਼ਮਾ, ਮ. ਹੁ., ਪੰਨਾ, 61)
(ਅ) ਅੱਪਰ ਨੂਰ ਚਮਕਦਾ ਮੱਥਾ ਅਸਾਂ ਜਦੋਂ ਤੁਧੇ ਦਾ ਡਿੱਠਾ।
ਛੁਹ ਬਖ਼ਸ਼ਣ ਦਾ ਸ਼ੌਕ ਤੁਸਾਂ ਵਿੱਚ ਸਾਨੂੰ ਡੁਲ੍ਹਦਾ ਨਜ਼ਰੀ ਆਏ।
(ਨੂਰ ਚਮਕਦਾ ਮਥਾ, ਮ. ਹੁ. ਪੰਨਾ, 33)

205 'ਹੇ ਸ਼ਤਿਗੁਰ ਤੂੰ ਸ਼ੁਧ ਪਰਮ ਪਵਿਤਰੰ
'ਘਟ ਘਟ ਵਯਾਪਕ ਪੂਰ 'ਨੰਤ ਨਿਰੰਜਨੰ,
'ਨਿਰ ਵਿਕਾਰ, ਨਿਰਮੋਲ, ਰਹਿਤ ਦਵੰਦ ਤੋਂ [ਰਾ. ਸ੍ਰ. ਸ੍ਰਿੰਘ, ਪੰਨਾ, 115]

206 ਸਰਗੁਣ ਨਿਰਗੁਣ ਰੂਪ ਹੈ ਨਿਰੰਕਾਰ ਜੋ
—ਕਲਾਧਾਰ ਸੰਸਾਰ ਨੂੰ ਮੁਹ ਜ਼ੋ ਰਿਹਾ— (ਰਾ. ਸ੍ਰ. ਸਿੰ., ਪੰਨਾ, 185)

207 ਵਾਹਿਗੁਰੂ ਹੈ ਰੂਹ ਪੂਰਨ ਆਤਮਾ (ਰਾ. ਸ੍ਰ. ਸਿੰ., ਪੰਨਾ, 118)

208 (ੳ) ਸਾਈਂ ਦੇਖਣ ਹਾਰ ਓ ਨਿਤ ਜਾਗਦਾ ; (ਰਾ. ਸ੍ਰ. ਸਿੰ., ਪੰਨਾ, 102)
(ਅ) ਪਰ ਹੈ ਦੇਖਣ ਹਾਰ ਦੀਸਣਹਾਰ ਨਾ। (ਰਾ. ਸ੍ਰ. ਸਿੰ. ਪੰਨਾ, 207)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ, ਪ੍ਰਕਾਸ਼ ਦਾ ਸੋਮਾ ਹੈ, ਸਮਸਤ ਪ੍ਰਕਾਸ਼ ਦੀ ਉਤਪਤੀ ਦਾ ਕਾਰਣ ਹੈ ।[209]

ਭਾਈ ਸਾਹਿਬ ਦਾ ਬ੍ਰਹਮ ਸਤਯਮ, ਸ਼ਿਵਮ ਅਤੇ ਸੁੰਦਰਮ ਕੀ ਤ੍ਰੈਮੂਰਤੀ ਹੈ । ਉਹ ਸੱਤ-ਸਰੂਪ ਹੈ[210], ਸ਼ਿਵ-ਰੂਪ[211] ਅਰਥਾਤ ਸਮਸਤ ਆਤਮਾਵਾਂ ਦਾ ਕਲਿਆਣਕਾਰੀ ਅਤੇ ਸੁੰਦਰ ਮੂਰਤ ਹੈ ।[212] ਭਾਈ ਵੀਰ ਸਿੰਘ ਨੇ ਬ੍ਰਹਮ ਦੇ ਸੌਂਦਰਯ ਸਰੂਪ ਦਾ ਚਿਤ੍ਰਣ ਕਰਦਿਆਂ ਹੋਇਆਂ ਉਸ ਨੂੰ 'ਸੁਹਣਾ ਸੁੰਦਰਤਾ ਦਾ ਸਰਦਾਰ' ਅਤੇ 'ਹੁਸਨਾਂ ਦਾ ਸ਼ਾਹ ਸੁਲਤਾਨ'[214] ਕਿਹਾ ਹੈ । ਸੁੰਦਰਤਾ ਉਸ ਦਾ ਵਿਸ਼ੇਸ਼ ਲਛਣ ਹੈ ।[215] ਸਮਸਤ ਸੌਂਦਰਯ ਪ੍ਰਕਾਸ਼ ਬ੍ਰਹਮ-ਪ੍ਰਕਾਸ਼ ਦਾ ਹੀ ਪ੍ਰਤਿਰੂਪ ਅਤੇ ਉਸੇ ਦਾ ਹੀ ਫਲਸਰੂਪ ਹੈ ।[216] ਉਸ ਦਾ

---

208 'ਸੱਚਾ ਸਾਈਂ' ਚੰਦ ਸੂਰਜ ਚੰਦ ਨੂੰ
'ਸੂਰਜ ਦੇ ਬੀ ਸੂਰ ਤਾਈਂ ਦੇਂਵਦਾ
'ਚਾਨਣ ਹੈ ਉਹ ਆਪ ਆਪਣੇ ਆਪ ਤੋਂ
ਤਿਸ ਦੇ ਚਾਨਣ ਹੋਇ ਸਭ ਨੂੰ ਚਾਨਣਾ; (ਰਾ. ਸ਼ੂ. ਸ਼ਿ., ਪੰਨਾ, 106)

209 (ੳ) ਰੱਬ ਸਚ ਹੈ ਸਚ ਤਿੰਨੇ ਕਾਲ ਹੀ, (ਰਾ. ਸ਼ੂ. ਸ਼ਿ., ਪੰਨਾ, 139)
(ਅ) 'ਸੱਤ ਸਰੂਪ ਅਕਾਲ ਦਾ ਏ ਸੱਤ ਹੈ',
'ਜਿਸਦਾ ਪੈ ਪ੍ਰਤਿਬਿੰਬ ਹੈ ਪਰਕਾਸ਼ਦਾ । (ਰਾ. ਸ਼ੂ. ਸ਼ਿ., ਪੰਨਾ, 208)
(ਏ) 'ਸਚਾ ਸਾਈਂ' ਚੰਦ ਸੂਰਜ ਚੰਦ ਨੂੰ (ਰਾ. ਸ਼ੂ. ਸ਼ਿ., ਪੰਨਾ, 106)
(ਸ) 'ਕੇ ਸਾਈਂ' ਹੈ ਸੱਤ ਮਾਲਕ ਸਾਡਾ (ਰਾ. ਸ਼ੂ. ਸ਼ਿ., ਪੰਨਾ, 221)

210 'ਅੰਤ੍ਰ 'ਆਤਮਾ' ਵਿਚ-ਆਤਮ ਤਖਤ ਤੇ—
'ਨੇਕੀ ਜਿਹ੍ਹਾ ਸਰੂਪ ਸਚਾ ਰੱਬ ਜੋ
'ਐਸਾ ਰਹੇ ਬਿਰਾਜ, ਉਠੇ ਨਾ ਕਦੇ,
'ਜਿਉਂ ਟਿੱਕੀ ਤੋਂ ਸੂਰ ਉਠਦਾ ਹੈ ਨਹੀਂ । (ਰਾ. ਸ਼ੂ. ਸ਼ਿ., ਪੰਨਾ, 201)

211 ਸਿਰਜਣਹਾਰ ਹੈ ਸੁੰਦਰਤਾ ਆਪ ਸਾਰੀ
ਜਿਸ ਨੂੰ ਸੁੰਦਰ ਹੀ ਸੁੰਦਰ ਸਿਆਣੀਏਂ ਜੀ ! (ਬਿਸਮਿਲ ਮੋਰ, ਲ.ਦੇ.ਹਾ., ਪੰਨਾ, 180)

212 ਕਰਦਾ ਖੇਲਾਂ ਤੇ ਰਹਿੰਦਾ ਅਸੰਗ ।
ਸੁਹਣਾ ਸੁੰਦਰਤਾ ਦਾ ਸਰਦਾਰ । (ਅੰਦਰਲੇ ਨੈਣ, ਮੇ. ਸਾ. ਜੀ, ਪੰਨਾ, 24)

213 ਹੁਸਨਾ ਦੇ ਸੁਲਤਾਨ ਸ਼ਾਹ ਤੋਂ
ਉਇ ਕਿਉਂ ਤੂੰ ਕਦੇ ਨ ਡਰਿਆ ? (ਫੁਲ ਬਿ. ਦੇ. ਹਾ., ਪੰਨਾ, 37)

214 (ੳ) ਸੁਹਣੇ ਰਬ ਨੇ ਸੁਹਣਾ ਏ ਬਾਗ ਲਾਇਆ ।
ਨਾਲ ਸੁਹਣਿਆਂ ਏਹ ਵਸਾਇਆ ਈ । (ਬਿਸਮਿਲ ਮੋਰ, ਲ. ਦੇ ਹਾ. ਪੰਨਾ, 180)
(ਅ) ਸੁਹਣੇ ਕਾਦਰ ਨੇ ਸੁਹਣੀ ਹੈ ਰਚੀ ਕੁਦਰਤ
ਕੁਦਰਤ ਵਿੱਚ ਇਹ ਸੁਹਜ ਪਛਾਣੀਏ ਜੀ । (ਬਿਸਮਿਲ ਮੋਰ, ਲ. ਦੇ. ਹਾ., ਪੰਨਾ, 181)

215 (ੳ) ....ਅਰਸ਼ੀ ਰੂਪ ਵਸੇਂਦਾ.
ਸੁਹਜ ਸੁੰਦਰਤਾ ਵਸੇ ਓਸ ਥਾਂ, ਘਾੜਤ ਰੂਪ ਘੜੇਂਦਾ ।
(ਗੁਲਦਾਤ੍ਰੇਦੀਆਂ ਆਈਆਂ, ਬਿ. ਦੇ. ਹਾ. ਪੰਨਾ 59)

ਬਾਕੀ ਅਗਲੇ ਪੰਨੇ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੈਂਦਰਯ-ਸਰੂਪ ਸਦ-ਸਥਿਰ ਹੈ ।[217]

ਭਾਈ ਵੀਰ ਸਿੰਘ ਦਾ ਬ੍ਰਹਮ ਪ੍ਰੇਮ-ਸਰੂਪ ਹੈ,[218] ਪ੍ਰੇਮ-ਪਾਲ ਹੈ ।[219] ਪ੍ਰੇਮ-ਰੂਪਤਾ ਬ੍ਰਹਮ ਦਾ ਸਰੂਪ-ਲੱਛਣ ਹੈ[220] । ਇਸ ਨੂੰ ਅਸੀਂ ਬ੍ਰਹਮ ਦੀ ਆਨੰਦ-ਰੂਪਤਾ[221] ਵੀ ਕਹਿ ਸਕਦੇ ਹਾਂ ਕਿਉਂਕਿ ਬ੍ਰਹਮ ਦੇ 'ਸੱਚਿਦਾਨੰਦ' ਰੂਪ ਵਿਚਲਾ 'ਆਨੰਦ' ਬ੍ਰਹਮ ਦੀ ਪ੍ਰੇਮ-ਰੂਪਤਾ ਦਾ ਹੀ ਸੂਚਕ ਹੈ । 'ਸੱਤ' ਸ਼ਬਦ ਤ੍ਰੈਕਾਲ-ਮੁਕਤ-ਬ੍ਰਹਮ ਅਥਵਾ ਆਤਮਾ ਦਾ ਲਖਾਇਕ ਹੈ ਅਤੇ 'ਚਿੱਤ' ਸ਼ਬਦ ਬ੍ਰਹਮ ਦੇ ਤ੍ਰੈਕਾਲਿਕ ਗਿਆਨ ਦੇ ਗਿਆਤਾ ਹੋਣ ਦਾ ਪਰਿਚਾਇਕ ਹੈ । ਇਜ 'ਸੱਤ' ਸ਼ਬਦ ਤੋਂ ਬ੍ਰਹਮ ਦੀ ਸਥਿਤੀ, 'ਚਿੱਤ' ਸ਼ਬਦ ਤੋਂ ਕਿਰਿਆ ਅਤੇ ਗਿਆਨ-ਰੂਪਤਾ ਅਤੇ ਆਨੰਦ ਤੋਂ ਬ੍ਰਹਮ ਦੀ ਪ੍ਰੇਮ-ਰੂਪਤਾ ਦੀ ਅਭਿਵਿਅਕਤੀ ਹੁੰਦੀ ਹ । 'ਵਿਚਾਰ ਸਾਗਰ' ਵਿੱਚ ਸੱਤ ਸ਼ਬਦ ਦੇ ਲਈ 'ਅਸਤਿ' 'ਚਿੱਤ' ਸ਼ਬਦ ਦੇ ਲਈ 'ਭਾਤਿ' ਅਤੇ 'ਆਨੰਦ' ਸ਼ਬਦ ਦੇ ਲਈ 'ਪ੍ਰਿਅ' ਸ਼ਬਦ ਦੀ ਵਰਤੋਂ ਕੀਤੀ ਗਈ ਹੈ । 'ਸੱਤ' ਸ਼ਬਦ ਬ੍ਰਹਮ ਦੇ 'ਸੱਤ-ਸਰੂਪ' ਜਾਂ ਸੱਤ-ਅਸਤਿਤਵ ਅਤੇ 'ਚਿੱਤ' ਸ਼ਬਦ ਬ੍ਰਹਮ ਦੀ ਚੇਤੰਨ ਸੱਤਾ ਦਾ ਲਖਾਇਕ ਹੈ । ਭਾਈ ਸਾਹਿਬ ਨੇ ਵੀ 'ਅਸਤੀ', 'ਭਾਂਤੀ' ਅਤੇ 'ਪ੍ਰੇਯ' ਆਦਿ

(ਅ) ਇਹ ਰਸ ਗੰਭ ਖ਼ਜਾਨਾ, ਮਾਲੀ ! ਇਹ ਰਸ ਅਰਸ਼ੀ ਭਾਈ ।
ਇਹ ਰਸ 'ਰੂਪ-ਦੇਸ਼' ਦੀ ਆਭਾ ਇਹ ਰਸ ਧੁਰ ਤੋਂ ਆਈ ।
(ਗੁਲਦਾਊਦੀਆਂ ਆਈਆਂ, ਬਿ. ਦੇ. ਹਾ., ਪੰਨਾ, 60)

(ਏ) ਚਾਨਣ ਜਿਵੇਂ ਅਕਾਸ਼ੋਂ ਆਵੇ, ਸ਼ੀਸ਼ਿਆਂ ਤੇ ਪੈ ਦਮਕੇ,
ਤਿਵੇਂ ਸੁੰਦਰਤਾ ਅਰਸ਼ੋਂ ਆਵੇ, ਸੁਹਣਿਆਂ ਤੇ ਪੈ ਚਮਕੇ ।
(ਗੁਲਦਾਊਦੀਆਂ ਆਈਆਂ, ਬਿ. ਦੇ. ਹਾ., ਪੰਨਾ, 60)

217 'ਅਣਡਿਠ' ਹੈ ਜੋ ਕਾਰਨ ਜਿਸ ਤੋਂ ਸੁਹਪਣ ਪ੍ਰਗਟੇ
ਓਸ ਦਾ ਸਰੂਪ ਇਕ ਰਸ ਰਹਿੰਦਾ ਸਦਾ ਸਦਾਈਂ । (ਬੁਲਬੁਲ ਤੇ ਰਾਹੀ, ਲ.ਦੇ.ਹਾ. ਪੰਨਾ, 151)

218 (ੳ) ਓਹ ਹੈ ਪ੍ਰੇਮ ਸਰੂਪ ਰਖਣਾ ਯਾਦ ਹੈ । (ਰਾ. ਸ਼ੂ. ਸ਼ਿੰ., ਪੰਨਾ, 197)
(ਅ) ਸਾਈਂ 'ਪ੍ਰੇਮ-ਸੁਭਾਉ' ਉਸ ਦਾ ਰੂਪ ਹੈ । (ਰਾ. ਸ਼ੂ. ਸ਼ਿੰ., ਪੰਨਾ, 104)
(ਏ) ਪੂਰਨ 'ਪ੍ਰੇਮ-ਸਰੂਪ' ਆਪ ਅਕਾਲ ਹੈ,— (ਰਾ. ਸ਼ੂ. ਸ਼ਿੰ., ਪੰਨਾ, 103)

219 ਜਿਹੜੇ ਕਰਦੇ ਨੇ ਮੈਨੂੰ ਪਿਆਰ
ਓਹ ਜਾਂਦੇ ਨੇ ਮੇਰੇ ਦੁਆਰ
ਕਿਵੇਂ ਮਿਲ ਜਾਏ ਉਨ੍ਹਾਂ ਦੀਦਾਰ
ਪਰ ਕਰਦਾ ਮੈਂ ਜਿਨ੍ਹਾਂ ਨੂੰ ਪਿਆਰ
ਜਾਂਦਾ ਆਪ ਹਾਂ ਓਹਨਾਂ ਦੇ ਦੁਆਰ,—
ਦੁਆਰ ਓਹਨਾਂ ਦਾ ਮੇਰਾ ਦੁਆਰ । (ਜਾਂਦਾ ਆਪ ਹਾਂ ਓਹਨਾਂ ਦੇ ਦੁਆਰ ਮੇ. ਸ਼ਾ. ਜੀ., ਪੰਨਾਂ 16)

220 ਬ੍ਰਹਮ ਦੇ ਸਰੂਪ-ਲੱਛਣ ਅਤੇ ਤਟਸਥ-ਲੱਛਣ ਦੇ ਸਪਸ਼ਟੀਕਰਣ ਲਈ ਦੇਖੋ ਇਸੇ ਪੁਸਤਕ ਦਾ ਪੰਨਾ 13

221 ਪ੍ਰੇਯ ਅਰਥ ਹੈ: ਪ੍ਰੇਮ, ਆਨੰਦ ਹੈ । (ਰਾ. ਸ਼ੂ. ਸ਼ਿੰ. ਪੰਨਾ 130)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਬਦਾਂ ਨੂੰ ਬ੍ਰਹਮ ਦੇ ਸਰੂਪ-ਲਛਣਾਂ ਦੇ ਪ੍ਰਥਾਇ ਵਰਤਿਆ ਹੈ ।[222] ਉਹਨਾਂ ਅਨੁਸਾਰ ਜੀਵ ਅਤੇ ਜਗਤ ਦੀ ਸਮਸਤ ਸ੍ਰਿਸ਼ਟੀ ਬ੍ਰਹਮ ਦੇ ਇਸ 'ਪ੍ਰੇਯ' ਨਾਮੀ 'ਸਰੂਪ-ਲਛਣ' ਦਾ ਹੀ ਪ੍ਰਕਾਸ਼ ਹੈ[223] ਕਿਉਂਕਿ ਬ੍ਰਹਮ ਹੀ ਇਸ ਸ੍ਰਿਸ਼ਟੀ ਦਾ ਇਕ ਮਾਤਰ ਕਾਰਣ ਹੈ ।[224]

ਭਾਈ ਵੀਰ ਸਿੰਘ ਦੇ ਕਾਵਿ ਵਿੱਚ ਬ੍ਰਹਮ ਦੇ ਰਸ-ਰੂਪ ਦਾ ਵੀ ਪ੍ਰਤਿਪਾਦਨ ਕੀਤਾ ਗਿਆ ਹੈ । ਬ੍ਰਹਮ ਹੀ ਰਸ ਹੈ, ਬ੍ਰਹਮ ਹੀ ਰਸੀਆ ਹੈ ਅਤੇ ਬ੍ਰਹਮ ਹੀ ਰਸ ਦੀ ਆਧਾਰ-ਭੂਤ ਵਸਤੂ ਹੈ । ਗੀਤ ਵੀ ਉਹੀ ਹੈ, ਗੀਤ ਦਾ ਗਾਇਕ ਅਤੇ ਵਾਦਕ ਵੀ ਉਹੀ ਹੈ ਅਤੇ ਗੀਤ ਦਾ ਰਸ-ਸੁਆਦਨ-ਕਰਤਾ ਵੀ ਉਹੀ ।[225]

ਵੇਦਾਂਤ ਅਤੇ ਭਗਤੀ ਦਰਸ਼ਨਾਂ ਵਿੱਚ ਰਸ, 'ਆਨੰਦ' ਅਤੇ 'ਬ੍ਰਹਮ' ਪਰਯਾਯ ਹਨ । ਇਹਨਾਂ ਦਰਸ਼ਨਾਂ ਅਨੁਸਾਰ ਰਸ ਦਾ ਅਰਥ ਹੈ ਪਰਮ ਤਤ ਜਾਂ ਬ੍ਰਹਮ । ਇਸ ਸੰਬੰਧੀ ਇਹ ਸਾਰੇ ਦਰਸ਼ਨ ਤੈਤਰੀਅ ਉਪਨਿਸ਼ਦ ਦੀ 'ਰਸੋ ਵਈ ਸਾ' ਅਤੇ ਹੋਰਨਾਂ ਅਹਿਜੀਆਂ ਹੀ ਸ਼ਰੁੱਤੀਆਂ ਤੋਂ ਪ੍ਰਭਾਵਤ ਹੋਏ ਹਨ ।[226]

ਸਮਸਤ ਭਗਤੀ ਦਰਸ਼ਨਾਂ ਦਾ ਰਸ ਤਤ ਪਰਮ ਤਤ ਦਾ ਪ੍ਰਯਾਯਵਾਚੀ ਹੁੰਦਿਆਂ ਹੋਇਆਂ ਵੀ ਇਕੋ ਜਿਹਾ ਨਹੀਂ ਹੈ । ਉਸ ਦੇ ਸਰੂਪ ਅਤੇ ਪ੍ਰਕਿਰਤੀ ਵਿੱਚ ਅੰਤਰ ਹੈ ।

ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਵਿਚਲਾ 'ਰਸ' ਬ੍ਰਹਮ ਦਾ ਪ੍ਰਯਾਯ ਹੈ ਜਿਸ ਨੂੰ 'ਰਸ ਵਈ ਸਾ', 'ਆਨੰਦੋ ਬ੍ਰਹਮ' ਆਦਿ ਸ਼ਰੁੱਤੀਆਂ ਦੁਆਰਾ ਪ੍ਰਤਿਪਾਦਿਤ ਕੀਤਾ ਗਿਆ ਹੈ । ਰਾਮਾਨੁਜ ਨੇ ਬ੍ਰਹਮ ਦੇ ਪੰਜ ਰੂਪਾਂ ਦੀ ਕਲਪਨਾ ਕੀਤੀ ਹੈ ਅਰਥਾਤ ਅਰਚਾ, ਵਿਭਵ, ਵਯੂਹ, ਸੂਖਮ ਅਤੇ ਅੰਤਰਯਾਮੀ । ਅਰਚਾ ਪ੍ਰਤਿਮਾ ਅਥਵਾ ਮੂਰਤੀ ਵਾਲਾ ਹੈ । ਵਿਭਵ

---

222 (ੳ) 'ਅਸਤੀ, ਭਾਂਤੀ, ਪ੍ਰੇਯ' ਓਸ ਸੁ ਰੱਬ ਦੇ
'ਸਰੂਪ-ਲਛਣ' ਹਨ ਠੀਕ ਸਯਾਣੇ ਆਖਦੇ । (ਰਾ. ਸ੍ਰ. ਸ਼੍ਰਿ. ਪੰਨਾ 130)

(ਅ) ਪੂਰਨ ਪ੍ਰੇਮ-ਸਰੂਪ ਆਪ ਅਕਾਲ ਹੈ,—
ਅਸਤੀ, ਭਾਂਤੀ, ਪ੍ਰੇਯ ਉਸ ਨੂੰ ਆਖਦੇ
ਉਸ ਦਾ ਪਏ ਪ੍ਰਕਾਸ਼ ਚਮਕਾਂ ਮਾਰਦਾ । (ਰਾ. ਸ੍ਰ. ਸ਼੍ਰਿ. ਪੰਨਾ 130)

223 (ੳ) ਪਰ 'ਪ੍ਰਿਅ' ਰੂਪ ਜੁ ਓਸ ਉਦ੍ਹਾ ਪ੍ਰਕਾਸ਼ ਏ;—
ਜੀਵ ਜਗਤ ਸੰਸਾਰ ਜਾਂਦੇ ਨੇ ਰਚੇ : (ਰਾ. ਸ੍ਰ. ਸ਼੍ਰਿ., ਪੰਨਾ 130)

(ਅ) ਪ੍ਰੇਮ ਪ੍ਰਭੂ ਦਾ ਰੂਪ ਪ੍ਰੇਮ ਵਿਆਪਿਆ
ਸਾਰੇ ਹੈ ਸੰਸਾਰ,-ਸਭ ਵਿੱਚ ਫੈਲਿਆ । (ਰਾ. ਸ੍ਰ. ਸ਼੍ਰ., ਪੰਨਾ 16)

224 ਪ੍ਰਭ ਜੋ 'ਪ੍ਰੇਮ ਸਰੂਪ' ਆਪਣੇ ਆਪ ਤੋਂ
ਕਾਰਨ ਸ੍ਰਿਸ਼ਟੀ ਆਪ ਬਣਿਆ ਸੋਹਿਣਾ ।
ਸ੍ਰਿਸ਼ਟੀ ਦੀ ਮਰਿਯਾਦ ਸਾਰੀ ਪ੍ਰੇਮ ਦੇ
ਆਸ਼੍ਰਿਤ ਤੁਰਦੀ ਜਾਏ ਬੱਧੀ ਪ੍ਰੇਮ ਦੀ । (ਰਾ. ਸ੍ਰ. ਸ਼੍ਰਿ., ਪੰਨਾ 131)

225 ਤੂੰਹੋਂ ਗੀਤ ਸੰਗੀਤ ਤੇ ਸੁਆਦ (ਰਸ ਰਸੀਆ, ਰਸਾਲ, ਮੇ. ਸਾ. ਜੀ. ਪੰਨਾ 11)
ਰਸ ਰਸੀਆ ਤੇ ਆਪ ਰਸਾਲ ।

226 ਹਿੰਦੀ ਵੈਸ਼ਣਵ ਸਾਹਿਤਯ ਮੇਂ ਰਸ ਪਰਿਕਲਪਨਾ, ਡਾ: ਪ੍ਰੇਮ ਸਵਰੂਪ, ਪਹਿਲਾ ਸੰਸਕਰਣ, 1966, ਪੰਨਾ 102

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਵਤਾਰ ਵਾਲਾ ਹੈ। ਵਯੂਹ ਦੇ ਚਾਰ ਪ੍ਰਕਾਰ ਮੰਨੇ ਗਏ ਹਨ ਅਰਥਾਤ ਵਾਸੁਦੇਵ, ਸੰਕਰਸ਼ਣ, ਪ੍ਰਦੁੱਮਨ ਅਤੇ ਅਨਿਰੁੱਧ। ਚੌਥਾ ਰੂਪ ਸੂਖਮ ਹੈ। ਇਹ ਰੂਪ ਬੈਕੁੰਠਵਾਸੀ ਭਗਵਾਨ ਨਾਰਾਇਣ ਦਾ ਹੈ। ਇਸੇ ਨੂੰ 'ਵਾਸੁਦੇਵ' ਪਰ-ਬ੍ਰਹਮ ਕਿਹਾ ਗਿਆ ਹੈ। ਇਹੀ ਰੂਪ ਪਰਮ-ਭਗਤਾਂ ਦਾ ਲਕ੍ਸ਼ਯ ਹੈ। ਇਹੀ ਉਹਨਾਂ ਦਾ 'ਰਸ' ਹੈ। ਰਾਮਾਨੁਜ ਅਨੁਸਾਰ 'ਪਰਮ-ਭਗਤੀ' ਹੀ ਕੇਵਲ ਅਜਿਹਾ ਸਾਧਨ ਹੈ ਜਿਸ ਦੇ ਦੁਆਰਾ ਜੀਵ ਇਸ ਪਰਮ-ਰਸ-ਤਤ ਦਾ ਆਸਵਾਦਨ ਕਰ ਸਕਦਾ ਹੈ[227]।

ਦਵੈਤਵਾਦੀ ਦਰਸ਼ਨ ਦੇ ਪਰਵਰਤਕ ਮਧਵ ਨੇ 'ਰਸੋ ਵਈ ਸਾ' ਸ਼ਰੁੱਤੀ-ਵਾਕ ਵਿੱਚ ਰਸ ਸ਼ਬਦ ਨੂੰ ਬ੍ਰਹਮ ਦਾ ਪ੍ਰਯਾਯਵਾਚੀ ਨਾ ਮੰਨ ਕੇ, ਵਿਸ਼ੇਸ਼ਣ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ [228]।

ਦਵੈਤਾਦਵੈਤ-ਦਰਸ਼ਨ ਦੇ ਪਰਵਰਤਕ ਨਿੰਮਬਾਰਕ ਦੇ ਅਨੁਸਾਰ ਵੀ 'ਰਸ' ਜਾਂ ਆਨੰਦ ਬ੍ਰਹਮ ਦਾ ਪ੍ਰਯਾਯ ਹੀ ਹੈ ਜਿਸ ਦਾ ਪ੍ਰਤਿਪਾਦਨ 'ਰਸੋ ਵਈ ਸਾ' ਸ਼ਰੁੱਤੀ ਦੁਆਰਾ ਕੀਤਾ ਗਿਆ ਹੈ[229]।

ਸੁਧਾਦਵੈਤਵਾਦੀ-ਦਰਸ਼ਨ ਦੇ ਪਰਵਰਤਕ ਵਲਭ ਅਨੁਸਾਰ ਬ੍ਰਹਮ ਅਪਰਗਟ ਲੀਲ੍ਹਾ ਵਾਲਾ ਰਸ-ਤਤ ਹੈ ਅਤੇ ਕ੍ਰਿਸ਼ਣ ਪ੍ਰਗਟ ਲੀਲ੍ਹਾ ਵਾਲਾ ਰਸ-ਤਤ।[230]

ਦੱਖਣ ਦੇ ਵੈਸ਼ਣਵ ਆਲਵਾਰਾਂ ਨੇ ਵੀ ਬ੍ਰਹਮ ਨੂੰ ਰਸ-ਰੂਪ ਜਾਂ ਆਨੰਦ-ਰੂਪ ਮੰਨਿਆ ਹੈ। ਤਿਰੁਮੰਗੈ ਆਲਵਾਰ ਦਾ ਕਥਨ ਹੈ ਕਿ ਭਗਵਾਨ ਆਨੰਦ-ਰੂਪ ਅਤੇ ਸ਼ਹਿਤ ਦੀ ਨਿਆਈਂ ਮਧੁਰ ਰਸ-ਰੂਪ ਹਨ। ਤਿਰੁੱਪਾਣ ਆਲਵਾਰ ਕਹਿੰਦੇ ਹਨ ਕਿ ਮੇਰੇ ਜਿਹਨਾਂ ਨੈਣਾਂ ਨੇ ਅੰਮ੍ਰਿਤ ਸਮਾਨ ਰਸ ਰੂਪ ਭਗਵਾਨ ਦੇ ਦਰਸ਼ਨ ਕੀਤੇ ਹਨ ਉਹ ਕਿਸੇ ਦੂਜੀ ਵਸਤ ਨੂੰ ਨਹੀਂ ਦੇਖਣਗੇ।

ਭਾਈ ਵੀਰ ਸਿੰਘ ਅਨੁਸਾਰ ਬ੍ਰਹਮ ਸਮਸਤ ਦ੍ਰਿਸ਼ਟ ਜਗਤ ਦੀ ਅਸਲੀਅਤ ਹੈ,[231] ਇਸ ਸ੍ਰਿਸ਼ਟੀ ਜਾਂ ਕਾਇਨਾਤ ਦਾ ਉਤਪਾਦਕ,[232] ਪਾਲਕ ਅਤੇ ਸੰਘਾਰਕ ਹੈ।[233] ਇਸ ਦੀ ਸਿਰਜਨਾ ਕਰਕੇ ਇਸ ਦੇ ਵਿੱਚ ਹੀ ਵਸਦਾ ਹੈ ਪਰ ਫੇਰ ਵੀ ਉਹ ਇਸ ਤੋਂ ਨਿਰਲੇਪ

---

227 ਹਿੰਦੀ ਵੈਸ਼ਣਵ ਸਾਹਿਤਯ ਮੇਂ ਰਸ ਪਰਿਕਲਪਨਾ, ਡਾ: ਪ੍ਰੇਮ ਸਵਰੂਪ, ਪਹਿਲਾ ਸੰਸਕਰਣ, 1969, ਪੰਨਾ 113.

228 ਓਹੀ, ਪੰਨਾ 112-122

229 ਓਹੀ, ਪੰਨਾ 127

230 ਓਹੀ, ਪੰਨਾ, 150

231 ਹੋ ਅਸਲੀਅਤ ਇਸ ਦਿਸਦੇ ਦੀ ਸਾਨੂੰ ਪਰੇ ਨਾ ਸਣੇ ਹਾ। (ਦੀਦਾਰ, ਲ. ਦੇ. ਹਾ., ਪੰਨਾ 9)

232 ਮਾਲਕ ਦੱਬ ਨੇ ਜਿਮੀਏ ਰਚੀ ਸਾਰੀ। (ਫੁੱਡਿਆ ਤੋਤਾ, ਲ. ਦੇ. ਹਾ., ਪੰਨਾ 191)

233 ਸਾਰਾ ਇਹ ਸੰਸਾਰ ਜਿਸਨੇ ਸਾਜਿਆ
ਪਾਲ ਸੰਭਾਲੇ ਨਿੱਤ ਫਿਰ ਲੈ ਕਰੇ। [ਰਾ. ਸ਼ੁ. ਸ਼ਿੰ., ਪੰਨਾ 131)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿਕੇ ਸਦਾ ਅਡੋਲ ਅਤੇ ਪੂਰਣ-ਆਨੰਦ ਦੀ ਅਵਸਥਾ ਵਿੱਚ ਸਥਿਰ ਰਹਿੰਦਾ ਹੈ ।[234] ਉਸ ਦੀ ਰਚਨਾ ਵਿੱਚੋਂ ਹੀ ਉਸ ਨੂੰ ਵੇਖਿਆ ਜਾ ਸਕਦਾ ਹੈ ਕਿਉਂਕਿ ਉਹ ਸਰਬ ਵਿਆਪਕ ਹੈ ਅਤੇ ਪ੍ਰਕਿਰਤੀ ਦੇ ਕਣ ਕਣ ਵਿੱਚ ਸਮਾਇਆ ਹੋਇਆ ਹੈ ।[235] ਵਿਆਪਕਤਾ ਦੇ

---

234 ਫਿਰ ਇਹ ਸਦਾ ਨਿਲੇਪ ਖੇਡ ਅਨੋਖੜੀ:
ਆਪਣੇ ਵਿੱਚ ਅਡੋਲ ਪੂਰਨ 'ਨੰਦ ਹੈ । (ਰਾ. ਸ਼ੂ. ਸ਼ਿੰਘ, ਪੰਨਾ 131)

235 (ੳ) ਰੱਬ ਰੁਠ ਨਾ ਕਿਸੇ ਅਸਮਾਨ ਚੜਿਆ
ਹੋ ਗੁਮਰੁਠ ਨਾ ਕਿਸੇ ਹੈ ਗੁਠ ਵੜਿਆ
ਕੁਦਰਤ ਸਾਜ ਕੇ ਕੁਦਰਤ ਦੇ ਵਿਚ ਵਸਦਾ
ਸਦਾ ਚਮਤਕਦਾ ਜਿਕੁਰਾਂ ਚੰਦ ਚੜ੍ਹਿਆ
ਹਰ ਫੁਲ ਹਰ ਪੱਤੇ ਹਰ ਫਲੀ ਉਤੇ
ਨਕਸ਼ ਓਸਦਾ ਮੋਤੀਆਂ ਵਾਂਗ ਜੜਿਆ
ਏਸ 'ਦਿਸਦੇ' 'ਵੱਸਦੇ' ਵਿਚ ਸੁਹਣਾ
ਆਪ ਵੱਸਦਾ ਜਿਹਨੇ ਸੰਸਾਰ ਘੜਿਆ । (ਬਿਸਮਿਲ ਮੋਰ, ਲ. ਦੇ. ਹਾ., ਪੰਨਾ 181)

(ਅ) ਹੈ ਸੁੰਦਰਤਾ, ਰਚੀ ਵਿਚ ਰਚਨਹਾਰਾ
ਦਿਸ ਰਿਹਾ ਜੇ ਜ਼ਾਹਿਰਾ ਅੱਖ ਖੋਲ੍ਹੋ
ਰਤਨਾਂ, ਤਾਰਿਆਂ. ਸੂਰਜਾਂ, ਫੁੱਲ ਪੱਤਾਂ,
ਵਿਚੋਂ ਝਾਤੀਆਂ ਮਾਰਦਾ ਕੋਲ ਕੋਲੋਂ ।
ਲਾ ਕੇ ਹੱਟ 'ਦੀਦਾਰ-ਵਾਪਾਰ' ਦੀ ਓ
ਹਾਜ਼ਰ ਦਿਸਦਾ, ਹੋਰਥੇ ਨਹੀਂ ਟੋਲੋ ।
ਅੰਪਰ ਕੁਚਲਕੇ ਸੁੰਦਰਤਾ ਰਬ ਟੋਲੋ
ਤੁਸੀਂ ਝੂਠ ਬੋਲੋ ਤੁਸੀਂ ਕੁਫਰ ਤੋਲੋ । (ਬਿਸਮਿਲ ਮੋਰ, ਲ. ਦੇ ਹਾ, ਪੰਨਾ 181-82)

(ਏ) ਨੈਣ ਮੀਟਿਆਂ ਅੰਦਰ ਦਿਸਦਾ
ਖੁਲ੍ਹਿਆਂ ਬਾਰ ਦਿਸੀਵੇ,
ਜਿਤ ਵਲ ਨਜ਼ਰ ਉਤੇ ਵਲ ਦਿਸਦਾ,
ਵਣ ਤ੍ਰਿਣ ਸੱਜਣ ਵਸਿਆ । (ਜਿਤ ਵਲ ਨਜ਼ਰ ਉਤੇ ਵਲ ਸੱਜਣ, ਲ. ਦੇ. ਹਾ., ਪੰਨਾ 22)

(ਸ) ਘਟ ਘਟ ਰਿਹਾ ਬਿਆਪ ਕਿਧਰੇ ਊਣ ਨਾਂ,
... ...
ਸਾਡੇ ਵਿਖੇ ਵਿਆਪ ਬੀ ਓ ਹੈ ਰਿਹਾ । (ਰਾ. ਸ਼ੂ. ਸ਼ਿੰ., ਪੰਨਾ 186)

(ਹ) 'ਫਿਰ ਸਭਨਾਂ ਵਿਚ ਰੱਬ ਰਿਹਾ ਵਿਆਪ ਹੈ । (ਰਾ. ਸ਼ੂ. ਸ਼ਿੰ., ਪੰਨਾ 196)

(ਕ) 'ਨਾਲ ਰਹੇ ਇਹ ਯਾਦ ਵਜਾਪਕ ਹੈ ਸਦਾ—
ਸਾਰੇ ਅੰਦਰ ਬਾਰ ਓ ਭਰਪੂਰ ਹੈ । (ਰਾ. ਸ਼ੂ. ਸ਼ਿੰ., ਪੰਨਾ 197)

(ਖ) 'ਫਿਰ ਮਾਹੀ ਸਭਨਾਂ ਵਿਚ ਵਸਦਾ ਅੰਦਰ ਬਾਰ ਨਿਵਾਸ,
ਹਰ ਹਰ ਦਾ ਵਿਚ ਪਿਯ ਦਾ ਡੇਰਾ ਹਰ ਹਰ ਵਿਚ ਪਿਯ ਵਾਸ ।
(ਕਦੀ ਨਾ ਓਹਲੇ ਹੋਵੇ ਦਰਸ਼ਨ, ਕੰ. ਕ., ਪੰਨਾ 175)

(ਗ) ਅੱਗ ਵਿੱਚ ਜਿਉਂ ਚਾਨਣ ਵਸਦਾ, ਬਿਜਲੀ ਵਿਚ ਚਪਲਾਸ,
ਤਿਉਂ ਸਾਰੇ ਪੀਆ ਪਯਾ ਵਸਦਾ ਦਿਸਦਾ ਪਾਸੋ ਪਾਸ । (ਓਹੀ, ਪੰਨਾ 175)

ਬਾਕੀ ਅਗਲੇ ਪੰਨੇ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਤ ਵਿੱਚ ਉਸ ਨੇ ਸਮਸਤ ਜੀਵਾਂ ਨੂੰ ਮਾਲਾ ਦੇ ਫੁੱਲਾਂ ਵਾਂਗ ਪਰੋ ਰੱਖਿਆ ਹੈ । ਇਹੀ 'ਵਿਆਪਕਤਾ ਦਾ ਸੂਤ' ਜੀਵਾਂ ਦੇ ਪਰਸਪਰ ਸਬੰਧ ਦਾ ਅਦ੍ਰਿਸ਼ਟ ਕਾਰਣ ਹੈ ।[236]

ਸ੍ਰਿਸ਼ਟੀ ਦੇ ਨਾਲ ਨਾਲ ਬ੍ਰਹਮ ਜੀਵਾਂ ਦੀ ਉਤਪਤੀ ਦਾ ਵੀ ਕਾਰਣ ਹੈ,[237] ਨਮਿਤ ਕਾਰਣ ਵੀ ਅਤੇ ਉਪਾਦਾਨ ਕਾਰਣ ਵੀ । ਬ੍ਰਹਮ ਬ੍ਰਿਛ-ਰੂਪ ਹੈ, ਜੀਵ ਉਸਦੀਆਂ ਟਹਿਣੀਆਂ ਜਾਂ ਪੱਤੀਆਂ ਹਨ । ਇੰਜ ਬ੍ਰਹਮ ਅੰਗੀ ਅਤੇ ਜੀਵ ਅੰਗ ਹੈ, ਬ੍ਰਹਮ ਅੰਸ਼ੀ ਅਤੇ ਜੀਵ ਅੰਸ਼ ਹੈ ।[238] ਆਪਣੇ ਵਿੱਚੋਂ ਹੀ ਉਹ ਆਪਣੇ ਅੰਸ਼-ਰੂਪ ਜੀਵ ਦੀ ਸ੍ਰਿਸ਼ਟੀ ਕਰਦਾ ਹੈ । ਇਸੇ ਲਈ ਉਸ ਨੂੰ ਇਹ ਸਵੈ-ਸਿਰਜਿਤ ਜੀਵ-ਸ੍ਰਿਸ਼ਟੀ ਅਤਿ ਪ੍ਰਿਅ ਹੈ ।[239]

ਬ੍ਰਹਮ ਇਕ-ਰੂਪ ਹੈ ਪਰ, ਭਾਈ ਵੀਰ ਸਿੰਘ ਅਨੁਸਾਰ, ਦ੍ਰਿਸ਼ਟਮਾਨ ਜਗਤ ਦੇ ਜੀਵ ਉਸ ਨੂੰ ਬਹੁ-ਰੂਪਾਂ ਵਿਚ ਵੇਖਦੇ ਹਨ । ਕੋਈ (ਹਿੰਦੂ) ਉਸ ਨੂੰ ਪੱਥਰ ਵਿੱਚ ਵੇਖਦਾ ਹੈ, ਕੋਈ (ਮੁਸਲਮਾਨ) ਆਕਾਸ਼ਾਂ ਵਿੱਚ ਉਸਦਾ ਵਾਸਾ ਮੰਨਦਾ ਹੈ, ਕੋਈ (ਰਸੀਆ) ਉਸ ਨੂੰ ਕੁਦਰਤ ਵਿੱਚੋਂ ਲਭ ਲੈਂਦਾ ਹੈ, ਕੋਈ (ਗਿੱਬਰ—ਅਗਨੀ ਪੂਜ) ਉਸ ਨੂੰ ਅੱਗ ਵਿੱਚੋਂ ਲਭਦਾ ਹੈ, ਕੋਈ (ਸ਼ਿਸ) ਆਪਣੇ ਗੁਰੂ ਵਿਚ ਬ੍ਰਹਮ-ਦਰਸ਼ਨ ਕਰਕੇ ਤ੍ਰਿਪਤ ਹੋ ਜਾਂਦਾ ਹੈ ਅਤੇ ਕੋਈ (ਪ੍ਰੇਮੀ) ਆਪਣੀ ਪ੍ਰੇਮਿਕਾ ਵਿਚੋਂ ਉਸ ਦੇ ਝਲਕਾਰੇ ਪ੍ਰਾਪਤ ਕਰਦਾ ਹੈ ।[240]

(ਘ) ਹਰ ਦਿਸਦੇ ਵਿਚ ਪੀਆ ਲਸਦਾ, ਕਾਦਰ ਕੁਦਰਤ ਵਾਸ,
ਸਾਗਰ ਬੂੰਦ ਬੁਦਬੁਦੇ ਅੰਦਰ ਪਿਯ ਦੀ ਲਿਸ਼ਕੇ ਲਾਸ । (ਓਹੀ ਪੰਨਾ, 175)

(ਚ) .....ਘਟ ਘਟ ਦੇ ਵਿਚ ਵਸਦਾ ।— (ਮੰਦਰ ਮਾਰਤੰਡ ਦੇ ਖੰਡਰ ਮ. ਹੁ. ਪੰਨਾ 49)

236 ਵਯਾਪਕਤਾ ਦਾ ਸੂਤ ਜਿਸ ਵਿਚ ਜੀਵ ਏ
ਹੈਨ ਪਰੋਚੇ ਸਭ ਮਾਲਾ ਫੁਲ ਜਯੰ
ਮਿਲੇ ਪਰਸਪਰ ਨਿੱਤ ਕਦੀ ਨਾ ਵੱਖਰੇ;
ਫਿਰ ਦੇਖੋ ਕੇ ਏਹ ਆਪੋ ਵਿੱਚ ਬੀ
ਓਸੇ ਸੂਤ ਪਰੋਚ ਮਿਲੇ ਸੁ ਹੈਨਗੇ
ਏਸ ਮੇਲ ਦਾ ਰੂਪ ਪਰ ਨਾ ਦਿਸਦਾ । (ਰਾ. ਸ੍ਰੂ. ਸਿੰਘ, ਪੰਨਾ 196)

237 ਜੀਵ ਮੰਤੁ ਓਪਾਇ ਇਸ ਧਰਤਿ ਉਤੇ (ਫੁੱਡਿਆ ਤੋਤਾ, ਲ. ਦੇ ਹਾ., ਪੰਨਾ 192)

238 ਪਰਮੇਸ਼ਰ ਜੋ ਬ੍ਰਿਛ ਕਰਕੇ ਮੰਨੀਏ
ਟਹਿਣੇ ਗੁਰੂ ਸਰੂਪ ਕਰਕੇ ਜਾਣੀਏ
ਟਹਿਣੀ ਪਤਯਾਂ ਵਾਂਗ ਲੱਗਾ ਰੰਤ ਹੈ
ਲੱਗਾ ਸੱਚੇ ਨਾਲ ਸੱਚਾ ਹੋ ਰਿਹਾ । (ਰਾ. ਸ੍ਰੂ. ਸਿੰ., ਪੰਨਾ 139)

239 ਪ੍ਰੇਮ ਜੁ 'ਪ੍ਰਭੂ ਸਰੂਪ' ਉਸ ਨੇ ਆਪਣੇ
ਪਯਾਰੇ ਰਚੇ ਅਨੂਪ, ਉਚੇ, ਸੋਹਿਣੇ;
ਓਹ ਕਰਦੇ ਹਨ ਪਯਾਰ ਪ੍ਰਭੂ ਨੂੰ ਆਪਣੇ,
ਪ੍ਰਭੂ ਫਿਰ ਓਨਾ ਜੋਗ ਕਰਦਾ ਪਯਾਰ ਹੈ । (ਓਹੀ, ਪੰਨਾ 131)

240 'ਹਰ ਹਰ ਵਿਚ ਪਰਕਾਸ਼ ਓਹ ਕਹਿੰਦੇ ਹੋ ਕਿਹਾ
'ਤੇਰਾ ਕਹਿਣ ਨਿਵਾਸ ਹੈ ਹਰ ਇਕ ਟੰਗ ਤੇ :

ਬਾਕੀ ਅਗਲੇ ਪੰਨੇ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਵੀਰ ਸਿੰਘ ਦੇ ਕਾਵਿ ਵਿੱਚ ਇਕ ਪਾਸੇ ਬ੍ਰਹਮ ਦੇ ਮਾਤ-ਰੂਪ[241] ਅਤੇ ਦੂਜੇ

ਹਿੰਦੂ ਪੱਥਰ ਵਿੱਚ ਹੈ ਤੈਨੂੰ ਵੇਖਦਾ
ਮੁਸਲਮ ਅੱਖਾਂ ਖਿੱਚ ਅਕਾਸ਼ੀ ਤੱਕਦਾ,
ਕੁਦਰਤ ਦੇ ਵਿਚਕਾਰ ਸੁਰਸੀਏ ਵੇਖਦੇ
ਵਿਚ ਅੱਗ ਦੀਦਾਰ ਤੂੰ ਦੇਵੇਂ ਗਿਬਰ ਨੂੰ
ਪੀਰਾਂ ਵਿਚ ਮੁਰੀਦ ਹੈ ਤੈਨੂੰ ਵੇਖਦੇ
ਮੈਨੂੰ ਮਿਲੀ ਨਾ ਦੀਦ ਕਿ ਕਿਧਰੋਂ ਤੁਧ ਦੀ।
ਲਾਲਾ ਰੁਖ ਦਾ ਨੂਰ ਕਿ ਮੈਂ ਜਦ ਵੇਖਿਆ
ਮੇਰਾ ਅਕਲ ਸ਼ਊਰ ਉ ਛਡ ਨੱਸਿਆ
ਝਲਕਾ ਸੀ ਦੀਦਾਰ ਜੋ ਤੇਰੇ ਨੂਰ ਦਾ
ਤੂੰ ਹੈਂ ਓਸ ਵਿਚਕਾਰ ਕਿ ਜਲਵਾ ਤੁਧਦਾ ?
ਉਹ ਸੀ ਹੁਸਨ ਕਿ ਪਯਾਰ ਕਿ ਉਹ ਕੁਝ ਸੱਚ ਸੀ ?
ਉਹ ਸੀ ਰੂਪ ਅੰਗਾਰ ਕਿ ਜਾਦੂ ਸਿਹਰ ਸੀ ?
ਅੰਦਰ ਜੋ ਕੰਪਾਇ ਕਿ ਖਾਧਾ ਮੈਂ ਤਦੋਂ : (ਫਰਾਮੁਰਜ਼ ਦੀ ਵਿਲਕਣੀ, ਮ.ਹੁ. ਪੰਨਾ 92-93)

241. (ੳ) ਹੇ ਅਨੰਤ ! ਇਕ 'ਛੁਹ ਤੁਹਾਡੀ' ਨੂੰ ਦਿਲ ਮੰਗਦਾ ਨਹਿੰ ਰਜਦਾ,
'ਛੁਹ ਅਪਣੀ' ਦੀ ਗੋਦ ਖਿਡਾ ਤਿਉਂ-ਮਾਂ ਨੂੰ ਇਹ ਕੁਛ ਫਬਦਾ ।
(ਅਨੰਤ ਦੀ ਛੁਹ, ਮ. ਹੁ., ਪੰਨਾ 32)

(ਅ) ਸਿਕਦਾ ਸਿਕਦਾ ਵੱਛਾ ਛੁਟਿਆ, ਧਾ ਅੰਮੀ ਵਲ ਆਇਆ,
ਅੰਮੀ ਉਸ ਤੋਂ ਵੱਧ ਪਿਆਰੇ, ਤਰੁਠ ਤਰੁਠ ਲਾਡ ਲਡਾਇਆ,
ਸਿਕੱਦੀ ਨਦੀ ਜਾਲ ਜੱਫਰਾਂ, ਜਦ ਸ਼ਹੁ ਸਾਗਰ ਪਹੁੰਚੀ,
ਉਸਤੋਂ ਵੱਧ ਪਯਾਰ ਵਿਚ, ਸਾਗਰ, ਮਿਲਨ ਅਗਾਂਹ ਆਇਆ ।
(ਵੱਧ ਪਯਾਰ ਵਿੱਚ-ਪ੍ਰੀਤਮ, ਮ. ਹੁ., ਪੰਨਾ 35-36)

(ੲ) ਬੈਠਾ ਸਦਾ-ਕ੍ਰਿਪਾਲ ਮਸਤਕ ਖੋੜਕੇ
ਮਾਤਾ ਵਾਂਗ ਪਸਾਰ ਬਾਹਾਂ ਪਯਾਰੀਆਂ
ਭੁਲੇ ਬੱਚੇ ਨਾਲ ਕਰਨ ਪਿਆਰ ਨੂੰ । (ਰਾ. ਸ਼ੂ. ਸਿੰ., ਪੰਨਾ 105)

(ਸ) ਸਾਈਂ ਵੱਲ ਪਿਆਰ ਕਹੀਏ ਜੇ ਜ਼ਰਾ
ਪ੍ਰੇਮ ਆਪਣੇ ਨਾਲ ਤੁਠੇ ਮਾਉਂ ਜਯੋਂ
ਅਸਾਂ ਬਾਲਕਾਂ ਨਾਲ ਕਰਦਾ ਪਯਾਰ ਓ । (ਰਾ. ਸ਼ੂ. ਸਿੰ. ਪੰਨਾ 186)

(ਹ) ਅੰਮੀ ਸਦਾ ਕ੍ਰਿਪਾਲ ਅਪਣੇ ਬਾਲ ਤੇ,
ਪਰ ਏ ਬਾਲ ਸੁਭਾਵ ਜਦ ਕੁਝ ਚਾਹੁੰਦਾ
ਤਦੋਂ ਰੋਣ ਦੀ ਕਾਰ ਦੇਂਦਾ ਛੇੜ ਹੈ,
ਮਾਨੋਂ ਓਹ ਅਰਦਾਸ ਅਪਣੇ ਵਿੱਤ ਦੀ
ਕਰਦਾ ਮਾਤਾ ਪਾਸ,-ਦੁਖ ਸੁਣਾਂਵਦਾ
ਤਿਵੇਂ ਪ੍ਰਭੂ ਦੇ ਪਾਸ ਬਾਲਕ ਹਾਂ ਅਸੀਂ
ਕਰਦੇ ਹਾਂ ਅਰਦਾਸ ਵਿਤ ਦੀ ਆਪਣੇ ॥ (ਰਾ. ਸ਼ੂ. ਸਿੰ. ਪੰਨਾ 180)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਸੇ ਬਾਲ-ਰੂਪ[242] ਦਾ ਪ੍ਰਤਿਪਾਦਨ ਕੀਤਾ ਗਿਆ ਹੈ।

---

242. ਕੰਬਦੀ, ਧਰਕਦੀ, ਖੁਸ਼ ਹੁੰਦੀ ਪਰ ਸ਼ਰਮਦੀਂ
ਮੈਂ ਤੋੜ ਲਏ ਬੇਰ,
ਕਾਹਲੀ ਤੇ ਲਗੀ ਸਾਂ ਧੋਣ
ਕਿ ਧੋਤੇ ਧਰ ਕੇ ਅਰਬੀ ਦੇ ਪੱਤੇ ਉੱਤੇ,
ਲਿਆ ਧਰਾਂ ਭੇਟ, ਨਿਮਾਣੀਂ ਭੇਟ-ਆਪ ਮੰਗੀ ਭੇਟ-
ਸਾਈਆਂ ਜੀਉ ਦੇ ਅੱਗੇ,
ਕਿ ਆ ਗਏ ਸਾਈਆਂ ਜੀਓ ਦੌੜੇ ਦੌੜੇ
ਖੋਹ ਲਏ ਧੋਏ ਜਾਣ ਲਗੇ ਬੇਰ,
ਖੋਹ ਲਏ ਜਿਵੇਂ ਖਹੁੰਦਾ ਏ ਬਾਲ ਮਾਂ ਦੇ ਹਥੋਂ ਮਖਾਣੇ,
ਤੇ ਖਾ ਲਏ ਜਿਵੇਂ ਇਕ ਇਕ ਕਰ ਕੇ ਸੁਆਦ ਲਾ ਲਾ ਕੇ
ਵਾਹ ਮੇਰੇ ਸਾਈਆਂ, ਬਲਿਹਾਰ ਬਲਿਹਾਰ।

(ਕੋਕਨ ਬੇਰ, ਮੇ. ਸਾ. ਜੀ. ਪੰਨਾ 71)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ ਦੂਜਾ : ਜਗਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋਗਤ

ਜਗਤ ਅਥਵਾ ਸ੍ਰਿਸ਼ਟੀ-ਪ੍ਰਕਿਰਿਆ ਆਦਿ ਕਾਲ ਤੋਂ ਹੀ ਮਨੁੱਖ ਦੀ ਜਗਿਆਸਾ ਦਾ ਇਕ ਪ੍ਰਮੁਖ ਵਿਸ਼ਾ ਬਣਿਆ ਰਿਹਾ ਹੈ। ਵੈਦਿਕ ਰਿਸ਼ੀਆਂ ਦੇ ਮਨ ਵਿੱਚ ਵੀ ਸ੍ਰਿਸ਼ਟੀ ਸੰਬੰਧੀ ਅਨੇਕ ਪ੍ਰਸ਼ਨ ਉਠਿਆ ਕਰਦੇ ਸਨ ਜਿਵੇਂ: ਇਸ ਪ੍ਰਿਥਵੀ ਦੇ ਪ੍ਰਾਣ, ਰਕਤ ਅਤੇ ਆਤਮਾ ਸਭ ਕਿੱਥੇ ਰਹਿੰਦੇ ਹਨ ?[1] ਆਦਿ। ਸੰਭਵ ਹੈ ਬਦਲਾਂ ਤੋਂ ਮੀਂਹ ਦੇ ਵਰ੍ਹਣ ਨੂੰ ਦੇਖ ਕੇ, ਬਿਰਖ ਦੀ ਲਕੜੀ ਤੋਂ ਧਨੁੱਖ-ਬਾਣ ਬਣਦਾ ਦੇਖਕੇ, ਫਸਲਾਂ ਨੂੰ ਖੇਤਾਂ ਵਿਚ ਉਗਦਾ ਦੇਖ ਕੇ ਅਤੇ ਗਰਭ ਤੋਂ ਮਨੁੱਖ ਅਤੇ ਪਸ਼ੂ ਦੀ ਉਤਪਤੀ ਹੁੰਦੀ ਦੇਖ ਕੇ ਰਿਸ਼ੀਆਂ ਨੂੰ ਸ੍ਰਿਸ਼ਟੀ ਦੇ ਕਾਰਜ-ਕਾਰਣ-ਸੰਬੰਧ ਦੇ ਵਿਸ਼ੇ ਵਿੱਚ ਸੋਚਣ ਲਈ ਮਜਬੂਰ ਹੋਣਾ ਪਿਆ ਹੋਵੇ ।

ਸਭ ਤੋਂ ਪਹਿਲਾਂ ਆਕਾਸ਼ ਅਤੇ ਪ੍ਰਿਥਵੀ ਨੂੰ ਦੇਖ ਕੇ ਵੈਦਿਕ ਰਿਸ਼ੀਆਂ ਦੇ ਅੰਤਾਹ-ਕਰਣ ਵਿਚ ਵਿਚਾਰ ਉੱਠਿਆ ਕਿ ਇਹ ਆਕਾਸ਼-ਪ੍ਰਿਥਵੀ ਕਿਸ ਬਿਰਖ ਦੀ ਲਕੜੀ ਤੋਂ ਉਤਪੰਨ ਹੋਏ ਹਨ[2] ਅਤੇ ਇਨ੍ਹਾਂ ਦੋਹਾਂ ਵਿਚੋਂ ਕੌਣ ਪਹਿਲਾਂ ਅਤੇ ਕੌਣ ਪਿੱਛੋਂ ਹੋਇਆ ?[3] ਕਦੀ ਉਹ ਇੰਦਰ ਨੂੰ ਆਕਾਸ਼ ਅਤੇ ਪ੍ਰਿਥਵੀ ਦਾ ਜਨਿਤਾ (ਜਨਮਦਾਤਾ) ਕਹਿ ਕੇ ਉਸ ਨੂੰ ਆਪਣੇ ਨਾਲ ਸੋਮਪਾਨ ਕਰਨ ਲਈ ਸੱਦਾ ਦਿੰਦੇ[4] ਅਤੇ ਕਦੀ ਵਰੁਣ, ਮਿਤਰ, ਅਗਨੀ, ਸੂਰਜ ਨੂੰ ਇਸ ਸ੍ਰਿਸ਼ਟੀ ਦਾ ਆਧਾਰ ਮੰਨਦੇ। ਕਦੀ ਉਹ ਆਪਣੀ ਜਗਿਆਸਾ ਸ਼ਾਂਤ ਕਰਨ ਲਈ ਚੰਦ੍ਰਮਾ ਅਤੇ ਸੂਰਜ ਨੂੰ ਕ੍ਰੀੜਾ ਕਰਦੇ ਹੋਏ ਦੋ ਬਾਲਕਾਂ ਦੀ ਉਪਮਾ ਦੇ ਕੇ ਕਲਪਨਾ ਕਰਦੇ ਕਿ ਇਹ ਮਾਇਆ-ਜਾਦੂ ਦੇ ਬਲ ਦੁਆਰਾ ਪੂਰਬ ਤੋਂ ਪਛੱਮ ਵਲ ਗਤੀਸ਼ੀਲ ਹੁੰਦੇ ਹਨ[5] ਅਤੇ ਕਦੀ ਉਹਨਾਂ ਦੀ ਬੁੱਧੀ ਪ੍ਰਸ਼ਨ ਕਰ ਉੱਠਦੀ ਕਿ ਜੇਕਰ ਇਹ ਨਿਰਾਧਾਰ ਹਨ ਤਾ ਪ੍ਰਿਥਵੀ ਤੇ ਡਿੱਗ ਕਿਉਂ ਨਹੀਂ ਪੈਂਦੇ?[6]।

ਰਿਗਵੇਦ ਦੇ 'ਪੁਰਸ਼ ਸੂਕਤ' ਵਿੱਚ ਅਨੰਤ ਸਿਰ, ਨੇਤਰ ਅਤੇ ਚਰਣ ਧਾਰਣ ਕਰਨ ਵਾਲੇ ਪੁਰਸ਼ ਦੇ ਚੌਥੇ ਅੰਸ਼ ਦੁਆਰਾ ਸਮਸਤ ਬ੍ਰਹਿਮੰਡ ਦੇ ਨਿਰਮਾਣ ਦਾ ਵਰਣਨ ਕੀਤਾ ਗਿਆ ਹੈ।[7] ਇਸ ਆਦਿ ਪੁਰਸ਼ ਤੋਂ ਵਿਰਾਟ (ਬ੍ਰਹਿਮੰਡ ਦੇਹ) ਉਤਪੰਨ ਹੋਇਆ ਹੈ ਅਤੇ

1 ਰਿਗਵੇਦ, 1.164.4
2 ਓਹੀ, 10.31.7
3 ਓਹੀ, 1.185.1-2
4 ਓਹੀ, 8 36.4
5 ਅਥਰਵ ਵੇਦ, 7.81.1
6 ਰਿਗਵੇਦ, 4.13.5
7 ਰਿਗਵੇਦ ਸੰਹਿਤਾ, 10.90.3

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਵਿਰਾਟ ਦੇ ਜੀਵ ਰੂਪ ਤੋਂ ਪੁਰਸ਼, ਦੇਵ, ਮਨੁੱਖ ਆਦਿ ਰੂਪ ਉਤਪੰਨ ਹੋਏ[8]। ਨਾਸਦੀਅ ਸੂਕਤ ਦੇ ਅਨੁਸਾਰ ਸ਼ੁਰੂ ਸ਼ੁਰੂ ਵਿੱਚ ਨਾ ਅਸੱਤ ਸੀ ਅਤੇ ਨਾ ਸੱਤ।[9] ਸ੍ਰਿਸ਼ਟੀ ਦੇ ਆਰੰਭ ਵਿਚ ਅੰਧਕਾਰ ਹੀ ਅੰਧਕਾਰ ਸੀ। ਸਭ ਕੁਝ ਅਗਿਆਤ ਅਤੇ ਜਲਮਈ ਸੀ। ਅਸੱਤ ਦੁਆਰਾ ਉਹ ਸਰਬ-ਵਿਆਪੀ ਢੱਕਿਆ ਹੋਇਆ ਸੀ। ਤਪੱਸਿਆ ਦੇ ਪ੍ਰਭਾਵ ਨਾਲ ਇਕ ਤੱਤ ਦੀ ਉਤਪਤੀ ਹੋਈ। ਉਸ ਵਿੱਚ ਸਭ ਤੋਂ ਪਹਿਲਾਂ ਸ੍ਰਿਸ਼ਟੀ ਦੀ ਇੱਛਾ ਉਤਪੰਨ ਹੋਈ। ਇਸ ਦੇ ਫਲਸਰੂਪ ਉਸ ਤੋਂ ਬੀਜ ਦੀ ਉਤਪਤੀ ਹੋਈ।[10]

ਰਿਗਵੇਦ ਵਿੱਚ ਕਿਹਾ ਗਿਆ ਹੈ ਕਿ ਜਿਵੇਂ ਲੁਹਾਰ ਵਸਤੂਆਂ ਨੂੰ ਤਿਆਰ ਕਰਦਾ ਹੈ ਉਸੇ ਤਰ੍ਹਾਂ ਬ੍ਰਹਮ (ਬਾਹਮਣ-ਪਤੀ) ਨੇ ਆਕਾਸ਼-ਪ੍ਰਿਥਵੀ ਆਦਿ ਦੀ ਰਚਨਾ ਕੀਤੀ।[11]

ਬ੍ਰਾਹਮਣ ਗ੍ਰੰਥਾਂ ਅਨੁਸਾਰ ਪ੍ਰਜਾਪਤੀ ਨੇ ਇੱਛਾ ਕੀਤੀ ਕਿ ਮੈਂ ਅਨੇਕ ਹੋ ਜਾਵਾਂ। ਉਸ ਨੇ ਤਪ ਦੁਆਰਾ ਪ੍ਰਿਥਵੀ, ਅੰਤਰਿਖਸ਼ ਅਤੇ ਆਕਾਸ਼ ਦੀ ਸ੍ਰਿਸ਼ਟੀ ਕੀਤੀ[12]। ਤੈਤਰੀਅ ਬ੍ਰਾਹਮਣ ਵਿੱਚ ਕਿਹਾ ਗਿਆ ਹੈ ਕਿ ਪਹਿਲਾਂ ਨਾ ਪ੍ਰਿਥਵੀ, ਨਾ ਆਕਾਸ਼ ਅਤੇ ਨਾ ਹੀ ਵਾਯੂ-ਮੰਡਲ ਸੀ, ਕੇਵਲ ਅਸੱਤ ਸੀ ਜਿਸ ਤੋਂ ਧੁੱਪ, ਅਗਨੀ, ਪ੍ਰਕਾਸ਼, ਕਿਰਣ, ਮੇਘ ਆਦਿ ਦੀ ਸ੍ਰਿਸ਼ਟੀ ਹੋਈ, ਉਸ ਤੋਂ ਬਾਅਦ ਪ੍ਰਜਾਪਤੀ ਨੇ ਪ੍ਰਿਥਵੀ, ਅੰਤਰਿਖਸ਼ ਅਤੇ ਆਕਾਸ਼ ਦੀ ਰਚਨਾ ਕੀਤੀ।[13] ਸ਼ਤਪਥ ਬ੍ਰਾਹਮਣ ਵਿੱਚ ਜ਼ਿਕਰ ਹੈ ਕਿ ਪ੍ਰਜਾਪਤੀ ਨੇ ਤ੍ਰੈ-ਵੈਦਿਕ ਵਿਦਿਆ (ਰਿਗ ਯਜੁਰ ਅਤੇ ਸਾਮਵੇਦ ਸੰਬੰਧੀ,) ਨੂੰ ਲੈ ਕੇ ਜਲ ਵਿੱਚ ਪ੍ਰਵੇਸ਼ ਕੀਤਾ। ਉਸ ਤੋਂ ਇਕ ਅੰਡਾ ਪੈਦਾ ਹੋਇਆ ਅਤੇ ਫਿਰ ਮਿੱਟੀ, ਸੋਨਾ, ਪੌਦੇ, ਬਿਰਖ ਆਦਿ ਪਦਾਰਥਾਂ ਦੀ ਉਤਪਤੀ ਹੋਈ।[14] ਸ਼ਤਪਥ ਬ੍ਰਾਹਮਣ ਵਿਚ ਇੱਕ ਹੋਰ ਥਾਂ ਲਿਖਿਆ ਮਿਲਦਾ ਹੈ ਕਿ ਆਰੰਭ ਵਿਚ ਨਾ ਅਸੱਤ ਸੀ ਨਾ ਸੱਤ। ਕੇਵਲ ਮਨ ਹੀ ਸੀ। ਮਨ ਵੀ ਨਾ ਸੱਤ ਸੀ ਅਤੇ ਨਾ ਅਸੱਤ। ਮਨ ਨੂੰ ਹੀ ਸ੍ਰਿਸ਼ਟੀ ਦੀ ਇੱਛਾ ਹੋਈ ਅਤੇ ਉਸ ਨੇ ਤਪ ਕੀਤਾ। ਮਨ ਵਿੱਚ ਹੀ ਸਮਸਤ ਸ੍ਰਿਸ਼ਟੀ ਦਾ ਵਿਸਥਾਰ ਹੋਇਆ।[15]

ਉਪਨਿਸ਼ਦਾਂ ਵਿੱਚ ਸ੍ਰਿਸ਼ਟੀ ਸੰਬੰਧੀ ਅਨੇਕਾਂ ਮਤ ਦ੍ਰਿਸ਼ਟੀਗੋਚਰ ਹੁੰਦੇ ਹਨ। ਯੂਨਾਨ ਦੇ ਪ੍ਰਸਿੱਧ ਦਾਰਸ਼ਨਿਕ ਥੇਲੀਜ਼ ਦੀ ਤਰ੍ਹਾਂ ਉਪਨਿਸ਼ਦਕਾਰਾਂ ਨੇ ਕਿਹਾ ਹੈ ਕਿ ਪਹਿਲਾਂ ਸਭ ਪਾਸੇ ਜਲ ਹੀ ਜਲ ਸੀ। ਜਲ ਤੋਂ ਪ੍ਰਿਥਵੀ, ਅੰਤਰਿਖਸ਼, ਆਕਾਸ਼, ਦੇਵ, ਮਨੁੱਖ, ਪਸ਼ੂ-ਪੰਖੀ, ਤ੍ਰਿਣ, ਬਨਾਸਪਤੀ, ਜੰਗਲੀ ਜਾਨਵਰ ਅਤੇ ਕੀਟ ਪਤੰਗ ਉਤਪੰਨ ਹੋਏ।[16] ਇਉਂ ਜ਼ਾਪਦਾ ਹੈ ਕਿ

---

8 ਰਿਗਵੇਦ ਸੰਹਿਤਾ, 10.90.5
9 ਓਹੀ, 10.129.1
10 ਓਹੀ, 10.129.4
11 ਰਿਗਵੇਦ, 10.72.2
12 ਏਤਰੇਅ ਬ੍ਰਾਹਮਣ, 5.72
13 ਤੈਤਰੀਅ ਬ੍ਰਾਹਮਣ, 2.2.9
14 ਸ਼ਤਪਥ ਬ੍ਰਾਹਮਣ, 6.1.8
15 ਸ਼ਤਪਥ ਬ੍ਰਾਹਮਣ, 10.5.3.1 ਅਤੇ ਫਾਈਵ ਸੰਸਕ੍ਰਿਤ ਟੈਕਸਟਸ ਭਾ: ਮੇਅਰ ਪੰਨਾ 338.
16 ਬ੍ਰਿਹਦਾਰਣਯਕ ਉਪਨਿਸ਼ਦ 5.1

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਨਿਸ਼ਦਕਾਰ ਆਪਣੇ ਵਿਚਾਰਾਂ ਵਿਚ ਸਮੇਂ ਦੇ ਬੀਤਣ ਨਾਲ ਦਾਰਸ਼ਨਿਕ ਹੁੰਦੇ ਗਏ। ਇਸ ਲਈ ਅਗਾਂਹ ਚਲ ਕੇ ਕਿਹਾ ਗਿਆ ਹੈ ਕਿ ਆਤਮਾ ਜਲ ਤੋਂ ਵੀ ਪਹਿਲਾਂ ਉਤਪੰਨ ਹੋਈ।[17] ਆਤਮਾ ਨੇ ਜਲ ਦੀ ਸਿਰਜਨਾ ਕੀਤੀ ਅਤੇ ਜਲ ਤੋਂ ਪੁਰਸ਼ ਹੋਇਆ। ਫਿਰ ਪੁਰਸ਼ ਦੇ ਮੁਖ, ਬਾਣੀ, ਨਕ, ਪ੍ਰਾਣ, ਵਾਯੂ ਆਦਿ ਦਾ ਜਨਮ ਹੋਇਆ।[18]

ਉਪਨਿਸ਼ਦਾਂ ਵਿੱਚ ਕਿਤੇ ਕਿਤੇ ਅਸੱਤ ਤੋਂ ਸੱਤ ਦੀ ਉਤਪਤੀ ਮੰਨੀ ਗਈ ਹੈ। ਛਾਂਦੋਗਯ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਪਹਿਲਾਂ ਅਸੱਤ ਤੋਂ ਸੱਤ ਹੋਇਆ, ਉਸ ਤੋਂ ਅੰਡੇ ਦਾ ਜਨਮ ਹੋਇਆ। ਇਹ ਅੰਡਾ ਇਕ ਸਾਲ ਬਾਅਦ ਟੁਟਿਆ। ਉਸ ਦਾ ਇਕ ਟੁਕੜਾ ਚਾਂਦੀ ਅਤੇ ਦੂਜਾ ਸੋਨਾ ਬਣ ਗਿਆ। ਫਿਰ ਅੰਡੇ ਦੇ ਉਪਰਲੇ ਛਿਲਕੇ ਤੋਂ ਪਰਬਤ, ਅੰਦਰ ਦੇ ਹਿੱਸੇ ਤੋਂ ਮੇਘ ਅਤੇ ਕੁਹਰਾ, ਧਮਨੀਆਂ (ਰਗਾਂ) ਤੋਂ ਨਦੀਆਂ ਅਤੇ ਉਸ ਦੇ ਪਾਣੀ ਤੋਂ ਸਮੁੰਦਰ ਉਤਪੰਨ ਹੋਇਆ।[19] ਪਰ ਅਗਾਂਹ ਚਲਕੇ ਜਦੋਂ ਇਹ ਪ੍ਰਸ਼ਨ ਉਠ ਖੜਾ ਹੋਇਆ ਕਿ ਅਸੱਤ ਤੋਂ ਸੱਤ ਕਿਵੇਂ ਹੋ ਸਕਦਾ ਹੈ ਤਾਂ ਸੱਤ ਨੂੰ ਅਸੱਤ ਦਾ ਉਤਪਾਦਕ ਮੰਨ ਲਿਆ ਗਿਆ। ਉਸ ਤੋਂ ਬਾਅਦ ਅਸੱਤ ਤੋਂ ਤੇਜ, ਤੇਜ ਤੋਂ ਜਲ, ਜਲ ਤੋਂ ਅੰਨ ਦੀ ਸ੍ਰਿਸ਼ਟੀ ਹੋਈ। ਫਿਰ ਅੰਨ ਤੋਂ ਜੀਵਾਤਮਾ ਆਦਿ ਉਤਪੰਨ ਹੋਏ।[20]

ਉਪਨਿਸ਼ਦਾਂ ਵਿਚ ਬ੍ਰਹਮ ਨੂੰ ਸ੍ਰਿਸ਼ਟੀ ਦਾ ਇਕ-ਮਾਤਰ ਆਧਾਰ ਸਵੀਕਾਰ ਕੀਤਾ ਗਿਆ ਹੈ।[21] ਇਹੀ ਜਗਤ ਦਾ ਮੂਲ ਕਾਰਣ-ਤੱਤ ਹੈ। ਬ੍ਰਿਹਦਾਰਣਯਕ ਉਪਨਿਸ਼ਦ ਵਿੱਚ ਆਤਮਾ ਜਾਂ ਬ੍ਰਹਮ ਤੋਂ ਜਗਤ ਦੀ ਉਤਪਤੀ ਨੂੰ ਦ੍ਰਿਸ਼ਟਾਂਤ ਦੁਆਰਾ ਸਪਸ਼ਟ ਕਰਦਿਆਂ

---

17 ਕਠ ਉਪਨਿਸ਼ਦ, 4.6.

18 ਏਤਰੇਅ ਉਪਨਿਸ਼ਦ, 1.1.3.

19 (ੳ) ਛਾਂਦੋਗਯ ਉਪਨਿਸ਼ਦ, 3.19
(ਅ) ਤੈਤਰੀਅ ਉਪਨਿਸ਼ਦ, 2.7

20 ਛਾਂਦੋਗਯ ਉਪਨਿਸ਼ਦ, 6.2.3

21 ਇਕ ਵਾਰ ਗਾਰਗੀ ਨੇ ਯਾਗਵਲਕ ਨੂੰ ਪ੍ਰਸ਼ਨ ਕੀਤਾ ਕਿ ਆਕਾਸ਼ ਦੇ ਉਪਰ, ਪ੍ਰਿਥਵੀ ਦੇ ਥੱਲੇ ਅਤੇ ਦੋਹਾਂ ਵਿਚਕਾਰ ਕੀ ਹੈ? ਅਤੇ ਭੂਤ, ਵਰਤਮਾਨ ਅਤੇ ਭਵਿਖ ਕੀ ਹੈ? ਇਸ ਦੇ ਉੱਤਰ ਵਿਚ ਯਾਗਵਲਕ ਨੇ ਕਿਹਾ ਕਿ ਇਹ ਸਭ ਆਕਾਸ਼ ਵਿਚ ਅਤੇ ਆਕਾਸ਼ ਅਖਸ਼ਰ (ਅਬਿਨਾਸ਼ੀ ਬ੍ਰਹਮ) ਵਿਚ ਓਤਪ੍ਰੋਤ ਹੈ। ਇਸ ਅਖਸ਼ਰ ਦੇ ਭਾਣੇ ਵਿਚ ਹੀ ਸੂਰਜ-ਚੰਨ, ਆਕਾਸ਼-ਪ੍ਰਿਥਵੀ ਆਦਿ ਆਪੋ ਆਪਣੀ ਥਾਂ ਤੇ ਸਥਿਤ ਹਨ ਅਤੇ ਨਦੀਆਂ ਬਰਫੀਲੇ ਪਹਾੜਾਂ ਤੋਂ ਵਹਿੰਦੀਆਂ ਹਨ (ਬ੍ਰਿਹਦਾਰਣਯਕ ਉਪਨਿਸ਼ਦ 3.8, 3.9)। ਇਥੋਂ ਤੀਕ ਵੀ ਕਿਹਾ ਗਿਆ ਹੈ ਕਿ ਅਗਨੀ, ਵਾਯੂ ਅਤੇ ਇੰਦਰ ਆਦਿ ਬ੍ਰਹਮ ਦੀ ਸਹਾਇਤਾ ਤੋਂ ਬਿਨਾਂ ਇਕ ਪੱਤਾ ਵੀ ਨਹੀਂ ਹਿਲਾ ਸਕਦੇ (ਕੇਨ ਉਪਨਿਸ਼ਦ 4.2.3)। ਸੂਰਜ ਅਤੇ ਅਗਨੀ ਬ੍ਰਹਮ ਦੇ ਕਾਰਣ ਹੀ ਤਪਦੇ ਹਨ ਅਤੇ ਇੰਦਰ, ਵਾਯੂ ਅਤੇ ਮਿੱਤਰ ਇਸੇ ਦੇ ਭੈ ਵਿਚ ਕੋਰ ਕਰਦੇ ਹਨ (ਕਠ ਉਪਨਿਸ਼ਦ 2.30.4.)। ਸੋ ਸਪਸ਼ਟ ਹੈ ਕਿ ਉਪਨਿਸ਼ਦਾਂ ਵਿਚ ਬ੍ਰਹਮ ਨੂੰ ਹੀ ਇਕ-ਮਾਤਰ ਸ੍ਰਿਸ਼ਟੀ ਦਾ ਆਧਾਰ ਮੰਨਿਆਂ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆਂ ਕਿਹਾ ਗਿਆ ਹੈ ਕਿ ਜਿਵੇਂ ਅਗਨੀ ਤੋਂ ਅਨੇਕਾਂ ਛੋਟੀਆਂ ਛੋਟੀਆਂ ਚਿੰਗਾੜੀਆਂ ਨਿਕਲਦੀਆਂ ਹਨ ਤਿਵੇਂ ਹੀ ਆਤਮਾ ਤੋਂ ਸਮਸਤ ਪ੍ਰਾਣ, ਸਮਸਤ ਲੋਕ, ਸਮਸਤ ਦੇਵ ਗਣ ਅਤੇ ਸਮਸਤ ਭੂਤ ਭਿੰਨ ਭਿੰਨ ਰੂਪਾਂ ਵਿਚ ਉਤਪਤ ਹੁੰਦੇ ਹਨ ।[22] ਛਾਂਦੋਗਯ ਉਪਨਿਸ਼ਦ ਵਿੱਚ ਸੱਤ ਸਰੂਪ ਬ੍ਰਹਮ ਤੋਂ ਹੀ ਜਗਤ ਦੀ ਉਤਪਤੀ ਦਾ ਵਰਣਨ ਕੀਤਾ ਗਿਆ ਹੈ ।[23] ਮੁੰਡਕ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਜਿਸ ਤਰ੍ਹਾਂ ਮਕੜੀ ਜਾਲੇ ਨੂੰ ਬੁਣਦੀ ਹੈ, ਜਿਵੇਂ ਪ੍ਰਿਥਵੀ ਵਿੱਚ ਬਨਸਪਤੀ ਉਤਪੰਨ ਹੁੰਦੀ ਹੈ ਅਤੇ ਜਿਵੇਂ ਸਜੀਵ ਪੁਰਸ਼ ਦੇ ਕੇਸ ਆਦਿ ਉਤਧੰਨ ਹੁੰਦੇ ਹਨ ਤਿਵੇਂ ਹੀ ਅਖਸ਼ਰ ਬ੍ਰਹਮ ਤੋਂ ਇਹ ਵਿਸ਼ਵ ਪ੍ਰਗਟ ਹੋਇਆ ਕਰਦਾ ਹੈ ।[24] ਤੈਤਰੀਅ ਉਪਨਿਸ਼ਦ ਵਿੱਚ 'ਤਤੈ ਵੈ ਸਦਜਾਯਤ' ਦੁਆਰਾ ਬ੍ਰਹਮ ਤੋਂ ਨਾਨਾ ਰੂਪਾਤਮਕ ਵਿਅਕਤ ਜਗਤ ਦੀ ਉਤਪਤੀ ਦਰਸਾਈ ਗਈ ਹੈ ।[25] ਕਠ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਸੰਪੂਰਣ ਜਗਤ ਪ੍ਰਾਣ-ਬ੍ਰਹਮ ਤੋਂ ਉਪਜਦਾ ਹੈ[26] ਸ਼ਵੇਤਾਸ਼ਵਤਰ ਉਪਨਿਸ਼ਦ ਵਿੱਚ 'ਕਾਰਣਮ ਬ੍ਰਹਮ'[27] ਅਤੇ 'ਜਨਯਨਦੇਵ ਏਕਾ'[28] ਦੁਆਰਾ ਕੇਵਲ ਇਕ ਬ੍ਰਹਮ ਨੂੰ ਜਗਤ ਦਾ ਕਾਰਣ ਅਤੇ ਵਿਰਾਟ ਨੂੰ ਪੈਦਾ ਕਰਨ ਵਾਲਾ ਕਿਹਾ ਗਿਆ ਹੈ । ਇਸ ਤੋਂ ਇਹ ਭਲੀ ਪ੍ਰਕਾਰ ਪ੍ਰਗਟ ਹੁੰਦਾ ਹੈ ਕਿ ਜਗਤ ਦਾ ਕਾਰਣ ਬ੍ਰਹਮ ਹੈ ਅਤੇ ਇਹ ਨਾਨਾ ਰੂਪਾਤਮਕ ਜਗਤ ਸੂਖਮ ਸੱਤ ਜਾਂ ਬ੍ਰਹਮ ਤੋਂ ਹੀ ਉਪਜਿਆ ਹੈ । ਇਸ ਦੀ ਸਥਿਤੀ ਦਾ ਆਧਾਰ ਵੀ ਬ੍ਰਹਮ ਹੀ ਹੈ ।

ਉਪਨਿਸ਼ਦਾਂ ਵਿੱਚ ਜਗਤ ਨੂੰ ਬ੍ਰਹਮ-ਰੂਪ ਕਿਹਾ ਗਿਆ ਹੈ । ਛਾਂਦੋਗਯ ਉਪਨਿਸ਼ਦ ਵਿੱਚ 'ਸਰਵ ਖਲ ਵਿਦਮ' ਦੁਆਰਾ ਦਰਸਾਇਆ ਗਿਆ ਹੈ ਕਿ ਸਾਰਾ ਜਗਤ ਨਿਸ਼ਚੇ ਹੀ ਬ੍ਰਹਮ ਹੈ ।[29] ਮੁੰਡਕ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਇਹ ਸੰਪੂਰਣ ਜਗਤ ਬ੍ਰਹਮ ਹੀ ਹੈ ।[30]ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਉਪਨਿਸ਼ਦ ਇਸ ਨਾਮ-ਰੂਪ-ਵਿਸ਼ਿਸ਼ਟ ਦ੍ਰਿਸ਼ਟਮਾਨ ਜਗਤ ਨੂੰ ਬ੍ਰਹਮ-ਰੂਪ ਜਾਂ ਸੱਤ-ਰੂਪ ਮੰਨਦੇ ਹਨ ਪਰ ਮਾਂਡੂਕਯ ਉਪਨਿਸ਼ਦ ਵਿਚ ਸਮਸਤ ਨਾਮ-ਰੂਪ ਜਗਤ ਨੂੰ ਮਾਇਆ ਸਮਾਨ ਅਤੇ ਸੁਪਨੇ ਵਤ ਕਿਹਾ ਗਿਆ ਹੈ ।[31] ਇੰਜ

22 ਬ੍ਰਿਹਦਾਰਣਯਕ ਉਪਨਿਸ਼ਦ, 2/1/20
23 ਛਾਂਦੋਗਯ ਉਪਨਿਸ਼ਦ, 6/2/3
24 ਮੁੰਡਕ ਉਪਨਿਸ਼ਦ, 1/1/7
25 ਤੈਤਰੀਅ ਉਪਨਿਸ਼ਦ, 2/7/1
26 ਕਠ ਉਪਨਿਸ਼ਦ, 2/3/2
27 ਸ਼ਵੇਤਾਸ਼ਵਰ ਉਪਨਿਸ਼ਦ, 1/1
28 ਓਹੀ, 3/3
29 ਛਾਂਦੋਗਯ ਉਪਨਿਸ਼ਦ, 3/14/1
30 ਮੁੰਡਕ ਉਪਨਿਸ਼ਦ, 2/2/11
31 ਮਾਂਡੂਕਯ ਉਪਨਿਸ਼ਦ 1/7

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਨਿਸ਼ਦ ਜਗਤ ਨੂੰ ਸੁਪਨੇ ਦੀ ਨਿਆਈਂ ਅਸਾਰ ਅਤੇ ਮਾਇਆ ਦੇ ਸਮਾਨ ਮਿਥਿਆ ਵੀ ਮੰਨਦੇ ਹਨ। ਇਹਨਾਂ ਪਰਸਪਰ ਵਿਰੋਧੀ ਮਤਾਂ ਵਿੱਚ ਵਾਸਤਵਿਕ ਵਿਰੋਧ ਨਹੀਂ ਹੈ। ਬ੍ਰਹਮ ਸ੍ਰਿਸ਼ਟੀ ਦਾ ਕਰਤਾ ਹੈ, ਇਸ ਲਈ ਸ੍ਰਿਸ਼ਟੀ ਸੱਤ ਸਰੂਪ ਹੈ। ਪਰ ਸ੍ਰਿਸ਼ਟੀ ਦੇ ਸਮਸਤ ਨਾਮ ਰੂਪ ਪਰਿਵਰਤਨਸ਼ੀਲ, ਵਿਨਾਸ਼ਸ਼ੀਲ ਅਤੇ ਅਨਿੱਤ ਹਨ। 'ਇਕ' ਦੇ ਟਾਕਰੇ ਤੇ 'ਅਨੇਕ', 'ਅਵਿਨਾਸ਼ੀ' ਦੇ ਟਾਕਰੇ ਤੇ 'ਵਿਨਾਸ਼ੀ' ਅਤੇ 'ਨਿਤ-ਤੱਤ' ਦੇ ਵਿਪਰੀਤ 'ਅਨਿੱਤ' ਹੋਣ ਦੇ ਕਾਰਣ ਹੀ ਜਗਤ ਅਸਾਰ ਅਤੇ ਮਿਥਿਆ ਹੈ। ਉਂਜ ਜਗਤ ਬ੍ਰਹਮ-ਕ੍ਰਿਤ ਸੱਤ-ਸਰੂਪ ਹੀ ਹੈ।

ਉਪਨਿਸ਼ਦਾਂ ਅਨੁਸਾਰ ਜਿਥੇ ਜਗਤ ਦੀ ਉਤਪਤੀ ਬ੍ਰਹਮ ਤੋਂ ਹੁੰਦੀ ਹੈ ਉਥੇ ਜਗਤ ਦਾ ਲੈਅ ਵੀ ਉਸੇ ਵਿੱਚ ਹੀ ਹੁੰਦਾ ਹੈ। ਛਾਂਦੋਗਯ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਇਹ ਸਾਰਾ ਜਗਤ ਨਿਸ਼ਚੇ ਹੀ ਬ੍ਰਹਮ ਹੈ, ਉਸੇ ਤੋਂ ਉਤਪੰਨ ਹੁੰਦਾ ਹੈ, ਉਸੇ ਵਿਚ ਚੇਸ਼ਟਾ ਕਰਦਾ ਹੈ ਅਤੇ ਅੰਤ ਉਸੇ ਵਿਚ ਲੀਨ ਹੋ ਜਾਂਦਾ ਹੈ।[32] ਸ਼ਵੇਤ ਸ਼ਵਤਰ ਉਪਨਿਸ਼ਦ ਵਿੱਚ ਵੀ ਕਿਹਾ ਗਿਆ ਹੈ ਕਿ ਸ੍ਰਿਸ਼ਟੀ ਦੇ ਆਰੰਭ ਵਿਚ ਪਾਰਬ੍ਰਹਮ ਇਕ ਅਤੇ ਨਿਰਵਿਸ਼ੇਸ਼ ਹੁੰਦਿਆਂ ਹੋਇਆਂ ਵੀ ਆਪਣੀ ਸ਼ਕਤੀ ਦੇ ਦੁਆਰਾ ਬਿਨਾ ਕਿਸੇ ਪ੍ਰਯੋਜਨ ਦੇ ਭਿੰਨ ਭਿੰਨ ਪ੍ਰਕਾਰ ਦੇ ਅਨੇਕਾਂ ਵਰਣ ਧਾਰਣ ਕਰਦਾ ਹੈ ਅਤੇ ਅੰਤ ਉਸੇ ਵਿੱਚ ਲੀਨ ਹੋ ਜਾਂਦਾ ਹੈ।[33]

ਉਪਨਿਸ਼ਦਾਂ ਵਿੱਚ ਸ੍ਰਿਸ਼ਟੀ-ਕ੍ਰਮ ਅਨੇਕ ਰੂਪਾਂ ਵਿਚ ਵਰਣਤ ਹੈ। ਛਾਂਦੋਗਯ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਆਰੰਭ ਵਿੱਚ ਕੇਵਲ ਇਕ ਅਦੁਤੀ ਸਤ ਸੀ। ਉਸ ਸੱਤ ਨੇ ਇੱਛਾ ਕੀਤੀ ਕਿ ਮੈਂ ਅਨੇਕ ਹੋ ਜਾਵਾਂ ਅਰਥਾਤ ਅਨੇਕ ਭਾਂਤ ਉਤਪੰਨ ਹੋਵਾਂ। ਇਸ ਇੱਛਾ ਅਧੀਨ ਉਸ ਨੇ ਤੇਜ ਉਤਪੰਨ ਕੀਤਾ, ਤੇਜ ਤੋਂ ਜਲ ਦੀ ਉਤਪਤੀ ਹੋਈ, ਜਲ ਤੋਂ ਅੰਨ ਉਤਪਤ ਹੋਇਆ।[34] ਏਤਰੇਅ ਉਪਨਿਸ਼ਦ ਵਿੱਚ ਸ੍ਰਿਸ਼ਟੀ ਦੇ ਆਰੰਭ ਵਿੱਚ ਕੇਵਲ ਇਕ ਆਤਮਾ ਦਾ ਜ਼ਿਕਰ ਹੈ ਅਤੇ ਉਸ ਦੀ ਇੱਛਾ ਦੁਆਰਾ ਸ੍ਰਿਸ਼ਟੀ ਸਿਰਜਨ ਦੀ ਚਰਚਾ ਹੈ।[35] ਇਸੇ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਉਸ ਆਤਮਾ ਨੇ ਅੰਭ, ਮਰੀਚ, ਮਰ ਅਤੇ ਅਪ ਲੋਕਾਂ ਦੀ ਰਚਨਾ ਕੀਤੀ।[36] ਲੋਕ-ਸ੍ਰਿਸ਼ਟੀ ਤੋਂ ਉਪ੍ਰੰਤ ਉਸ ਨੇ ਲੋਕ-ਪਾਲ ਦੀ ਰਚਨਾ ਕੀਤੀ।[37] ਉਸ ਤੋਂ ਬਾਅਦ ਮੁਖ, ਵਾਕ, ਨਾਸਿਕਾ, ਪ੍ਰਾਣ, ਵਾਯੂ, ਨੇਤਰ, ਕੰਨ, ਚਮੜੀ, ਲੂੰ ਆਦਿ ਦੀ ਉਤਪਤੀ ਕੀਤੀ।[38] ਮੁੰਡਕ ਉਪਨਿਸ਼ਦ ਵਿੱਚ

32 ਛਾਂਦੋਗਯ ਉਪਨਿਸ਼ਦ, 3/14/1
33 ਸ਼ਵੇਤਾਸ਼ਵਤਰ ਉਪਨਿਸ਼ਦ, 4/1
34 ਛਾਂਦੋਗਯ ਉਪਨਿਸ਼ਦ, 6/2/2, 6/2/3, 6/2/4
35 ਏਤਰੇਅ ਉਪਨਿਸ਼ਦ, 1/1/1
36 ਓਹੀ, 1/1/2
37 ਓਹੀ, 1/1/3
38 ਓਹੀ, 1/1/4

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਣਤ ਸ੍ਰਿਸ਼ਟੀ-ਕ੍ਰਮ ਉਪ੍ਰੋਕਤ ਸ੍ਰਿਸ਼ਟੀ-ਕ੍ਰਮ ਤੋਂ ਬਿਲਕੁਲ ਭਿੰਨ ਹੈ । ਇਸ ਵਿੱਚ ਬ੍ਰਹਮ ਤੋਂ ਅੰਨ, ਅੰਨ ਤੋਂ ਕ੍ਰਮਵਾਰ ਪ੍ਰਾਣ, ਮਨ, ਸਤਯ, ਲੋਕ, ਕਰਮ ਅਤੇ ਕਰਮ ਫਲ ਦੀ ਉਤਪਤੀ ਦਾ ਵਰਣਨ ਹੈ ।[39] ਪ੍ਰਸ਼ਨ ਉਪਨਿਸ਼ਦ ਵਿੱਚ ਇਸ ਤੋਂ ਕੁਝ ਭਿੰਨ ਭਾਂਤ ਦਾ ਸ੍ਰਿਸ਼ਟੀ-ਕ੍ਰਮ ਦਰਜ ਹੈ । ਇਸ ਵਿੱਚ ਪੁਰਸ਼ ਦੁਆਰਾ ਪ੍ਰਾਣ, ਸ਼ਰਧਾ, ਆਕਾਸ਼, ਵਾਯੂ, ਤੇਜ, ਜਲ, ਪ੍ਰਿਥਵੀ, ਇੰਦ੍ਰੀ, ਮੰਨ, ਅੰਨ, ਵੀਰਜ, ਤਪ, ਮੰਤਰ, ਕਰਮ, ਲੋਕ ਅਤੇ ਨਾਮ ਦੀ ਕ੍ਰਮਵਾਰ ਉਤਪਤੀ ਦਾ ਜ਼ਿਕਰ ਹੈ ।[40]

ਛਾਂਦੋਗਯ, ਏਤਰੇਅ, ਮੁੰਡਕ ਅਤੇ ਪ੍ਰਸ਼ਨ ਉਪਨਿਸ਼ਦ ਵਿੱਚ ਵਰ੍ਣਤ ਉਪ੍ਰੋਕਤ ਸ੍ਰਿਸ਼ਟੀ-ਕ੍ਰਮ ਇਕ ਦੂਜੇ ਤੋਂ ਭਿੰਨ ਹੈ ਪਰ ਸ੍ਰਿਸ਼ਟੀ ਦੇ ਕਾਰਣ-ਭੂਤ ਤਤ ਦੇ ਸੰਬੰਧ ਵਿੱਚ ਇਹਨਾਂ ਸਭਨਾਂ ਦਾ ਲਗਭਗ ਇਕ ਹੀ ਮਤ ਹੈ । ਇਹ ਉਪਨਿਸ਼ਦ ਸ੍ਰਿਸ਼ਟੀ ਦੇ ਆਰੰਭ ਵਿਚ ਕੇਵਲ ਇਕ ਬ੍ਰਹਮ ਜਾਂ ਆਤਮਾ ਨੂੰ ਹੀ ਮੰਨਦੇ ਹਨ । ਸ੍ਰਿਸ਼ਟੀ ਕ੍ਰਮ ਸੰਬੰਧੀ ਇਨ੍ਹਾਂ ਦੀ ਭਿੰਨਤਾ ਤੇ ਵਿਚਾਰ ਕਰਕੇ ਵੇਦਾਂਤ ਸ਼ੂਤਰਾਂ (2/3/1-15) ਵਿੱਚ ਮਹਾਂਰਿਸ਼ੀ ਬਾਦਰ ਇਣ ਨੇ ਇਹ ਨਿਰਣਾ ਕੀਤਾ ਕਿ ਮੂਲ ਬ੍ਰਹਮ ਤੋਂ ਆਕਾਸ਼ ਆਦਿ ਪੰਜ ਮਹਾਂਭੂਤ[41] ਕ੍ਰਮਵਾਰ ਉਤਪੰਨ ਹੋਏ । ਸ੍ਰਿਸ਼ਟੀ ਦਾ ਇਹ ਕ੍ਰਮ ਤੈਤਰੀਅ ਉਪਨਿਸ਼ਦ ਵਿੱਚ ਮਿਲਦਾ ਹੈ ਜਿਸ ਵਿੱਚ ਆਤਮ-ਰੂਪੀ ਬ੍ਰਹਮ ਤੋਂ ਆਕਾਸ਼, ਆਕਾਸ਼ ਤੋਂ ਹਵਾ, ਹਵਾ ਤੋਂ ਅਗਨੀ, ਅਗਨੀ ਤੋਂ ਜਲ, ਜਲ ਤੋਂ ਪ੍ਰਿਥਵੀ, ਪ੍ਰਿਥਵੀ ਤੋਂ ਬਨਸਪਤੀ, ਬਨਸਪਤੀ ਤੋਂ ਅੰਨ ਅਤੇ ਅੰਨ ਤੋਂ ਪੁਰਸ਼ ਦੀ ਉਤਪਤੀ ਦਾ ਵਰਣਨ ਕੀਤਾ ਗਿਆ ਹੈ ।[42] ਇਹ ਸ੍ਰਿਸ਼ਟੀ-ਕ੍ਰਮ ਸੂਖਮ ਤੋਂ ਕ੍ਰਮਵਾਰ ਸਥੂਲ ਦਾ ਪ੍ਰਤਿਪਾਦਨ ਕਰਦਿਆਂ ਹੋਇਆਂ ਰਚਨਾ ਕ੍ਰਮ ਦਰਸਾਉਂਦਾ ਹੈ । ਸੂਖਮ-ਤਤ ਦਾ ਕ੍ਰਮਵਾਰ ਸਥੂਲ ਵਿੱਚ ਵਟਾਂਦਰਾਂ ਹੀ ਸ੍ਰਿਸ਼ਟੀ ਪ੍ਰਕਿਰਿਆ ਹੈ । ਇਸ ਦ੍ਰਿਸ਼ਟੀ ਤੋਂ ਤੈਤਰੀਅ ਉਪਨਿਸ਼ਦ ਦਾ ਸ੍ਰਿਸ਼ਟੀ-ਕ੍ਰਮ ਹੀ ਵਧੇਰੇ ਮੰਨਣ-ਯੋਗ ਜਾਪਦਾ ਹੈ ।

ਉਪਨਿਸ਼ਦਾਂ ਵਾਂਗ ਭਗਵਦ ਗੀਤਾ ਵਿੱਚ ਵੀ ਜਗਤ ਦੀ ਉਤਪਤੀ ਬ੍ਰਹਮ ਤੋਂ ਹੀ ਦਰਸਾਈ ਗਈ ਹੈ । ਗੀਤਾ ਵਿਚ ਬ੍ਰਹਮ ਨੂੰ 'ਸਨਾਤਨ ਬੀਜਮ'[43] ਅਤੇ 'ਬੀਜਮਵ੍ਯਯਮ'[44] ਆਦਿ ਸ਼ਬਦਾਂ ਦੁਆਰਾ ਸਮਸਤ ਭੂਤਾਂ ਦਾ ਅਬਿਨਾਸ਼ੀ ਬੀਜ ਦਸਿਆ ਗਿਆ ਹੈ । ਜਿਸ ਤਰ੍ਹਾਂ ਬੀਜ ਤੋਂ ਬਿਰਖ ਉਤਪੰਨ ਹੁੰਦਾ ਹੈ ਉਸੇ ਤਰ੍ਹਾਂ ਬ੍ਰਹਮ ਰੂਪੀ ਸਨਾਤਨ ਅਬਿਨਾਸ਼ੀ

---

39 ਮੁੰਡਕ ਉਪਨਿਸ਼ਦ, 1/1/8

40 ਪ੍ਰਸ਼ਨ ਉਪਨਿਸ਼ਦ, 6/4

41 'ਭੂਤ' ਦਾ ਅਰਥ ਹੈ 'ਹੋਇਆ' । ਅਰਥਾਤ ਸ੍ਰਿਸ਼ਟੀ ਵਿਚ ਜੋ ਕੁਝ ਹੋਇਆ, ਬਣਿਆਂ ਜਾਂ ਹੈ, ਉਹ ਸਭ 'ਭੂਤ' ਹੈ । ਇਹਨਾਂ ਨੂੰ ਪੰਜ ਵਡੀਆਂ ਸ਼ਰੇਣੀਆਂ ਵਿਚ ਵੰਡਿਆ ਗਿਆ ਹੈ ਜਿਨ੍ਹਾਂ ਨੂੰ ਪੰਜ ਮਹਾ-ਭੂਤ ਕਹਿੰਦੇ ਹਨ ।

42 ਤੈਤਰੀਅ ਉਪਨਿਸ਼ਦ, 2/1/1

43 ਗੀਤਾ, 7/10

44 ਓਹੀ, 9/18

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਂ ਤੱਤ ਤੋਂ ਜਗਤ ਉਤਪੰਨ ਹੁੰਦਾ ਹੈ। ਭਗਵਦਗੀਤਾ ਵਿਚ ਭਗਵਾਨ ਨੇ ਕਿਹਾ ਹੈ ਕਿ ਮੈਂ ਸੰਪੂਰਣ ਜਗਤ ਦਾ ਉਤਪਤੀ ਅਤੇ ਪ੍ਰਲੈ ਰੂਪ ਹਾਂ[45] ਅਰਥਾਤ ਸੰਪੂਰਣ ਜਗਤ ਦਾ ਮੂਲ ਕਾਰਣ ਹਾਂ। ਇਸ ਤੋਂ ਸਿੱਧ ਹੁੰਦਾ ਹੈ ਕਿ ਗੀਤਾ ਅਨੁਸਾਰ ਜਗਤ ਦਾ ਮੂਲ ਕਾਰਣ ਪਾਰ-ਬ੍ਰਹਮ ਹੀ ਹੈ ਅਤੇ ਇਸੇ ਦੀ ਯੋਗ ਮਾਇਆ ਨਾਲ ਸਮਸਤ ਚਰਾਚਰ ਜਗਤ ਦੀ ਰਚਨਾ ਹੁੰਦੀ ਹੈ।[46]

ਗੀਤਾ ਅਨੁਸਾਰ ਸੰਪੂਰਣ ਜਗਤ ਬ੍ਰਹਮਮਈ ਹੈ ਅਤੇ ਇਹ ਧਾਗੇ ਵਿੱਚ ਮਣਕਿਆਂ ਦੀ ਨਿਆਈਂ ਬ੍ਰਹਮ ਵਿੱਚ ਪਰੋਤਾ ਪਿਆ ਹੈ।[47] ਇਹ ਬ੍ਰਹਮ ਤੋਂ ਛੁਟ ਕੋਈ ਹੋਰ ਵਸਤੂ ਨਹੀਂ ਹੈ। ਇਸੇ ਦਾ ਸਪਸ਼ਟੀਕਰਣ ਕਰਦਿਆਂ ਭਗਵਾਨ ਕ੍ਰਿਸ਼ਣ ਨੇ ਕਿਹਾ ਹੈ ਕਿ ਮੇਰੇ (ਪਾਰਬ੍ਰਹਮ) ਨਾਲ ਇਹ ਸਭ ਜਗਤ ਭਰਪੂਰ ਹੈ।[48] ਜਗਤ ਦਾ ਪਾਲਣ ਪੋਸ਼ਣ ਵੀ ਬ੍ਰਹਮ ਦੁਆਰਾ ਹੀ ਹੁੰਦਾ ਹੈ। ਇਸ ਭਾਵ ਨੂੰ ਗੀਤਾ ਵਿਚ ਬ੍ਰਹਮ ਜਗਤ ਦਾ 'ਧਾਤਾ' ਹੈ ਦੁਆਰਾ ਪ੍ਰਗਟਾਇਆ ਗਿਆ ਹੈ।[49] ਗੀਤਾ ਵਿਚ 'ਤਵਮਸਯ ਵਿਸ਼ਵਸਯ ਪਰਮ ਨਿਧਾਨਮ' ਦੁਆਰਾ ਬ੍ਰਹਮ ਨੂੰ ਜਗਤ ਦਾ ਪਰਮ ਆਧਾਰ ਕਿਹਾ ਗਿਆ ਹੈ।[50] ਇਸ ਤੋਂ ਸਪਸ਼ਟ ਹੈ ਕਿ ਗੀਤਾ ਅਨੁਸਾਰ ਜਗਤ ਦੀ ਸਥਿਤੀ ਵੀ ਬ੍ਰਹਮ ਦੇ ਹੀ ਕਾਰਣ ਹੈ।

ਜਗਤ ਦੀ ਉਤਪਤੀ ਅਤੇ ਸਥਿਤੀ ਤੋਂ ਛੁਟ ਇਸਦਾ ਲੈਅ ਵੀ ਗੀਤਾ ਅਨੁਸਾਰ ਬ੍ਰਹਮ ਵਿੱਚ ਹੀ ਹੁੰਦਾ ਹੈ। ਭਗਵਾਨ ਕ੍ਰਿਸ਼ਣ ਨੇ ਕਿਹਾ ਹੈ ਕਿ ਕਲਪ (14 ਮਨੂਆਂ ਦਾ 4320-000000 ਵਰ੍ਹੇ ਦਾ ਸਮਾਂ) ਦੇ ਅੰਤ ਵਿੱਚ ਸਮਸਤ ਭੂਤ ਮੇਰੀ ਪ੍ਰਕਿਰਤੀ ਵਿੱਚ ਲੀਨ ਹੁੰਦੇ ਹਨ।[51] ਬ੍ਰਹਮ ਹੀ ਸ੍ਰਿਸ਼ਟੀ ਦਾ ਆਦਿ, ਅੰਤ ਅਤੇ ਮਧ ਹੈ।[52] ਗੱਲ ਕੀ ਗੀਤਾ ਅਨੁਸਾਰ ਜਗਤ ਦੀ ਉਤਪਤੀ ਵਾਂਗ ਉਸਦਾ ਲੈਅ ਸਥਾਨ ਵੀ ਬ੍ਰਹਮ ਹੀ ਹੈ।

ਉਪ੍ਰੋਕਤ ਅਧਿਅਨ ਤੋਂ ਸਪਸ਼ਟ ਹੁੰਦਾ ਹੈ ਕਿ ਗੀਤਾ ਦੀ ਜਗਤ ਸੰਬੰਧੀ ਧਾਰਣਾ ਉਪਨਿਸ਼ਦਾਂ ਦੀ ਜਗਤ-ਧਾਰਣਾ ਨਾਲੋਂ ਕੋਈ ਮੌਲਕ ਅੰਤਰ ਨਹੀਂ ਰਖਦੀ ਅਤੇ ਮੂਲ ਰੂਪ ਵਿੱਚ ਸਮਾਨਤਾ ਦੀ ਧਾਰਣਾ ਹੈ।

ਸਾਂਖ ਦਰਸ਼ਨ ਅਨੁਸਾਰ ਪ੍ਰਕਿਰਤੀ ਹੀ ਜਗਤ ਦਾ ਆਦਿ ਅਤੇ ਮੂਲ ਕਾਰਣ ਹੈ। ਪ੍ਰਕਿਰਤੀ ਦਾ ਆਪਣਾ ਕੋਈ ਕਾਰਣ ਨਹੀਂ। ਜੇਕਰ ਪ੍ਰਕਿਰਤੀ ਦਾ ਕੋਈ ਕਾਰਣ

---

45 ਗੀਤਾ, 7/6 ਅਤੇ 10/8
46 ਓਹੀ, 9/10
47 ਓਹੀ, 7/7
48 ਓਹੀ, 9/4
49 ਓਹੀ, 9/17
50 ਓਹੀ, 11/18
51 ਓਹੀ. 9/7
52 ਓਹੀ, 10/32

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਨ ਲਈਏ ਤਾਂ ਉਸ ਕਾਰਣ ਦਾ ਵੀ ਕੋਈ ਕਾਰਣ ਹੋਵੇਗਾ । ਪਰ ਨਹੀਂ, 'ਅਮੂਲੰ ਮੂਲੰ' ਅਨੁਸਾਰ ਮੂਲ ਕਾਰਣ ਦਾ ਕੋਈ ਮੂਲ ਨਹੀਂ ਹੁੰਦਾ ।

ਪਰ ਇਹ ਪ੍ਰਕਿਰਤੀ ਹੈ ਕੀ ? ਇਹ ਕੋਈ ਦ੍ਰਵ ਅਰਥਾਤ ਪਦਾਰਥ ਨਹੀਂ । ਇਸ ਲਈ ਸਤ, ਰਜ ਅਤੇ ਤਮ ਇਸ ਦੇ ਗੁਣ ਨਹੀਂ ਹਨ । ਇਹ ਤਾਂ ਤ੍ਰੈਗੁਣਾਂ ਦੀ ਸਮ-ਅਵਸਥਾ ਹੈ । ਜਦੋਂ ਤ੍ਰੈਗੁਣ ਸਮਸ਼ਕਤੀ ਸੰਪੰਨ ਹੁੰਦੇ ਹਨ, ਜਦੋਂ ਇਕ ਗੁਣ ਦੂਜੇ ਦੋ ਗੁਣਾਂ ਉਪਰ ਹਾਵੀ ਨਹੀਂ ਹੁੰਦਾ ਤਦੋਂ ਇਕ ਵਿਕਾਰਹੀਨ, ਨਿਰਵਿਸ਼ੇਸ਼ ਸਮ-ਅਵਸਥਾ ਦੀ ਸ੍ਰਿਸ਼ਟੀ ਹੁੰਦੀ ਹੈ । ਤ੍ਰੈਗੁਣਾਂ ਦੀ ਇਹ ਨਿਰਾਵਕਾਰ ਸਮ-ਅਵਸਥਾ ਹੀ ਪ੍ਰਕਿਰਤੀ ਹੈ ।[53] ਇਸ ਤੋਂ ਛੁਟ ਪ੍ਰਕਿਰਤੀ ਦੀ ਕੋਈ ਵੱਖਰੀ ਸੱਤਾ ਨਹੀਂ ।

ਸਾਂਖ ਦਰਸ਼ਨ ਅਨੁਸਾਰ ਜਗਤ ਦੇ ਮੂਲ ਕਾਰਣ ਦਾ ਨਾਮ ਹੀ ਪ੍ਰਕਿਰਤੀ ਹੈ । ਕਿਉਂ ਕਿ ਸਭ ਪਦਾਰਥ ਤ੍ਰੈਗੁਣਾਤਮਿਕ ਅਤੇ ਅਚੇਤਨ ਹਨ ਅਤੇ ਪ੍ਰਕਿਰਤੀ ਇਹਨਾਂ ਦਾ ਉਪਾਦਾਨ ਕਾਰਣ ਹੈ, ਇਸ ਲਈ ਪ੍ਰਕਿਰਤੀ ਵੀ ਤ੍ਰੈਗੁਣਾਤਮਿਕ ਅਤੇ ਅਚੇਤਨ ਹੈ । ਭਾਵੇਂ ਜੜ ਪ੍ਰਕਿਰਤੀ ਦੇ ਵਿਕਾਰ ਜਾਂ ਪਰਿਵਰਤਨ ਤੋਂ ਜਗਤ ਦੀ ਉਤਪਤੀ ਹੋਈ ਹੈ ਪਰ ਤਾਂ ਵੀ ਪ੍ਰਕਿਰਤੀ ਆਪ ਅਵਿਕ੍ਰਿਤੀ ਹੈ ਅਰਥਾਤ ਇਹ ਕਿਸੇ ਕਾਰਣ ਦਾ ਵਿਕਾਰ ਨਹੀਂ ਹੈ ।

ਪ੍ਰਕਿਰਤੀ ਕਿਉਂਕਿ ਜਗਤ ਦਾ ਮੂਲ ਕਾਰਣ ਹੈ, ਇਸ ਲਈ ਇਹ ਨਿਤ, ਸੁਤੰਤਰ ਅਤੇ ਪ੍ਰਧਾਨ ਹੈ ।[54] ਪ੍ਰਕਿਰਤੀ ਅਤਿ ਸੂਖਮ ਹੈ ਅਤੇ ਅਵਿਅਕਤ[55] ਹੋਣ ਕਾਰਣ ਪਰੋਖ ਹੈ ।[56] ਇਸ ਲਈ ਅਸੀਂ ਇਸ ਨੂੰ ਦੇਖ ਨਹੀਂ ਸਕਦੇ । ਪਰ ਇਸ ਕਾਰਣ ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਪ੍ਰਕਿਰਤੀ ਦੀ ਸੱਤਾ ਹੈ ਹੀ ਨਹੀਂ, ਸਗੋਂ ਇਸ ਦੇ ਵਿਪਰੀਤ ਅਸੀਂ ਜਗਤ-ਕਾਰਜ ਨੂੰ ਦੇਖ ਕੇ ਹੀ ਕਾਰਣ ਰੂਪੀ ਪ੍ਰਕਿਰਤੀ ਦੀ ਸੱਤਾ ਦਾ ਅਨੁਮਾਨ ਲਗਾ ਸਕਦੇ ਹਾਂ । ਜਦੋਂ ਅਸੀਂ ਦੇਖਦੇ ਹਾਂ ਕਿ ਹਰ ਪਾਸੇ ਕਾਰਣ ਤੋਂ ਬਿਨਾ ਕੋਈ ਘਟਨਾ ਨਹੀਂ ਵਾਪਰਦੀ ਤਾਂ ਆਸੀਂ ਅਨੁਮਾਨ ਕਰ ਸਕਦੇ ਹਾਂ ਕਿ ਜਿਸ ਮਹੱਤ ਤੋਂ ਕਾਰਣ-ਕਾਰਜ-ਪਰੰਪਰਾ ਦੁਆਰਾ ਸਮਸਤ ਅਪ੍ਰਧ ਨ ਤਤਾਂ ਦੀ ਉਤਪਤੀ ਹੁੰਦੀ ਹੈ, ਉਸ ਮਹੱਤ-ਤਤ ਦਾ ਵੀ ਕੋਈ ਕਾਰਣ ਜ਼ਰੂਰ ਹੋਵੇਗਾ । ਬਸ ਪ੍ਰਕਿਰਤੀ ਹੀ ਇਸ ਦਾ ਇਕ ਮਾਤਰ ਕਾਰਣ ਹੈ । ਭਾਵੇਂ ਪ੍ਰਕਿਰਤੀ ਅਵਿਅਕਤ ਅਤੇ ਇੰਦ੍ਰਾਵੀ ਗਿਆਨ ਤੋਂ ਪਰੇ ਦੀ ਸੂਖਮ ਵਸਤੂ ਹੈ ਫੇਰ ਵੀ ਇਸ ਦਾ ਸਰੂਪ ਅਸੀਂ ਕ ਰਜ ਤੋਂ ਅਨੁਮਾਨ ਦੁਆਰਾ ਗਿਆਤ ਕਰ ਸਕਦੇ ਹਾਂ ਕਿਉਂ ਕਿ ਕਾਰਜ ਕਾਰਣਾਤਮਕ ਹੈ। ਭ ਵੇਂ ਕਾਰਜਾਂ ਅਤੇ ਕਾਰਣਾਂ ਵਿੱਚ ਕਈ ਪੱਖਾਂ ਤੋਂ ਭੇਦ ਹੁੰਦਾ ਹੈ ਪਰ ਫੇਰ ਵੀ ਸਰੂਪ ਵਜੋਂ ਇਹ ਅਭੇਦ ਜਾਂ ਅਭਿੰਨ ਹਨ । ਇਸ ਲਈ ਕਾਰਜ ਤੋਂ ਅਸੀਂ ਕਾਰਣ ਦੇ ਸਰੂਪ ਦਾ ਅਨੁਮਾਨ ਕਰ ਸਕਦੇ ਹਾਂ ।

---

53 ਸਾਂਖ ਕਾਰਿਕਾ, ਭੂਮਿਕਾ, ਪੰਨਾ 4
54 ਸਾਂਖ ਕਾਰਿਕਾ, 21
55 ਓਹੀ, 10
56 ਓਹੀ, 8

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਕਿਰਤੀ ਦੇ ਵਿਕਾਰ ਤੋਂ ਸਮਸਤ ਪਦਾਰਥਾਂ ਦੀ ਉਤਪਤੀ ਹੁੰਦੀ ਹੈ ਇਸ ਲਈ ਪ੍ਰਕਿਰਤੀ ਕਰਮਸ਼ੀਲ ਅਤੇ ਪਰਿਣਾਮਸ਼ੀਲ ਹੈ। ਜਿਸ ਤਰ੍ਹਾਂ ਮਿੱਟੀ ਤੋਂ ਘੜੇ ਦੀ ਉਤਪਤੀ ਹੁੰਦੀ ਹੈ ਅਤੇ ਵਿਨਾਸ਼ ਹੋਣ ਤੇ ਘੜਾ ਮੁੜ ਮਿੱਟੀ ਵਿੱਚ ਹੀ ਵਿਲੀਨ ਹੋ ਜਾਂਦਾ ਹੈ, ਠੀਕ ਉਸੇ ਤਰ੍ਹਾਂ ਜਗਤ ਦੀ ਉਤਪਤੀ ਪ੍ਰਕਿਰਤੀ ਤੋਂ ਹੁੰਦੀ ਹੈ ਅਤੇ ਪ੍ਰਲੈਕਾਲ ਵਿੱਚ ਉਹ ਪ੍ਰਕਿਰਤੀ ਵਿਚ ਹੀ ਵਿਲੀਨ ਹੋ ਜਾਂਦਾ ਹੈ। ਪ੍ਰਕਿਰਤੀ ਜਗਤ ਦਾ ਉਪਾਦਾਨ ਕਾਰਣ ਹੈ। ਜਿਸ ਪ੍ਰਕਾਰ ਤਿਲ ਵਿੱਚ ਤੇਲ ਪਹਿਲਾਂ ਤੋਂ ਹੀ ਲੁਪਤ ਅਵਸਥਾ ਵਿਚ ਮੌਜੂਦ ਹੁੰਦਾ ਹੈ ਉਸੇ ਤਰ੍ਹਾਂ ਸਮਸਤ ਜਗਤ, ਪ੍ਰਕਿਰਤੀ ਵਿੱਚ ਪਹਿਲਾਂ ਤੋਂ ਹੀ ਵਿਦਮਾਨ ਰਹਿੰਦਾ ਹੈ। ਪੁਰਸ਼ ਦੇ ਭੋਗ ਅਤੇ ਬੰਧਨ ਲਈ ਪ੍ਰਕਿਰਤੀ ਇਸ ਵਿਚਿੱਤਰ ਜਗਤ-ਜਾਲ ਦਾ ਕ੍ਰਮ ਅਨੁਸਾਰ ਵਿਸਥਾਰ ਕਰਦੀ ਹੈ। ਫੇਰ ਪੁਰਸ਼ ਦੇ ਮੁਕਤ ਹੋਣ ਤੇ ਪ੍ਰਕਿਰਤੀ ਇਸ ਨੂੰ ਕ੍ਰਮ ਅਨੁਸਾਰ ਆਪਣੇ ਸਰੂਪ ਵਿਚ ਖਿੱਚ ਲੈਂਦੀ ਹੈ। ਦੂਜੇ ਸ਼ਬਦਾਂ ਵਿਚ ਤ੍ਰੈਗੁਣਾਤਮਿਕ ਪ੍ਰਕਿਰਤੀ ਜੀਵ ਦੇ ਬੰਧਨ ਦਾ ਵੀ ਕਾਰਣ ਹੈ ਅਤੇ ਮੋਖ ਦਾ ਵੀ।

ਸਾਂਖ ਦੀ ਪ੍ਰਕਿਰਤੀ ਅਤੇ ਉਪਨਿਸ਼ਦਾਂ ਅਤੇ ਗੀਤਾ ਦੀ ਮਾਇਆ ਵਿੱਚ ਮੌਲਿਕ ਅੰਤਰ ਹੈ। ਸਾਂਖ ਦੀ ਪ੍ਰਕਿਰਤੀ ਸੁਤੰਤਰ ਹੈ, ਪਰ ਉਪਨਿਸ਼ਦ ਅਤੇ ਗੀਤਾ ਦੀ ਮਾਇਆ ਦਾ ਕਾਰਣ ਬ੍ਰਹਮ ਹੈ। 'ਮਾਇਆ' ਬ੍ਰਹਮ ਦੀ ਕਿਰਿਆ-ਸ਼ਕਤੀ ਦੇ ਰੂਪ ਵਿਚ ਸ੍ਰਿਸ਼ਟੀ ਦੀ ਰਚਨਾ ਕਰਦੀ ਹੈ ਪਰ ਪ੍ਰਕਿਰਤੀ ਕਿਸੇ ਦੇ ਅਧੀਨ ਨਹੀਂ। ਗੀਤਾ ਦੀ ਮਾਇਆ ਅਤੇ ਸਾਂਖ ਦੀ ਪ੍ਰਕਿਰਤੀ ਦੋਵੇਂ ਸਮਾਨ ਰੂਪ ਵਿਚ ਤ੍ਰੈਗੁਣਾਤਮਿਕ ਹਨ। ਪਰ ਜਿਥੇ ਸਾਂਖ ਦੀ ਤ੍ਰੈਗੁਣਾ-ਤਮਿਕ ਪ੍ਰਕਿਰਤੀ ਪੁਰਸ਼ ਦੇ ਮੋਖ ਦਾ ਸਾਧਨ ਬਣਦੀ ਹੈ ਉਥੇ ਗੀਤਾ ਦੀ ਮਾਇਆ ਵਿੱਚ ਅਜਿਹੀ ਸਮਰੱਥਾ ਦਿਖਾਈ ਨਹੀਂ ਦਿੰਦੀ। ਪ੍ਰਕਿਰਤੀ ਸੁਤੰਤਰ ਅਤੇ ਮਾਇਆ ਪਰਤੰਤਰ ਹੈ। ਇੰਜ ਸਾਂਖ ਦੀ ਪ੍ਰਕਿਰਤੀ ਗੀਤਾ ਅਤੇ ਉਪਨਿਸ਼ਦਾਂ ਦੀ ਮਾਇਆ ਤੋਂ ਵਧੇਰੇ ਸਪਰੱਥ ਹੈ।

ਜਗਤ-ਉਤਪਤੀ ਦੇ ਸੰਬੰਧ ਵਿਚ ਸਾਂਖ ਦਰਸ਼ਨ ਸੱਤਕਾਰਜਵਾਦ ਦਾ ਸਮਰਥਕ ਹੈ। ਸੱਤਕਾਰਜਵਾਦ ਉਹ ਮਤ ਜਾਂ ਵਾਦ ਹੈ ਜਿਸ ਵਿਚ ਸਵੀਕਾਰ ਕੀਤਾ ਜਾਂਦਾ ਹੈ ਕਿ ਕਾਰਜ ਦੀ ਉਤਪਤੀ ਤੋਂ ਪਹਿਲਾਂ ਕਾਰਜ, ਕਾਰਣ ਵਿੱਚ ਵਿਦਮਾਨ ਹੁੰਦਾ ਹੈ। ਇਸੇ ਲਈ ਸਾਂਖਵਾਦੀਆਂ ਦੇ ਮਤ ਅਨੁਸਾਰ ਕਾਰਜ ਆਪਣੀ ਉਤਪਤੀ ਤੋਂ ਪਹਿਲਾਂ ਕਾਰਣ ਵਿਚ ਮੌਜੂਦ ਰਹਿੰਦਾ ਹੈ ਅਤੇ ਕਾਰਣ ਅਤੇ ਕਾਰਜ ਵਿੱਚ ਅਭਿੰਨਤਾ ਹੈ।

ਸੱਤਕਾਰਜਵਾਦ ਦੇ ਵਿਪਰੀਤ ਇਕ ਹੋਰ ਮਤ ਜਾਂ ਵਾਦ ਹੈ ਜਿਸ ਨੂੰ ਅਸੱਤ ਕਾਰਜ-ਵਾਦ ਕਹਿੰਦੇ ਹਨ। ਅਸੱਤ ਕਾਰਜਵਾਦ ਉਹ ਵਾਦ ਹੈ ਜਿਸ ਵਿੱਚ ਇਹ ਸਵੀਕਾਰ ਕੀਤਾ ਜਾਂਦਾ ਹੈ ਕਿ ਕਾਰਜ ਦੀ ਉਤਪਤੀ ਤੋਂ ਪਹਿਲਾਂ ਉਸ ਦੀ ਹੋਂਦ ਕਾਰਣ ਵਿਚ ਵਿਦਮਾਨ ਨਹੀਂ ਹੁੰਦੀ। ਇਸ ਦੇ ਸਮਰਥਕ ਹਨ ਨਿਆਇਕ ਵੈਸ਼ੇਸ਼ਿਕ ਅਤੇ ਬੋਧ ਦਾਰਸ਼ਨਿਕ। ਇਹਨਾਂ ਅਨੁਸਾਰ ਉਤਪਤੀ ਤੋਂ ਪਹਿਲਾਂ ਕਾਰਜ, ਕਾਰਣ ਵਿੱਚ ਮੌਜੂਦ ਨਹੀਂ ਹੁੰਦਾ। ਕਾਰਜ, ਕਾਰਣ ਤੋਂ ਵਖਰਾ ਹੈ ਅਤੇ ਇਹ ਇਕ ਨਵੀਂ ਘਟਨਾ ਹੈ। ਦੂਜੇ ਸ਼ਬਦਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਇਕ ਨਵਾਂ ਆਰੰਭ ਜਾਂ ਸ੍ਰਿਸ਼ਟੀ ਹੈ। ਇਸੇ ਲਈ ਅਸੱਤਕਾਰਜਵਾਦ ਨੂੰ ਆਰੰਭਵਾਦ ਵੀ ਕਹਿੰਦੇ ਹਨ।[57]

---

57 ਅਸੱਤਕਾਰਜਵਾਦੀ ਆਪਣੇ ਵਾਦ ਦੀ ਪ੍ਰਤਿਸ਼ਠਾ ਲਈ ਹੇਠ ਲਿਖੀਆਂ ਦਲੀਲਾਂ ਦਿੰਦੇ ਹਨ :

(1) ਕਾਰਜ ਕਾਰਣ ਤੋਂ ਭਿੰਨ ਪਦਾਰਥ ਹੈ, ਜੇ ਕਾਰਜ ਨੂੰ ਕਾਰਣ ਵਿਚ ਮੌਜੂਦ ਮੰਨ ਲਈਏ ਤਾਂ ਇਹ ਵੀ ਮੰਨਣਾ ਪਵੇਗਾ ਕਿ ਕਾਰਜ ਤੇ ਕਾਰਣ ਅਭਿੰਨ ਹਨ। ਪਰ ਕਾਰਜ ਅਤੇ ਕਾਰਣ ਦੇ ਅਭਿੰਨ ਹੋਣ ਨਾਲ ਉਹਨਾਂ ਦੇ ਵਖ ਵਖ ਨਾਮ ਰਖੱਣ ਦਾ ਕੋਈ ਪ੍ਰਯੋਜਨ ਨਹੀਂ ਸਿੱਧ ਹੁੰਦਾ। ਉਹ ਭਿੰਨ ਹਨ, ਇਸੇ ਲਈ ਉਹਨਾਂ ਦੇ ਵਖ ਵਖ ਨਾਮ ਵੀ ਹਨ। ਮਿੱਟੀ ਤੋਂ ਘੜੇ ਦੀ ਉਤਪਤੀ ਹੋਣ ਤੇ ਵੀ ਮਿੱਟੀ ਅਤੇ ਘੜਾ ਭਿੰਨ ਪਦਾਰਥ ਹਨ। ਇਸੇ ਲਈ ਮਿੱਟੀ ਨੂੰ ਮਿੱਟੀ ਅਤੇ ਘੜੇ ਨੂੰ ਘੜਾ ਕਹਿੰਦੇ ਹਨ, ਮਿਟੀ ਨੂੰ ਘੜਾ ਨਹੀਂ ਕਹਿੰਦੇ।

(2) ਕਾਰਜ ਅਤੇ ਕਾਰਣ ਦੇ ਅਭਿੰਨ ਹੋਣ ਤੇ ਉਹਨਾਂ ਵਿਚ ਇਕੋ ਹੀ ਪ੍ਰਯੋਜਨ ਦੀ ਪੂਰਤੀ ਕਰਨ ਦੀ ਸਮਰੱਥਾ ਹੋਵੇਗੀ ਪਰ ਇਹ ਪ੍ਰਤੱਖ ਅਤੇ ਸਿੱਧ ਹੈ ਕਿ ਘੜਾ ਸਾਡੇ ਜਿਸ ਉਦੇਸ਼ ਜਾਂ ਪ੍ਰਯੋਜਨ ਦੀ ਪੂਰਤੀ ਕਰਦਾ ਹੈ ਮਿੱਟੀ ਵਿਚ ਉਸ ਪ੍ਰਯੋਜਨ ਦੇ ਸਿੱਧ ਕਰਨ ਦੀ ਸਮਰੱਥਾ ਨਹੀਂ ਹੈ। ਇਸ ਤੋਂ ਇਹੀ ਸਿੱਧ ਹੁੰਦਾ ਹੈ ਕਿ ਕਾਰਣ ਤੋਂ ਕਾਰਜ ਦੇ ਉਤਪਤ ਹੋਣ ਦੇ ਬਾਵਜੂਦ ਵੀ ਇਹ ਦੋਵੇਂ ਭਿੰਨ ਪਦਾਰਥ ਹਨ।

(3) ਕਾਰਜ ਦੀ ਉਤਪਤੀ ਤੋਂ ਪਹਿਲਾਂ ਕਾਰਜ ਦੇ ਕਾਰਣ ਵਿਚ ਵਿਦਮਾਨ ਰਹਿਣ ਕਰ ਕੇ ਕਾਰਜ-ਉਤਪਤੀ ਦਾ ਕੋਈ ਸੁਆਲ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਉਤਪਤੀ ਦਾ ਅਰਥ ਹੈ ਜੋ ਪਹਿਲਾਂ ਨਹੀਂ ਸੀ ਉਸ ਦਾ ਆਗਮਨ। ਉਤਪਤੀ ਤੋਂ ਪਹਿਲਾਂ ਕਾਰਜ ਦੇ ਕਾਰਣ ਵਿਚ ਮੌਜੂਦ ਹੋਣ ਤੇ ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ (ਕਾਰਜ) ਉਤਪਤ ਹੁੰਦਾ ਹੈ। ਪਰ ਜਦੋਂ ਅਸੀਂ ਕਾਰਜ-ਉਤਪਤੀ ਨੂੰ ਸਵੀਕਾਰ ਕਰਦੇ ਹਾਂ, ਤਾਂ ਸਤਕਾਰਜਵਾਦ ਅਰਥਹੀਨ ਹੋ ਜਾਂਦਾ ਹੈ।

(4) ਕਾਰਜ ਅਤੇ ਕਾਰਣ ਦਾ ਸੰਪਰਕ ਇਕ ਸੰਬੰਧ ਹੈ, ਤੇ ਸੰਬੰਧ ਦੋ ਭਿੰਨ ਪਦਾਰਥਾਂ ਵਿਚ ਹੀ ਹੋ ਸਕਦਾ ਹੈ। ਕਾਰਣ ਅਤੇ ਕਾਰਜ ਦੋ ਭਿੰਨ ਪਦਾਰਥ ਹਨ। ਇਸੇ ਲਈ ਇਹਨਾਂ ਦੇ ਸੰਬੰਧ ਦਾ ਸੁਆਲ ਪੈਦਾ ਹੁੰਦਾ ਹੈ। ਜੇ ਇਹ ਅਭਿੰਨ ਹੋਣ ਤਾਂ ਸੰਬੰਧ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ।

(5) ਕਾਰਣ ਅਤੇ ਕਾਰਜ, ਜਿਵੇਂ ਮਿੱਟੀ ਅਤੇ ਘੜਾ, ਇਕੋ ਪਦਾਰਥ ਨਹੀਂ ਹਨ। ਘੜੇ ਦਾ ਆਕਾਰ ਅਤੇ ਸਮੁਚੀ ਬਣਤਰ ਉਹੋ ਜਿਹੀ ਨਹੀਂ ਜਿਹੋ ਜਿਹੀ ਮਿੱਟੀ ਦੀ ਹੁੰਦੀ ਹੈ।

(6) ਨਿਆਇਕਾਂ ਦੇ ਮਤ ਅਨੁਸਾਰ ਕਾਰਜ-ਉਤਪਤੀ ਤੋਂ ਪਹਿਲਾਂ ਕਾਰਣ ਵਿਚ ਕਾਰਜ ਦੇ ਵਿਦਮਾਨ ਰਹਿਣ ਕਰ ਕੇ ਨਮਿਤ ਕਾਰਣ ਦੀ ਕਈ ਲੋੜ ਨਹੀਂ ਰਹਿੰਦੀ। ਪਰ ਇਹ ਗੱਲ ਤਾਂ ਪ੍ਰਗਟ ਹੀ ਹੈ ਕਿ ਹਰੇਕ ਕਾਰਜ ਦਾ ਨਮਿਤ ਕਾਰਣ ਮੌਜੂਦ ਹੁੰਦਾ ਹੈ। ਘੜੇ ਦੀ ਉਤਪਤੀ ਤੋਂ ਪਹਿਲਾਂ ਮਿੱਟੀ ਵਿਚ ਘੜੇ ਦੇ ਨਮਿਤ ਕਾਰਣ ਦੇ ਰੂਪ ਵਿਚ ਵਿਦਮਾਨ ਰਹਿਣ ਤੇ ਘੁਮਿਆਰ ਦੀ ਕਈ ਲੋੜ ਨਹੀਂ ਰਹਿੰਦੀ। ਮਿੱਟੀ ਵਿਚ ਘੜਾ ਵਿਦਮਾਨ ਨਹੀਂ ਹੁੰਦਾ, ਇਸੇ ਲਈ ਤਾਂ ਘੁਮਿਆਰ ਦੀ ਲੋੜ ਪੈਂਦੀ ਹੈ।

ਉਪ੍ਰੋਕਤ ਦਲੀਲਾਂ ਦੇ ਆਧਾਰ ਤੇ ਅਸੱਤਕਾਰਜਵਾਦੀਆਂ ਨੇ ਸਤਕਾਰਜਵਾਦ ਦਾ ਖੰਡਨ ਕਰਕੇ ਆਪਣੇ ਮਤ ਨੂੰ ਪ੍ਰੌੜ੍ਹਤਾ ਪ੍ਰਦਾਨ ਕੀਤੀ। ਪਰ ਸਾਂਖਯਾ ਨੇ ਅਸੱਤ-ਕਾਰਜਵਾਦ ਦਾ ਖੰਡਨ ਕਰਕੇ

ਬਾਕੀ ਅਗਲੇ ਪੰਨੇ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਸੁਆਲ ਉਠਾਇਆ ਜਾ ਸਕਦਾ ਹੈ ਕਿ ਜੇ ਕਰ ਕਾਰਜ ਕਾਰਣ ਵਿੱਚ ਹੀ ਵਿਦਮਾਨ ਹੁੰਦਾ ਹੈ ਤਾਂ ਕਾਰਜ-ਉਤਪਤੀ ਦੀ ਲੋੜ ਹੀ ਕਿਉਂ ਪੈਂਦੀ ਹੈ ? ਇਸ ਦੇ ਜੁਆਬ ਵਿਚ ਸਾਂਖਕਾਰ ਦਾ ਕਥਨ ਹੈ ਕਿ ਕਾਰਣ ਦੀ ਸ਼ਕਤੀ ਦਾ ਵਿਕਾਸ ਹੀ ਕਾਰਜ ਹੈ ।

ਸਤਕਾਰਜਵਾਦ ਦੀ ਪ੍ਰਤਿਸ਼ਠਾ ਕੀਤੀ ਹੈ। ਸੱਤਕਾਰਜਵਾਦ ਦੇ ਪੱਖ ਵਿਚ ਹੇਠ ਲਿਖੀਆਂ ਦਲੀਲਾਂ ਦਿੱਤੀਆਂ ਜਾਂਦੀਆਂ ਹਨ :—

(1) ਕਾਰਜ ਦੀ ਉਤਪਤੀ ਤੋਂ ਪਹਿਲਾਂ ਜੇ ਕਰ ਕਾਰਜ ਕਾਰਣ ਵਿਚ ਮੌਜੂਦ ਨਾ ਹੋਵੇ ਤਾਂ ਇਹ ਮੰਨਣਾ ਪਵੇਗਾ ਕਿ ਕਾਰਣ ਦੇ ਅਭਾਵ ਤੋਂ ਹੀ ਕਾਰਜ ਦੀ ਉਤਪਤੀ ਹੁੰਦੀ ਹੈ । ਪਰ ਵਾਸਤਵਿਕਤਾ ਤਾਂ ਇਹ ਹੈ ਕਿ ਅਭਾਵ ਤੋਂ ਕਿਸੇ ਭਾਵ ਦੀ ਉਤਪਤੀ ਨਹੀਂ ਹੋ ਸਕਦੀ । ਜੇਕਰ ਅਭਾਵ ਤੋਂ ਕਿਸੇ ਕਾਰਜ ਦੀ ਉਤਪਤੀ ਹੁੰਦੀ ਤਾਂ ਕਿਸੇ ਵੀ ਕਾਰਣ ਤੋਂ ਕੋਈ ਵੀ ਕਾਰਜ ਉਤਪਤ ਹੋ ਸਕਦਾ ਸੀ ।

(2) ਸਾਂਖਕਾਰ ਅਨੁਸਾਰ ਕਾਰਣ ਅਤੇ ਕਾਰਜ ਦੋਵੇਂ ਸੱਤ ਹਨ । ਜੋ ਅਸੱਤ ਹੈ ਉਸ ਦੀ ਕੋਈ ਉਤਪਤੀ ਨਹੀਂ ਹੁੰਦੀ ਅਤੇ ਉਹ ਕਿਸੇ ਵੀ ਕਾਰਜ ਨੂੰ ਉਤਪਤ ਨਹੀਂ ਕਰ ਸਕਦਾ । ਆਕਾਸ਼ ਦੇ ਫੁਲ ਦੀ ਕੋਈ ਸੱਤਾ ਨਹੀਂ ਹੈ । ਇਸ ਲਈ ਨਾ ਤਾਂ ਇਹ ਕਾਰਣ ਹੈ ਅਤੇ ਨਾ ਹੀ ਕਾਰਜ । ਸੱਤ ਦੀ ਉਤਪਤੀ ਹੁੰਦੀ ਹੈ ਅਰਥਾਤ ਸਤਕਾਰਣ ਤੋਂ ਸਤਕਾਰਜ ਦੀ ਉਤਪਤੀ ਹੁਦੀ ਹੈ । ਇਥੇ ਸਾਂਖਕਾਰ ਨੇ ਬੌਧ ਅਸਤ-ਕਾਰਣਵਾਦ (ਅਸਤਕਾਰਣ ਤੋਂ ਸਤਕਾਰਜ ਦੀ ਉਤਪਤੀ) ਅਤੇ ਅਦਵੈਤ ਵੇਦਾਂਤ ਦੇ 'ਬ੍ਰਹਮ ਸਤਯਮ ਜਗਤ ਮਿਥਿਆ' (ਸਤ ਬ੍ਰਹਮ ਤੋਂ ਅਸਤ ਕਾਰਜ ਰੂਪ ਜਗਤ ਦੀ ਉਤਪਤੀ) ਦਾ ਖੰਡਨ ਕੀਤਾ ਹੈ ।

(3) ਹਰੇਕ ਕਾਰਜ ਦਾ ਉਪਾਦਾਨ ਹੁੰਦਾ ਹੈ । ਕਾਰਜ ਦਾ ਇਹ ਉਪਾਦਾਨ ਕਿਥੋਂ ਆਉਂਦਾ ਹੈ ? ਨਿਸ਼ਚਿਤ ਹੈ ਕਿ ਇਹ ਕਾਰਣ ਤੋਂ ਹੀ ਆਉਂਦਾ ਹੈ । ਕਾਰਜ-ਉਤਪਤੀ ਤੋਂ ਪਹਿਲਾਂ ਕਾਰਜ ਆਪਣੇ ਉਪਾਦਾਨ ਕਾਰਣ ਵਿੱਚ ਜ਼ਰੂਰ ਹੋਵੇਗਾ । ਕਾਰਣ ਅਤੇ ਕਾਰਜ ਵਿੱਚ ਆਕਾਰਗਤ ਭੇਦ ਦੇ ਬਾਵਜੂਦ ਵੀ ਉਪਾਦਾਨਗਤ ਏਕਤਾ ਵਿਦਮਾਨ ਰਹਿੰਦੀ ਹੈ । ਮਿੱਟੀ ਅਤੇ ਘੜੇ ਦਾ ਉਪਾਦਾਨ ਇਕ ਹੈ । ਇਸੇ ਲਈ ਮਿੱਟੀ ਤੋਂ ਘੜੇ ਦੀ ਉਤਪਤੀ ਸੰਭਵ ਹੁੰਦੀ ਹੈ ।

(4) ਕਾਰਜ-ਉਤਪਤੀ ਤੋਂ ਪਹਿਲਾਂ ਕਾਰਜ ਕਾਰਣ ਵਿਚ ਮੌਜੂਦ ਰਹਿੰਦਾ ਹੈ, ਇਸ ਦਾ ਇਕ ਪ੍ਰਮੁਖ ਪ੍ਰਮਾਣ ਇਹ ਹੈ ਕਿ ਕਾਰਣ ਦਾ ਜੋ ਉਪਾਦਾਨ ਹੁੰਦਾ ਹੈ ਉਸ ਤੋਂ ਉਹੀ ਉਪਾਦਾਨ-ਵਿਸ਼ਿਸ਼ਟ ਕਾਰਜ ਉਤਪੰਨ ਹੋ ਸਕਦਾ ਹੈ । ਇਹ ਪ੍ਰਤੱਖ ਨਿਯਮ ਹੈ, ਇਸੇ ਲਈ ਸੂਤਰ ਤੋਂ ਵਸਤਰ, ਤਿਲ ਤੋਂ ਤੇਲ, ਸੋਨੇ ਤੋਂ ਸੋਨੇ ਦੇ ਜ਼ੇਵਰ, ਮਿੱਟੀ ਤੋਂ ਮਿੱਟੀ ਦਾ ਘੜਾ ਆਦਿ ਉਤਪੰਨ ਹੁੰਦੇ ਹਨ । ਕਾਰਜ ਸਮਸਤ ਸਮਿਆਂ ਵਿਚ ਕਾਰਣਾਤਮਕ ਹੁੰਦਾ ਹੈ ।

(5) ਹਰੇਕ ਕਾਰਣ ਤੋਂ ਹਰੇਕ ਕਾਰਜ ਉਤਪਤ ਨਹੀਂ ਹੁੰਦਾ । ਕੇਵਲ ਕਿਸੇ ਵਿਸ਼ੇਸ਼ ਕਾਰਣ ਤੋਂ ਹੀ ਕਿਸੇ ਵਿਸ਼ੇਸ਼ ਕਾਰਜ ਦੀ ਉਤਪਤੀ ਹੁੰਦੀ ਹੈ । ਵਿਸ਼ੇਸ਼ ਕਾਰਣ ਵਿੱਚ ਕੇਵਲ ਵਿਸ਼ੇਸ਼ ਕਾਰਜ ਉਤਪੰਨ ਕਰਨ ਦੀ ਸਮਰੱਥਾ ਹੁੰਦੀ ਹੈ । ਇਸ ਲਈ ਮਿੱਟੀ ਤੋਂ ਕੇਵਲ ਮਿੱਟੀ ਦੇ ਘੜੇ ਆਦਿ ਅਤੇ ਸੋਨੇ ਤੋਂ ਕੇਵਲ ਸੋਨੇ ਦੇ ਜ਼ੇਵਰਾਂ ਆਦਿ ਦੀ ਉਤਪਤੀ ਹੀ ਸੰਭਵ ਹੈ । ਮਿੱਟੀ ਤੋਂ ਸੋਨੇ ਦੇ ਜਾਂ ਸੋਨੇ ਤੋਂ ਮਿੱਟੀ ਦੇ ਪਦਾਰਥਾਂ ਦੀ ਉਤਪਤੀ ਸੰਭਵ ਨਹੀਂ ਹੈ । ਇਸ ਤੋਂ ਨਿਰਸੰਦੇਹ ਸਿੱਧ ਹੁੰਦਾ ਹੈ ਕਿ ਕਾਰਜ-ਉਤਪਤੀ ਤੋਂ ਪਹਿਲਾਂ ਕਾਰਜ ਕਾਰਣ ਵਿਚ ਸੰਭਾਵਨਾ-ਰੂਪ ਵਿਚ ਵਿਦਮਾਨ ਰਹਿੰਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਜ ਸ਼ਕਤੀ ਦੇ ਰੂਪ ਵਿੱਚ ਅਤੇ ਸੰਭਾਵਨਾ ਦੇ ਰੂਪ ਵਿੱਚ ਕਾਰਣ ਵਿੱਚ ਮੌਜੂਦ ਰਹਿੰਦਾ ਹੈ ਕਿਉਂਕਿ ਸ਼ਕਤੀ ਦੀ ਅਭੀਵਿਅਕਤੀ ਹੀ ਕਾਰਜ ਹੈ। ਤੇਲ ਤਿਲ ਵਿੱਚ ਸ਼ਕਤੀ ਦੇ ਰੂਪ ਵਿੱਚ ਰਹਿੰਦਾ ਹੈ। ਉਸ ਸ਼ਕਤੀ ਦਾ ਵਿਕਾਸ ਹੋਣ ਤੇ ਹੀ ਤੇਲ ਦੀ ਉਤਪਤੀ ਹੁੰਦੀ ਹੈ। ਜਦ ਸ਼ਕਤੀ ਦਾ ਵਿਕਾਸ ਹੁੰਦਾ ਹੈ ਤਦ ਅਸੀਂ ਕਹਿੰਦੇ ਹਾਂ ਕਿ ਕਾਰਜ ਉਤਪੰਨ ਹੋਇਆ ਹੈ। ਫਿਰ ਜਦੋਂ ਉਹ ਕਾਰਜ ਅਪ੍ਰਗਟ ਰਹਿੰਦਾ ਹੈ ਤਦ ਅਸੀਂ ਉਸ ਨੂੰ ਅਨ-ਉਤਪੰਨ ਕਾਰਜ ਕਹਿੰਦੇ ਹਾਂ।

ਉਪ੍ਰੋਕਤ ਯੁਕਤੀ ਦੀ ਸਹਾਇਤਾ ਨਾਲ ਸਾਂਖਕਾਰ ਨੇ ਨਿਆਇ-ਵੈਸ਼ੇਸ਼ਿਕਾਂ ਦੇ ਅਸੱਤਕਾਰਜਵਾਦ, ਬੌਧਾਂ ਦੇ ਅਸੱਤਕਾਰਣਵਾਦ ਅਤੇ ਅਦਵੈਤ ਵੇਦਾਂਤ ਦੇ ਵਿਵਰਤਵਾਦ ਦਾ ਖੰਡਨ ਕਰਕੇ ਸਤਕਾਰਜਵਾਦ ਨੂੰ ਪ੍ਰਤਿਸ਼ਠਿਤ ਕੀਤਾ ਹੈ। ਵਿਸ਼ਿਸ਼ਟਾਦਵੈਤਵਾਦੀ ਰਾਮਾਨੁਜ ਸੰਪ੍ਰਦਾਇ ਸਾਂਖਕਾਰ ਦੇ ਸਤਕਾਰਜਵਾਦ ਦਾ ਸਮਰਥਨ ਕਰਦਾ ਹੈ ਪਰ ਵਿਸ਼ਿਸ਼ਟਾਦਵੈਤਵਾਦੀਆਂ ਅਨੁਸਾਰ ਬ੍ਰਹਮ ਹੀ ਜਗਤ ਦਾ ਮੂਲ ਕਾਰਣ ਹੈ ਅਤੇ ਪ੍ਰਕਿਰਤੀ ਉਸ ਦੀ ਅਚਿਤ ਸ਼ਕਤੀ ਹੈ।

ਸਤਕਾਰਜਵਾਦ ਤੇ ਹੀ ਆਧਾਰਤ ਹੈ ਸਾਂਖਕਾਰ ਦਾ ਪਰਿਣਾਮਵਾਦ। ਇਹ ਜਗਤ ਪ੍ਰਕਿਰਤੀ ਦਾ ਹੀ ਕ੍ਰਮਵਾਰ ਵਿਕਾਸ ਅਤੇ ਪਰਿਣਾਮ ਹੈ। ਜਗਤ ਅਸੱਤ ਨਹੀਂ ਹੈ। ਉਤਪਤੀ ਤੋਂ ਪਹਿਲਾਂ ਇਹ ਮੂਲ ਪ੍ਰਕਿਰਤੀ ਵਿੱਚ ਹੀ ਸੁਪਤ ਅਥਵਾ ਅਵਿਅਕਤ ਅਵਸਥਾ ਵਿਚ ਵਿਦਮਾਨ ਰਹਿੰਦਾ ਹੈ। ਇਹ ਪ੍ਰਕਿਰਤੀ ਦੀ ਕੋਈ ਨਵੀਂ ਸ੍ਰਿਸ਼ਟੀ ਨਹੀਂ ਹੈ। ਜੋ ਅਵਿਅਕਤ ਹੈ ਉਸ ਦੀ ਕ੍ਰਮਵਾਰ ਅਭਿਵਿਅਕਤੀ, ਜੋ ਸੰਭਾਵਨਾ ਰੂਪ ਵਿਚ ਗੁਪਤ ਹੈ, ਉਸ ਦੇ ਵਾਸਤਵਿਕ ਰੂਪ ਵਿੱਚ ਪ੍ਰਗਣ ਹੋਣ ਨੂੰ ਪਰਿਣਾਮ ਕਹਿੰਦੇ ਹਨ। ਮੂਲ ਕਾਰਣ ਦਾ ਧਾਰਾਵਾਹਿਕ ਪਰਿਵਰਤਨ ਹੀ ਪਰਿਣਾਮ ਹੈ। ਪਰਿਣਾਮ ਦੇ ਅੰਤਰਗਤ ਮੂਲ ਕਾਰਣ ਇਕ ਮਿਥੀ ਹੋਈ ਧਾਰਾ ਵਿੱਚ, ਇਕ ਤੋਂ ਬਾਅਦ ਦੂਜਾ ਇਸ ਕ੍ਰਮ ਵਿੱਚ ਪਰਵਿਰਤਿਤ ਹੁੰਦਾ ਰਹਿੰਦਾ ਹੈ। ਅਸੀਂ ਵਰਤਮਾਨ ਵਿੱਚ ਜੋ ਜਗਤ ਦੇਖ ਰਹੇ ਹਾਂ ਉਹ ਪ੍ਰਕਿਰਤੀ ਦਾ ਹੀ ਪਰਿਣਾਮ ਹੈ।

ਜਗਤ ਦੇ ਮੂਲ ਉਪਾਦਾਨ ਕਾਰਣ ਅਰਥਾਤ ਸਤ, ਰਜ ਅਤੇ ਤਮ ਆਦਿ ਗੁਣਾਂ ਦੀ ਸਮਅਵਸਥਾ ਹੀ ਪ੍ਰਕਿਰਤੀ ਹੈ। ਇਹ ਇਕ ਅਵਿਅਕਤ, ਨਿਰਵਿਸ਼ੇਸ਼ ਅਤੇ ਨਿਰਵਿਕਾਰ ਅਵਸਥਾ ਹੈ। ਪੁਰਸ਼ ਦੇ ਸੰਜੋਗ ਦੁਆਰਾ ਪ੍ਰਕਿਰਤੀ ਵਿਚ ਗੁਣ-ਪਰਿਵਰਤਨ ਉਜਾਗਰ ਹੋ ਉਠਦਾ ਹੈ ਜਿਸ ਦੇ ਫਲ ਸਰੂਪ ਤ੍ਰੈਗੁਣਾਂ ਦੀ ਸਮ-ਅਵਸਥਾ ਨਸ਼ਟ ਹੋ ਜਾਂਦੀ ਹੈ ਅਤੇ ਬੁਧੀ ਦਾ ਆਗਮਨ ਹੁੰਦਾ ਹੈ। ਬੁਧੀ ਪ੍ਰਕਿਰਤੀ ਦਾ ਪਹਿਲਾ ਪਰਿਣਾਮ ਹੈ। ਜਿਸ ਸ਼ਕਤੀ ਦੇ ਪ੍ਰਭਾਵ ਦੁਆਰਾ ਨਿਸ਼ਚਿਆਤਮਕ ਗਿਆਨ ਪ੍ਰਾਪਤ ਹੁੰਦਾ ਹੈ, ਉਸ ਨੂੰ ਬੁਧੀ ਕਹਿੰਦੇ ਹਨ। ਬੁਧੀ ਦੀ ਸਹਾਇਤਾ ਨਾਲ ਸਤ, ਅਸੱਤ, ਕਰਤਵ, ਅਕਰਤਵ ਦਾ ਨਿਰਣਾ ਸੰਭਵ ਹੁੰਦਾ ਹੈ। ਧਰਮ, ਗਿਆਨ, ਵੈਰਾਗ ਅਤੇ ਐਸ਼ਵਰਜ ਬੁਧੀ ਦੇ ਸਾਤਵਿਕ ਰੂਪ ਹਨ ਅਤੇ ਅਧਰਮ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਗਿਆਨ ਆਦਿ ਇਸ ਦੇ ਤਾਮਸਿਕ ਰੂਪ ਹਨ। ਬੁਧੀ ਸਮਸਤ ਪ੍ਰਕਾਰ ਦੇ ਸੰਸਕਾਰ ਦੀ ਭੂਮੀ ਹੈ। ਇਹ ਕਿਸੇ ਵਿਸ਼ੇਸ਼ ਜੀਵ ਦੀ ਬੁਧੀ ਨਹੀਂ ਹੈ। ਇਹ ਇਕ ਸਾਧਾਰਣ ਬੁਧੀ ਹੈ। ਸਮਸਤ ਜੀਵਾਂ ਦੀ ਬੁਧੀ ਦਾ ਬੀਜ ਇਸੇ ਵਿੱਚ ਹੀ ਵਿਦਮਾਨ ਹੈ। ਬੁਧੀ ਪ੍ਰਕਿਰਤੀ ਦਾ ਪਹਿਲਾ ਵਿਕਾਰ ਜਾਂ ਪਰਿਣਾਮ ਹੈ ਜਿਸ ਤੋਂ ਹੋਰ ਵਿਕਾਰ ਜਾਂ ਤਥ ਕ੍ਰਮ ਅਨੁਸਾਰ ਨਿਕਸਤ ਹੁੰਦੇ ਹਨ। ਇਸ ਲਈ ਇਹ ਵਿਕਾਰ-ਸਮੂਹ ਵਿੱਚ ਵਿਆਪਕ ਹੈ। ਇਸੇ ਲਈ ਇਸ ਨੂੰ ਮਹੱਤ ਵੀ ਕਹਿੰਦੇ ਹਨ। ਬੁਧੀ ਤੋਂ ਅਹੰਕਾਰ ਜਾਂ ਜੀਵ ਦੀ ਚੇਤੰਨਤਾ ਦੀ ਉਤਪਤੀ ਹੁੰਦੀ ਹੈ। ਅਵਿਦਿਆ ਵਸ ਨਿਸ਼ਕ੍ਰਿਅ ਪੁਰਸ਼ ਕਰਤਾ ਅਤੇ ਭੋਗਤਾ ਦਾ ਰੂਪ ਧਾਰਣ ਕਰਦਾ ਹੈ। ਸਤ, ਰਜ ਅਤੇ ਤਮ ਆਦਿ ਗੁਣਾਂ ਦੇ ਘਟ ਵਧ ਅਨੁਪਾਤ ਅਨੁਸਾਰ ਕੋਈ ਜੀਵ ਸਤ-ਪ੍ਰਧਾਨ ਹੁੰਦਾ ਹੈ, ਕੋਈ ਰਜ-ਪ੍ਰਧਾਨ ਅਤੇ ਕੋਈ ਤਮ-ਪ੍ਰਧਾਨ। ਅਹੰਕਾਰ ਦੇ ਸਾਤਵਿਕ ਅੰਸ਼ ਤੋਂ ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਅਤੇ ਮਨ ਅਤੇ ਤਾਮਸਿਕ ਅੰਸ਼ ਤੋਂ ਪੰਜ ਤਨ-ਮਾਤ੍ਰਾਵਾਂ ਅਰਥਾਤ ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ ਦੀ ਉਤਪਤੀ ਹੁੰਦੀ ਹੈ। ਪੰਜ ਤਨਮਾਤ੍ਰਾਵਾਂ ਤੋਂ ਪੰਜ ਮਹਾਂਭੂਤ ਅਰਥਾਤ ਆਕਾਸ਼, ਵਾਯੂ, ਅਗਨੀ, ਜਲ ਅਤੇ ਪ੍ਰਿਥਵੀ ਉਤਪੰਨ ਹੁੰਦੇ ਹਨ।[58] ਸਮੁੱਚੇ ਤੌਰ ਤੇ ਸਾਂਖ ਅਨੁਸਾਰ ਸ੍ਰਿਸ਼ਟੀ-ਕ੍ਰਮ ਇਸ ਪ੍ਰਕਾਰ ਹੈ : ਪ੍ਰਕਿਰਤੀ ਤੋਂ ਮਹੱਤਵ ਅਥਵਾ ਬੁਧੀ ਦੀ ਉਤਪਤੀ, ਮਹੱਤ ਤੋਂ ਅਹੰਕਾਰ ਅਤੇ ਅੰਹਕਾਰ ਤੋਂ ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਅਤੇ ਮਨ ਅਤੇ ਪੰਜ ਹੀ ਤਨਮਾਤ੍ਰਾਵਾਂ ਦੀ ਉਤਪਤੀ,ਪੰਜ ਤਨਮਾਤ੍ਰਾਵਾਂ ਤੋਂ ਪੰਜ ਮਹਾਭੂਤਾਂ ਦੀ ਉਤਪਤੀ। ਪੰਜ ਮਹਾਭੂਤਾਂ ਦੇ ਵਿਵਿਧ ਵਿਕਾਰਾਂ ਦੇ ਮਿਸ਼ਰਣ ਨਾਲ ਇਸ ਜੜ੍ਹ ਜਗਤ ਦਾ ਗਠਨ ਹੋਇਆ ਹੈ। ਪ੍ਰਕਿਰਤੀ ਤਂ ਜਗਤ ਦੇ ਇਸ ਕ੍ਰਮਵਾਰ ਪਰਿਣਾਮ ਨੂੰ 'ਅਨੁਲੋਮ ਪਰਿਣਾਮ' (ਉਤਾਰ ਮੁਖੀ ਪਰਿਣਾਮ) ਕਹਿੰਦੇ ਹਨ।

ਸਾਂਖ ਦੇ ਉਪ੍ਰੋਕਤ ਸ੍ਰਿਸ਼ਟੀ-ਕ੍ਰਮ ਵਿੱਚ ਉਪਨਿਸ਼ਦਾਂ ਵਾਂਗ ਹੀ ਸੂਖਮ ਤਤ ਕ੍ਰਮਵਾਰ ਸਥੂਲ ਵਿੱਚ ਪਰਿਣਤ ਹੁੰਦਾ ਹੈ। ਪ੍ਰਕਿਰਤੀ ਅਵਿਅਕਤ ਅਤੇ ਸੂਖਮ ਹੈ, ਮਹੱਤ ਵੀ ਅਵਿਅਕਤ ਅਤੇ ਸੂਖਮ ਹੈ, ਅਹੰਕਾਰ ਵਿਅਕਤ ਅਤੇ ਸੂਖਮ ਹੈ, ਗਿਆਰਾਂ ਇੰਦਰੀਆਂ (ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਅਤੇ ਮਨ)[60] ਵੀ ਵਿਅਕਤ ਅਤੇ ਸੂਖਮ ਹਨ, ਪੰਜ ਤਨਮਾਤ੍ਰਾਵਾਂ ਸੂਖਮ ਹਨ ਅਤੇ ਇਹਨਾਂ ਤੋਂ ਉਤਪੰਨ ਹੋਣ ਵਾਲੇ ਪੰਜ ਮਹਾਂਭੂਤ ਸਥੂਲ ਹਨ।[61] ਇਸ ਸ੍ਰਿਸ਼ਟੀ-ਕ੍ਰਮ ਅਤੇ ਉਪਨਿਸ਼ਦਾਂ ਦੇ ਸ੍ਰਿਸ਼ਟੀ-ਕ੍ਰਮ ਵਿੱਚ ਮੂਲ ਅੰਤਰ

---

58 ਸਾਂਖ ਕਾਰਿਕਾ 22

59 ਤੈਤਰੀਅ ਉਪਨਿਸ਼ਦ, 2/1/1

60 ਮਨ ਵੀ ਇਕ ਪ੍ਰਕਾਰ ਦੀ ਇੰਦਰੀ ਹੈ। ਇਹ ਅੰਤਰ-ਇੰਦਰੀ ਹੈ। ਮਨ ਹੀ ਗਿਆਨ ਅਤੇ ਕਰਮ ਇੰਦਰੀਆਂ ਦਾ ਨਿਯੰਤ੍ਰਣ-ਕਰਤਾ ਹੈ। ਮਨ ਤੋਂ ਬਿਨਾਂ ਗਿਆਨ-ਇੰਦਰੀਆਂ ਗਿਆਨ ਗ੍ਰਹਿਣ ਕਰਨ ਵਿਚ ਅਤੇ ਕਰਮ-ਇੰਦਰੀਆਂ ਨਿਸ਼ਚਿਤ ਦਿਸ਼ਾ ਵਿਚ ਕਰਮ ਕਰਨ ਵਿਚ ਸਮਰਥ ਨਹੀਂ ਹੁੰਦੀਆਂ।

61 ਗੀਤਾ ਰਹੱਸਯ, ਲੋਕ ਮਾਨ ਬਾਲ ਗੰਗਾਧਰ ਤਿਲਕ, ਪੰਨਾ, 186

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਹੈ ਕਿ ਉਪਨਿਸ਼ਦਾਂ ਵਿੱਚ ਸ੍ਰਿਸ਼ਟੀ ਦਾ ਕਾਰਣ ਬ੍ਰਹਮ ਹੈ ਪਰ ਸਾਂਖ ਵਿੱਚ ਸੈਭੰ ਅਤੇ ਅਨਾਦਿ ਪ੍ਰਕਿਰਤੀ ਨੂੰ ਹੀ ਮੂਲ ਕਾਰਣ ਮੰਨਿਆਂ ਗਿਆ ਹੈ।

ਉਪ੍ਰੋਕਤ ਅਧਿਅਨ ਤੋਂ ਸਪਸ਼ਟ ਹੈ ਕਿ ਪ੍ਰਕਿਰਤੀ ਤੋਂ ਜੋ ਪਰਿਣਾਮ ਹੁੰਦਾ ਹੈ ਉਸ ਵਿੱਚ ਇਕ ਵਿਸ਼ੇਸ਼ ਨਿਯਮ-ਬੱਧਤਾ ਹੈ, ਇਕ ਵਿਸ਼ੇਸ਼ ਕ੍ਰਮ ਹੈ । ਜਿਥੇ ਨਿਯਮ-ਬੱਧਤਾ ਹੋਵੇ, ਉਥ ਉਦੇਸ਼-ਸਾਧਨ ਦੀ ਇਕ ਚੇਸ਼ਟਾ ਵਿਦਮਾਨ ਰਹਿੰਦੀ ਹੈ। ਪਰ ਪ੍ਰਕਿਰਤੀ ਤਾਂ ਅਚੇਤਨ ਹੈ। ਅਚੇਤਨ ਪਦਾਰਥ ਲਈ ਇਹ ਸੰਭਵ ਨਹੀਂ ਕਿ ਉਹ ਕਿਸੇ ਉਦੇਸ਼ ਦੀ ਪੂਰਤੀ ਲਈ ਇਕ ਨਿਯਮ-ਬੱਧਤਾ ਦੇ ਅਧੀਨ ਕ੍ਰਮ ਕਰੇ। ਸਾਂਖਕਾਰ ਦਾ ਇਸ ਸੰਬੰਧੀ ਵਿਚਾਰ ਹੈ ਕਿ ਪ੍ਰਕਿਰਤੀ ਪੁਰਸ਼ ਦੇ ਸੰਜੋਗ ਦੁਆਰਾ ਇਹ ਕੁਝ ਕਰਨ ਵਿਚ ਸਮਰੱਥ ਹੁੰਦੀ ਹੈ । ਪ੍ਰਕਰਿਤੀ ਅਤੇ ਪੁਰਸ਼ ਦਾ ਸੰਜੋਗ, ਅੰਨ੍ਹੇ ਅਤੇ ਲੰਗੜੇ ਦੀ ਜੋੜੀ ਦਾ ਸੰਜੋਗ ਹੈ । ਜਿਵੇਂ ਅੰਨ੍ਹਾ ਸੁਜਾਖੇ ਲੰਗੜੇ ਨੂੰ ਆਪਣੇ ਕੰਧਾੜੇ ਤੇ ਚੜ੍ਹਾ ਕੇ ਮਿਥੇ ਮਾਰਗ ਉਪਰ ਚੱਲਣ ਵਿਚ ਸਮਰੱਥ ਹੋ ਜਾਂਦਾ ਹੈ ਉਸੇ ਤਰ੍ਹਾਂ ਨਿਸ਼ਕ੍ਰਿਅ ਪਰ ਸੁਚੇਤ ਪੁਰਸ਼ ਦੇ ਸੰਜੋਗ ਦੁਆਰਾ ਕਿਰਿਆਸ਼ੀਲ ਪਰ ਅਚੇਤ ਪ੍ਰਕਿਰਤੀ ਆਪਣੀ ਸ਼ਕਤੀ ਦਾ ਵਿਕ ਸ ਕ੍ਰਮ-ਬਧ ਤਰੀਕੇ ਨਾਲ ਸਿੱਧ ਕਰਨ ਵਿਚ ਸਮਰੱਥ ਹੁੰਦੀ ਹੈ।

ਇਥੇ ਇਕ ਹੋਰ ਪ੍ਰਸ਼ਨ ਉਠ ਖੜਾ ਹੁੰਦਾ ਹੈ। ਜੜ੍ਹ ਅਤੇ ਅਜੜ੍ਹ ਧਰਮ ਪਰਸਪਰ ਵਿਰੋਧੀ ਹਨ, ਫੇਰ ਜੜ੍ਹ ਅਤੇ ਅਜੁੜ ਦਾ, ਪ੍ਰਕਿਰਤੀ ਅਤੇ ਪੁਰਸ਼ ਦਾ ਮਿਲਨ ਕਿਵੇਂ ਸੰਭਵ ਹੈ ? ਸਾਂਖਕਾਰ ਅਨੁਸਾਰ ਪੁਰਸ਼ ਦੇ ਸੰਜੋਗ ਦੁਆਰਾ ਹੀ ਪ੍ਰਕਿਰਤੀ ਚੰਚਲ ਹੋ ਉਠਦੀ ਹੈ ਅਤੇ ਪੁਰਸ਼ ਦੇ ਦਰਸ਼ਨ ਅਤੇ ਭੋਗ ਦੇ ਲਈ ਸੁੱਤੇ ਸਿੱਧ ਹੀ ਆਪਣੀ, ਸ਼ਕਤੀ ਦਾ ਪ੍ਰਕਾਸ਼ ਇਕ ਵਿਸ਼ੇਸ ਪ੍ਰਬੰਧ ਵਿੱਚ ਕਰਦੀ ਹੈ। ਦਰਸ਼ਨ ਅਤੇ ਭੋਗ ਤੋਂ ਬਾਅਦ ਪੁਰਸ਼ ਵਿਚ ਵੈਰਾਗ ਉਤਪੰਨ ਹੋਣ ਤੇ ਭੋਗ ਦੇ ਪ੍ਰਤੀ ਸੰਤੋਖ ਆਉਣ ਤੇ ਅਤੇ ਮੁਕਤੀ ਦੀ ਇੱਛਾ ਪ੍ਰਬਲ ਹੋਣ ਤੇ ਪ੍ਰਕਿਰਤੀ ਮੁੜ ਦ੍ਰਿਸ਼ਟਮਾਨ ਜਗਤ ਨੂੰ ਆਪਣੇ ਅੰਦਰ ਸਮੇਟ ਲੈਂਦੀ ਹੈ। ਇਸ ਹਾਲਤ ਵਿੱਚ ਪੰਜ ਮਹਾਂਭੂਤ ਪੰਜ ਤਨਮਾਤ੍ਰਾਵਾਂ ਵਿੱਚ, ਪੰਜ ਤਨਮਾਤ੍ਰਾਵਾਂ ਦਸ ਇੰਦਰੀਆਂ ਅਤੇ ਮਨ ਅਹੰਕਾਰ ਵਿੱਚ, ਅਹੰਕਾਰ ਬੁਧੀ ਵਿੱਚ ਅਤੇ ਬੁਧੀ ਪ੍ਰਕਿਰਤੀ ਵਿੱਚ ਲੀਨ ਹੋ ਜਾਂਦੀ ਹੈ । ਪ੍ਰਕਿਰਤੀ-ਮੁਖੀ ਇਸ ਵਿਪਰੀਤ ਪਰਿਣਾਮ ਨੂੰ 'ਪ੍ਰਤਿਲੋਮ ਪਰਿਣਾਮ' (ਚੜਾਉ ਮੁਖੀ ਪਰਿਣਾਮ) ਕਹਿੰਦੇ ਹਨ।

ਇੰਜ ਸਾਂਖ ਅਨੁਸਾਰ ਜਗਤ ਪ੍ਰਕਿਰਤੀ ਤੋਂ ਹੀ ਉਤਪੰਨ ਹੁੰਦਾ ਹੈ[62] ਅਤੇ ਉਸੇ ਵਿੱਚ ਹੀ ਵਿਲੀਨ ਹੋ ਜਾਂਦਾ ਹੈ।[63]

ਸ਼ੰਕਰਾਚਾਰੀਆ ਨੇ ਉਪਨਿਸ਼ਦਾਂ ਅਤੇ ਬ੍ਰਹਮ-ਸੂਤਰਾਂ ਦੀਆਂ ਸ੍ਰਿਸ਼ਟੀ-ਸ਼ਾਸਤ੍ਰ ਸੰਬੰਧੀ ਉਕਤੀਆਂ ਦੀ ਵਿਆਖਿਆ ਕਰਦਿਆਂ ਹੋਇਆਂ ਭਾਵੇਂ ਇਹਨਾਂ ਦੇ ਮੁੱਲ ਅਤੇ ਮਹੱਤਵ ਨੂੰ

---

62 (ੳ) ਸਾਂਖ ਕਾਰਿਕਾ, 16
(ਅ) ਓਹੀ, ਗੌੜਪਾਦ ਭਾਸ਼, 3

63 ਸਾਂਖ ਕਾਰਿਕਾ, ਗੌੜਪਾਦ ਭਾਸ਼, 16

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਣ ਦਾ ਜਤਨ ਨਹੀਂ ਕੀਤਾ ਪਰ ਫੇਰ ਵੀ ਉਹਨਾਂ ਸ੍ਰਿਸ਼ਟੀ-ਸ਼ਾਸਤ੍ਰ ਨੂੰ ਅੰਤਿਮ ਸਿਧਾਂਤ ਦੇ ਰੂਪ ਵਿਚ ਕਿਤੇ ਵੀ ਸਵੀਕਾਰ ਨਹੀਂ ਕੀਤਾ। ਉਹਨਾਂ ਨੇ ਸਪਸ਼ਟ ਭਾਂਤ ਕਿਹਾ ਹੈ ਕਿ ਸਮਸਤ ਵੇਦਾਂਤ ਗ੍ਰੰਥਾਂ ਵਿੱਚ ਪਰਮੇਸ਼ਰ ਨੂੰ ਸੰਪੂਰਣ ਜਗਤ ਦਾ ਕਰਤਾ ਮੰਨਿਆਂ ਗਿਆ ਹੈ।[64] ਪਰ ਇਸ ਨੂੰ ਉਹ ਦਰਸ਼ਨ ਦੇ ਅੰਤਿਮ ਸਿਧਾਂਤ ਨਾਲੋਂ ਵੇਦਾਂਤ ਦੀ ਇਕ ਰੂੜ੍ਹੀ ਅਥਵਾ ਮਰਯਾਦਾ ਦੇ ਰੂਪ ਵਿਚ ਵਧੇਰੇ ਸੱਤ ਸਵੀਕਾਰਦੇ ਹਨ ਜਿਵੇਂ ਕਿ ਨਿਮਨ-ਲਿਖਤ ਦੋ ਉਕਤੀਆਂ ਤੋਂ ਸਪਸ਼ਟ ਹੈ :—

(ੳ) ਪਰਮ ਬ੍ਰਹਮ ਤੋਂ ਹੀ ਸਮਸਤ ਭੂਤਾਂ ਦੀ ਉਤਪਤੀ ਹੁੰਦੀ ਹੈ ਇਹ ਵੇਦਾਂਤ ਦੀ ਮਰਯਾਦਾ ਹੈ।[65]

(ਅ) ਪਰਮ ਬ੍ਰਹਮ ਤੋਂ ਹੀ ਪ੍ਰਾਣਦਾਇਕ ਜਗਤ ਦੀ ਉਤਪਤੀ ਹੁੰਦੀ ਹੈ, ਇਹ ਵੇਦਾਂਤ ਦੀ ਮਰਯਾਦਾ[66] ਹੈ[67]।

ਪਰੰਪਰਾ ਪ੍ਰੜੀ ਪੂਰਣ ਸਤਿਕਾਰ ਜਤਲਾਂਦਿਆਂ ਹੋਇਆਂ ਵੀ ਸ਼ੰਕਰ ਨੇ ਇਸ ਦੀ ਤੈਹ ਵਿੱਚ ਲੁਕੇ ਹੋਏ ਸੱਤ ਨੂੰ ਪ੍ਰਗਟ ਕਰ ਦਿੱਤਾ ਹੈ। ਏਤਰੇਅ ਉਪਨਿਸ਼ਦ ਦੇ ਦੂਜੇ ਅਧਿਆਇ ਦੇ ਭਾਸ਼ ਦੀ ਭੂਮਿਕਾ ਵਿੱਚ ਵੇਦਾਂਤ ਦਰਸ਼ਨ ਵਿੱਚ ਸ੍ਰਿਸ਼ਟੀ-ਸ਼ਾਸਤ੍ਰ ਸੰਬੰਧੀ ਉਹਨਾਂ ਨੇ ਆਪਣਾ ਮਤ ਭਲੀ ਭਾਂਤ ਸਪਸ਼ਟ ਕਰ ਦਿੱਤਾ ਹੈ। ਉਹਨਾਂ ਅਨੁਸਾਰ ਬ੍ਰਹਮ ਤੋਂ ਸ੍ਰਿਸ਼ਟੀ ਦੀ ਉਤਪਤੀ ਦਾ ਇਹ ਸਮਸਤ ਵਰਣਨ ਅਰਥਵਾਦ ਮਾਤਰ ਹੈ; ਇਸ ਦਾ ਮੰਤਵ (ਉਦੇਸ਼) ਕੇਵਲ ਆਤਮਾ ਦੇ ਸਰੂਪ ਦੇ ਅਵਬੋਧ ਵਿੱਚ ਸਹਾਇਕ ਹੋਣਾ ਹੈ[68]।

ਉਪ੍ਰੋਕਤ ਦੋ ਚਾਰ ਪਰ ਨਿਰਣਾਜਨਕ ਬਚਨਾਂ ਵਿੱਚ ਹੀ ਸ੍ਰਿਸ਼ਟੀ-ਸ਼ਾਸਤ੍ਰ ਸੰਬੰਧੀ ਸ਼ੰਕਰਾਚਾਰੀਆ ਦਾ ਸਿਧਾਂਤ ਵਿਦਮਾਨ ਹੈ। ਆਪਣੇ ਸਮਮਤ ਭਾਸ਼ਾਂ ਵਿੱਚ ਲਗਭਗ ਇਸੇ ਸਿਧਾਂਤ ਨੂੰ ਉਹਨਾਂ ਨੇ ਦੁਹਰਾਇਆ ਹੈ। ਜਿੱਥੇ ਕਿਤੇ ਵੀ ਮੂਲ ਪਾਠ ਵਿੱਚ ਸ੍ਰਿਸ਼ਟੀ-ਵਿਧਾਨ ਦਾ ਪ੍ਰਸੰਗ ਆਉਂਦਾ ਹੈ ਉਥੇ ਹੀ ਉਹਨਾਂ ਨੇ ਸਪਸ਼ਟ ਸੰਕੇਤ ਕੀਤਾ ਹੈ ਕਿ ਸ੍ਰਿਸ਼ਟੀ-ਵਿਧਾਨ ਨਾਲ ਸੰਬੰਧ ਰਖਣ ਵਾਲੇ ਇਹਨਾਂ ਪਾਠਾਂ ਦਾ ਪ੍ਰਯੋਜਨ ਸ੍ਰਿਸ਼ਟੀ-ਕ੍ਰਮ ਦਾ ਨਿਰਣਾ ਕਰਨਾ ਨਹੀਂ ਹੈ ਸਗੋਂ ਜਗਤ ਦਾ ਬ੍ਰਹਮ ਨਾਲ ਅਭੇਦ ਅਥਵਾ ਇਕਤਵ ਸਥਾਪਤ ਕਰਨਾ

---

64 ਬ੍ਰਹਮ ਸੂਤਰ, ਸ਼ੰਕਰ ਭਾਸ਼, 1.14.16

65 ਓਹੀ, 1.2.22

66 ਜੇਕਰ ਅਸੀਂ 'ਭਾਮਤੀ' (1.1.22) ਦੇ ਅਨੁਸਾਰ 'ਮਰਯਾਦਾ' ਸ਼ਬਦ ਨੂੰ ਸੀਮਾ ਦੇ ਸ਼ਾਬਦਿਕ ਅਰਥਾਂ ਵਿਚ ਗ੍ਰਹਿਣ ਕਰੀਏ ਤਾਂ ਵੀ ਅਰਥ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਆਉਂਦਾ। ਇਕ ਅਜਿਹੇ ਨੁਕਤੇ ਤੇ ਅਪੜ ਕੇ ਸਾਡੇ ਵਿਚਾਰ ਦਾ ਕੇਂਦ੍ਰਿਤ ਹੋ ਜਾਣਾ ਜਿਸ ਉਪਰ ਕਿ ਉਹ ਆਪਣੀ ਸੀਮਾ ਤੇ ਪੁਜ ਜਾਵੇ ਅਤੇ ਜਿਸ ਤੋਂ ਅਗਾਂਹ ਉਹ ਵਧ ਨਾ ਸਕੇ ਰੂੜ੍ਹੀ ਅਖਵਾਏਗਾ। ਇਕ ਦੀਰਘ ਪਰੰਪਰਾ ਦੁਆਰਾ ਦ੍ਰਿੜ੍ਹ ਹੋ ਜਾਣ ਤੇ ਉਹ ਰੂੜ੍ਹੀ ਦਾਰਸ਼ਨਿਕ ਸਿਧਾਂਤ ਦਾ ਰੂਪ ਧਾਰਣ ਕਰ ਲੈਂਦੀ ਹੈ।

67 ਬ੍ਰਹਮਸੂਤਰ, ਸ਼ੰਕਰ ਭਾਸ਼, 1.4.18

68 ਏਤਰੇਅ ਉਪਨਿਸ਼ਦ, ਸ਼ੰਕਰ ਭਾਸ਼, 2.1.1

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ[69] । ਪ੍ਰਵੇਸ਼-ਸ਼ਰੁਤੀ ਦੇ ਭਾਸ਼ ਪ੍ਰਸੰਗ ਵਿੱਚ ਵੀ ਪਰਮਾਤਮਾ ਦੇ ਸ੍ਰਿਸ਼ਟੀ-ਪ੍ਰਵੇਸ਼ ਵਿੱਚ ਉਹਨਾਂ ਨੇ ਇਸੇ ਮੰਤਵ ਵਲ ਸੰਕੇਤ ਕੀਤਾ ਹੈ[70] । ਬ੍ਰਿਹਦਾਰਣਯਕ ਉਪਨਿਸ਼ਦ ਦੇ ਭਾਸ਼ ਵਿੱਚ ਉਹਨਾਂ ਨੇ ਕਿਹਾ ਹੈ ਕਿ ਸਮਸਤ ਵੇਦਾਂਤ-ਸ਼ਾਸਤ੍ਰਾਂ ਵਿੱਚ ਜਗਤ ਦੀ ਉਤਪਤੀ, ਸਥਿਤੀ ਅਤੇ ਪ੍ਰਲੈ ਦੀ ਕਲਪਨਾ ਦਾ ਤਾਤਪਰਜ ਸ੍ਰਿਸ਼ਟੀ-ਪ੍ਰਲੈ-ਕ੍ਰਮ ਦਾ ਨਿਰੂਪਣ ਕਰਨਾ ਨਹੀਂ ਹੈ ਸਗੋਂ ਬ੍ਰਹਮ ਦੇ ਨਾਲ ਜਗਤ ਦੀ ਇਕ-ਰੂਪਤਾ ਦੇ ਗਿਆਨ ਨੂੰ ਪੁਸ਼ਟ ਕਰਨਾ ਹੈ[71] । ਬ੍ਰਹਮ ਸੂਤਰ ਭਾਸ਼ ਵਿੱਚ ਵੀ ਉਹਨਾਂ ਦਾ ਕਥਨ ਹੈ ਕਿ ਸ੍ਰਿਸ਼ਟੀ-ਪਰਿਣਾਮ ਆਦਿ ਸ਼ਰੁਤੀਆਂ ਦਾ ਪ੍ਰਯੋਜਨ ਸ੍ਰਿਸ਼ਟੀ-ਕ੍ਰਮ ਆਦਿ ਦਾ ਨਿਰੂਪਣ ਕਰਨਾ ਨਹੀਂ ਸਗੋਂ ਬ੍ਰਹਮ ਦੇ ਨਾਲ ਜਗਤ ਦੇ ਇਕਤਵ ਦਾ ਪ੍ਰਤਿਪਾਦਨ ਕਰਨਾ ਹੈ[72] । ਇਹੀ ਪ੍ਰਯੋਜਨ ਪ੍ਰਵੇਸ਼-ਸ਼ਰੁਤੀਆਂ ਦਾ ਵੀ ਹੈ[73] ।

ਪ੍ਰਵੇਸ਼ ਇਕ ਕਿਰਿਆ ਹੈ ਜਿਸ ਵਿੱਚ ਇਕ ਸਥਾਨ ਤੋਂ ਦੂਜੇ ਸਥਾਨ ਵਲ ਗਤੀ ਹੁੰਦੀ ਹੈ । ਸਰਵਗਤ ਬ੍ਰਹਮ ਲਈ ਗਤੀ ਅਤੇ ਪ੍ਰਵੇਸ਼ ਅਸੰਭਵ ਹੈ । ਇਸ ਲਈ ਸ੍ਰਿਸ਼ਟੀ ਅਤੇ ਪ੍ਰਵੇਸ਼ ਸੰਬੰਧੀ ਸ਼ਰੁਤੀਆਂ ਦਾ ਤਾਤਪਰਜ ਬ੍ਰਹਮ ਦੇ ਨਾਲ ਜਗਤ ਦਾ ਇਕਤਵ-ਪ੍ਰਤਿਪਾਦਨ ਅਤੇ ਭੇਦ-ਦਰਸ਼ਨਾਂ ਦਾ ਖੰਡਨ ਕਰਨਾ ਹੈ[74] । ਜਗਤ ਦੇ ਸਮਸਤ ਅਨੇਕ-ਰੂਪ ਪਦਾਰਥ ਵਿਅਕਤ ਸ੍ਰਿਸ਼ਟੀ ਤੋਂ ਪਹਿਲਾਂ ਵੀ ਅਵਿਅਕਤ ਰੂਪ ਵਿੱਚ ਬ੍ਰਹਮ ਵਿੱਚ ਵਿਦਮਾਨ ਰਹਿੰਦੇ ਹਨ[75] ਅਤੇ ਉਸ ਰੂਪ ਵਿੱਚ ਵਿਦਮਾਨ ਰਹਿੰਦਿਆਂ ਹੋਇਆਂ ਹੀ ਭਿੰਨ ਭਿੰਨ ਰੂਪਾਂ ਵਿੱਚ ਉਹਨਾਂ ਦੀ ਸਿਰਜਨਾ ਹੁੰਦੀ ਹੈ । ਇਸੇ ਲਈ ਅਰਥ ਮਾਤਰ ਇਹ ਕਿਹਾ ਜਾਂਦਾ ਹੈ ਕਿ ਬ੍ਰਹਮ ਨੇ ਜਗਤ ਦੀ ਸ੍ਰਿਸ਼ਟੀ ਕਰਕੇ ਪਦਾਰਥਾਂ ਵਿੱਚ ਪ੍ਰਵੇਸ਼ ਕੀਤਾ[76] । ਪਰਿਣਾਮ-ਸ਼ਰੁਤੀਆਂ ਦਾ ਵੀ ਇਹੀ ਪ੍ਰਯੋਜਨ ਹੈ । ਅਵਿਦਿਆ-ਕਲਪਿਤ, ਵਿਅਕਤ ਅਤੇ ਅਵਿਅਕਤ ਦੁਆਰਾ ਅਨਿਰਵਚਨੀਅ ਨਾਮ-ਰੂਪ ਲਛਣ ਵਾਲੇ ਰੂਪ-ਭੇਦ ਦੇ ਪਰਿਣਾਮ ਆਦਿ ਵਿਵਹਾਰਾਂ ਦਾ ਆਧਾਰ ਬ੍ਰਹਮ ਹੈ ਪਰ ਆਪਣੇ ਪਰਮਾਰਥਕ ਰੂਪ ਵਿੱਚ ਉਹ (ਬ੍ਰਹਮ) ਸਰਵ-ਵਿਵਹਾਰ-ਰਹਿਤ ਅਤੇ ਅਪਰਿਣਿਤ ਰਹਿੰਦਾ ਹੈ । ਪਰਿਣਾਮ-ਸ਼ਰੁਤੀਆਂ ਦਾ ਪ੍ਰਯੋਜਨ ਸਰਵ-ਵਿਵਹਾਰ-ਰਹਿਤ ਬ੍ਰਹਮ ਦੇ ਨਾਲ ਜਗਤ ਦਾ ਆਤਮ-ਭਾਵ ਪ੍ਰਤਿਪਾਦਨ ਕਰਨਾ ਹੈ ਕਿਉਂਕਿ ਇਸੇ ਵਿੱਚ ਹੀ ਉਹਨਾਂ ਦੀ ਸਾਰਥਕਤਾ ਹੈ[77] ।

ਉਪੁੱਕਤ ਉਕਤੀਆਂ ਦੁਆਰਾ ਸ਼ੰਕਰ ਮਤ ਅਨੁਸਾਰ ਵੇਦਾਂਤ ਵਿੱਚ ਸ੍ਰਿਸ਼ਟੀ-ਸ਼ਾਸਤ੍

---

69 ਬ੍ਰਹਮ ਸੂਤਰ, ਸ਼ੰਕਰ ਭਾਸ਼, 4.3. 4
70 ਓਹੀ, 2.1.27
71 ਬ੍ਰਿਹਦਾਰਣਯਕ ਉਪਨਿਸ਼ਦ, ਸ਼ੰਕਰ ਭਾਸ਼, 2.1.20
72 ਬ੍ਰਹਮ ਸੂਤਰ, ਸ਼ੰਕਰ ਭਾਸ਼, 4.3.14
73 ਤੈਤਰੀਅ ਉਪਨਿਸ਼ਦ, ਸ਼ੰਕਰ ਭਾਸ਼, 2.6.1
74 ਬ੍ਰਿਹਦਾਰਣਯਕ ਉਪਨਿਸ਼ਦ, ਸ਼ੰਕਰ ਭਾਸ਼, 1.4.7
75 ਬ੍ਰਹਮ ਸੂਤਰ, ਸ਼ੰਕਰ ਭਾਸ਼, 2.1.7
76 ਬ੍ਰਿਹਦਾਰਣਯਕ ਉਪਨਿਸ਼ਦ, ਸ਼ੰਕਰ ਭਾਸ਼, 1.4.7
77 ਬ੍ਰਹਮ ਸੂਤਰ, ਸ਼ੰਕਰ ਭਾਸ਼, 2.1.27

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਸਥਾਨ ਸਪਸ਼ਟ ਹੋ ਜਾਂਦਾ ਹੈ ।

ਨਾਮ-ਰੂਪਾਂ ਵਿੱਚ ਵਿਅਕਤ ਹੋਣ ਤੇ ਵਸਤੂ ਦੀ ਅਭਿਵਿਅਕਤੀ ਉਪਨਿਸ਼ਦਾਂ ਵਿੱਚ 'ਸਦ' ਸ਼ਬਦ ਦੁਆਰਾ ਕੀਤੀ ਗਈ ਹੈ । ਆਰੰਭ ਵਿੱਚ ਨਾਮ-ਰੂਪਾਂ ਦੀ ਅਭਿਵਿਅਕਤੀ ਨਹੀਂ ਸੀ । ਇਸੇ ਸਥਿਤੀ ਨੂੰ ਸ਼ੰਕਰ ਨੇ 'ਅਸਦ' ਸ਼ਬਦ ਦੁਆਰਾ ਪ੍ਰਗਟਾਇਆ ਹੈ[78] । ਸ਼ੰਕਰ ਨੇ ਵਸਤੂਆਂ ਦੀ ਨਾਮ-ਰੂਪਾਤਮਕਤਾ ਦੀ ਵਿਆਖਿਆ 'ਪਦਾਰਥਾਂ ਦੇ ਵਿਸ਼ਿਸ਼ਟੀਕਰਣ' ਦੇ ਰੂਪ ਵਿਚ ਕੀਤੀ ਹੈ ਅਰਥਾਤ 'ਇਹ ਇਸ ਦਾ ਨਾਮ ਹੈ' ਅਤੇ 'ਇਹ ਇਸ ਦਾ ਰੂਪ ਹੈ ।' ਇਸ ਪ੍ਰਕਾਰ ਪਦਾਰਥਾਂ ਦੇ ਵਿਸ਼ਿਸ਼ਟ ਭਾਵ ਦੀ ਅਭਿਵਿਅਕਤੀ ਹੀ ਸ੍ਰਿਸ਼ਟੀ ਹੈ[79] । ਸ਼ੰਕਰਾਚਾਰੀਆ ਦਾ ਕਾਰਣਵਾਦ ਤੋਂ ਵੀ ਇਹੀ ਭਾਵ ਹੈ । ਉਹਨਾਂ ਦਾ ਕਾਰਣਵਾਦ 'ਸਤਕਾਰਜਵਾਦ' ਅਖਵਾਉਂਦਾ ਹੈ ਜਿਸ ਵਿੱਚ ਸ੍ਰਿਸ਼ਟੀ ਦਾ ਕਾਰਣ-ਰੂਪ ਬ੍ਰਹਮ ਕਾਰਜ-ਰੂਪ ਸ੍ਰਿਸ਼ਟੀ ਤੋਂ ਪਹਿਲਾਂ ਵੀ ਮੌਜੂਦ ਸੀ[80] । ਇਹ 'ਸਤਕਾਰਣਵਾਦ' ਤੋਂ ਭਿੰਨ ਹੈ, ਜੋ ਕਿ ਸ਼ੰਕਰ ਤੋਂ ਬਾਅਦ ਦਾ ਸਿਧਾਂਤ ਹੈ ਅਤੇ ਜਿਸ ਦਾ ਭਾਵ ਹੈ ਕਿ ਕੇਵਲ ਕਾਰਣ ਸੱਤ ਹੈ, ਕਾਰਜ ਮਿਥਿਆ ਹੈ । ਸ਼ੰਕਰ ਦੇ ਕਾਰਣਵਾਦ ਦੇ ਆਧਾਰ ਤੇ ਕਾਰਜ-ਜਗਤ ਨੂੰ ਵਿਅਕਤ ਸ੍ਰਿਸ਼ਟੀ ਤੋਂ ਪਹਿਲਾਂ ਵੀ ਸੱਤਾਵਾਨ ਮੰਨਣਾ ਪਵੇਗਾ ।

ਸ਼ੰਕਰਾਚਾਰੀਆ ਅਨੁਸਾਰ ਜਗਤ-ਕਾਰਜ ਅਤੇ ਬ੍ਰਹਮ-ਕਾਰਣ ਵਿੱਚ ਅਭਿੰਨਤਾ ਹੈ[81] । ਇਸੇ ਲਈ ਕਾਰਜ-ਵਸਤੂ ਅਰਥਾਤ ਜਗਤ ਅਤੇ ਕਾਰਣ-ਸਰੂਪ-ਬ੍ਰਹਮ ਵਿੱਚ ਵੀ ਅਭਿੰਨਤਾ ਹੈ । ਕਾਰਣ ਤੋਂ ਵਖਰੀ ਕਾਰਜ ਦੀ ਸੱਤਾ ਸੰਭਵ ਨਹੀਂ । ਇਸੇ ਤਰ੍ਹਾਂ ਬ੍ਰਹਮ ਤੋਂ ਵੱਖਰੀ ਜਗਤ ਦੀ ਵੀ ਸੱਤਾ ਸੰਭਵ ਨਹੀਂ । ਅਭਿਵਿਅਕਤੀ ਤੋਂ ਪਹਿਲਾਂ ਕਾਰਜ ਦੀ ਸੱਤਾ ਦੇ ਰੂਪ ਵਿੱਚ ਜਗਤ ਦੀ ਸੱਤਾ ਸਵੈ-ਸਿੱਧ ਹੈ ਅਤੇ ਜਗਤ ਤੇ ਬ੍ਰਹਮ ਦੀ ਏਕਤਾ ਦਾ 'ਕਾਰਜ ਕਾਰਣ ਦੁਆਰਾ ਆਤਮਵਾਨ ਹੈ, ਕਾਰਣ ਕਾਰਜ ਦੁਆਰਾ ਨਹੀਂ' ਇਸ ਉਕਤੀ ਵਿੱਚ ਨਿਖੇਧ ਕੀਤਾ ਗਿਆ ਹੈ[82] । ਪ੍ਰਪੰਚ ਰੂਪ ਜਗਤ ਬ੍ਰਹਮਾਤਮਕ ਹੈ, ਬ੍ਰਹਮ ਪ੍ਰਪੰਚਾਤਮਕ ਨਹੀਂ[83] । ਇਸ ਲਈ ਜਗਤ ਦੀ ਬ੍ਰਹਮ ਨਾਲ ਏਕਤਾ ਹੀ ਨਹੀਂ, ਸਗੋਂ ਅਨਿਖੜਵੀਂ ਸਮਰੂਪਤਾ ਹੈ ।

ਸ਼ੰਕਰ ਅਨੁਸਾਰ ਕਿਉਂਕਿ ਬ੍ਰਹਮ ਤ੍ਰੈਕਾਲਾਂ ਵਿੱਚ ਵੀ ਸੱਤਾ ਦੁਆਰਾ ਦੂਸ਼ਿਤ ਨਹੀਂ ਹੁੰਦਾ ਇਸੇ ਲਈ ਉਹ ਕਾਰਜ-ਜਗਤ ਦੀ ਸੱਤਾ ਤੋਂ ਵੀ ਦੂਸ਼ਿਤ ਨਹੀਂ ਹੁੰਦਾ[84] ।

---

78 ਬ੍ਰਹਮ ਸੂਤਰ, ਸ਼ੰਕਰ ਭਾਸ਼, 2.1.27

79 ਛਾਂਦੋਗਯ ਉਪਨਿਸ਼ਦ, ਸ਼ੰਕਰ ਭਾਸ਼, 6.32

80 (ੳ) ਬ੍ਰਹਮ ਸੂਤਰ, ਸ਼ੰਕਰ ਭਾਸ਼, 2.1.7
(ਅ) ਬ੍ਰਿਹਦਾਰਣਯਕ ਉਪਨਿਸ਼ਦ, ਸ਼ੰਕਰ ਭਾਸ਼, 1.2.1

81 ਬ੍ਰਹਮ ਸੂਤਰ, ਸ਼ੰਕਰ ਭਾਸ਼, 2.1.16

82 ਤੈਤਰੀਅ ਉਪਨਿਸ਼ਦ, ਸ਼ੰਕਰ ਭਾਸ਼, 2.6.1

83 ਬ੍ਰਹਮ ਸੂਤਰ, ਸ਼ੰਕਰ ਭਾਸ਼, 3.2.21

84 ਓਹੀ, 2.1.16

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੰਕਰਾਚਾਰੀਆ ਅਨੁਸਾਰ ਬ੍ਰਹਮ ਹੀ ਜਗਤ ਦਾ ਉਪਾਦਾਨ ਕਾਰਣ ਹੈ[85]। ਕਿਉਂਕਿ ਕਾਰਜ ਕਾਰਣ ਵਿੱਚ ਅਭੇਦ ਹੈ[36] ਇਸ ਲਈ ਉਪਾਦਾਨ ਕਾਰਣ ਹੀ ਕਾਰਜ ਵਿੱਚ ਪਰਿਵਰਤਿਤ ਜਾਂ ਪਰਿਣਿਤ ਹੁੰਦਾ ਹੈ। ਜਗਤ ਅਥਵਾ ਸ੍ਰਿਸ਼ਟੀ ਦੀ ਵਿਵਿਧਤਾ ਨੂੰ ਬ੍ਰਹਮ-ਪਰਿਣਾਮ ਵੀ ਕਿਹਾ ਗਿਆ ਹੈ ਪਰ ਸ਼ੰਕਰ ਬ੍ਰਹਮ-ਪਰਿਣਾਮਵਾਦ[87] ਨੂੰ ਸਵੀਕਾਰ ਨਹੀਂ ਕਰਦੇ। ਉਹਨਾਂ ਅਨੁਸਾਰ ਇਕ ਹੀ ਬ੍ਰਹਮ ਪਰਿਣਾਮ-ਰਹਿਤ ਅਤੇ ਪਰਿਣਾਮ-ਯੁਕਤ ਨਹੀਂ ਹੋ ਸਕਦਾ[88]। ਅਵਿਕਾਰੀ ਬ੍ਰਹਮ ਦਾ ਪਰਿਣਾਮ ਤਾਂ ਸੰਭਵ ਹੀ ਨਹੀਂ[89] ਕਿਉਂਕਿ ਉਹ ਇਕ ਅਧਿਆਤਮਕ ਤੱਤ ਹੈ, ਦ੍ਰਵ ਜਾਂ ਪਦਾਰਥ ਨਹੀਂ[90]। ਇਸ ਲਈ ਇਕ ਅਵਿਕਾਰ ਕਾਰਣ ਦੇ ਆਧਾਰ ਤੇ ਵਾਸਤਵਿਕ ਕਾਰਣਵਾਦ ਸੰਭਵ ਨਹੀਂ। ਇਸ ਤਾਤਵਿਕ ਕਠਨਾਈ ਦੇ ਕਾਰਣ ਹੀ ਵੇਦਾਂਤਕ ਪਰਿਣਾਮਵਾਦ ਦਾ ਵਿਵਰਤਵਾਦ[91] ਵਲ ਵਿਕਾਸ ਹੋਇਆ। 'ਸੰਖੇਪ ਸ਼ਰੀਰਕਕਾਰ' ਦਾ ਕਥਨ ਠੀਕ ਹੀ ਜਾਪਦਾ ਹੈ ਕਿ 'ਵੇਦਾਂਤ ਦਰਸ਼ਨ ਵਿੱਚ ਪਰਿਣਾਮਵਾਦ ਵਿਵਰਤਵਾਦ ਦੀ ਪਿਠਭੂਮੀ ਦੇ ਰੂਪ ਵਿੱਚ ਹੈ।'

ਸ਼ੰਕਰ ਨੇ ਕਿਹਾ ਹੈ ਕਿ ਵਾਸਤਵ ਵਿੱਚ ਜਗਤ ਉਪਚਾਰ-ਮਾਤਰ ਹੈ। ਸ੍ਰਿਸ਼ਟੀ-ਕਾਰਜ ਵਿੱਚ ਇਕ ਨਿਸ਼ਚਿਤ ਕਾਰਜ-ਕਾਰਣ ਸੱਤਾ ਮੌਜੂਦ ਹੈ। ਦੁਧ ਤੋਂ ਹੀ ਦਹੀਂ ਬਣਦਾ ਹੈ, ਮਿੱਟੀ ਤੋਂ ਨਹੀਂ। ਇੰਜ ਹੀ ਮਿੱਟੀ ਤੋਂ ਘੜੇ ਆਦਿ ਬਣ ਸਕਦੇ ਹਨ, ਦੁਧ ਜਾਂ ਦਹੀਂ ਨਹੀਂ। ਇਸ ਦਾ ਕਾਰਣ ਕਾਰਣ-ਅਵਸਥਾ ਵਿੱਚ ਹੀ ਕਾਰਜ ਦੀ ਸਥਿਤੀ ਹੈ[92]। ਇਸੇ ਲਈ ਸ਼ੰਕਰ ਅਨੁਸਾਰ ਅਸੱਤ ਕਾਰਜਵਾਦ[93] ਬੇਲੋੜਾ ਹੈ।

ਕਿਉਂਕਿ ਸ਼ੰਕਰ ਅਨੁਸਾਰ ਚੇਤੰਨ[94] ਅਤੇ ਸਰਵੱਗ (ਸਭ ਕੁਝ ਜਾਣਨ ਵਾਲਾ) ਹੀ ਜਗਤ ਦਾ ਕਾਰਣ ਹੈ[95] ਇਸ ਲਈ ਜੜ੍ਹ-ਪ੍ਰਧਾਨ ਤੋਂ ਉਤਪਤੀ ਮੰਨਣ ਵਾਲੇ ਸਾਂਖ

---

85 ਸ਼ੰਕਰ ਅਨੁਸਾਰ ਜੋ ਵਸਤੂ ਜਿਸ ਤੋਂ ਉਤਪੰਨ ਹੋਵੇ ਅਤੇ ਜਿਸ ਵਿਚ ਲੀਨ ਹੋ ਜਾਵੇ ਉਹ ਉਸ (ਵਸਤੂ) ਦਾ ਉਪਾਦਾਨ ਕਾਰਣ ਹੈ। (ਬ੍ਰਹਮ ਸੂਤਰ, ਸ਼ੰਕਰ ਭਾਸ਼, 1.4.25)

86 ਬ੍ਰਹਮ ਸੂਤਰ, ਸ਼ੰਕਰ ਭਾਸ਼, 2.1.15

87 ਸ਼ੰਕਰਾਚਾਰੀਆ ਨੇ ਸਗੁਣ ਉਪਾਸਨਾ ਦੇ ਖੇਤਰ ਵਿਚ ਬ੍ਰਹਮ-ਪਰਿਣਾਮ ਨੂੰ ਉਪਯੋਗੀ ਮੰਨਿਆ ਹੈ। (ਬ੍ਰਹਮ ਸੂਤਰ, ਸ਼ੰਕਰ ਭਾਸ਼, 2.1.14)

88 ਬ੍ਰਹਮ ਸੂਤਰ, ਸ਼ੰਕਰ ਭਾਸ਼, 2.1.14

89 ਓਹੀ, 2.1.27

90 ਮਾਂਡੂਕਯ ਕਾਰਿਕਾ, ਸ਼ੰਕਰ ਭਾਸ਼, 4.54

91 ਤਾਤਵਿਕ ਪਰਿਵਰਤਨ ਨੂੰ ਵਿਕਾਰ ਅਤੇ ਅਤਾਤਵਿਕ ਪਰਿਵਰਤਨ ਨੂੰ ਵਿਵਰਤ ਕਹਿੰਦੇ ਹਨ। ਦਹੀਂ, ਦੁਧ ਦਾ ਵਿਕਾਰ ਹੈ ਪਰ ਸਰਪ, ਰੱਸੀ ਦਾ ਵਿਵਰਤ ਹੈ ਕਿਉਂਕਿ ਦੁਧ ਅਤੇ ਦਹੀਂ ਦੀ ਸੱਤਾ ਇਕੋ ਪ੍ਰਕਾਰ ਦੀ ਹੈ। ਸਰਪ ਦੀ ਸੱਤਾ ਕਾਲਪਨਿਕ ਹੈ ਪਰ ਰੱਸੀ ਦੀ ਸੱਤਾ ਵਾਸਤਵਿਕ ਹੈ (ਵੇਦਾਂਤ ਸਾਰ, ਸ਼ੰਕਰ ਭਾਸ਼, 2.1.2)

92 ਬ੍ਰਹਮ ਸੂਤਰ, ਸ਼ੰਕਰ ਭਾਸ਼, 2.1.18

93 ਅਸੱਤ ਤੋਂ ਸ੍ਰਿਸ਼ਟੀ ਦੇ ਵਿਕਾਸ-ਕ੍ਰਮ ਦੀ ਪ੍ਰਕਿਰਿਆ ਨੂੰ ਅਸੱਤ-ਕਾਰਜਵਾਦ ਕਹਿੰਦੇ ਹਨ।

94 ਬ੍ਰਹਮ ਸੂਤਰ, ਸ਼ੰਕਰ ਭਾਸ਼, 2.1.14

95 ਓਹੀ, 1.1.11

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਧਾਂਤ ਨਾਲ ਉਹਨਾਂ ਦਾ ਵਿਰੋਧ ਹੈ। ਬ੍ਰਹਮ-ਕਾਰਣਵਾਦ ਦੇ ਪਖ ਵਿੱਚ ਅਤੇ ਸਾਂਖ ਦੇ ਪ੍ਰਕਿਰਤੀਵਾਦ ਦੇ ਵਿਰੁਧ ਸ਼ੰਕਰ ਨੇ ਹੇਠ ਲਿਖੀਆਂ ਯੁਕਤੀਆਂ ਦਿੱਤੀਆਂ ਹਨ :—

(ੳ) ਸਾਂਖ ਦਾ ਪੁਰਸ਼ ਆਪ ਨਿਸ਼ਕ੍ਰਿਅ ਹੋਣ ਕਾਰਣ ਸ੍ਰਿਸ਼ਟੀ ਨਹੀਂ ਕਰ ਸਕਦਾ।

(ਅ) ਸਾਂਖ ਦਾ ਪ੍ਰਧਾਨ ਜੜ੍ਹ ਹੋਣ ਕਾਰਣ ਸ੍ਰਿਸ਼ਟੀ ਨਹੀਂ ਕਰ ਸਕਦਾ।

(ੲ) ਜੀਵ ਵਿਵਹਾਰਕ ਪਰਾਧੀਨਤਾ ਦੇ ਕਾਰਣ ਆਪ ਸ੍ਰਿਸ਼ਟੀ ਦੀ ਉਤਪਤੀ ਕਰਨ ਵਿੱਚ ਸਮਰੱਥ ਨਹੀਂ ਹੈ।

(ਸ) ਪ੍ਰਕਿਰਤੀ ਕਰਤ੍ਰਿਤਵ ਆਦਿ ਲਈ ਈਸ਼ਵਰ ਦੇ ਅਧੀਨ ਹੈ, ਇਸ ਲਈ ਉਸ ਤੋਂ ਸੁਤੰਤਰ ਸ੍ਰਿਸ਼ਟੀ ਨਹੀਂ ਹੋ ਸਕਦੀ।

ਬ੍ਰਹਮ ਸੂਤਰਾਂ ਵਿੱਚ ਸ਼ਬਦ ਅਤੇ ਵੇਦ ਨੂੰ ਵੀ ਪ੍ਰਪੰਚ ਦਾ ਕਾਰਣ ਕਿਹਾ ਗਿਆ ਹੈ[96]। ਸ਼ੰਕਰ ਅਨੁਸਾਰ ਅਰਥ ਨਿੱਤ ਹੈ, ਇਸ ਲਈ ਉਸ ਦਾ ਵਾਚਕ ਅਰਥਾਤ ਸ਼ਬਦ ਵੀ ਨਿੱਤ ਹੈ। ਵੇਦ ਸ਼ਬਦ ਆਦਿ ਸ੍ਰਿਸ਼ਟੀ ਦੇ ਸਮਾਨ ਹੀ ਨਿੱਤ ਹਨ। ਸ਼ਬਦ ਦੀ ਨਿੱਤਤਾ ਵਿੱਚ ਪ੍ਰਤੱਖ ਅਤੇ ਅਨੁਮਾਨ ਪ੍ਰਮਾਣ ਹਨ। ਪ੍ਰਤੱਖ ਤੋਂ ਭਾਵ ਸ਼ਰੁਤੀ ਹੈ ਅਤੇ ਅਨੁਮਾਨ ਦਾ ਲਖ਼ਸ਼ ਸਮ੍ਰਿਤੀ ਹੈ। ਸ਼ੰਕਰ ਅਨੁਸਾਰ ਸ਼ਰੁਤੀ ਅਤੇ ਸਮ੍ਰਿਤੀ ਵਿੱਚ ਵੇਦ ਸ਼ਬਦ ਦੁਆਰਾ ਸ੍ਰਿਸ਼ਟੀ ਮੰਨੀ ਗਈ ਹੈ[97]।

ਸ੍ਰਿਸ਼ਟੀ ਅਨਾਦਿ ਹੈ। ਭੂਤ, ਭਵਿੱਖ, ਵਰਤਮਾਨ, ਜਨਮ, ਸਥਿਤੀ ਅਤੇ ਪ੍ਰਲੈ ਦੁਆਰਾ ਸ੍ਰਿਸ਼ਟੀ-ਕ੍ਰਮ ਵਿੱਚ ਕੋਈ ਰੁਕਾਵਟ ਨਹੀਂ ਆਉਂਦੀ। ਵਾਸਤਵ ਵਿੱਚ ਪ੍ਰਲੈ ਵੀ ਸ੍ਰਿਸ਼ਟੀ ਦਾ ਇਕ ਰੂਪਾਂਤਰ ਮਾਤਰ ਹੀ ਹੈ। ਪ੍ਰਲੈ ਦੁਆਰਾ ਤੱਤਾਂ ਦਾ ਵਿਨਾਸ਼ ਨਹੀਂ ਹੁੰਦਾ, ਸਗੋਂ ਸਮਸਤ ਪਦਾਰਥਾਂ ਦੇ ਕੇਵਲ ਆਕਾਰ ਹੀ ਲੁਪਤ ਹੁੰਦੇ ਹਨ। ਅਚਾਰੀਆ ਸ਼ੰਕਰ ਅਨੁਸਾਰ ਜਿਸ ਪ੍ਰਕਾਰ ਪ੍ਰਾਣੀ ਸਉਂ ਕੇ ਜਾਗਣ ਤੋਂ ਬਾਅਦ ਮੁੜ ਪਹਿਲਾਂ ਵਾਂਗ ਹੀ ਵਿਵਹਾਰ ਜਾਂ ਕਰਮ ਕਰਦਾ ਹੈ, ਉਸੇ ਤਰ੍ਹਾਂ ਲਗਾਤਾਰ ਪ੍ਰਲੈ-ਸਿਰਜਨ ਆਦਿ ਵਿੱਚ ਵਿਵਹਾਰ ਚਲਦਾ ਰਹਿੰਦਾ ਹੈ[98]। ਮਹਾਂ ਪ੍ਰਲੈ ਵਿੱਚ ਵੀ ਹਿਰਣੈ-ਗਰਭ ਆਦਿ ਈਸ਼ਵਰਾਂ ਨੂੰ ਸਭ ਵਿਵਹਾਰ ਯਾਦ ਰਹਿੰਦੇ ਹਨ। ਸ਼ੰਕਰ ਦਾ ਮਤ ਹੈ ਕਿ ਜੇਕਰ ਅਜਿਹਾ ਮਹਾਂ ਪ੍ਰਲੈ ਹੋਵੇ ਜਿਸ ਵਿੱਚ ਸਮਸਤ ਵਿਵਹਾਰਾਂ ਦਾ ਵਿਨਾਸ਼ ਹੋ ਜਾਵੇ ਤਾਂ ਵੀ ਪਰਮੇਸ਼ਰ ਦੇ ਅਨੁਗ੍ਰਹਿ ਅਥਵਾ ਕਿਰਪਾ ਸਦਕਾ ਹਿਰਣੈ ਗਰਭ ਆਦਿ ਈਸ਼ਵਰਾਂ ਨੂੰ ਪੂਰਵ ਕਲਪ ਦੇ ਵਿਵਹਾਰ ਯਾਦ ਰਹਿ ਸਕਦੇ ਹਨ[99]। ਮੁਕਦੀ ਗੱਲ ਇਹ ਹੈ ਕਿ ਸ਼ੰਕਰ ਦੇ ਕਥਨ ਅਨੁਸਾਰ ਜਗਤ ਦਾ ਨਾਸ ਹੋ ਜਾਣ ਤੇ ਵੀ ਇਸ ਦੀ ਸ਼ਕਤੀ ਬਚ ਰਹਿੰਦੀ ਹੈ ਜਿਸ ਦੇ ਆਸਰੇ ਮੁੜ ਸ੍ਰਿਸ਼ਟੀ ਉਤਪੰਨ ਹੋ ਜਾਂਦੀ ਹੈ[100]।

---

96 ਬ੍ਰਹਮ ਸੂਤਰ, ਸ਼ੰਕਰ ਭਾਸ਼, 1.3.28
97 ਓਹੀ, 1.3.28
98 ਓਹੀ, 1.3.30
99 ਓਹੀ, 1.3.30
100 ਓਹੀ, 1.3.30

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰਿਸ਼ਟੀ-ਪ੍ਰਕਿਰਿਆ ਸੰਬੰਧੀ ਉਪਨਿਸ਼ਦਾਂ ਅਤੇ ਬ੍ਰਹਮ ਸੂਤਰਾਂ ਵਿੱਚ ਪਹਿਲਾਂ ਆਕਾਸ਼ ਦੀ ਉਤਪਤੀ ਮੰਨੀ ਗਈ ਹੈ, ਫਿਰ ਹਵਾ ਦੀ, ਹਵਾ ਤੋਂ ਤੇਜ ਜਾਂ ਅਗਨੀ ਦੀ, ਅਗਨੀ ਤੋਂ ਜਲ ਦੀ ਅਤੇ ਜਲ ਤੋਂ ਅੰਨ[101] ਅਥਵਾ ਪ੍ਰਿਥਵੀ ਦੀ[102]। ਆਤਮਾ ਤੋਂ ਹੀ ਇੰਦਰੀਆਂ ਦੀ ਉਤਪਤੀ ਹੁੰਦੀ ਹੈ। ਸ਼ੰਕਰਾਚਾਰੀਆ ਪੰਜ ਭੂਤਾਂ ਅਤੇ ਇੰਦਰੀਆਂ ਦੀ ਉਤਪਤੀ ਵਿੱਚ ਕੋਈ ਕ੍ਰਮ ਨਹੀਂ ਸਵੀਕਾਰਦੇ[103]।

ਸ਼ੰਕਰ ਦਾ ਮੁਖ ਉਦੇਸ਼ ਪਰਮਾਰਥ ਦੀ ਵਿਆਖਿਆ ਕਰਨਾ ਹੈ, ਵਿਵਹਾਰ ਦੀ ਵਿਵਸਥਾ ਪ੍ਰਸਤੁਤ ਕਰਨਾ ਨਹੀਂ। ਇਸ ਲਈ ਉਹ ਸ੍ਰਿਸ਼ਟੀ ਆਦਿ ਵਿਵਹਾਰਕ ਅਥਵਾ ਪੰਜ ਭੌਤਕ ਤਥਾਂ ਦੀ ਵਰਤੋਂ ਪਰਮਾਰਥ ਦੀ ਵਿਆਖਿਆ ਹਿਤ ਹੀ ਕਰਦੇ ਹਨ। ਸ੍ਰਿਸ਼ਟੀ, ਉਪਨਿਸ਼ਦਾਂ ਦਾ ਪ੍ਰਿਅ ਪ੍ਰਤਿਪਾਦ ਵਿਸ਼ਾ ਹੈ ਅਤੇ ਵੇਦਾਂਤ ਦਰਸ਼ਨ ਵਿੱਚ ਬ੍ਰਹਮ ਜਗਿਆਸਾ ਦੇ ਅੰਤਰਗਤ ਬ੍ਰਹਮ ਦੀ ਪ੍ਰਮਾਣਿਕਤਾ ਜਗਤ ਦੇ ਜਨਮ, ਸਥਿਤੀ ਅਤੇ ਪ੍ਰਲੈ ਦੁਆਰਾ ਸਿਧ ਕੀਤੀ ਗਈ ਹੈ। ਪਰ ਕਿਉਂਕਿ ਸ੍ਰਿਸ਼ਟੀ ਸ਼ੰਕਰਾਚਾਰੀਆ ਦਾ ਪ੍ਰਤਿਪਾਦ ਵਿਸ਼ਾ ਨਹੀਂ, ਇਸ ਲਈ ਇਸ ਦੀ ਜੋ ਵੀ ਵਿਆਖਿਆ ਕੀਤੀ ਗਈ ਹੈ ਉਹ ਵਿਵਹਾਰਕ ਹੈ, ਪਰਮਾਰਥਕ ਨਹੀਂ।

ਸ਼ੰਕਰ ਅਨੁਸਾਰ ਜਿਸ ਤਰ੍ਹਾਂ ਮਕੜੀ ਆਪਣੇ ਵਿੱਚੋਂ ਹੀ ਤੰਦਾਂ ਉਪਜਾਂਦੀ ਹੈ ਉਸੇ ਤਰ੍ਹਾਂ ਬ੍ਰਹਮ ਵੀ ਬਿਨਾ ਕਿਸੇ ਸਾਧਨ-ਸਾਮਗ੍ਰੀ ਦੇ ਸ੍ਰਿਸ਼ਟੀ-ਰਚਨਾ ਕਰਦਾ ਹੈ[104]।

ਜਗਤ ਸੱਤ ਹੈ ਜਾਂ ਅਸੱਤ[105] ? ਅਦਵੈਤ ਵੇਦਾਂਤ ਦਾ ਸਪਸ਼ਟ ਉੱਤਰ ਹੈ—ਬ੍ਰਹਮ ਸਤਯਮ ਜਗਤ ਮਿਥਿਆ-ਅਰਥਾਤ ਬ੍ਰਹਮ ਸੱਤ ਹੈ, ਜਗਤ ਮਿਥਿਆ ਹੈ। ਇਸ ਪ੍ਰਸਿੱਧ

---

101 ਸ਼ੰਕਰ ਅਨੁਸਾਰ ਅੰਨ ਪ੍ਰਿਥਵੀ ਦਾ ਵਾਚਕ ਹੈ। (ਬ੍ਰਹਮ ਸੂਤਰ, ਸ਼ੰਕਰ ਭਾਸ਼, 2.3 13)

102 (ੳ) ਬ੍ਰਹਮ ਸੂਤਰ. ਸ਼ੰਕਰ ਭਾਸ਼, 2.3.7
(ਅ) ਓਹੀ 2.3 8
(ੲ) ਓਹੀ. 2.3.10
(ਸ) ਓਹੀ. 2.3.11
(ਹ) ਓਹੀ, 2.3.12

103 ਓਹੀ, 2.3.15

104 ਓਹੀ, 2.1.25

105 ਜਗਤ ਦੀ ਪ੍ਰਥਾਇ 'ਅਨਿਰਵਚਨੀਅ' ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਸ ਦਾ ਅਰਥ ਹੈ ਜਿਸ ਦਾ ਨਿਰਵਚਨ, ਲੱਛਣ ਠੀਕ ਢੰਗ ਨਾਲ ਨਾ ਕੀਤਾ ਜਾ ਸਕੇ, ਜਿਵੇਂ ਰੱਸੀ ਵਿਚ ਸਰਪ ਦਾ ਗਿਆਨ। ਰੱਸੀ ਵਿਚ ਸਰਪ ਦਾ ਗਿਆਨ ਸੱਤ ਨਹੀਂ ਹੈ ਕਿਉਂਕਿ ਦੀਪਕ ਦੀ ਸਹਾਇਤਾ ਨਾਲ ਰੱਸੀ-ਗਿਆਨ ਦੀ ਪ੍ਰਾਪਤੀ ਤੇ ਸਰਪ-ਗਿਆਨ ਨਸ਼ਟ ਹੋ ਜਾਂਦਾ ਹੈ। ਪਰ ਇਸ ਨੂੰ ਅਸੀਂ ਅਸੱਤ ਵੀ ਨਹੀਂ ਕਹਿ ਸਕਦੇ ਕਿਉਂਕਿ ਓਸ ਰੱਸੀ ਦੇ ਭੈ ਦੇ ਕਾਰਣ ਹੀ ਕੰਬਣੀ ਆਦਿ ਛਿੜ ਪੈਂਦੀ ਹੈ। ਰੱਸੀ ਨੂੰ ਸਰਪ ਸਮਝ ਕੇ ਆਦਮੀ ਡਰ ਕਾਰਣ ਭਜ ਉਠਦਾ ਹੈ। ਇੰਜ ਇਹ ਗਿਆਨ ਸਦ ਅਤੇ ਅਸਦ ਦੋਹਾਂ ਤੋਂ ਵਿਲੱਖਣ ਹੋਣ ਕਾਰਣ 'ਅਨਿਰਵਚਨੀਅ' ਜਾਂ ਮਿਥਿਆ ਅਖਵਾਉਂਦਾ ਹੈ। ਇਹ ਗਿਆਨ ਅਵਿਦਿਆ ਤੋਂ ਉਤਪੰਨ ਹੁੰਦਾ ਹੈ। ਇੰਜ ਵੇਦਾਂਤ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਕ ਦੇ ਅਰਥਾਂ ਨੂੰ ਸਹੀ ਭਾਂਤ ਨਾ ਸਮਝਣ ਕਾਰਣ ਕਈ ਲੋਕਾਂ ਵਿਚ ਇਕ ਗ਼ਲਤ ਧਾਰਣਾ ਫੈਲੀ ਹੋਈ ਹੈ ਕਿ ਅਦਵੈਤ ਮਤ ਅਨੁਸਾਰ ਇਹ ਜਗਤ ਬਿਲਕੁਲ ਅਸੱਤ ਹੈ। ਜਦੋਂ ਜਗਤ ਹੀ ਅਸੱਤ ਸਿੱਧ ਹੋ ਗਿਆ ਤਾਂ ਉਸ ਦੇ ਸਮਸਤ ਕਾਰਜ-ਕਲਾਪ ਵੀ ਅਸੱਤ ਸਿੱਧ ਹੋ ਜਾਣਗੇ। ਇਸ ਵਿਸ਼ੇ ਨੂੰ ਭਲੀ ਭਾਂਤ ਸਮਝ ਲੈਣਾ ਜ਼ਰੂਰੀ ਹੈ। ਵਾਸਤਵ ਵਿੱਚ ਸੱਤ ਦੀ ਜੋ ਪਰਿਭਾਸ਼ਾ ਸ਼ੰਕਰ ਨੇ ਦਿੱਤੀ ਹੈ ਉਸ ਅਨੁਸਾਰ ਇਹ ਜਗਤ ਸੱਤ ਨਹੀਂ ਮੰਨਿਆਂ ਜਾ ਸਕਦਾ। ਸ਼ੰਕਰ ਦੇ ਸ਼ਬਦਾਂ ਵਿੱਚ ਸੱਤ ਦਾ ਲੱਛਣ ਹੈ - ਜਿਸ ਰੂਪ ਦੁਆਰਾ ਜੋ ਪਦਾਰਥ ਨਿਸ਼ਚਿਤ ਹੁੰਦਾ ਹੈ ਜੇਕਰ ਉਹ ਰੂਪ ਸਮਭਾਵ ਨਾਲ ਸਦਾ ਵਿਦਮਾਨ ਰਹ ਤਾਂ ਉਸ ਨੂੰ 'ਸੱਤ' ਕਹਿਦੇ ਹਨ। ਇਸ ਪਰਿਭਾਸ਼ਾ ਅਨੁਸਾਰ ਜਗਤ ਕਦਾਚਿਤ ਸੱਤ ਨਹੀਂ ਹੋ ਸਕਦਾ। ਇਹ ਤਾਂ ਹਰ ਪਲ, ਹਰ ਘੜੀ ਪਰਿਣਾਮ ਗ੍ਰਹਿਣ ਕਰਦਾ ਰਹਿੰਦਾ ਹੈ। ਇਹ ਚੰਚਲ ਅਤੇ ਪਰਿਵਰਤਨਸ਼ੀਲ ਹੈ। ਜਿਸ ਰੂਪ ਨਾਲ ਅਸੀਂ ਉਸ ਨੂੰ ਨਿਸ਼ਚਿਤ ਕਰਦੇ ਹਾਂ ਉਹ ਤਾਂ ਬਦਲਦਾ ਰਹਿੰਦਾ ਹੈ। ਇਸ ਹਾਲਤ ਵਿੱਚ ਜੇਕਰ ਕੋਈ ਵਸਤੂ ਸੱਤ ਹੋ ਸਕਦੀ ਹੈ ਤਾਂ ਉਹ ਕੇਵਲ ਬ੍ਰਹਮ ਹੀ ਹੈ ਜੋ ਤ੍ਰੈਕਾਲਾਂ ਵਿੱਚ ਵੀ ਇਕ-ਰਸ, ਸੱਚਿਦਾਨੰਦ ਰੂਪ ਵਿਚ ਵਿਦਮਾਨ ਰਹਿੰਦਾ ਹੈ।

ਅਜਿਹੀ ਹਾਲਤ ਵਿੱਚ ਜੇ ਜਗਤ ਬ੍ਰਹਮ ਤੋਂ ਭਿੰਨ ਹੋਣ ਕਾਰਣ ਸੱਤ ਨਹੀਂ ਮੰਨਿਆ ਜਾ ਸਕਦਾ ਤਾਂ ਕੀ ਸਾਡਾ ਉਠਣਾ-ਬੈਠਣਾ, ਖਾਣਾ-ਪੀਣਾ, ਬੋਲਣਾ-ਚੁਲਣਾ ਆਦਿ ਅਸੱਤ ਹੈ ? ਸ਼ੰਕਰ ਦਾ ਸਪਸ਼ਟ ਉੱਤਰ ਹੈ 'ਬਿਲਕੁਲ ਨਹੀਂ'। ਇਹ ਜਗਤ ਵੀ ਸੱਤ ਹੈ। ਮਮਤਾਮਈ ਮਾਤਾ ਦੀ ਆਪਣੇ ਪੁੱਤਰ ਦੇ ਲਈ ਪ੍ਰੇਮ-ਅਭਿਵਿਅਕਤੀ ਉਸੇ ਤਰ੍ਹਾਂ ਸੱਤ ਹੈ ਜਿਸ ਤਰ੍ਹਾਂ ਬਾਲਕ ਦਾ ਆਪਣੀ ਮਾਤਾ ਲਈ ਕਰੁਣ ਸਵਰ ਵਿੱਚ ਪੁਕਾਰਨਾ।

ਵਾਸਤਵਿਕਤਾ ਤਾਂ ਇਹ ਹੈ ਕਿ ਸੱਤਾ ਦੀਆਂ ਅਨੇਕ ਸ਼ਰੇਣੀਆਂ ਹਨ। ਜਿਹਨਾਂ ਅਰਥਾਂ ਵਿਚ ਅਸੀਂ ਬ੍ਰਹਮ ਨੂੰ ਸੱਤ ਕਹਿੰਦੇ ਹਾਂ ਉਹਨਾਂ ਅਰਥਾਂ ਵਿੱਚ ਜਗਤ ਨੂੰ ਸੱਤ ਨਹੀਂ ਕਹਿੰਦੇ। ਬ੍ਰਹਮ ਦੀ ਸੱਤਾ ਪਰਮਾਰਥਕ ਹੈ, ਪਰ ਜਗਤ ਦੀ ਸੱਤਾ ਵਿਵਹਾਰਕ ਹੈ। ਜਦ ਤੀਕ ਅਸੀਂ ਜਗਤ ਵਿੱਚ ਰਹਿ ਕੇ ਉਸ ਦੇ ਕਾਰਜਾਂ ਵਿੱਚ ਲੀਨ ਰਹਿੰਦੇ ਹਾਂ ਅਤੇ ਬ੍ਰਹਮ-ਗਿਆਨ ਪ੍ਰਾਪਤ ਕਰਨ ਵਿੱਚ ਸਮਰੱਥ ਨਹੀਂ ਹੁੰਦੇ, ਉਦੋਂ ਤੀਕ ਇਸ ਜਗਤ ਦੀ ਸੱਤਾ ਸਾਡੇ ਲਈ ਬਣੀ ਰਹਿੰਦੀ ਹੈ। ਪਰ ਜਿਉਂ ਹੀ ਪਰਮ ਤਤ ਦਾ ਗਿਆਨ ਸਾਨੂੰ ਪ੍ਰਾਪਤ ਹੋ ਜਾਂਦਾ ਹੈ ਤਿਉਂ ਹੀ ਜਗਤ ਦੀ ਸੱਤਾ ਮਿਟ ਜਾਂਦੀ ਹੈ। ਉਸੇ ਸਮੇਂ ਬ੍ਰਹਮ ਹੀ ਇਕ ਸੱਤਾ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਜਗਤ ਦੀ ਜਾਦੂ ਦੇ ਨਾਲ ਜੋ ਤੁਲਨਾ ਕੀਤੀ ਗਈ ਹੈ ਉਸ ਤੋਂ ਵੀ ਉਸ ਦੇ ਸੱਚੇ ਸਰੂਪ ਦੀ ਭਲੀ ਭਾਂਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਾਦੂ ਕਿਸ ਨੂੰ ਮੋਂਹਦਾ ਹੈ ? ਉਸੇ ਨੂੰ ਜੋ ਉਸ ਇੰਦਰ-ਜਾਲ ਦੇ ਰਹੱਸ ਨੂੰ ਨਹੀਂ ਜਾਣਦਾ। ਉਸ ਦੇ ਰਹੱਸ ਜਾਣਨ ਵਾਲੇ ਵਿਅਕਤੀ ਦੇ ਲਈ ਇੰਦਰ-ਜਾਲ ਮੋਹ

'ਮਿਥਿਆ' ਦਾ ਅਰਥ ਅਸਤ ਨਹੀਂ ਸਗੋਂ ਅਨਿਰਵਚਨੀਅ ਹੈ। ('ਸ਼ੰਕਰਾਚਾਰੀਆ' ਬਲਦੇਵ ਉਪਾਧਿਆਇ ਪੰਨਾ 310)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਭਰਮ ਦਾ ਕਾਰਣ ਨਹੀਂ ਬਣਦਾ । ਜਗਤ ਦੀ ਵੀ ਠੀਕ ਇਹੀ ਦਸ਼ਾ ਹੈ । ਜੋ ਇਸ ਦੇ ਰਹੱਸ ਤੋਂ ਜਾਣੂ ਹਨ, ਜੋ ਜਾਣਦੇ ਹਨ ਕਿ ਇਹ ਜਗਤ ਮਾਇਆ ਦੁਆਰਾ ਬ੍ਰਹਮ ਦੇ ਉਪਰ ਕਲਪਿਤ ਕੀਤਾ ਗਿਆ ਹੈ, ਉਹਨਾਂ ਲਈ ਜਗਤ ਦੀ ਸੱਤਾ ਅਵਿਦਮਾਨ ਹੈ। ਜੋ ਉਸ ਨੂੰ ਨਹੀਂ ਜਾਣਦੇ ਉਹਨਾਂ ਲਈ ਤਾਂ ਜਗਤ ਦੀ ਸੱਤਾ ਵਿਦਮਾਨ ਰਹੀਂਦੀ ਹੀ ਹੈ ।

ਵਿਗਿਆਨਵਾਦੀ ਬੋਧੀਆਂ ਦੇ ਜਗਤ ਵਿਸ਼ਿਅਕ ਮਤ ਦਾ ਖੰਡਨ ਕਰਦਿਆਂ ਹੋਇਆਂ ਸ਼ੰਕਰ ਨੇ ਇਸ ਸੰਬੰਧੀ ਆਪਣੇ ਮਤ ਦਾ ਪ੍ਰਤਿਪਾਦਨ ਕੀਤਾ ਹੈ । ਵਿਗਿਆਨਵਾਦੀ ਕੇਵਲ ਵਿਗਿਆਨ ਨੂੰ ਹੀ ਸੱਤ ਮੰਨਦੇ ਹਨ । ਉਹਨਾਂ ਦੀ ਦ੍ਰਿਸ਼ਟੀ ਵਿੱਚ ਜਗਤ ਅਸੱਤ ਹੈ । ਉਹਨਾਂ ਦਾ ਕਥਨ ਹੈ ਕਿ ਵਿਸ਼ਯ, ਇੰਦਰੀ ਅਤੇ ਵਿਸ਼ਯ ਇੰਦਰੀ ਦਾ ਸੰਜੋਗ, ਜਿਸ ਦੁਆਰਾ ਵਸਤੂ ਦੀ ਪ੍ਰਤੀਤੀ ਹੁੰਦੀ ਹੈ ਇਹ ਸਭ ਬੁਧੀ ਵਿੱਚ ਵਿਦਮਾਨ ਹਨ । ਜਗਤ ਦੇ ਸਮਸਤ ਪਦਾਰਥ ਸੁਪਨੇ ਦੀ ਨਿਆਈਂ ਝੂਠੇ ਹਨ । ਜਿਸ ਤਰ੍ਹਾਂ ਸੁਪਨੇ ਵਿੱਚ ਅਨੇਕ ਵਸਤਾਂ ਬਾਹਰੀ ਪਦਾਰਥਾਂ ਦੀ ਹੋਂਦ ਤੋਂ ਬਿਨਾ ਹੀ ਆਕਾਰ ਧਾਰਣ ਕਰਦੀਆਂ ਹਨ ਉਸੇ ਤਰ੍ਹਾਂ ਜਾਗ੍ਰਤ ਅਵਸਥਾ ਦੇ ਸਤੰਭ ਅਦਿ ਪਦਾਰਥ ਵੀ ਬਾਹਰੀ ਸੱਤਾ ਤੋਂ ਸ਼ੂਨ ਹਨ । ਇਸ ਮਤ ਦਾ ਖੰਡਨ ਸ਼ੰਕਰਾਚਾਰੀਆ ਨੇ ਬੜੀਆਂ ਸੁੰਦਰ ਦਲੀਲਾਂ ਨਾਲ ਕੀਤਾ ਹੈ। ਉਹਨਾਂ ਦਾ ਮਤ ਹੈ ਕਿ ਜਗਤ ਦੇ ਪਦਾਰਥਾਂ ਦਾ ਸਾਨੂੰ ਹਰ ਪਲ ਅਨੁਭਵ ਹੋ ਰਿਹਾ ਹੈ । ਕਦੀ ਸਾਨੂੰ ਉਸ ਲੇਖਣੀ ਦਾ ਗਿਆਨ ਹੁੰਦਾ ਹੈ ਜਿਸ ਦੁਆਰਾ ਅਸੀਂ ਆਪਣੇ ਵਿਚਾਰਾਂ ਨੂੰ ਲਿਪੀਬਧ ਕਰਦੇ ਹਾ, ਕਦੀ ਸਾਡਾ ਧਿਆਨ ਦਵਾਤ ਵਲ ਜਾਂਦਾ ਹੈ ਅਤੇ ਕਦੀ ਕਾਗਜ਼ ਵਲ । ਇਹ ਕਹਿਣਾ ਕਿ ਕਲਮ, ਸਿਆਹੀ ਅਤੇ ਕਾਗਜ਼ ਕੇਵਲ ਸਾਡੀ ਬੁਧੀ ਵਿੱਚ ਹੀ ਰਹਿਦੇ ਹਨ ਬਾਹਰੀ ਸੱਤਾ ਨਹੀਂ ਰਖਦੇ, ਉਸੇ ਤਰ੍ਹਾਂ ਹਾਸੋਹੀਣਾ ਹੈ ਜਿਸ ਤਰ੍ਹਾਂ ਸਵਦਿਸ਼ਟ ਭੋਜਨ ਪਾ ਕੇ ਤ੍ਰਿਪਤੀ ਪ੍ਰਾਪਤ ਕਰਨ ਵਾਲਾ ਮਨੁਖ ਨਾ ਤਾਂ ਆਪਣੀ ਤ੍ਰਿਪਤੀ ਨੂੰ ਹੀ ਮੰਨੇ ਅਤੇ ਨਾ ਹੀ ਭੋਜਨ ਦੀ ਗੱਲ ਸਵੀਕਾਰ ਕਰੇ । ਜਗਤ ਦੇ ਪਦਾਰਥਾਂ ਨੂੰ ਅਸੀਂ ਸੁਪਨੇਵਤ ਨਹੀਂ ਮੰਨ ਸਕਦੇ । ਸੁਪਨੇ ਅਤੇ ਜਾਗ੍ਰਤ ਅਵਸਥਾ ਵਿੱਚ ਮਹਾਨ ਅੰਤਰ ਹੈ । ਸੁਪਨੇ ਵਿੱਚ ਦੇਖੇ ਗਏ ਪਦਾਰਥਾਂ ਦਾ ਜਾਗ੍ਰਤ ਅਵਸਥਾ ਵਿੱਚ ਨਾਸ਼ ਹੋ ਜਾਂਦਾ ਹੈ । ਪਰ ਜਾਗ੍ਰਤ ਅਵਸਥਾ ਵਿੱਚ ਅਨੁਭਵ ਕੀਤੇ ਗਏ ਪਦਾਰਥ ਕਿਸੇ ਵੀ ਅਵਸਥਾ ਵਿੱਚ ਅਲੋਪ ਨਹੀਂ ਹੁੰਦੇ ਕਿਉਂਕਿ ਉਹਨਾਂ ਦੀ ਪ੍ਰਾਪਤੀ ਹਮੇਸ਼ਾ ਹੁੰਦੀ ਰਹਿੰਦੀ ਹੈ । ਦੂਜੇ, ਸੁਪਨ-ਗਿਆਨ ਯਾਦ ਮਾਤਰ ਹੈ ਕਿਉਂਕਿ ਜਾਗਣ ਸਮੇਂ ਸੁਪਨੇ ਵਿੱਚ ਦੇਖੇ ਗਏ ਪਦਾਰਥਾਂ ਦੀ ਯਾਦ ਹੀ ਕੇਵਲ ਰਹਿ ਜਾਂਦੀ ਹੈ ਪਰ ਜਾਗ੍ਰਤ ਅਵਸਥਾ ਦੇ ਪਦਾਰਥਾਂ ਦਾ ਗਿਆਨ-ਅਨੁਭਵ ਰੂਪ ਤੋਂ ਹੁੰਦਾ ਹੈ । ਇੰਨਾ ਸਪਸ਼ਟ ਭੇਦ ਹੋਣ ਦੇ ਬਾਵਜੂਦ ਵੀ ਜੇਕਰ ਅਸੀਂ ਜਗਤ ਦੇ ਪਦਾਰਥਾਂ ਨੂੰ ਸੁਪਨੇਵਤ ਮਿਥਿਆ ਕਹੀਏ ਤਾਂ ਇਹ ਸਚਾਈ ਵਲੋਂ ਮੁਖ ਮੋੜਨਾ ਹੋਵੇਗਾ । ਇੰਜ ਤਾਂ ਨੀਲੇ ਪਦਾਰਥ ਨੂੰ ਪੀਲਾ ਕਹਿਣ ਵਿੱਚ ਵੀ ਕਿਸੇ ਤਰ੍ਹਾਂ ਦੀ ਹਾਨੀ ਨਹੀਂ ਹੋਵੇਗੀ ।[106]

ਜਗਤ ਸੰਬੰਧੀ ਸ਼ੰਕਰ ਦੇ ਉਪਰੋਕਤ ਵਿਚਾਰਾਂ ਦੇ ਅਧਿਆਨ ਤੋਂ ਬਾਅਦ ਅਸੀਂ ਉਹਨਾਂ ਉਪਰ ਜਗਤ ਨੂੰ ਸੁਪਨੇਵਤ ਅਤੇ ਮਿਥਿਆ ਕਹੇ ਜਾਣ ਦਾ ਦੋਸ਼ ਨਹੀਂ ਲਗਾ ਸਕਦੇ ।

---

106 ਬ੍ਰਹਮ ਸੂਤਰ, ਸ਼ੰਕਰ ਭਾਸ਼, 2,2.28

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਵੀ ਦਾਰਸ਼ਨਿਕ ਵਿਵਹਾਰ ਵਲੋਂ ਅੱਖਾਂ ਨਹੀਂ ਮੋੜ ਸਕਦਾ। ਇਹ ਠੀਕ ਹੈ ਕਿ ਬ੍ਰਹਮ ਅਤੇ ਆਤਮਾ ਦੀ ਏਕਤਾ ਦਾ ਗਿਆਨ ਹੋ ਜਾਣ ਤੇ ਗਿਆਨੀ ਪੁਰਸ਼ਾਂ ਲਈ ਇਹ ਸੰਸਾਰਕ ਅਨੁਭਵ ਬ੍ਰਹਮ-ਅਨੁਭਵ ਦੁਆਰਾ ਸਮਾਪਤ ਹੋ ਜਾਂਦਾ ਹੈ। ਪਰ ਵਿਵਹਾਰਕ ਦ੍ਰਿਸ਼ਟੀ ਤੋਂ ਇਹ ਜਗਤ ਉੱਨਾ ਹੀ ਠੋਸ ਅਤੇ ਵਾਸਤਵਿਕ ਹੈ ਜਿੰਨਾ ਕੋਈ ਹੋਰ ਪਦਾਰਥ। ਗੱਲ ਕੀ, ਸ਼ੰਕਰ ਅਨੁਸਾਰ ਜਗਤ ਦੀ ਪਰਮਾਰਥਕ ਸੱਤਾ ਨਾ ਹੋਣ ਤੇ ਵੀ ਵਿਵਹਾਰਕ ਸੱਤਾ ਤਾਂ ਹੈ ਹੀ।

ਵੇਦਾਂਤ ਵਿੱਚ ਤਿੰਨ ਪ੍ਰਕਾਰ ਦੀ ਸੱਤਾ ਨੂੰ ਸਵੀਕਾਰਿਆ ਗਿਆ ਹੈ ਅਰਥਾਤ ਪ੍ਰਤਿਭਾਸਿਕ, ਵਿਵਹਾਰਕ ਅਤੇ ਪਰਮਾਰਥਕ।

ਪ੍ਰਤਿਭਾਸਿਕ ਸੱਤਾ ਤੋਂ ਭਾਵ ਉਹ ਸੱਤਾ ਹੈ ਜੋ ਪ੍ਰਤੀਤੀ-ਕਾਲ ਵਿੱਚ ਸੱਤ ਅਨੁਭਵ ਹੋਵੇ ਪਰ ਸਮੇਂ ਦੇ ਬੀਤਣ ਨਾਲ ਦੂਸਰੇ ਗਿਆਨ ਕਾਰਣ ਨਸ਼ਟ ਹੋ ਜਾਵੇ ਜਿਵੇਂ ਰੱਸੀ ਵਿੱਚ ਸਰਪ ਦੀ ਭਾਵਨਾ। ਰੱਸੀ ਵਿੱਚ ਸਰਪ ਦਾ ਅਨੁਭਵ ਹੋਣ ਤੋਂ ਪਹਿਲਾਂ ਵੀ ਰਸੀ ਸਰਪ-ਗਿਆਨ ਨੂੰ ਉਤਪੰਨ ਕਰਦੀ ਹੈ, ਵਰਤਮਾਨ ਵਿੱਚ ਉਸ ਦੇ ਆਧਾਰ ਤੇ ਸਾਡਾ ਸਰਪ-ਗਿਆਨ ਸਥਿਤ ਹੈ ਅਤੇ ਭਵਿੱਖ ਵਿੱਚ ਰਸੀ-ਗਿਆਨ ਦੀ ਪ੍ਰਾਪਤੀ ਹੋ ਜਾਣ ਤੇ ਸਰਪ-ਗਿਆਨ ਇਸੇ ਵਿੱਚ ਵਿਲੀਨ ਹੋ ਜਾਂਦਾ ਹੈ। ਇਸ ਲਈ ਰੱਸੀ, ਸਰਪ-ਗਿਆਨ ਅਤੇ ਆਕਾਸ਼-ਕੁਸਮ ਦੀ ਨਿਆਈ ਨਿਰਾਧਾਰ ਨਹੀਂ ਹੈ। ਘਨਘੋਰ ਅੰਧਕਾਰਮਈ ਰਾਤ ਸਮੇਂ ਰਸਤੇ ਵਿੱਚ ਪਈ ਹੋਈ ਰੱਸੀ ਨੂੰ ਦੇਖਕੇ ਸਾਨੂੰ ਸਰਪ ਦਾ ਭਰਮ ਹੋ ਜਾਂਦਾ ਹੈ। ਸੰਜੋਗ ਵਸ ਹਥ ਵਿੱਚ ਦੀਵਾ ਫੜੀ ਕੋਈ ਰਾਹੀ ਉਧਰੋਂ ਗੁਜ਼ਰਦਾ ਹੈ। ਅਸੀਂ ਉਸ ਦੀਪਕ ਦੀ ਸਹਾਇਤਾ ਨਾਲ ਉਸ ਰੱਸੀ ਨੂੰ ਦੇਖਕੇ ਇਕ ਦਮ ਕਹਿ ਉਠਦੇ ਹਾਂ 'ਉਹ ਰੱਸੀ ਹੈ'। ਇੰਜ ਅਸੀਂ ਯਥਾਰਥ ਦਾ ਅਨੁਭਵ ਕਰ ਲੈਂਦੇ ਹਾਂ। ਇਥੇ ਸਰਪ-ਗਿਆਨ ਪੂਰਵ-ਕਾਲੀਨ ਅਤੇ ਰੱਸੀ-ਗਿਆਨ ਉਤੱਰ-ਕਾਲੀਨ ਹੈ। ਜਦ ਤੀਕ ਰੱਸੀ-ਗਿਆਨ ਪ੍ਰਾਪਤ ਨਹੀਂ ਹੁੰਦਾ ਤਕ ਤੀਕ ਸਰਪ-ਗਿਆਨ ਬਣਿਆ ਹੀ ਰਹਿੰਦਾ ਹੈ। ਇਹੀ ਪ੍ਰਤਿਭਾਸਿਕ ਸੱਤਾ ਦਾ ਉਦਾਹਰਣ ਹੈ।[107]

ਵਿਵਹਾਰਕ ਸੱਤਾ ਉਹ ਸੱਤਾ ਹੈ ਜੋ ਇਸ ਜਗਤ ਦੇ ਸਮਸਤ ਵਿਵਹਾਰ-ਗੋਚਰ ਪਦਾਰਥਾਂ ਵਿੱਚ ਵਿਦਮਾਨ ਰਹਿੰਦੀ ਹੈ। ਪਦਾਰਥਾਂ ਦੇ ਪੰਜ ਧਰਮ ਦ੍ਰਿਸ਼ਟੀਗੋਚਰ ਹੁੰਦੇ ਹਨ[108] ਅਰਥਾਤ ਇਹ ਸੰਸਾਰ ਵਿੱਚ ਵਿਦਮਾਨ ਰਹਿੰਦੇ ਹਨ (ਅਸਤਿ), ਉਹ ਪ੍ਰਕਾਸ਼ਿਤ ਹੁੰਦੇ ਹਨ (ਭਾਤਿ), ਉਹ ਸਾਨੂੰ ਆਨੰਦ ਦਿੰਦੇ ਹਨ (ਪ੍ਰਿਅ), ਉਹਨਾਂ ਦਾ ਇਕ ਵਿਸ਼ੇਸ਼ ਰੂਪ ਹੁੰਦਾ ਹੈ (ਰੂਪ) ਅਤੇ ਉਹਨਾਂ ਦਾ ਕੋਈ ਨਾ ਕੋਈ ਵਿਸ਼ੇਸ਼ ਨਾਮ ਹੁੰਦਾ ਹੈ (ਨਾਮ)। ਇਹ ਹੀ ਪੰਜ ਧਰਮ—ਅਸਤਿ, ਭਾਤਿ, ਪ੍ਰਿਅ, ਰੂਪ, ਅਤੇ ਨਾਮ—ਸੰਸਾਰ ਦੇ ਹਰੇਕ ਪਦਾਰਥ

---

107 ਮਾਂਡੂਕਯ ਕਾਰਿਕਾ, ਸ਼ੰਕਰ ਭਾਸ਼, 3.37

108 ਅਸਤਿ ਭਾਤਿ ਪ੍ਰਿਅੰ ਰੂਪੰ ਨਾਮ ਚੇਤਯੰਸ਼ਪੰਚਕਮ।
ਆਦਯਤ੍ਰਯੰ ਬ੍ਰਹਮ ਰੂਪੰ ਜਗਦਰੂਪੰ ਤਤੋ ਦਵਯਮ੍।

(ਦ੍ਰਿਗਦਿਸ਼ਯ ਵਿਵੇਕ, ਸ਼ਲੋਕ 20)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿੱਚ ਵਿਦਮਾਨ ਰਹਿੰਦੇ ਹਨ। ਇਹਨਾਂ ਵਿੱਚੋਂ ਪਹਿਲੇ ਤਿੰਨ ਤਾਂ ਬ੍ਰਹਮ ਦੇ ਰੂਪ ਹਨ ਅਤੇ ਅੰਤਿਮ ਦੋ ਧਰਮ ਜਗਤ ਦੇ। ਪਦਾਰਥਾਂ ਦੀਆਂ ਆਪਣੀਆਂ ਦੋ ਹੀ ਵਿਸ਼ੇਸ਼ਤਾਵਾਂ ਹਨ—ਨਾਮ ਅਤੇ ਰੂਪ। ਪਦਾਰਥਾਂ ਦਾ ਕੋਈ ਨਾ ਕੋਈ ਨਾਮ ਅਤੇ ਕੋਈ ਨਾ ਕੋਈ ਰੂਪ ਹੈ। ਵਸਤੂਆਂ ਦੀ ਸੱਤਾ ਨੂੰ ਮੰਨਣਾ ਵਿਵਹਾਰ ਲਈ ਲੋੜੀਂਦਾ ਹੈ। ਤੱਥ ਇਹ ਹੈ ਕਿ ਆਤਮ ਸਾਖਿਆਤਕਾਰ ਹੋ ਜਾਣ ਤੇ ਇਹ ਅਨੁਭਵ ਖ਼ਤਮ ਹੋ ਜਾਂਦਾ ਹੈ। ਇਸੇ ਲਈ ਜਗਤ ਨੂੰ ਅਸੀਂ ਇਕਾਂਤ ਸਤ ਨਹੀਂ ਮੰਨ ਸਕਦੇ, ਵਿਵਹਾਰਕਾਲ ਵਿੱਚ ਹੀ ਜਗਤ ਨੂੰ ਸੱਤ ਕਿਹਾ ਜਾ ਸਕਦਾ ਹੈ। ਇੰਜ ਜਗਤ ਦੇ ਵਿਕਾਰਾਤਮਕ ਪਦਾਰਥਾਂ ਦੀ ਸੱਤਾ ਵਿਵਹਾਰਕ ਹੈ।

ਇਹਨਾਂ ਪਦਾਰਥਾਂ ਤੋਂ ਵਿਲੱਖਣ ਇਕ ਹੋਰ ਵਸਤੂ ਵੀ ਹੈ ਜੋ ਤ੍ਰੈਕਾਲਾਂ ਤੋਂ ਅਤੀਤ ਰਹਿੰਦੀ ਹੈ। ਉਹੀ ਇਕਾਂਤ-ਸੱਤ ਹੈ। ਉਹ ਭੂਤ, ਭਵਿੱਖ ਅਤੇ ਵਰਤਮਾਨ ਤਿੰਨਾਂ ਕਾਲਾਂ ਵਿੱਚ ਇਕ-ਰੂਪ ਰਹਿਣ ਵਾਲਾ ਬ੍ਰਹਮ ਹੈ। ਬ੍ਰਹਮ ਦੀ ਸੱਤਾ ਨੂੰ ਹੀ ਪਰਮਾਰਥਕ ਸੱਤਾ ਕਹਿੰਦੇ ਹਨ।

ਸ੍ਰੀਮਦ ਭਾਗਵਤ ਅਨੁਸਾਰ ਜਗਤ ਦਾ ਨਮਿਤ ਅਤੇ ਉਪਾਦਾਨ ਕਾਰਣ ਬ੍ਰਹਮ ਹੀ ਹੈ। ਬ੍ਰਹਮ ਤੋਂ ਛੁਟ ਹੋਰ ਕਿਸੇ ਵਸਤੂ ਦੀ ਸੱਤਾ ਨਹੀਂ ਹੈ। ਭਿੰਨ ਭਿੰਨ ਮਤਾਂ ਵਿੱਚ ਜਗਤ ਦੇ ਉਪਾਦਾਨ ਕਾਰਣ ਦੇ ਰੂਪ ਵਿੱਚ ਦ੍ਰਵ, ਕ੍ਰਮ, ਕਾਲ, ਸੁਭਾ, ਜੀਵ ਆਦਿ ਜੋ ਤੱਤ ਮੰਨੇ ਗਏ ਹਨ, ਉਹ ਬ੍ਰਹਮ ਤੋਂ ਭਿੰਨ ਨਹੀਂ ਹਨ। ਜਦ ਸਗੁਣ ਬ੍ਰਹਮ ਅਨੇਕ-ਰੂਪ ਹੋਣ ਦੀ ਇੱਛਾ ਕਰਦਾ ਹੈ ਤਾਂ ਉਹ ਆਪਣੀ ਮਾਇਆ-ਸ਼ਕਤੀ ਦੁਆਰਾ ਸਤ, ਰਜ ਅਤੇ ਤਮ ਆਦਿ ਗੁਣਾਂ ਨੂੰ ਕ੍ਰਮਵਾਰ ਜਗਤ ਦੀ ਸਥਿਤੀ, ਉਤਪਤੀ ਅਤੇ ਸੰਘਾਰ ਲਈ ਸਵੀਕਾਰ ਕਰਦਾ ਹੈ। ਇਹ ਤਿੰਨੇ ਗੁਣ ਵੀ ਨਿਰਗੁਣ ਬ੍ਰਹਮ ਦੇ ਹੀ ਹਨ।[109]

ਵਾਸਤਵ ਵਿਚ ਸ੍ਰੀਮਦ ਭਾਗਵਤ ਬ੍ਰਹਮ ਤੋਂ ਛੁਟ ਹੋਰ ਕਿਸੇ ਤਤ ਦੀ ਪਰਮਾਰਥਕ ਸੱਤਾ ਨੂੰ ਸਵੀਕਾਰ ਨਹੀਂ ਕਰਦਾ। ਸ਼ਭ ਕੁਝ ਬ੍ਰਹਮ ਹੀ ਹੈ, ਜੀਵ ਵੀ, ਜਗਤ ਵੀ। ਜਦ ਬ੍ਰਹਮ ਸੱਤ ਹੈ ਤਾਂ ਇਹ ਸਮਸਤ ਜਗਤ ਵੀ ਸੱਤ ਹੈ। ਭਾਗਵਤ ਅਨੁਸਾਰ ਸ੍ਰਿਸ਼ਟੀ ਤੋਂ ਪਹਿਲਾਂ ਕੇਵਲ ਬ੍ਰਹਮ ਸੀ। ਸੱਤ, ਅਸੱਤ, ਪ੍ਰਕਿਰਤੀ ਆਦਿ ਕੁਝ ਨਹੀਂ ਸੀ। ਜਗਤ ਰੂਪ ਵਿੱਚ ਵੀ ਬ੍ਰਹਮ ਹੀ ਹੈ ਅਤੇ ਇਸਦਾ ਅੰਤ ਹੋਣ ਤੇ ਵੀ ਕੇਵਲ ਬ੍ਰਹਮ ਹੀ ਬਾਕੀ ਰਹਿ ਜਾਵੇਗਾ।[110]

ਸ੍ਰੀਮਦ ਭਾਗਵਤ ਵਿਚ ਬ੍ਰਹਮ ਦੀ ਵਿਆਖਿਆ ਲਈ ਨੌ ਤੱਤਾਂ ਦਾ ਵਰਣਨ ਕੀਤਾ ਗਿਆ ਹੈ ਅਰਥਾਤ ਸਰਗ, ਵਿਸਰਗ, ਸਥਾਨ, ਪੋਸ਼ਣ, ਊਤਿ, ਮਨਵੰਤਰ, ਈਸ਼ਾਨੁਕਥਾ, ਨਿਰੋਧ ਅਤੇ ਮੁਕਤੀ। ਇਹਨਾਂ ਵਿੱਚੋਂ ਪਹਿਲੇ ਤਿੰਨਾਂ ਅਤੇ ਨਿਰੋਧ ਦਾ ਸੰਬੰਧ ਸ੍ਰਿਸ਼ਟੀ ਨਾਲ ਹੋਣ ਕਾਰਣ ਇਹਨਾਂ ਦਾ ਸੰਖੇਪ ਸਪਸ਼ਟੀਕਰਣ ਅਤਿ ਲੋੜੀਂਦਾ ਹੈ।

'ਸਰਗ' ਦਾ ਅਰਥ ਹੈ ਸ੍ਰਿਸ਼ਟੀ। ਸ੍ਰੀਮਦ ਭਾਗਵਤ ਵਿਚ ਸ੍ਰਿਸ਼ਟੀ (ਸਰਗ) ਤੱਤ ਦਾ

---

109 ਸ੍ਰੀਮਦ ਭਾਗਵਤ, 2.5.14 ਅਤੇ 2.5.18
110 ਓਹੀ, 2.9.32

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰੂਪਣ ਅਨੇਕ ਭਾਂਤ ਕੀਤਾ ਗਿਆ ਹੈ। ਇਥੋਂ ਤੀਕ ਕਿ ਪਰਮਾਣ ਦੇ ਸੰਜੋਗ ਦੁਆਰਾ ਵੀ ਸ੍ਰਿਸ਼ਟੀ ਦੀ ਉਤਪਤੀ ਦਾ ਵਰਣਨ ਮਿਲਦਾ ਹੈ।[111] ਸਰਗ ਦਾ ਲੱਛਣ ਇਸ ਪ੍ਰਕਾਰ ਦਿੱਤਾ ਗਿਆ ਹੈ—ਈਸ਼ਵਰ ਦੀ ਪ੍ਰੇਰਣਾ ਨਾਲ ਗੁਣਾਂ ਵਿੱਚ ਹਿਲਜੁਲ ਹੋਣ ਕਾਰਣ ਜਦੋਂ ਉਨ੍ਹਾਂ ਦਾ ਰੂਪ ਪਰਿਵਰਤਨ ਹੁੰਦਾ ਹੈ, ਤਦੋਂ ਆਕਾਸ਼ ਆਦਿ ਪੰਜ ਭੂਤ, ਸ਼ਬਦ ਆਦਿ ਤਨਮਾਤ੍ਰਾਵਾਂ, ਇੰਦਰੀਆਂ, ਅਹੰਕਾਰ ਅਤੇ ਮਹੱਤਤਵ ਦੀ ਜੋ ਉਤਪਤੀ ਹੁੰਦੀ ਹੈ ਉਸ ਨੂੰ ਸਰਗ ਕਹਿੰਦੇ ਹਨ। ਮੂਲ ਪ੍ਰਕਿਰਤੀ ਵਿਚ ਲੀਨ ਗੁਣਾਂ ਅੰਦਰ ਹਿਲਜੁਲ ਹੋਣ ਤੇ ਮਹੱਤਤਵ ਦੀ ਉਤਪਤੀ ਹੁੰਦੀ ਹੈ, ਮਹੱਤਤਵ ਤੋਂ ਰਜਸ, ਤਮਸ ਅਤੇ ਵਿਕਾਰਕ (ਸਾਤਵਿਕ) ਤਿੰਨ ਪ੍ਰਕਾਰ ਦੇ ਅਹੰਕਾਰ ਬਣਦੇ ਹਨ। ਤ੍ਰੈਵਿਧ-ਅਹੰਕਾਰ ਤੋਂ ਪੰਜ ਤਨਮਾਤ੍ਰਾਵਾਂ (ਸ਼ਬਦ, ਸਪਰਸ਼ ਆਦਿ) ਇੰਦਰੀ ਅਤੇ ਵਿਸ਼ਿਆਂ ਦੀ ਉਤਪਤੀ ਹੁੰਦੀ ਹੈ। ਇਸੇ ਉਤਪਤੀ-ਕ੍ਰਮ ਦਾ ਨਾਮ ਸਰਗ ਹੈ।[112]

ਸ੍ਰੀਮਦ ਭਾਗਵਤ ਦੇ ਸ੍ਰਿਸ਼ਟੀ-ਵਰਣਨ ਦਾ ਲਖਸ਼ ਸ੍ਰਿਸ਼ਟੀ ਵਰਣਨ ਨਹੀਂ ਸਗੋਂ ਬ੍ਰਹਮ ਨੂੰ ਹੀ ਉਸ ਦੇ ਮੂਲ ਵਿਚ ਪ੍ਰਤਿਸ਼ਠਤ ਕਰਨਾ ਹੈ। ਇਕ ਹੋਰ ਦ੍ਰਿਸ਼ਟੀ ਤੋਂ ਵੀ ਇਹ ਸਰਗ ਵਰਣਨ ਕੀਤਾ ਗਿਆ ਹੈ। ਉਹ ਹੈ ਭਗਤ ਦੀ ਦ੍ਰਿਸ਼ਟੀ। ਭਗਵਾਨ ਭਗਤ ਨੂੰ ਆਨੰਦਿਤ ਕਰਨ ਲਈ, ਕ੍ਰੀੜਾ ਕਰਨ ਲਈ, ਰਮਣ ਕਰ ਕੇ ਭਗਤ ਨੂੰ ਆਪਣੀ ਲੀਲ੍ਹਾ ਦਾ ਰਸਾਸੁਆਦਨ ਕਰਾਉਣ ਦੇ ਲਈ ਸ੍ਰਿਸ਼ਟੀ ਕਰਦੇ ਹਨ। ਚਰਾਚਰ ਜਗਤ ਭਗਵਾਨ ਦੀ ਲੀਲ੍ਹਾ ਹੈ। ਇਹ ਲੀਲ੍ਹਾ ਭਗਤ ਦੇ ਲਈ ਅਤਿਅੰਤ ਮਹੱਤਵਪੂਰਣ ਹੈ। ਇਸੇ ਲਈ ਤਾਂ ਭਗਤ ਭਗਵਾਨ ਦੇ ਸਮਾਨ ਜਗਤ ਨੂੰ ਵੀ, ਜੋ ਕਿ ਭਗਵਾਨ ਦੀ ਲੀਲ੍ਹਾ ਹੈ, ਨਿੱਤ ਮੰਨਦਾ ਹੈ।

ਵਿਸਰਗ ਦਾ ਅਰਥ ਹੈ ਵਿਸ਼ਿਸ਼ਟ ਸਰਗ, ਵਿਸ਼ਿਸ਼ਟ ਸ੍ਰਿਸ਼ਟੀ। ਇਹ ਵਿਸ਼ਿਸ਼ਟ ਸ੍ਰਿਸ਼ਟੀ ਬ੍ਰਹਮਾ ਦੀ ਵਾਸਨਾ ਵਿਸ਼ਿਸ਼ਟ ਸ੍ਰਿਸ਼ਟੀ ਹੈ[113]। ਵਿਰਾਟ ਦੇ ਅੰਡ (ਬ੍ਰਹਿਮੰਡ) ਵਿੱਚ ਬ੍ਰਹਮਾ ਦੁਆਰਾ ਜੋ ਵਿਵਿਧ ਸ੍ਰਿਸ਼ਟੀ ਹੁੰਦੀ ਹੈ, ਉਸ ਨੂੰ 'ਵਿਸਰਗ' ਕਹਿੰਦੇ ਹਨ। ਬ੍ਰਹਮਾ ਦੀ ਸ੍ਰਿਸ਼ਟੀ ਮਾਨਸੀ-ਸ੍ਰਿਸ਼ਟੀ ਹੈ, ਬੀਜਕ ਨਹੀਂ। ਜੀਵਾਂ ਦੀ ਵਾਸਨਾ ਦੇ ਅਧੀਨ ਇਕ ਬੀਜ ਤੋਂ ਦੂਜੇ ਬੀਜ ਦੇ ਹੋਣ ਅਰਥਾਤ ਚਰਾਚਰ ਸ੍ਰਿਸ਼ਟੀ ਦੀ ਉਤਪਤੀ ਨੂੰ 'ਵਿਸਰਗ' ਕਹਿੰਦੇ ਹਨ।

ਇਹ ਵਿਸਰਗ ਭਗਵਾਨ ਦੀ ਅਨੰਤ ਲੀਲ੍ਹਾ-ਸ਼ਕਤੀ ਅਤੇ ਗਿਆਨ ਦਾ ਲਖਾਇਕ ਹੈ। ਭਾਗਵਤ ਦੇ ਵਿਸਰਗ-ਵਰਣਨ ਦਾ ਉਦੇਸ਼ ਵੀ ਬ੍ਰਹਮ ਦੀ ਅਨੁਭੂਤੀ ਅਤੇ ਪ੍ਰਾਪਤੀ ਹੀ ਹੈ।

'ਸਥਾਨ' ਨੂੰ ਸ੍ਰੀਮਦ ਭਾਗਵਤ ਵਿਚ 'ਸਥਿਤੀ'[114] ਵੀ ਕਿਹਾ ਗਿਆ ਹੈ। ਇਸ

---

111 ਸ੍ਰੀਮਦ ਭਾਗਵਤ, 3.11
112 ਓਹੀ, 2.10.3 ਅਤੇ 12.7.11
113 ਓਹੀ, 2.10.3 ਅਤੇ 12.7.12
114 ਓਹੀ, 2.10.4

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿੱਚ ਸ੍ਰਿਸ਼ਟੀ ਅਤੇ ਵਿਸ਼ਿਸ਼ਟ ਸ੍ਰਿਸ਼ਟੀ ਦੇ ਵਰਣਨ ਉਪ੍ਰੰਤ ਉਸ ਦੀ ਵਾਸਤਵਿਕ ਸਥਿਤੀ ਦਾ ਵਰਣਨ ਕੀਤਾ ਗਿਆ ਹੈ। 'ਸਥਿਤੀ' ਦੁਆਰਾ ਵੀ ਭਗਵਾਨ ਦੀ ਅਦਭੁਤ ਆਧਾਰ-ਸ਼ਕਤੀ ਅਤੇ ਧਾਰਣ-ਸ਼ਕਤੀ ਦਾ ਹੀ ਅਨੁਮਾਨ ਹੁੰਦਾ ਹੈ ।

'ਨਿਰੋਧ' ਉਸ ਅਵਸਥਾ ਦਾ ਨਾਮ ਹੈ ਜਿਸ ਵਿੱਚ ਸਮਸਤ ਜੜ੍ਹ ਚੇਤਨਾਤਮਕ ਪ੍ਰਪੰਚ ਬ੍ਰਹਮ ਵਿੱਚ ਵਾਪਸ ਲੀਨ ਹੋ ਜਾਂਦਾ ਹੈ। ਇਹੀ ਪ੍ਰਲੈ ਹੈ। ਪ੍ਰਲੈ ਸੰਬੰਧੀ ਸ੍ਰੀਮਦ ਭਾਗਵਤ ਵਿੱਚ ਕਿਹਾ ਗਿਆ ਹੈ ਕਿ ਪੰਜ ਭੂਤਾਂ ਦੇ ਪ੍ਰਲੈ ਦਾ ਸਮਾਂ ਆਉਣ ਤੇ ਅਨਾਦਿ ਅਤੇ ਅਨੰਤ ਕਾਲ ਇਸ ਦ੍ਰਵ ਗੁਣਾਤਮਕ, ਸਥੂਲ-ਸੂਖਮ ਰੂਪ, ਵਿਅਕਤ ਸ੍ਰਿਸ਼ਟੀ ਨੂੰ ਅਵਿਅਕਤ ਵਲ ਖਿੱਚ ਕੇ ਲੈ ਜਾਂਦਾ ਹੈ ।[115] ਉਸ ਸਮੇਂ ਵਿਰਾਟ ਪੁਰਸ਼ ਆਪਣੇ ਬ੍ਰਹਿਮੰਡ-ਸਰੀਰ ਨੂੰ ਤੱਜ ਕੇ ਸੂਖਮ ਸਰੂਪ 'ਅਵਿਅਕਤ' ਵਿਚ ਲੀਨ ਹੋ ਜਾਂਦਾ ਹੈ ।[116] ਵਾਯੂ ਦੁਆਰਾ ਗੰਧ ਨੂੰ ਖਿੱਚ ਲੈਣ ਕਾਰਣ ਪ੍ਰਿਥਵੀ ਜਲ-ਰੂਪ ਹੋ ਜਾਂਦੀ ਹੈ ਅਤੇ ਉਸ ਵਾਯੂ ਦੁਆਰਾ ਰਸ ਦੇ ਖਿੱਚੇ ਜਾਣ ਕਾਰਣ ਜਲ ਅਗਨੀ-ਰੂਪ ਹੋ ਜਾਂਦਾ ਹੈ, ਫਿਰ ਅੰਧਕਾਰ ਦੁਆਰਾ ਰੂਪ ਰਹਿਤ ਹੋ ਚੁਕੀ ਅਗਨੀ ਵਾਯੂ ਵਿੱਚ ਅਤੇ ਆਕਾਸ਼ ਦੁਆਰਾ ਸਪਰਸ਼ਹੀਨ ਵਾਯੂ ਆਕਾਸ਼ ਵਿੱਚ ਲੀਨ ਹੋ ਜਾਂਦੀ ਹੈ। ਉਪ੍ਰੰਤ ਕਾਲ ਦੁਆਰਾ ਆਪਣੇ ਗੁਣ ਅਤੇ ਸ਼ਬਦ ਤੋਂ ਵਿਹੀਨ ਹੋ ਕੇ ਆਕਾਸ਼ ਤਾਮਸ ਅਹੰਕਾਰ ਵਿੱਚ, ਇੰਦਰੀਆਂ ਰਾਜਸ ਅਹੰਕਾਰ ਵਿੱਚ ਅਤੇ ਮਨ ਤੇ ਬੁੱਧੀ ਸਾਤਵਿਕ ਅਹੰਕਾਰ ਵਿੱਚ ਅਤੇ ਅਹੰਕਾਰ ਆਪਣੇ ਗੁਣਾਂ ਸਹਿਤ ਮਹੱਤਤਵ ਵਿੱਚ ਅਤੇ ਮਹੱਤਤਵ ਪ੍ਰਕਿਰਤੀ ਵਿੱਚ ਲੀਨ ਹੋ ਜਾਂਦੇ ਹਨ[117]

ਸ੍ਰੀਮਦ ਭਾਗਵਤ ਵਿੱਚ ਪਲੈ ਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ ।[118] ਪ੍ਰਲੈ ਚਾਰ ਪ੍ਰਕਾਰ ਦੀ ਦਸੀ ਗਈ ਹੈ—ਨਿੱਤ, ਨੈਮਿਤਿੱਕ, ਪ੍ਰਾਕ੍ਰਤ ਅਤੇ ਅਤਿਅੰਤਕ। ਜਗਤ ਦਾ ਨਿਰੰਤਰ ਵਿਨਾਸ਼ ਅਤੇ ਨਿਤ ਪ੍ਰਤੀ ਨਿੰਦ੍ਰਾ ਦੇ ਸਮੇਂ ਸ੍ਰਿਸ਼ਟੀ ਦਾ ਅਗਿਆਨ ਵਿੱਚ ਲੀਨ ਹੋ ਜਾਣਾ 'ਨਿਤ ਪ੍ਰਲੈ' ਹੈ। ਨੈਮਿਤਿੱਕ ਪ੍ਰਲੈ ਦੋ ਪ੍ਰਕਾਰ ਦੀ ਹੈ—ਅੰਸ਼ਕ ਪ੍ਰਲੈ. ਅਤੇ ਪੂਰਣ ਨੈਮਿਤਿੱਕ ਪ੍ਰਲੈ । ਮਨਵੰਤਰ[119] ਤੋਂ ਬਾਅਦ ਅੰਸ਼ਕ ਪ੍ਰਲੈ ਅਤੇ ਕਲਪ[120]

---

115 ਸ਼੍ਰੀਮਦ ਭਾਗਵਤ, 13.3.8

116 ਓਹੀ, 11.3.12

117 ਓਹੀ, 11/3/13-15

118 ਦੇਖੋ ਸ਼੍ਰੀਮਦਭਾਗਵਤ, ਬਾਰ੍ਹਵਾਂ ਸ੍ਕੰਧ

119 ਕਾਲ ਦੇ ਚਾਰ ਲਘੁ ਖੰਡ ਕੀਤੇ ਗਏ ਹਨ—ਸਤਿਜੁਗ, ਤ੍ਰੇਤਾ ਦੁਆਪਰ ਅਤੇ ਕ੍ਰਲਜੁਗ। ਇਹ ਇਕ ਚਤੁਰਯੁਗੀ ਹੈ ਜਿਸ ਦਾ ਸਮਾਂ 4320000 ਮਨੁਖੀ ਵਰ੍ਹੇ ਹੈ। ਇਸ ਪ੍ਰਕਾਰ ਦੀਆਂ 71 ਚਤੁਰਯੁਗੀਆਂ ਦਾ ਇਕ ਮਨਵੰਤਰ ਹੁੰਦਾ ਹੈ। ਇਕ ਮਨਵੰਤਰ ਵਿਚ ਇਕ ਹੀ ਮਨੁ ਹੁੰਦਾ ਹੈ। ਉਸ ਤੋਂ ਬਾਅਦ ਦੂਸਰਾ ਮਨੁ ਆਉਂਦਾ ਹੈ। ਦੋਹਾਂ ਮਨੂਆਂ ਦੇ ਵਿਚਕਾਰਲੇ ਸਮੇਂ ਨੂੰ 'ਮਨਵੰਤਰ' ਕਹਿੰਦੇ ਹਨ।

120 ਇਸ ਤਰ੍ਹਾਂ ਜਦੋਂ 14 ਮਨਵੰਤਰ ਹੋ ਜਾਂਦੇ ਹਨ ਤਾਂ ਇਕ 'ਕ੍ਰਲਪ' ਹੁੰਦਾ ਹੈ ਜਿਸ ਨੂੰ ਬ੍ਰਹਮਾ ਦਾ ਇਕ ਦਿਨ ਮੰਨਿਆਂ ਜਾਂਦਾ ਹੈ। ਬ੍ਰਹਮਾ ਦੀ ਰਾਤ ਵੀ ਏਡੀ ਹੀ ਵਡੀ ਹੁੰਦੀ ।

(ਸ੍ਰੀਮਦ ਭਗਵਦ ਗੀਤਾ, 8.17)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਅੰਤ ਤੇ ਪੂਰਣ ਨੈਮਿਤਿੱਕ ਪ੍ਰਲੈ ਹੁੰਦੀ ਹੈ। ਬ੍ਰਹਮਾ ਦੀ ਆਯੂ[121] ਪੂਰਣ ਹੋਣ ਤੇ ਪ੍ਰਾਕ੍ਰਤ ਪ੍ਰਲੈ ਹੁੰਦੀ ਹੈ ਅਤੇ ਬ੍ਰਹਿਮੰਡ ਪ੍ਰਕਿਰਤੀ ਵਿਚ ਪੂਰਣ ਭਾਂਤ ਵਿਲੀਨ ਹੋ ਜਾਂਦਾ ਹੈ। ਅਤਿਅੰਤਕ ਪ੍ਰਲੈ ਜੀਵ ਦੀ ਸਵੈ-ਸਰੂਪ ਵਿੱਚ ਸਥਿਤੀ ਹੈ। ਇਸ ਦਾ ਕੋਈ ਸਮਾਂ ਨਿਸ਼ਚਿਤ ਨਹੀਂ। ਜੀਵ ਉਪਰ ਜਦੋਂ ਵੀ ਭਗਵਾਨ ਦੀ ਕਿਰਪਾ ਦ੍ਰਿਸ਼ਟੀ ਹੋ ਗਈ ਤਦੋਂ ਹੀ ਉਸ ਲਈ ਸੰਸਾਰ ਦੀ ਅਤਿਅੰਤਕ ਪ੍ਰਲੈ ਹੋ ਗਈ। ਇਹੀ ਜੀਵ ਦੀ ਮੁਕਤੀ ਅਵਸਥਾ ਹੈ। ਸ੍ਰੀਮਦ ਭਾਗਵਤ ਦੀ ਸ੍ਰਿਸ਼ਟੀ ਪ੍ਰਕਿਰਿਆ ਸੰਖੇਪ ਵਿੱਚ ਇਸ ਪ੍ਰਕਾਰ ਹੈ :

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸਮਸਤ ਆਤਮਾਵਾਂ ਦੇ ਆਤਮਾ ਇਕ ਪੂਰਣ ਪਰਮਾਤਮਾ ਸਨ, ਨਾ ਦ੍ਰਸ਼ਟਾ ਸੀ ਅਤੇ ਨਾ ਹੀ ਦ੍ਰਿਸ਼। ਪਰਮਾਤਮਾ ਨੇ ਹੀ ਦ੍ਰਸ਼ਟਾ ਦਾ ਰੂਪ ਧਾਰਣ ਕੀਤਾ। ਉਸ ਪਰਮਾਤਮਾ ਦੀ ਅਵਿਅਕਤ ਮਾਇਆ ਤੋਂ ਮਹੱਤਤਵ ਪ੍ਰਗਟ ਹੋਇਆ। ਮਹੱਤਤਵ ਤੇ ਜਦੋਂ ਭਗਵਾਨ ਦੀ ਦ੍ਰਿਸ਼ਟੀ ਪਈ ਤਾਂ ਉਸ ਦਾ ਰੂਪਾਂਤਰ ਅਹੰਕਾਰ ਵਿੱਚ ਹੋਇਆ। ਅਹੰ ਤਤ ਵਿੱਚ ਵਿਕਾਰ ਆਉਣ ਤੇ ਸਾਤਵਿਕ ਅਹੰਕਾਰ ਤੋਂ ਮਨ ਦੀ ਉਤਪਤੀ ਹੋਈ, ਤੇਜਸ ਅਹੰਕਾਰ ਤੋਂ ਗਿਆਨ-ਇੰਦਰੀਆਂ ਅਤੇ ਕਰਮ ਇੰਦਰੀਆਂ ਅਤੇ ਤਾਮਸ ਅਹੰਕਾਰ ਤੋਂ ਸ਼ਬਦ ਤਨਮਾਤ੍ਰਾਵਾਂ ਅਤੇ ਆਕਾਸ਼ ਉਪਜਿਆ। ਭਗਵਾਨ ਦੀ ਦ੍ਰਿਸ਼ਟੀ ਜਦੋਂ ਆਕਾਸ਼ ਤੇ ਪਈ ਤਾਂ ਫਲਸਰੂਪ ਕਾਲ ਅਤੇ ਮਾਇਆ ਦੇ ਯੋਗ ਤੋਂ ਸਪਰਸ਼ ਤਨਮਾਤ੍ਰ ਪੈਦਾ ਹੋਇਆ ਅਤੇ ਉਸਦੇ ਵਿਕ੍ਰਤ ਹੋਣ ਤੇ ਉਸ ਤੋਂ ਵਾਯੂ ਉਤਪਤ ਹੋਈ। ਵਾਯੂ ਨੇ ਆਕਾਸ਼ ਦੇ ਯੋਗ ਦੁਆਰਾ ਵਿਕ੍ਰਤ ਹੋ ਕੇ ਰੂਪ ਤਨਮਾਤ੍ਰ ਦੀ ਰਚਨਾ ਕੀਤੀ ਅਤੇ ਉਸ ਤੋਂ ਸੰਸਾਰ ਦਾ ਪ੍ਰਕਾਸ਼ਕ ਤੇਜ ਉਤਪੰਨ ਹੋਇਆ। ਫਿਰ ਵਾਯੂ-ਯੁਕਤ ਤੇਜ ਨੇ ਵਿਕ੍ਰਤ ਹੋ ਕੇ ਰਸ ਤਨਮਾਤ੍ਰ ਦੇ ਕਾਰਜ ਜਲ ਨੂੰ ਉਤਪੰਨ ਕੀਤਾ। ਉਸ ਤੋਂ ਬਾਅਦ ਤੇਜ ਨਾਲ ਯੁਕਤ ਜਲ ਨੇ ਕਾਲ ਅਤੇ ਮਾਇਆ ਆਦਿ ਦੇ ਯੋਗ ਦੁਆਰਾ ਗੰਧ ਗੁਣਮਈ ਪ੍ਰਿਥਵੀ ਨੂੰ ਉਤਪੰਨ ਕੀਤਾ। ਸਰਬ-ਸ਼ਕਤੀਮਾਨ ਨੇ ਜਦ ਵੇਖਿਆ ਕਿ ਆਪਸ ਵਿਚ ਸੰਗਠਤ ਨਾ ਹੋਣ ਦੇ ਕਾਰਣ ਇਹ ਮੇਰੀਆਂ ਮਹੱਤਤਵ ਆਦਿ ਸ਼ਕਤੀਆਂ ਵਿਸ਼ਵ-ਰਚਨਾ ਦੇ ਕਾਰਜ ਵਿਚ ਅਸਮਰਥ ਹੋ ਰਹੀਆਂ ਹਨ ਤਾਂ ਉਸ ਨੇ ਇਕੋ ਵਕਤ ਮਹੱਤਤਵ, ਅਹੰਕਾਰ, ਪੰਜ ਭੂਤ, ਪੰਜ ਤਨ ਮਾਤ੍ਰਾਵਾਂ, ਮਨ, ਪੰਜ ਗਿਆਨ-ਇੰਦਰੀਆਂ ਅਤੇ ਪੰਜ ਕਰਮ-ਇੰਦਰੀਆਂ ਅਰਥਾਤ ਇਹਨਾਂ ਤੇਈ ਤੱਤਾਂ ਦੇ ਸਮੂਹ ਵਿੱਚ ਪ੍ਰਵੇਸ਼ ਕੀਤਾ। ਇਹਨਾਂ ਵਿੱਚ ਪ੍ਰਵੇਸ਼ ਪਾ ਕੇ ਉਸ ਨੇ ਜੀਵਾਂ ਦੇ ਸੁੱਤੇ ਹੋਏ ਅਦ੍ਰਿਸ਼ਟ ਤੱਤ ਨੂੰ ਜਾਗ੍ਰਤ ਕਰ ਦਿੱਤਾ ਅਤੇ ਵੱਖ ਵੱਖ ਹੋਏ ਤਤ-ਸਮੂਹ ਨੂੰ ਆਪਣੀ ਕਿਰਿਆ ਸ਼ਕਤੀ ਦੁਆਰਾ ਆਪਸ ਵਿਚ ਮਿਲਾ ਦਿੱਤਾ। ਇਹਨਾਂ ਸਭਨਾਂ ਦੀ ਪ੍ਰੇਰਣਾ ਸਦਕਾ ਆਦਿ-ਪੁਰਸ਼ ਵਿਰਾਟ ਉਤਪੰਨ ਹੋਇਆ ਜਿਸ ਵਿੱਚ ਚਰਾਚਰ ਜਗਤ ਵਿਦਵਾਨ ਹੈ। ਇਹ ਵਿਰਾਟ ਪੁਰਸ਼ ਹੀ ਪਹਿਲਾ ਜੀਵ ਹੋਣ ਦੇ ਕਾਰਣ ਸਮਸਤ ਜੀਵਾਂ ਦਾ ਆਤਮਾ, ਜੀਵ ਰੂਪ ਹੋਣ ਦੇ ਕਾਰਣ ਭਗਵਾਨ ਦਾ ਅੰਸ਼ ਅਤੇ ਪਹਿਲੀ ਅਭਿਵਿਅਕਤੀ

---

121 ਇਸ ਤਰ੍ਹਾਂ ਬ੍ਰਹਮਾ ਸੌ ਵਰ੍ਹੇ ਜੀਉਂਦੇ ਹਨ। ਬ੍ਰਹਮਾ ਦੀ ਪੂਰੀ ਆਯੂ ਭਗਵਾਨ ਦੇ ਇਕ ਪਲਕ ਦੇ ਸਮਾਨ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣ ਦੇ ਕਾਰਣ ਭਗਵਾਨ ਦਾ ਆਦਿ ਅਵਤਾਰ ਅਖਵਾਇਆ । ਭਗਵਾਨ ਨੇ ਆਪਣੇ ਤੇਜ ਤੋਂ ਇਸ ਵਿਰਾਟ ਪੁਰਸ਼ ਨੂੰ ਚੇਤੰਨ ਕੀਤਾ। ਇਸ ਤੋਂ ਬਾਅਦ ਵਿਰਾਟ ਪੁਰਸ਼ ਦੇ ਅੰਗ ਬਣੇ । ਸਭ ਤੋਂ ਪਹਿਲਾਂ ਮੂੰਹ, ਫੇਰ ਤਾਲੂ; ਰਸ-ਇੰਦਰੀ (ਜਿਸ ਤੋਂ ਜੀਵ ਰੱਸ ਗ੍ਰਹਿਣ ਕਰਦਾ ਹੈ), ਨਾਸਿਕਾ (ਜਿਸ ਤੋਂ ਜੀਵ ਗੰਧ ਗ੍ਰਹਿਣ ਕਰਦਾ ਹੈ), ਕੰਨ (ਜਿਸ ਤੋਂ ਜੀਵ ਸ਼ਬਦ ਦਾ ਗਿਆਨ ਗ੍ਰਹਿਣ ਕਰਦਾ ਹੈ), ਹੱਥ, ਪੈਰ, ਬੁੱਧੀ, ਹਿਰਦਾ ਆਦਿ ਉਤਪੰਨ ਹੋਏ । ਫੇਰ ਵਿਰਾਟ ਪੁਰਸ਼ ਵਿਚ ਅਹੰਕਾਰ ਉਤਪੰਨ ਹੋਇਆ । ਇਸ ਵਿਰਾਟ ਪੁਰਸ਼ ਦੇ ਸਿਰ ਤੋਂ ਸਵਰਗ-ਲੋਕ, ਪੈਰਾਂ ਤੋਂ ਪ੍ਰਿਥਵੀ ਅਤੇ ਧੁੰਨੀ ਤੋਂ ਅੰਤਰਿਖ਼ਸ਼ ਉਤਪੰਨ ਹੋਇਆ। ਵੇਦ ਅਤੇ ਬ੍ਰਾਹਮਣ ਵਿਰਾਟ ਭਗਵਾਨ ਦੇ ਮੁਖ ਤੋਂ ਉਪਜੇ । ਉਸ ਦੀਆਂ ਬਾਹਵਾਂ ਤੋਂ ਖੱਤਰੀ, ਜੰਘਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਪ੍ਰਗਟ ਹੋਏ[122] ਆਦਿ ।

---

122 ਸ੍ਰਿਸ਼ਟੀ-ਰਚਨਾ ਦਾ ਇਹ ਵਰਣਨ ਭਾਗਵਤ ਪੁਰਾਣ ਵਿਚ ਵਿਦੁਰ ਅਤੇ ਮੈਤ੍ਰੇਅ ਦੇ ਸੰਬਾਦ ਦੇ ਰੂਪ ਵਿਚ ਆਇਆ ਹੈ । ਇਹ ਸਭ ਕੁਝ ਸੁਣਨ ਉਪ੍ਰੰਤ ਵਿਦੁਰ ਨੇ ਮੁੜ ਮੈਤ੍ਰੇਅ ਨੂੰ ਪ੍ਰਸ਼ਨ ਕੀਤਾ ਕਿ ਸ੍ਰਿਸ਼ਟੀ-ਰਚਨਾ ਵਿੱਚ ਅਨੇਕ ਪ੍ਰਕਾਰ ਦੇ ਜੀਵਾਂ ਦੀ ਉਤਪਤੀ ਕਿਵੇਂ ਹੋਈ ? ਇਸ ਦਾ ਵਿਉਰੇਵਾਰ ਵਰਣਨ ਕਰੋ ਤਾਂ ਮੈਤ੍ਰੇਅ ਨੇ ਮੁੜ ਸ੍ਰਿਸ਼ਟੀ-ਵਰਣਨ ਇਸ ਪ੍ਰਕਾਰ ਕਹਿ ਸੁਣਾਇਆ :—

ਸ੍ਰਿਸ਼ਟੀ ਤੋਂ ਪਹਿਲਾਂ ਸਮਸਤ ਵਿਸ਼ਵ ਜਲ ਵਿਚ ਡੁੱਬਿਆ ਪਿਆ ਸੀ । ਸ੍ਰਿਸ਼ਟੀ-ਕਰਮ ਤੋਂ ਅਵਕਾਸ਼ ਪ੍ਰਾਪਤ ਕਰਕੇ ਭਗਵਾਨ ਯੋਗਨਿੰਦ੍ਰਾ ਦੇ ਸਹਾਰੇ ਅੱਖਾਂ ਮੀਟ ਕੇ ਆਤਮ-ਆਨੰਦ ਅਨੁਭਵ ਕਰ ਰਹੇ ਸਨ । ਉਹਨਾਂ ਕੇਵਲ ਕਾਲ-ਸ਼ਕਤੀ ਨੂੰ ਹੀ ਜਾਗ੍ਰਤ ਰੱਖਿਆ ਤਾਂ ਜੋ ਉਹ ਸ੍ਰਿਸ਼ਟੀ-ਕਾਲ ਆਉਣ ਤੇ ਉਹਨਾਂ ਨੂੰ ਜਗਾ ਦੇਵੇ । ਇਕ ਹਜ਼ਾਰ ਯੁਗਾਂ ਦੇ ਬੀਤਣ ਤੋਂ ਬਾਅਦ ਕਾਲ-ਸ਼ਕਤੀ ਨੇ ਉਹਨਾਂ ਨੂੰ ਪ੍ਰੇਰਿਆ । ਕਰਮ-ਸ਼ਕਤੀ ਨੂੰ ਜਾਗ੍ਰਤ ਕਰਨ ਵਾਲੇ ਕਾਲ ਦੁਆਰਾ ਵਿਸ਼ਣੂ ਭਗਵਾਨ ਦੀ ਧੁੰਨੀ ਤੋਂ ਇਕ ਕਮਲ-ਰੂਪ ਸੂਖਮ ਤੱਤ ਸਹਸਾ ਉਪਰ ਵਲ ਨੂੰ ਉਠਿਆ ਅਤੇ ਉਸਨੇ ਸੂਰਜ ਦੇ ਸਮਾਨ ਆਪਣੇ ਤੇਜ ਤੋਂ ਉਸ ਅਪਾਰ ਜਲ-ਗ੍ਰਹਿ ਨੂੰ ਪ੍ਰਕਾਸ਼ਮਾਨ ਕਰ ਦਿੱਤਾ । ਉਸ ਤੋਂ ਸਾਖਿਆਤ ਵੇਦ-ਮੂਰਤੀ ਬ੍ਰਹਮਾ ਜੀ ਪ੍ਰਗਟ ਹੋਏ । ਉਸ ਕਮਲ ਦੀ ਗੱਦੀ ਉਪਰ ਬੈਠਿਆਂ ਬ੍ਰਹਮਾ ਨੇ ਚਹੁੰ-ਪਾਸੀਂ ਆਪਣੀ ਗਰਦਨ ਘੁਮਾ ਕੇ ਦੇਖਿਆ ਤਾਂ ਉਹਨਾਂ ਨੂੰ ਕੋਈ ਵੀ ਲੋਕ ਦਿਖਾਈ ਨਾ ਦਿੱਤਾ । ਚਹੁੰ-ਪਾਸੀਂ ਮੁਖ ਕਰਨ ਕਾਰਣ ਉਹਨਾਂ ਦੇ ਚਾਰ ਮੁਖ ਹੋ ਗਏ । ਬ੍ਰਹਮਾ ਜੀ ਨੂੰ ਉਸ ਕਮਲ ਦਾ ਰਹੱਸ ਗਿਆਤ ਨਾ ਹੋਇਆ । ਇਹ ਉਸ ਦੀ ਡੰਡੀ (ਤਨੇ) ਵਿਚ ਜਾ ਵੜੇ ਪਰ ਉਸ ਦੇ ਉਤਪਤੀ-ਸਥਾਨ ਦਾ ਥਹੁ ਪਤਾ ਨਾ ਲਗਾ ਸਕੇ । ਨਿਰਾਸ ਹੋ ਕੇ ਉਹ ਮੁੜ ਵਾਪਸ ਪਰਤ ਆਏ ਅਤੇ ਸਮਾਧੀ-ਸਥਿਤ ਹੋ ਗਏ । ਉਹਨਾਂ ਦੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋਇਆ । ਉਸ ਸਮੇਂ ਉਹਨਾਂ ਨੇ ਦੇਖਿਆ ਕਿ ਪ੍ਰਲੈ-ਕਾਲੀਨ ਜਲ ਵਿਚ ਸ਼ੇਸ਼ ਨਾਗ ਦੀ ਸੱਜਾ ਉਪਰ ਪੁਰਸ਼ੋਤਮ ਭਗਵਾਨ ਇਕੱਲੇ ਲੇਟੇ ਪਏ ਸਨ । ਸ਼ੇਸ਼ ਦੇ ਦਸ ਹਜ਼ਾਰ ਫਣ ਛਤਰ ਵਾਂਗ ਉਹਨਾਂ ਉਪਰ ਫੈਲੇ ਹੋਏ ਸਨ । ਭਗਵਾਨ ਦਾ ਇਹ ਰੂਪ ਦੇਖ ਕੇ ਬ੍ਰਹਮਾ ਜੀ ਨੇ ਉਹਨਾਂ ਦੀ ਉਸਤਤ ਕੀਤੀ । ਭਗਵਾਨ ਨੇ ਬ੍ਰਹਮਾ ਨੂੰ ਦਰਸ਼ਨ ਦਿੱਤਾ । ਉਹਨਾਂ ਦੀ ਪ੍ਰੇਰਣਾ ਸਦਕਾ ਬ੍ਰਹਮਾ ਨੇ ਮੁੜ ਸੌ ਦੈਵੀ ਵਰ੍ਹੇ ਤਕ ਤਪੱਸਿਆ ਕੀਤੀ । ਪ੍ਰਬਲ ਤਪਸਿਆ ਅਤੇ ਆਤਮ-ਗਿਆਨ ਦੇ ਕਾਰਣ ਬ੍ਰਹਮਾ ਦਾ ਆਤਮ-ਬਲ ਵਧ ਗਿਆ । ਉਹਨਾਂ ਤਕਿਆ ਕਿ ਪ੍ਰਲੈ-ਕਾਲੀਨ ਪ੍ਰਬਲ ਹਵਾ ਦੇ ਬੁਲ੍ਹਿਆਂ ਨਾਲ ਜਿਸ ਕਮਲ ਉਪਰ ਉਹ

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨੁ ਸਮ੍ਰਿਤੀ ਵਿਚ ਸ੍ਰਿਸ਼ਟੀ-ਰਚਨਾ ਦਾ ਬਿਰਤਾਂਤ, ਜੋ ਭਾਗਵਤ ਪੁਰਾਣ ਨਾਲੋਂ ਘਟ ਪੌਰਾਣਿਕ ਅਤੇ ਕੁਝ ਵਖਰਾ ਵੀ ਹੈ, ਸੰਖੇਪ ਵਿਚ ਇਸ ਪ੍ਰਕਾਰ ਹੈ :—

ਪ੍ਰਲੈਕਾਲ ਵਿੱਚ ਇਹ ਸੰਸਾਰ ਅੰਧਕਾਰ ਵਿਚ ਲੀਨ ਅਤੇ ਸੁਪਤ ਅਵਸਥਾ ਵਿੱਚ ਸਥਿਤ ਸੀ। ਸੈਭੰ ਸਵੈ-ਇੱਛਾ ਨਾਲ ਸਰੀਰ ਧਾਰਣ ਕਰਨ ਵਾਲੇ ਅਵਿਅਕਤ ਅਤੇ ਅਗੋਚਰ ਪਰਮਾਤਮਾ ਆਕਾਸ਼ ਆਦਿ ਮਹਾਂਭੂਤਾਂ ਨੂੰ ਵਿਅਕਤ ਕਰਦੇ ਹੋਏ ਪ੍ਰਗਟ ਹੋਏ। ਉਸ ਪਰਮਾਤਮਾ ਨੇ ਅਨੇਕ ਭਾਂਤ ਦੀ ਸ੍ਰਿਸ਼ਟੀ ਕਰਨ ਦੇ ਵਿਚਾਰ ਨਾਲ ਸਭ ਤੋਂ ਪਹਿਲਾਂ

ਬੈਠੇ ਹਨ, ਉਹ ਅਤੇ ਉਸ ਦੇ ਚਹੁੰ ਪਾਸਿਆਂ ਦਾ ਜਲ ਹਿਲ ਰਿਹਾ ਹੈ। ਉਹਨਾਂ ਨੇ ਹਵਾ ਅਤੇ ਜਲ ਨੂੰ ਡੀਕ ਲਾ ਕੇ ਪੀ ਲਿਆ। ਉਪ੍ਰੰਤ ਉਹਨਾਂ ਨੇ ਉਸ ਕਮਲ ਦੇ ਤਿੰਨ ਭਾਗ (ਭੂਆ, ਭੁਵਾਹ ਅਤੇ ਸਵਾਹ) ਕੀਤੇ।

ਸਭ ਤੋਂ ਪਹਿਲਾਂ ਉਹਨਾਂ ਨੇ ਅਗਿਆਨ ਦੀਆਂ ਬਿਰਤੀਆਂ ਅਰਥਾਤ ਤਨ (ਅਵਿਦਿਆ, ਮੋਹ ਆਦਿ) ਮਹਾਮੋਹ (ਰਾਗ), ਦਵੈਖ ਅਤੇ ਕ੍ਰੋਧ ਆਦਿ ਦੀ ਰਚਨਾ ਕੀਤੀ ਪਰ ਇਸ ਅੰਤਿਅੰਤ ਪਾਪਮਈ ਸ੍ਰਿਸ਼ਟੀ ਨੂੰ ਦੇਖ ਕੇ ਉਹਨਾਂ ਨੂੰ ਕੋਈ ਸੰਤੋਖ ਨਾ ਮਿਲਿਆ। ਫਿਰ ਉਹਨਾਂ ਨੇ ਦੂਸਰੀ ਸ੍ਰਿਸ਼ਟੀ ਕੀਤੀ ਅਤੇ ਸਨਕ, ਸਨੰਦਨ ਅਤੇ ਸਨਤ ਕੁਮਾਰ ਨਾਮੀ ਚਾਰ ਮੁਨੀ ਉਪਜਾਏ। ਪਰ ਨਿਵਿਰਤੀ ਦੇ ਧਾਰਣੀ ਹਣ ਕਾਰਣ ਇਹ ਮੁਨੀ ਵੀ ਸੰਤਾਨ ਉਤਪਤੀ ਤੋਂ ਦੂਰ ਹੀ ਰਹੇ। ਉਹਨਾਂ ਦੀ ਇਹ ਅਵਸਥਾ ਦੇਖ ਕੇ ਬ੍ਰਹਮਾ ਕ੍ਰੋਧਿਤ ਹੋ ਉਠੇ। ਉਹਨਾਂ ਨੇ ਆਪਣਾ ਕ੍ਰੋਧ ਰੋਕਣਾ ਚਾਹਿਆ ਪਰ ਉਹ ਕ੍ਰੋਧ ਉਹਨਾਂ ਦੇ ਭਰਵਟਿਆਂ ਦੇ ਵਿਚੋਂ ਦੀ ਇਕ ਬਾਲਕ ਦੇ ਰੂਪ ਵਿਚ ਪ੍ਰਗਟ ਹੋਇਆ ਜੋ ਰੋ ਰੋ ਕੇ ਆਪਣਾ ਨਾਮ ਅਤੇ ਨਿਵਾਸ ਸਥਾਨ ਪੁਛਣ ਲੱਗ ਪਿਆ। ਬ੍ਰਹਮਾ ਨੇ ਕਿਹਾ ਕਿ ਪੈਦਾ ਹੁੰਦਿਆਂ ਹੀ ਬਾਲਕ ਦੇ ਸਮਾਨ ਹੋਣ ਕਾਰਣ ਇਸ ਨੂੰ 'ਰੁਦਰ' ਕਿਹਾ ਜਾਏਗਾ। ਫੇਰ ਰੁਦਰ ਨੂੰ ਬ੍ਰਹਮਾ ਨੇ ਕਿਹਾ ਕਿ ਉਹ ਬਹੁਤ ਸਾਰੀ ਪਰਜਾ ਉਤਪਤ ਕਰੇ। ਉਸ ਨੇ ਆਪਣੇ ਵਾਂਗ ਹੀ ਅਨੇਕਾਂ ਪ੍ਰਬਲ ਸੰਤਾਨਾਂ ਉਤਪੰਨ ਕੀਤੀਆਂ। ਫੇਰ ਬ੍ਰਹਮਾ ਨੇ ਰੁਦਰ ਨੂੰ ਤਪ ਕਰਨ ਦਾ ਉਪਦੇਸ਼ ਦੇ ਕੇ ਆਪ ਸ੍ਰਿਸ਼ਟੀ ਦੇ ਲਈ ਸੰਕਲਪ ਕੀਤਾ ਅਤੇ ਉਹਨਾਂ ਦੇ ਦਸ ਪੁਤਰ ਉਤਪੰਨ ਹੋਏ, ਜਿਹਨਾਂ ਦੇ ਨਾਮ ਹਨ—ਮਰੀਚਿ, ਅਚਿ, ਅੰਗਿਰਾ, ਪੁਲਸਤਯ, ਪੁਲਹ, ਕ੍ਰਤੁ, ਭ੍ਰਿਗੁ, ਵਸ਼ਿਸ਼ਟ, ਦਖ਼ਸ਼ ਅਤੇ ਨਾਰਦ। ਫਿਰ ਬ੍ਰਹਮਾ ਜੀ ਦੀ ਸੱਜੀ ਛਾਤੀ ਤੋਂ ਧਰਮ ਅਤੇ ਪਿੱਠ ਵਿਚੋਂ ਅਧਰਮ ਉਪਜਿਆ। ਬ੍ਰਹਮਾ ਜੀ ਇਕ ਵਾਰ ਆਪਣੀ ਪੁਤਰੀ ਸਰਸਵਤੀ ਉਪਰ ਮੁਗਧ ਹੋ ਗਏ। ਇਸ ਪਾਪ ਦੇ ਪਸ਼ਚਾਤਾਪ ਵਜੋਂ ਉਹਨਾਂ ਨੇ ਆਪਣਾ ਸਰੀਰ ਤਿਆਗ ਦਿੱਤਾ। ਉਹੀ ਕੁਹਰਾ ਹੋ ਨਿਬੜਿਆ। ਇਕ ਵਾਰ ਬ੍ਰਹਮਾ ਜੀ ਸ੍ਰਿਸ਼ਟੀ ਰਚਨਾ ਦੇ ਸੰਬੰਧ ਵਿਚ ਚਿੰਤਨ-ਗ਼ੁਸਤ ਸਨ। ਉਸੇ ਸਮੇਂ ਉਹਨਾਂ ਦੇ ਮੁਖ ਤੋਂ ਚਾਰ ਵੇਦ ਉਤਪੰਨ ਹੋਏ। ਇੰਜ ਹੀ ਉਹਨਾਂ ਨੇ ਆਯੁਰ ਵੇਦ, ਧਨੁਰ ਵੇਦ, ਗੰਧਰਵ ਵੇਦ ਅਤੇ ਸਥਾਪਤ ਵੇਦ, ਇਹਨਾਂ ਚਹੁੰ ਉਪਵੇਦਾਂ ਨੂੰ ਉਤਪਤ ਕੀਤਾ। ਪਰ ਫੇਰ ਵੀ ਜਿਸ ਗਤੀ ਨਾਲ ਉਹ ਸ੍ਰਿਸ਼ਟੀ ਦਾ ਵਿਸਥਾਰ ਚਾਹੁੰਦੇ ਸਨ ਹੋ ਨਹੀਂ ਸੀ ਰਿਹਾ। ਅਚਾਨਕ ਬ੍ਰਹਮਾ ਦੇ ਸਰੀਰ ਦੇ ਦੋ ਭਾਗ ਹੋ ਗਏ। ਇਹਨਾਂ ਤੋਂ ਇਸਤ੍ਰੀ ਪੁਰਸ਼ ਦਾ ਇਕ ਜੋੜਾ ਪ੍ਰਗਟ ਹੋਇਆ ਜਿਸ ਦੇ ਸੰਜੋਗ-ਕਰਮ ਤੋਂ ਪਰਜਾ ਦਾ ਵਾਧਾ ਹੋਣ ਲਗ ਪਿਆ। ਹੁਣ ਇਸ ਪਰਜਾ ਦੇ ਰਹਿਣ ਲਈ ਸਥਾਨ ਚਾਹੀਦਾ ਸੀ। ਮਨੁ ਨੇ ਬ੍ਰਹਮਾ ਅੱਗੇ ਬੇਨਤੀ ਕੀਤੀ ਕਿ ਪ੍ਰਿਥਵੀ ਤਾਂ ਪ੍ਰਲੈ-ਜਲ ਵਿਚ ਡੁਬੀ ਪਈ ਹੈ। ਜਦ ਤਕ ਇਸ ਦਾ ਉੱਧਾਰ ਨਹੀਂ ਹੁੰਦਾ ਸਾਡੀ ਸੰਤਾਨ ਲਈ ਅਸਥਾਨ ਮਿਲਣਾ ਅਸੰਭਵ ਹੈ। ਇਹ ਸੁਣ ਕੇ ਬ੍ਰਹਮਾ ਚਿੰਤਾ-ਮਗਨ ਹੋ ਗਏ। ਬ੍ਰਹਮਾ ਵਿਚਾਰ-ਮਗਨ ਹੀ ਸਨ ਕਿ ਉਹਨਾਂ ਦੀ ਨਾਸਿਕਾ ਵਿਚੋਂ ਅੰਗੂਠੇ ਜਿੱਡਾ ਬਰਾਹ ਬਾਲ ਨਿਕਲਿਆ। ਤੁਰੰਤ ਹੀ ਵਧ ਕੇ ਉਹ ਹਾਥੀ ਦੇ ਆਕਾਰ ਜਿੱਡਾ ਹੋ ਗਿਆ। ਉਹੀ ਰੂਪ ਭਗਵਾਨ ਪ੍ਰਿਥਵੀ ਦੀ ਭਾਲ ਲਈ ਨਿਕਲਿਆ। ਬੜੇ ਜ਼ੋਰ ਨਾਲ ਉਛਲ ਕੇ ਉਹ ਸਮੁੰਦਰ ਦੇ ਪੇਟ ਨੂੰ ਚੀਰਦਾ ਹੋਇਆ ਰਸਾਤਲ ਤਕ ਜਾ ਪਹੁੰਚਿਆ। ਉਥੋਂ ਇਸ ਪ੍ਰਿਥਵੀ ਨੂੰ ਲੈ ਕੇ ਰਸਾਤਲ ਤੋਂ ਉਪਰ ਆਇਆ। ਇੰਜ ਪ੍ਰਿਥਵੀ ਦੇ ਸਥਿਤ ਹੋਣ ਕਾਰਣ ਸ੍ਰਿਸ਼ਟੀ ਦਾ ਵਿਕਾਸ-ਕ੍ਰਮ ਹੋਰ ਵੀ ਤੇਜ਼ੀ ਨਾਲ ਚਲ ਪਿਆ.....ਆਦਿ .

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਲ ਉਪਜਾਇਆ, ਫਿਰ ਉਸ ਵਿੱਚ ਸ਼ਕਤੀ ਰੂਪੀ ਬੀਜ ਪਾਇਆ। ਇਹ ਬੀਜ ਹਜ਼ਾਰਾਂ ਸੂਰਜਾਂ ਦੇ ਸਮਾਨ ਪ੍ਰਕਾਸ਼ ਵਾਲਾ ਸ਼ੁੱਧ ਸੋਨੇ ਦੇ ਸਮਾਨ ਅੰਡਾ ਬਣ ਗਿਆ ਅਤੇ ਇਸ ਵਿੱਚ ਸਮਸਤ ਲੋਕ ਦੀ ਸ੍ਰਿਸ਼ਟੀ ਕਰਨ ਵਾਲਾ ਬ੍ਰਹਮਾ ਉਤਪੰਨ ਹੋਇਆ। ਇਸ ਬ੍ਰਹਮਾ ਨੇ ਉਸ ਅੰਡੇ ਵਿੱਚ ਇਕ ਸਾਲ (ਅਰਥਾਤ 31 ਖਰਬ, 10 ਅਰਬ ਅਤੇ 40 ਕਰੋੜ ਮਨੁੱਖੀ ਵਰ੍ਹੇ ਦਾ ਸਮਾ) ਤਕ ਨਿਵਾਸ ਕਰ ਕੇ ਆਪਣੇ ਧਿਆਨ ਦੁਆਰਾ ਉਸ ਅੰਡੇ ਦੇ ਦੋ ਟੁਕੜੇ ਕਰ ਦਿਤੇ। ਦੋਹਾਂ ਟੁਕੜਿਆਂ ਤੋਂ ਸਵਰਗ ਅਤੇ ਪ੍ਰਿਥਵੀ ਦੀ ਅਤੇ ਇਹਨਾਂ ਦੇ ਵਿਚਕਾਰ ਆਕਾਸ਼, ਅਠ ਦਿਸ਼ਾਵਾਂ ਅਤੇ ਸਮੁੰਦਰ ਦੀ ਸ੍ਰਿਸ਼ਟੀ ਹੋਈ। ਬ੍ਰਹਮਾ ਨੇ ਪਰਮਾਤਮਾ ਤੋਂ 'ਮਨ' ਦੀ ਸ੍ਰਿਸ਼ਟੀ ਕੀਤੀ। ਮਨ ਤੋਂ ਪਹਿਲਾਂ ਅਹਮ (ਮੈਂ)-ਯੁਕਤ ਅਹੰਕਾਰ ਦੀ ਸ੍ਰਿਸ਼ਟਾ ਕੀਤੀ। ਅਹੰਕਾਰ ਤੋਂ ਪਹਿਲਾਂ ਮਹੱਤਤਵ (ਬੁੱਧੀ) ਦੀ ਅਤੇ ਸੰਪੂਰਣ ਤ੍ਰੈਗੁਣ (ਸਤ, ਰਜ ਅਤੇ ਤਮ) ਨਾਲ ਯੁਕਤ ਵਿਸ਼ਿਆਂ ਦੀ ਅਤੇ ਰੂਪ, ਰਸ ਆਦਿ ਵਿਸ਼ਿਆਂ ਨੂੰ ਗ੍ਰਹਿਣ ਕਰਨ ਵਾਲੀਆਂ ਨੇਤਰ ਆਦਿ ਪੰਜ ਗਿਆਨ-ਇੰਦਰੀਆਂ ਅਤੇ ਗੁਦਾ ਆਦਿ, ਪੰਜ ਕਰਮ-ਇੰਦਰੀਆਂ ਅਤੇ ਪੰਜ ਤਨ-ਮਾਤ੍ਰਾਵਾਂ ਦੀ ਸ੍ਰਿਸ਼ਟੀ ਕੀਤੀ। ਅਹੰਕਾਰ, ਰੂਪ, ਰਸ, ਗੰਧ, ਸਪਰਸ਼ ਅਤੇ ਸ਼ਬਦ ਦੇ ਸੂਖਮ ਅੰਗਾਂ ਨੂੰ ਉਹਨਾਂ ਦੇ ਆਪੋ ਆਪਣੇ ਵਿਕਾਰਾਂ ਵਿੱਚ ਮਿਲਾ ਕੇ ਸਭ ਪ੍ਰਾਣੀਆਂ ਦੀ ਸਿਰਜਨਾ ਹੋਈ। ਵਿਨਾਸ਼-ਰਹਿਤ ਉਸ ਬ੍ਰਹਮ ਤੋਂ ਮਹਾਂ-ਸ਼ਕਤੀਸ਼ਾਲੀ ਸੱਤ ਪੁਰਸ਼ਾਂ—ਮਹੱਤਤਵ, ਅਹੰਕਾਰ ਅਤੇ ਪੰਜ ਤਨਮਾਤ੍ਰਾਵਾਂ—ਦੀ ਸੂਖਮ ਮੂਰਤੀ ਦੇ ਅੰਸ਼ਾ ਤੋਂ ਇਹ ਵਿਨਾਸ਼ਸ਼ੀਲ ਸੰਸਾਰ ਉਤਪੰਨ ਹੋਇਆ। ਬ੍ਰਹਮਾ ਨੇ ਹੀ ਵੇਦਾਂ ਦੀ ਰਚਨਾ ਕੀਤੀ, ਸਮੇਂ ਦੀ ਸਥਾਪਨਾ ਅਤੇ ਉਸ ਦੀ ਵੰਡ ਨੂੰ ਨਿਰਧਾਰਤ ਕੀਤਾ, ਨਦੀ, ਸਮੁੰਦਰ ਅਤੇ ਪਰਬਤ ਆਦਿ ਰਚੇ, ਕਰਮਾਂ ਦੀ ਵਿਵੇਚਨਾ ਲਈ ਧਰਮ ਅਤੇ ਅਧਰਮ ਨੂੰ ਵੱਖ ਵੱਖ ਦਰਸਾਇਆ ਅਤੇ ਪਰਜਾ ਨੂੰ ਸੁਖ-ਦੁਖ ਆਦਿ ਦਵੰਦਾਂ ਨਾਲ ਯੁਕਤ ਕੀਤਾ। ਅਰਥਾਤ ਧਰਮ ਤੋਂ ਸੁਖ ਅਤੇ ਅਧਰਮ ਤੋਂ ਦੁਖ ਹੁੰਦਾ ਹੈ, ਇਹ ਸੰਸਾਰ ਦੇ ਲਈ ਨਿਸ਼ਚਿਤ ਕੀਤਾ। ਬ੍ਰਹਮਾ ਨੇ ਜਿਸ ਨੂੰ ਜਿਸ ਕੰਮ ਵਿੱਚ ਪਹਿਲਾਂ ਲਗਾ ਦਿਤਾ ਉਹ ਜਾਤੀ-ਵਿਸ਼ੇਸ਼, ਜਿਵੇਂ ਸ਼ੇਰ, ਘੋੜੇ, ਗਾਂ ਆਦਿ ਮੁੜ ਮੁੜ ਜਨਮ ਲੈਂਦੀ ਹੋਈ ਉਸੇ ਕਰਮ ਨੂੰ ਕਰਨ ਲਗ ਪਈ।

ਬ੍ਰਹਮਾ ਆਪਣੇ ਸਰੀਰ ਦੇ ਦੋ ਭਾਗ ਕਰ ਕੇ ਅੱਧੇ ਭਾਗ ਨਾਲ ਮਰਦ ਅਤੇ ਅੱਧੇ ਨਾਲ ਇਸਤ੍ਰੀ-ਰੂਪ ਹੋ ਗਿਆ ਅਤੇ ਦੋਹਾਂ ਦੇ ਸੰਜੋਗ ਤੋਂ 'ਵਿਰਾਟ' ਨਾਮੀ ਪੁਰਸ਼ ਉਪਜਿਆ। ਉਸ ਵਿਰਾਟ ਪੁਰਸ਼ ਨੇ ਤਪੱਸਿਆ ਕਰ ਕੇ ਜਿਸ ਨੂੰ ਉਤਪੰਨ ਕੀਤਾ ਉਹ ਇਸ ਸੰਸਾਰ ਦੇ ਰਚਿਤਾ ਮਨੁ ਸਨ। ਫਿਰ ਮਨੁ ਨੇ ਅਤਿ ਕਠਨ ਤਪੱਸਿਆ ਦੁਆਰਾ ਦਸ ਪਰਜਾ-ਪਤੀਆਂ ਦੀ ਰਚਨਾ ਕੀਤੀ ਜਿਹਨਾਂ ਦੇ ਨਾਮ ਹਨ—ਮਰੀਚ, ਅਤ੍ਰਿ, ਅੰਗਿਰਾ, ਪੁਲਸਤਯ, ਪੁਲਹ, ਕ੍ਰਤੁ, ਪ੍ਰਚੇਤਾ, ਵਸ਼ਿਸ਼ਠ, ਭ੍ਰਿਗੁ ਅਤੇ ਨਾਰਦ। ਇਹਨਾਂ ਦਸ ਪਰਜਾਪਤੀਆਂ ਨੇ ਸੱਤ ਹੋਰ ਦੇਵਤਿਆਂ, ਉਹਨਾਂ ਦੇ ਨਿਵਾਸ ਸਥਾਨਾਂ ਅਤੇ ਅਪਾਰ ਤੇਜੱਸਵੀ ਮਹਾਂ ਰਿਸ਼ੀਆਂ ਦੀ ਸਿਰਜਨਾ ਕੀਤੀ। ਸ੍ਰਿਸ਼ਟੀ ਦੇ ਸਮਸਤ ਜੀਵ ਇਹਨਾਂ ਨੇ ਹੀ ਉਤਪੰਨ ਕੀਤੇ, ਜਿਵੇਂ ਜੇਰਜ—ਗਰਭ ਤੋਂ ਉਤਪੰਨ ਹੋਣ ਵਾਲੇ ਜੀਵ, ਅਰਥਾਤ ਪਸ਼ੂ, ਮ੍ਰਿਗ, ਸ਼ੇਰ, ਰਾਖਸ਼, ਮਨੁੱਖ ਆਦਿ, ਅੰਡਜ—ਅੰਡੇ ਤੋਂ ਉਤਪੰਨ ਹੋਣ ਵਾਲੇ ਜੀਵ, ਅਰਥਾਤ ਪੰਖੇਰੂ, ਸਰਪ, ਮਛਲੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਛੂਆ ਆਦਿ, ਸੇਤਜ—ਗਰਮੀ ਜਾਂ ਪਸੀਨੇ ਤੋਂ ਉਤਪੰਨ ਹੋਣ ਵਾਲੇ ਜੀਵ, ਅਰਥਾਤ ਮੱਛਰ, ਮੱਖੀ, ਜੂੰ, ਖਟਮਲ ਆਦਿ ਅਤੇ ਉਤਭੁਜ—ਬੀਜ ਅਤੇ ਸ਼ਾਖਾਂ ਨਾਲ ਲਗਣ ਵਾਲੇ ਜੀਵ, ਅਰਥਾਤ ਫਲ-ਫੁਲ, ਸਬਜ਼ੀਆਂ ਅਤੇ ਬਨਾਸਪਤੀ ਆਦਿ, ਜਿਹਨਾਂ ਨੂੰ ਔਸ਼ਧਿ ਵੀ ਕਹਿੰਦੇ ਹਨ।

ਬ੍ਰਹਮਾ ਦੀ ਜਾਗ੍ਰਤ ਅਵਸਥਾ ਵਿੱਚ ਸ੍ਰਿਸ਼ਟੀ ਦਾ ਜਨਮ ਅਤੇ ਉਸ ਦੀ ਸਥਿਤੀ ਰਹਿੰਦੀ ਹੈ। ਜਦ ਉਹ ਸਉਦੇ ਹਨ ਤਾਂ ਇਹ ਸੰਸਾਰ ਨਸ਼ਟ ਹੋ ਜਾਂਦਾ ਹੈ।

ਬ੍ਰਹਮਾ ਦੇ ਜਾਗਣ ਦੀ ਸਥਿਤੀ ਨੂੰ 'ਸਰਗ' ਅਤੇ ਸਉਣ ਦੀ ਸਥਿਤੀ ਨੂੰ 'ਪ੍ਰਲੈ' ਜਾਂ 'ਨਿਰੋਧ' ਕਹਿੰਦੇ ਹਨ।

ਦੱਖਣ ਦੇ ਵੈਸ਼ਣਵ ਆਲਵਾਰਾਂ ਨੇ ਜਗਤ ਨੂੰ ਪਾਰਬ੍ਰਹਮ ਦਾ ਅੰਸ਼ ਮੰਨਿਆਂ ਹੈ। ਉਹਨਾਂ ਨੇ ਆਪਣੀਆਂ ਰਚਨਾਵਾਂ ਵਿਚ ਅਨੇਕ ਸਥਾਨਾਂ ਤੇ ਈਸ਼ਵਰ ਨੂੰ ਇਸ ਜਗਤ ਦਾ ਕਾਰਣ ਦੱਸਿਆ ਹੈ। ਉਹ ਇਸ ਦਾ ਸਿਰਜਨ, ਪਾਲਨ ਅਤੇ ਸੰਘਾਰ ਕਰਦਾ ਹੈ। ਨੰਮ ਆਲਵਾਰ ਦੇ ਸ਼ਬਦਾਂ ਵਿੱਚ, ਸਭ ਤੋਂ ਪਹਿਲਾਂ, ਅਤਿ ਪ੍ਰਾਚੀਨ ਕਾਲ ਵਿੱਚ, ਕੋਈ ਜਗਤ ਨਹੀਂ ਸੀ, ਨਾ ਕਿਤੇ ਕੋਈ ਜੀਵ ਹੀ ਸੀ, ਕੇਵਲ ਬ੍ਰਹਮ ਹੀ ਬ੍ਰਹਮ ਸੀ। ਬ੍ਰਹਮ ਨੂੰ ਆਪਣੀ ਲੀਲ੍ਹਾ ਦੇ ਵਿਸਥਾਰ ਦੀ ਇੱਛਾ ਹੋਈ। ਉਸਨੇ ਬ੍ਰਹਮਾਂ ਦੀ ਉਤਪਤੀ ਕੀਤੀ। ਬ੍ਰਹਮਾਂ ਨੇ ਅੱਗੋਂ ਅਨੇਕ ਦੇਵਤਿਆਂ, ਤ੍ਰੈਲੋਕਾਂ ਆਦਿ ਦੀ ਸਿਰਜਨਾ ਕੀਤੀ। ਤਿਰੁਮਲਿਸ਼ੈ ਅਲਵਾਰ ਨੇ ਵੀ ਇਹੀ ਕਿਹਾ ਹੈ ਕਿ ਬ੍ਰਹਮ ਨੇ ਸ੍ਰਿਸ਼ਟੀ ਵਿਕਾਸ ਦੀ ਇੱਛਾ ਤੋਂ ਬ੍ਰਹਮਾਂ ਦੀ ਉਤਪਤੀ ਕੀਤੀ ਜਿਸਨੇ ਅੱਗੋਂ ਬ੍ਰਹਮ ਦੇ ਆਦੇਸ਼ ਅਨੁਸਾਰ ਹੀ ਸਮਸਤ ਜਗਤ ਦੀ ਸਿਰਜਨਾ. ਕੀਤੀ। ਆਲਵਾਰਾਂ ਅਨੁਸਾਰ ਕਿਉਂਕਿ ਜਗਤ ਸੱਤ ਅਤੇ ਨਿਤ ਬ੍ਰਹਮ ਦਾ ਅੰਸ਼ ਹੈ, ਇਸ ਲਈ ਇਹ ਸੱਤ ਅਤੇ ਨਿਤ ਹੈ। ਆਲਵਾਰਾਂ ਨੇ ਜਿਥੇ ਕਿਤੇ ਵੀ ਜੀਵਨ ਨੂੰ ਅਨਿੱਤ ਅਤੇ ਮਾਇਆ-ਯੁਕਤ ਕਿਹਾ ਹੈ ਉਥੇ ਉਹਨਾਂ ਦਾ ਭਾਵ ਜਗਤ ਤੋਂ ਨਹੀਂ ਸੰਸਾਰ ਤੋਂ ਹੈ। ਉਹਨਾਂ ਨੇ ਸ਼ਾਸਤ੍ਰੀ ਢੰਗ ਨਾਲ ਭਾਵੇਂ ਜਗਤ ਅਤੇ ਸੰਸਾਰ ਦਾ ਭੇਦ ਨਹੀਂ ਦਰਸਾਇਆ ਪਰ ਉਹਨਾਂ ਦੇ ਵਿਚਾਰਾਂ ਤੋਂ ਇਹ ਭੇਦ ਸਪਸ਼ਟ ਭਾਂਤ ਉਜਾਗਰ ਹੁੰਦਾ ਹੈ। ਜਿਥੇ ਉਹ ਜਗਤ ਨੂੰ ਬ੍ਰਹਮ ਦਾ ਅੰਸ਼ ਮੰਨਦੇ ਹਨ ਉਥੇ ਉਹਨਾਂ ਦਾ ਭਾਵ ਨਿੱਤ ਅਤੇ ਸੱਤ ਜਗਤ ਤੋਂ ਹੈ ਅਤੇ ਜਿਥੇ ਅਨਿੱਤ, ਮਾਇਆ-ਗ੍ਰਸਤ ਜਗਤ ਦਾ ਵਰਣਨ ਕਰਦੇ ਹਨ ਉਥੇ ਉਹਨਾਂ ਦਾ ਭਾਵ ਸੰਸਾਰ ਤੋਂ ਹੈ।[123]

ਰਾਮਾਨੁਜ ਦੇ ਵਿਸ਼ਿਸ਼ਟ ਅਦਵੈਤ ਅਨੁਸਾਰ ਵੀ ਜਗਤ ਮਿਥਿਆ ਨਹੀਂ, ਸੱਤ ਹੈ। ਇਸ ਦੀ ਉਤਪਤੀ ਦਾ ਕਾਰਣ ਈਸ਼ਵਰ ਆਪ ਹੈ। ਈਸ਼ਵਰ ਦਾ ਅਚਿੱਤ ਤੱਤ ਹੀ ਪ੍ਰਕਿਰਤੀ ਜਾਂ ਜੜ੍ਹ ਜਗਤ ਹੈ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਜਗਤ ਸੱਤ ਅਤੇ ਤਮ ਗੁਣਾਂ ਵਾਲੀ ਪ੍ਰਕਿਰਤੀ ਦੇ ਰੂਪ ਵਿਚ ਬ੍ਰਹਮ ਦੇ ਅੰਦਰ ਹੀ ਸਥਿਤ ਸੀ। ਇਹ ਬ੍ਰਹਿਮੰਡ ਸਰਬ ਸ਼ਕਤੀਮਾਨ ਦੀ ਉਪਜ ਹੈ, ਨੀਯਤ ਸਮੇਂ ਤੇ ਇਹ ਉਸ ਵਿੱਚ ਹੀ ਸਮਾ ਜਾਵੇਗਾ। ਈਸ਼ਵਰ ਆਪਣੀ ਇੱਛਾ ਅਨੁਕੂਲ ਹੀ ਜਗਤ ਅਤੇ ਜੀਵ ਦੇ ਰੂਪ ਵਿੱਚ ਆਪਣਾ ਵਿਸਥਾਰ

123 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਪੰਨਾ 54

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦਾ ਹੈ। ਰਾਮਾਨੁਜ ਅਨੁਸਾਰ ਜਗਤ ਰਚਨਾ ਦਾ ਪ੍ਰਯੋਜਨ ਕੇਵਲ ਲੀਲ੍ਹਾ ਹੈ।[124]

ਮੱਧਵਾਚਾਰੀਆ ਦੇ ਦਵੈਤਵਾਦ ਵਿੱਚ ਵੀ ਜਗਤ ਨੂੰ ਸਤ ਹੀ ਮੰਨਿਆਂ ਗਿਆ ਹੈ। ਜਗਤ ਦੀ ਉਤਪਤੀ ਕਿਉਂਕਿ ਸੱਚੇ ਈਸ਼ਵਰ ਤੋਂ ਹੀ ਹੁੰਦੀ ਹੈ ਇਸ ਲਈ ਉਹ (ਜਗਤ) ਮਿਥਿਆ ਨਹੀਂ ਹੋ ਸਕਦਾ। ਮਧਵਾਚਾਰੀਆ ਅਨੁਸਾਰ ਜਗਤ ਦਾ ਨਿਰਮਾਣ-ਕਾਰਣ ਈਸ਼ਵਰ ਦੀ ਇੱਛਾ ਹੈ।[125]

ਨਿੰਮਬਾਰਕ ਦੇ ਦਵੈਤਾਦਵੈਤ ਅਨੁਸਾਰ ਈਸ਼ਵਰ ਦਾ ਅਚਿੱਤ ਤਤ ਹੀ ਜਗਤ ਹੈ। ਇਹ ਅਚਿੱਤ ਤੱਤ ਜਾਂ ਜੜ੍ਹ ਪਦਾਰਥ ਤਿੰਨ ਪ੍ਰਕਾਰ ਦਾ ਹੁੰਦਾ ਹੈ—ਪ੍ਰਾਕ੍ਰਿਤ, ਅਪ੍ਰਾਕ੍ਰਿਤ ਅਤੇ ਕਾਲ। ਅਪ੍ਰਾਕ੍ਰਿਤ ਤੱਤ ਪ੍ਰਕ੍ਰਿਤੀ ਅਤੇ ਕਾਲ ਦੇ ਪ੍ਰਭਾਵ ਤੋਂ ਰਹਿਤ ਹੁੰਦਾ ਹੈ। ਪਰਮਪਦ, ਬ੍ਰਹਮਲੋਕ, ਵਿਸ਼ਣੂਲੋਕ ਅਤੇ ਵਿਸ਼ਣੂਪਦ ਉਸੇ ਦੇ ਭਿੰਨ ਭਿੰਨ ਨਾਮ ਹਨ। ਪ੍ਰਾਕ੍ਰਿਤ ਤੱਤ ਹੀ ਜਗਤ ਹੈ ਜੋ ਸਤ ਰਜ ਅਤੇ ਤਮ ਤਿੰਨ ਗੁਣਾਂ ਨਾਲ ਸੰਯੁਕਤ ਹੈ। ਇਹ ਜਗਤ ਨਿੱਤ ਵੀ ਹੈ ਅਤੇ ਅਨਿੱਤ ਵੀ। ਕਾਰਣ ਰੂਪ ਵਿੱਚ ਇਹ ਨਿੱਤ ਹੈ ਅਤੇ ਕਾਰਜ ਰੂਪ ਵਿੱਚ ਅਨਿੱਤ। ਪ੍ਰਾਕ੍ਰਿਤਤ ਤਤ ਹੀ ਮਨ, ਬੁੱਧੀ, ਦੇਹ, ਇੰਦਰੀ ਆਦਿ ਰੂਪਾਂ ਵਿੱਚ ਜੀਵ ਲਈ ਮੁਕਤੀ ਪ੍ਰਾਪਤੀ ਦਾ ਬਾਧਕ ਸਿੱਧ ਹੁੰਦਾ ਹੈ। ਕਾਲ, ਪ੍ਰਾਕ੍ਰਿਤ ਅਤੇ ਅਪ੍ਰਾਕ੍ਰਿਤ ਤਤ ਤੋਂ ਉਲਟ ਸਮਸਤ ਪਦਾਰਥਾਂ ਦਾ ਨਿਯੰਤ੍ਰਣ ਕਰਨ ਵਾਲੀ ਸ਼ਕਤੀ ਦਾ ਨਾਮ ਹੈ।[126]

ਸ਼ੁੱਧਾਦਵੈਤ ਵਾਦ ਦੇ ਪਰਵਰਤਕ ਵਲਭਚਾਰੀਆ ਦੇ ਕਥਨ ਅਨੁਸਾਰ ਜਿਸ ਤਰ੍ਹਾਂ ਜੀਵ ਬ੍ਰਹਮ ਦਾ ਅੰਸ਼ ਹੈ, ਉਸੇ ਤਰ੍ਹਾਂ ਜਗਤ ਵੀ ਬ੍ਰਹਮ ਦਾ ਅੰਸ਼ ਹੈ। ਬ੍ਰਹਮ ਰੂਪ ਹੋਣ ਕਾਰਣ ਜ਼ਗਤ ਬ੍ਰਹਮ ਦੇ ਸਮਾਨ ਸੱਤ ਹੈ, ਮਿੱਥਿਆ ਜਾਂ ਮਾਇਆ ਨਹੀਂ। ਜਗਤ ਦੀ ਉਤਪਤੀ ਬ੍ਰਹਮ ਦੀ ਇੱਛਾ ਤੋਂ ਹੋਣ ਕਾਰਣ ਬ੍ਰਹਮ ਨੂੰ ਕਾਰਣ ਅਤੇ ਜਗਤ ਨੂੰ ਕਾਰਜ ਕਿਹਾ ਗਿਆ ਹੈ। ਜਿਸ ਤਰ੍ਹਾਂ ਕਾਰਣ ਤੋਂ ਕਾਰਜ ਅਭਿੰਨ ਹੈ ਉਸੇ ਤਰ੍ਹਾਂ ਬ੍ਰਹਮ ਤੋਂ ਜਗਤ ਵੀ ਅਭਿੰਨ ਹੈ। ਜਗਤ ਦੇ ਸੰਬੰਧ ਵਿਚ ਵਲਭ ਅਵਿਕ੍ਰਤ ਪਰਿਣਾਮਵਾਦ ਨੂੰ ਮੰਨਦੇ ਹਨ। ਇਸ ਅਨੁਸਾਰ ਆਪਣਾ ਰੂਪ ਬਦਲ ਜਾਣ ਦੇ ਬਾਵਜੂਦ ਵੀ ਕੋਈ ਪਦਾਰਥ ਮੁੜ ਆਪਣਾ ਵਾਸਤਵਿਕ ਰੂਪ ਧਾਰਣ ਕਰ ਸਕਦਾ ਹੈ। ਜਗਤ ਸ਼ੁੱਧ ਬ੍ਰਹਮ ਦਾ ਅਵਿਕ੍ਰਤ ਪਰਿਣਾਮ ਹੈ ਅਤੇ ਲੈਅ ਹੋਣ ਉਪ੍ਰੰਤ ਉਹ ਮੁੜ ਸ਼ੁੱਧ ਬ੍ਰਹਮ ਹੀ ਹੋ ਜਾਵੇਗਾ। ਜਗਤ ਦੀ ਉਤਪਤੀ ਅਤੇ ਲੈਅ ਦੋਵੇਂ ਹੀ ਵਲਭਚਾਰੀਆ ਅਨੁਸਾਰ ਬ੍ਰਹਮ-ਇੱਛਾ ਦੇ ਅਧੀਨ ਹਨ। ਸ਼ੁੱਧਾਦਵੈਤ ਵਿੱਚ ਜਗਤ ਨੂੰ ਈਸ਼ਵਰ-ਕ੍ਰਿਤ ਅਤੇ ਸੰਸਾਰ ਨੂੰ ਜੀਵ-ਕ੍ਰਿਤ ਮੰਨਕੇ ਇਕ ਨੂੰ ਸਤ ਅਤੇ ਦੂਜੇ ਨੂੰ ਅਸੱਤ ਦਰਸਾਇਆ ਗਿਆ ਹੈ।[127]

ਚੈਤੰਨਯ ਮਹਾਂ ਪ੍ਰਭੂ ਦੇ ਅਚਿੰਤਯ ਭੇਦਾਭੇਦ ਵਿੱਚ ਵੀ ਜਗਤ ਨੂੰ ਮਿਥਿਆ ਨਹੀਂ,

124 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਪੰਨਾ 53
125 ਓਹੀ, ਪੰਨਾ 53
126 ਓਹੀ, ਪੰਨਾ 53
127 ਓਹੀ, ਪੰਨਾ 53

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਗੋਂ ਸੱਤ ਪਦਾਰਥ ਮੰਨਿਆਂ ਗਿਆ ਹੈ ਕਿਉਂਕਿ ਇਹ ਈਸ਼ਵਰ ਦੀ ਹੀ ਬਹਿਰੰਗ ਸ਼ਕਤੀ ਦਾ ਵਿਕਾਸ਼ ਹੈ। ਪ੍ਰਲੈ ਕਾਲ ਵਿੱਚ ਵੀ ਇਹ ਜਗਤ ਅਵਿਅਕਤ ਰੂਪ ਵਿੱਚ ਈਸ਼ਵਰ ਵਿੱਚ ਹੀ ਅਲੋਪ ਰਹਿੰਦਾ ਹੈ।[128]

ਨਾਥ ਸੰਪ੍ਰਦਾਇ ਵਿੱਚ ਜਗਤ-ਪ੍ਰਪੰਚ-ਕਾਰਜ ਦਾ ਮੂਲ ਕਾਰਣ 'ਸ਼ਕਤੀ' ਨੂੰ ਦਸਿਆ ਗਿਆ ਹੈ। ਸ਼ਕਤੀ ਪਰਮਸ਼ਿਵ ਤੋਂ ਉਤਪਤ ਹੋਕੇ ਆਪ ਹੀ ਸ੍ਰਿਸ਼ਟੀ ਦਾ ਵਿਧਾਨ ਕਰਦੀ ਹੈ।[129] 'ਸ਼ਕਤੀ' ਨੂੰ ਨਾਥ ਸੰਪ੍ਰਦਾਇ ਵਿਚ ਪਰਮਸ਼ਿਵ ਦੀ 'ਸ੍ਰਿਸ਼ਟੀ ਦੀ ਇੱਛਾ' ਮੰਨਿਆ ਜਾਂਦਾ ਹੈ। ਪਰ ਕਿਉਂਕਿ ਇਹ ਚੇਤਨ ਪਾਰਬ੍ਰਹਮ ਤੋਂ ਉਤਪਤ ਹੁੰਦੀ ਹੈ, ਇਸ ਲਈ ਇਹ ਆਪ ਵੀ ਚੇਤਨ ਹੈ। ਸ਼ਕਤੀ ਨੇ ਹੀ ਸ੍ਰਿਸ਼ਟੀ-ਵਿਧਾਨ ਦੁਆਰਾ ਜਗਤ ਨੂੰ ਗਿਆਤਾ, ਗਿਆਨ ਅਤੇ ਗੇਅ ਰੂਪ ਵਿੱਚ ਕਲਪਿਤ ਕੀਤਾ ਹੈ। ਇਸ ਲਈ ਸ਼ਕਤੀ ਜਗਤ ਦਾ ਆਦਿਭੂਤ ਤਤ ਹੈ।[130] ਚੇਤਨ ਹੋਣ ਕਾਰਣ ਸ਼ਕਤੀ ਜਦੋਂ ਜਗਤ ਰੂਪ ਵਿੱਚ ਵਿਅਕਤ ਹੁੰਦੀ ਹੈ ਤਾਂ ਉਸ ਅਵਸਥਾ ਵਿੱਚ ਪਰਮਸ਼ਿਵ ਤਤ ਦੀ ਉਸ ਨੂੰ ਲੋੜ ਨਹੀਂ ਹੁੰਦੀ।[131] 'ਕੌਲ ਗਿਆਨ ਨਿਰਣਯ' ਵਿੱਚ ਇਸੇ ਤੱਥ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਮਛੰਦਰ ਨਾਥ ਨੇ ਕਿਹਾ ਹੈ ਕਿ ਸ਼ਿਵ ਦੀ ਇੱਛਾ ਦੁਆਰਾ ਸੰਪੂਰਣ ਜਗਤ ਦੀ ਸ੍ਰਿਸ਼ਟੀ ਹੁੰਦੀ ਹੈ ਅਤੇ ਉਸੇ ਵਿਚ ਸਭ ਕੁਝ ਲੀਨ ਹੋ ਜਾਂਦਾ ਹੈ।[132]

ਸਪਸ਼ਟ ਹੈ ਕਿ ਸ਼ਕਤੀ ਹੀ ਜਗਤ ਦਾ ਮੂਲ ਕਾਰਣ ਹੈ। ਇਹੀ ਸ਼ਿਵ ਦੀ 'ਸ੍ਰਿਸ਼ਟੀ-'ਇੱਛਾ' ਹੈ। ਨਾਥ ਸੰਪ੍ਰਦਾਇ ਦੀਆਂ ਸਾਧਨਾਪਰਕ ਰਚਨਾਵਾਂ ਵਿਚ ਵੀ 'ਸ਼ਕਤੀ-ਕੁੰਡਲਿਨੀ ਤ੍ਰਿਭੁਵਨ ਜਨਨੀ'[133] ਦੁਆਰਾ ਜਗਤ-ਕਾਰਜ ਦਾ ਕਾਰਣ ਸ਼ਕਤੀ ਨੂੰ ਹੀ ਦਰਸਾਇਆ ਗਿਆ ਹੈ।

ਨਾਥ ਸੰਪ੍ਰਦਾਇ ਅਤੇ ਸੈਵ-ਤੰਤ੍ਰ ਵਿੱਚ ਸ਼ਕਤੀ ਤੋਂ ਉਤਪਤ ਜਗਤ ਦੀ ਅਭਿ-ਵਿਅਕਤੀ ਵਿੱਚ 36 ਤੱਤਾਂ ਦੀ ਚਰਚਾ ਕੀਤੀ ਗਈ ਹੈ।[134] ਪਰਮਸ਼ਿਵ ਦੀ 'ਸ਼ਕਤੀ' ਦੁਆਰਾ ਜਗਤ ਦੀ ਅਭਿਵਿਅਕਤੀ ਹੋਣ ਸਮੇਂ ਸ਼ਿਵ ਦੋ ਰੂਪਾਂ ਵਿਚ ਪ੍ਰਗਟ ਹੁੰਦੇ ਹਨ— 'ਸਦਾਸ਼ਿਵ' ਅਤੇ ਈਸ਼ਵਰ।[135] ਸਦਾਸ਼ਿਵ ਦੀ ਸ਼ਕਤੀ ਨੂੰ 'ਸ਼ੁਧ ਵਿਦਿਆ' ਕਹਿੰਦੇ ਹਨ[136] ਅਤੇ ਈਸ਼ਵਰ ਦੀ ਹੋਂਦ ਦਾ ਨਾਮ 'ਮਾਇਆ' ਹੈ।[137] ਸ਼ੁਧ ਵਿਦਿਆ ਨੂੰ ਪ੍ਰਭਾਵਤ

128 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਪੰਨਾ 53-54
129 ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 65
130 ਓਹੀ, ਪੰਨਾ 65
131 ਓਹੀ, ਪੰਨਾ 66
132 ਓਹੀ, ਪੰਨਾ 67
133 ਨਾਥ ਸਿਧੋਂ ਕੀ ਬਾਨੀਆਂ, ਪੰਨਾ 69
134 ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 36
135 ਓਹੀ, ਪੰਨਾ 36
136 ਓਹੀ, ਪੰਨਾ 36
137 ਓਹੀ, ਪੰਨਾ 36

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਵਾਲੀ 'ਅਵਿਦਿਆ' ਹੈ। ਇਹ ਸੱਤਵਾਂ ਤਤ ਹੈ।[138] ਮਾਇਆ ਦੇ ਬੰਧਨ ਨਾਲ ਸ਼ਿਵ ਦੀ ਕਿਰਿਆ ਸ਼ਕਤੀ ਸੰਕੁਚਿਤ ਹੋਕੇ 'ਕਲਾ' ਅਖਵਾਉਂਦੀ ਹੈ।[139] ਫਿਰ ਉਸਦੀ ਨਿੱਤ-ਤ੍ਰਿਪਤੀ ਸੰਕੁਚਿਤ ਹੋਕੇ 'ਰਾਗ' ਤਤ ਕਹੀ ਜਾਂਦੀ ਹੈ।[140] ਜਦੋਂ ਸ਼ਿਵ ਦਾ ਨਿਤ-ਤਵ ਸੰਕੁਚਿਤ ਹੋਕੇ ਛੋਟੀ ਸੀਮਾ ਵਿੱਚ ਬੰਧ ਜਾਂਦਾ ਹੈ ਤਾਂ ਉਸ ਨੂੰ 'ਕਾਲ' ਕਹਿੰਦੇ ਹਨ।[141] ਉਸਦੀ ਸਰਵ ਵਿਆਪਕਤਾ ਵੀ ਜਦ ਸੰਕੁਚਿਤ ਹੋਕੇ ਸੀਮਤ ਦੇਸ਼ ਵਿੱਚ ਸੰਕੀਰਣ ਹੋ ਜਾਂਦੀ ਹੈ ਤਾਂ ਇਸ ਨੂੰ 'ਨੀਯਤੀ ਤਤ' ਕਹਿੰਦੇ ਹਨ।[142] ਇਸ ਪ੍ਰਕਾਰ ਮਾਇਆ ਤੋਂ ਉਪ੍ਰੰਤ ਅਵਿਦਿਆ, ਕਲਾ, ਰਾਗ, ਕਾਲ ਅਤੇ ਨਿਯਤੀ ਤਤਾਂ ਦੁਆਰਾ ਬੱਧ ਹੋਕੇ ਸ਼ਿਵ ਹੀ ਜੀਵ ਰੂਪ ਵਿੱਚ ਪ੍ਰਗਟ ਹੁੰਦੇ ਹਨ।[143] ਇਹ ਜੀਵ ਹੀ ਬਾਰ੍ਹਵਾਂ ਤੱਤ ਹੈ। ਇਹੀ ਸਾਂਖ ਦਾ ਪੁਰਸ਼ ਹੈ। ਇਸ ਤੋਂ ਬਾਅਦ ਤੱਤਾਂ ਦਾ ਕ੍ਰਮ ਉਹੀ ਹੈ ਜੋ ਸਾਂਖ ਵਿਚ ਮੰਨਿਆ ਗਿਆ ਹੈ।[144] ਤੰਤ੍ਰ, ਸ਼ੈਵਮਤ ਅਤੇ ਨਾਥ-ਸੰਪ੍ਰਦਾਇ ਸਾਂਖ ਦੇ 24 ਤਤਾਂ ਤੋਂ ਛੁਟ ਉਪ੍ਰੋਕਤ ਬਾਰਾਂ ਤਤਾਂ ਨੂੰ ਵੱਧ ਮੰਨਦੇ ਹਨ।[145] ਇੰਜ ਨਾਥ ਸੰਪ੍ਰਦਾਇ ਵਿੱਚ 36 ਤੱਤਾਂ ਦੁਆਰਾ ਜਗਤ ਕਿਰਿਆ ਹੁੰਦੀ ਮੰਨੀ ਗਈ ਹੈ।

ਗੋਰਖਨਾਥ ਦੀਆਂ ਸਾਧਨਾਪਰਕ ਰਚਨਾਵਾਂ ਵਿਚ ਜਗਤ ਦੇ ਉਪ੍ਰੋਕ ਵਿਵਰਣ ਦੀ ਵਿਆਖਿਆ ਨਹੀਂ ਮਿਲਦੀ ਪਰ 'ਅਵਿਗਤ' ਜਾਂ 'ਪਰ ਸ਼ਿਵ' ਦੀ ਇੱਛਾ ਦੁਆਰਾ ਪੰਜ ਭੂਤਾਤਮਕ ਜਗਤ ਕਿਰਿਆ ਦਾ ਜ਼ਿਕਰ ਜ਼ਰੂਰ ਆਇਆ ਹੈ।[146] ਇਕ ਹੋਰ ਥਾਂ ਤੇ ਗੋਰਖ ਨਾਥ ਨੇ 'ਪੰਚ ਤਤ ਲੇ ਉਤਪੰਨਾਂ ਸਕਲ ਸੰਸਾਰ'[147] ਦੁਆਰਾ ਜਗਤ ਨੂੰ ਪੰਜ ਭੂਤਾਤਮਕ ਦਰਸਾਇਆ ਹੈ।

ਗੁਰਮਤ ਅਨੁਸਾਰ ਜਗਤ ਅਥਵਾ ਸ੍ਰਿਸ਼ਟੀ ਦੀ ਉਤਪਤੀ ਦਾ ਕਾਰਣ ਬ੍ਰਹਮ ਹੈ, ਨਮਿਤ ਕਾਰਣ ਵੀ ਅਤੇ ਉਪਾਦਾਨ ਕਾਰਣ ਵੀ। ਬ੍ਰਹਮ ਦੀ ਇੱਛਾ ਤੋਂ ਹੀ ਜਗਤ ਦੀ ਉਤਪਤੀ ਹੁੰਦੀ ਹੈ, ਉਸਦੀ ਇੱਛਾ ਅਧੀਨ ਹੀ ਜਗਤ ਦਾ ਲੈਅ ਹੁੰਦਾ ਹੈ। ਅਰਥਾਤ ਜਗਤ ਦਾ ਲੈਅ ਉਸੇ ਬ੍ਰਹਮ ਵਿਚ ਹੁੰਦਾ ਹੈ ਜਿਸ ਬ੍ਰਹਮ ਤੋਂ ਉਸਦੀ ਉਤਪਤੀ ਹੁੰਦੀ ਹੈ ਜਿਵੇਂ :—

(ੳ) ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ (ਗਉੜੀ ਸੁਖਮਨੀ ਮ. ੫)

---

138 ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ, ਪੰਨਾ 67
139 ਓਹੀ, ਪੰਨਾ 67
140 ਓਹੀ, ਪੰਨਾ 67
141 ਓਹੀ, ਪੰਨਾ, 67
142 ਓਹੀ, ਪੰਨਾ, 67
143 ਓਹੀ, ਪੰਨਾ 67
144 ਓਹੀ, ਪੰਨਾ 66
145 ਓਹੀ, ਪੰਨਾ 66
146 ਗੋਰਖ ਬਾਨੀ, ਪੰਨਾ 233
147 ਓਹੀ, 169

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ ॥ (ਮਾਰੂ ਮ. ੧)

(ਏ) ਜਿਸ ਤੇ ਉਪਜੇ ਤਿਸਤੇ ਬਿਨਸੈ ॥ (ਸ਼ਿਰੀ ਰਾਗ ਮ. ੧)

(ਸ) ਤੁਧ ਆਪੇ ਸਿਰਜੀ ਆਪ ਗੋਈ ॥ (ਮਾਝ ਮ. ੩)

(ਹ) ਜਿਨਿ ਸ੍ਰਿਰਿ ਸਾਜੀ ਤਿਨਿ ਫੁਨਿ ਹੋਈ ॥ (ਆਸਾ ਮ. ੧)

(ਕ) ਇਕਸੁ ਤੇ ਹੋਇਉ ਅਨੰਤਾ,
ਨਾਨਕ ਏਕਸੁ ਮਾਹਿ ਸਮਾਏ ਜੀਉ ॥ (ਮਾਝ ਮ. ੫)

(ਖ) ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਇ ॥
ਆਪਨੈ ਭਾਣੈ ਲਏ ਸਮਾਇ ॥ (ਸੁਖਮਨੀ ਮ. ੫)

ਗੁਰਮਤ ਅਨੁਸਾਰ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸਭ ਪਾਸੇ ਨਿਰਗੁਣ ਰੂਪ ਵਿੱਚ ਬ੍ਰਹਮ ਹੀ ਬ੍ਰਹਮ ਸੀ ਜੋ ਜੁਗਾਂ ਜੁਗਾਂਤਰਾਂ ਤੋਂ ਤਾੜੀ (ਧਿਆਨ) ਲਗਾਈ ਬੈਠਾ ਆਪਣੇ ਆਪ ਵਿਚ ਹੀ ਸਥਿਤ ਸੀ।[148] ਉਦੋਂ ਨਾ ਪ੍ਰਿਥਵੀ ਸੀ, ਨਾ ਆਕਾਸ਼, ਨਾ ਚੰਨ, ਨਾ ਸੂਰਜ, ਨਾ ਦਿਨ, ਨਾ ਰੈਣ, ਨਾ ਪਉਣ, ਨਾ ਪਾਣੀ, ਵੇਦ, ਪੁਰਾਣ, ਸਿਮਰਤ, ਸਾਸਤ੍ਰ, ਬ੍ਰਹਮਾ ਵਿਸ਼ਣੂ, ਸ਼ਿਵ ਕੁਝ ਵੀ ਨਹੀਂ ਸੀ। ਬਸ ਕੇਵਲ ਅਕਾਲ ਹੀ ਅਕਾਲ ਸੀ। ਉਹ ਅਲਖ ਅਗੋਚਰ ਆਪਣੇ ਆਪ ਨੂੰ ਹੀ ਪ੍ਰਗਟ ਕਰ ਰਿਹਾ ਸੀ।[149]

ਗੁਰਮਤ ਵਿੱਚ ਸ੍ਰਿਸ਼ਟੀ-ਰਚਨਾ ਦੇ ਆਦਿ ਤੱਤ ਨੂੰ ਸੁੰਨ ਦਾ ਨਾਮ ਵੀ ਦਿਤਾ ਗਿਆ ਹੈ। ਅਪਰੰਪਰ ਅਤੇ ਨਿਰਾਲਮ ਪਰਮਾਤਮਾ ਸੁੰਨ ਤੋਂ ਹੀ ਸਮਸਤ ਸ੍ਰਿਸ਼ਟੀ ਦੀ ਉਤਪਤੀ ਕਰਦਾ ਹੈ। ਪਉਣ ਅਤੇ ਜਲ ਆਦਿ ਦੀ ਰਚਨਾ ਵੀ ਉਸਨੇ ਸੁੰਨ ਤੋਂ ਹੀ ਕੀਤੀ। ਇਸੇ ਸੁੰਨ ਤੋਂ ਬ੍ਰਹਮਾ ਵਿਸ਼ਣੂ ਅਤੇ ਸ਼ਿਵ ਆਦਿ ਦੇਵਤਿਆਂ ਦੀ ਸਿਰਜਨਾ ਹੋਈ। ਸੁੰਨ ਤੋਂ ਹੀ ਚੰਦ੍ਰਮਾ, ਸੂਰਜ, ਆਕਾਸ਼ ਆਦਿ ਦੀ ਉਤਪਤੀ ਹੋਈ। ਤ੍ਰਿਭਵਣ ਦੀ ਉਤਪਤੀ ਦਾ ਕਾਰਣ ਵੀ ਇਹ ਸੁੰਨ ਹੀ ਸੀ। ਸੁੰਨ ਤੋਂ ਹੀ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਆਦਿ ਖਾਣੀਆਂ ਪੈਦਾ ਹੋਈਆਂ। ਗੱਲ ਕੀ, ਸਮਸਤ, ਦ੍ਰਿਸ਼ਟਮਾਨ ਸ੍ਰਿਸ਼ਟੀ ਇਸੇ ਸੁੰਨ ਤੋਂ

---

148 ਕੋਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ।
ਧੁੰਧੂਕਾਰਿ ਨਿਰਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੈ। (ਮਾਰੂ ਮ. ੧)

149 (ੳ) ਅਰਬਦ ਨਰਬਦ ਧੁੰਧੂਕਾਰਾ
ਆਪੇ ਅਲਖੁ ਲਖਾਇਦਾ। (ਮਾਰ ਸੋਲਹੇ ਮ. ੫)

(ਅ) ਆਪਣਾ ਆਪੁ ਉਪਾਇਉਨ ਤਦਹੁ ਹੋਰੁ ਨਾ ਕੋਈ।
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੁ ਹੋਈ।
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ।
ਤਦਹੁ ਆਪਿ ਨਿਰੰਕਾਰ ਹੈ ਨਾ ਓਪਤਿ ਹੋਈ।
ਜਿਉ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ। (ਵਾਰ ਗੁਜਰੀ ਮ. ੩)

(ਏ) ਜੁਗ ਛਤੀਹ ਗੁਬਾਰੁ ਕਰਿ ਵਰਤਿਆ ਮੁੰਨਾਹਰਿ।
ਓਨੑ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ।
ਬੈਠਾ ਤਾੜੀ ਲਾਇ ਆਪਿ ਸਭਦੂ ਹੀ ਬਾਹਰਿ। (ਵਾਰ ਬਿਹਾਗੜਾ ਮ. ੪)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤਪੰਨ ਹੋਈ ਅਤੇ ਇਸੇ ਵਿੱਚ ਹੀ ਲੀਨ ਹੋ ਜਾਵੇਗੀ ।[150] ਪਰ ਇਸ ਸੰਨ ਦਾ ਅਰਥ ਕੁਝ ਨਹੀਂ, ਨਹੀਂ ਸਮਝ ਲੈਣਾ ਚਾਹੀਦਾ । ਸੁੰਨ ਅਵਸਥਾ ਤੋਂ ਭਾਵ ਉਸ ਸਥਿਤੀ ਤੋਂ ਹੈ ਜਦੋਂ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਸਾਰੀਆਂ ਸ਼ਕਤੀਆਂ ਕੇਵਲ ਇਕ ਪਰਮਾਤਮਾ ਵਿਚ ਕੇਂਦ੍ਰਿਤ ਸਨ, ਜਦੋਂ ਨਾ ਰੂਪ ਸੀ, ਨਾ ਰੇਖ ਸੀ, ਪਰਮਾਤਮਾ ਅਫੁਰ ਸਮਾਧੀ ਦੀ ਅਵਸਥਾ ਵਿੱਚ ਸੀ ।[151]

ਗੁਰਮਤ ਅਨੁਸਾਰ ਕਾਰਣ ਅਤੇ ਕਾਰਜ, ਅਰਥਾਤ ਬ੍ਰਹਮ ਅਤੇ ਜਗਤ ਵਿਚ ਅਭੇਦਤਾ ਹੈ[152] ਕਿਉਂਕਿ ਕਾਰਜ-ਸ੍ਰਿਸ਼ਟੀ ਦੀ ਉਤਪਤੀ ਕਾਰਣ-ਬ੍ਰਹਮ ਤੋਂ ਹੀ ਹੋਈ ਹੈ ।[153] ਇਸੇ ਲਈ ਉਹ ਆਪ ਹੀ ਅੰਡਜ ਜੇਰਜ, ਸੇਤਜ, ਉਤਭੁਜ ਹੈ, ਉਹ ਆਪ ਹੀ ਸ੍ਰਿਸ਼ਟੀ ਅਤੇ ਇਸ ਦੇ ਸਮਸਤ ਖੰਡ ਆਦਿ ਹੈ ।[154] ਉਹ ਆਪ ਹੀ ਬਿਰਖ ਹੈ, ਉਹ ਆਪ ਹੀ ਉਸ ਦੀਆਂ ਵਿਕਸਤ ਸ਼ਾਖਾਵਾਂ ਹੈ ।[155] ਗੱਲ ਕੀ ਉਸ ਨੇ ਆਪਣੇ ਨਿਰਗੁਣ ਅਤੇ ਸੂਖਮ ਰੂਪ ਤੋਂ ਹੀ ਸਥੂਲ ਰੂਪ ਧਾਰਣ ਕੀਤਾ ਹੈ ।[156] ਕਿਸੇ ਹੋਰ ਬਾਹਰੀ ਕਾਰਣ ਤੋਂ ਸ੍ਰਿਸ਼ਟੀ ਦੀ ਰਚਨਾ ਨਹੀਂ ਹੋਈ, ਨਾ ਹੀ ਉਸਨੂੰ ਕਿਸੇ ਅਜਿਹੇ ਕਾਰਣ ਦੀ ਲੋੜ ਸੀ ।[157] ਇੰਜ ਗੁਰਮਤ ਵਿੱਚ ਸਾਂਖ ਦੇ ਸਿਧਾਂਤ—ਪ੍ਰਕਿਰਤੀ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ—ਦਾ ਖੰਡਨ ਕੀਤਾ ਗਿਆ ਹੈ ।

---

150 ਸੁੰਨ ਕਲਾ ਅਪੜੰਪਰਧਾਰੀ ।
... ...
ਸੁਨਹੁ ਉਪਜੀ ਸੁੰਨਿ ਸਮਾਣੀ । (ਮਾਰੂ ਮ. ੧)

151 ਸ਼ਬਦਾਰਥ, ਪੰਨਾ 1037

152 ਕਰਣ ਕਾਰਣ ਪ੍ਰਭੁ ਏਕ ਹੈ ਦੂਸਰ ਨਾਹੀ ਕੋਇ । (ਗਉੜੀ ਸੁਖਮਨੀ ਮ. ੫)

153 (ੳ) ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ । (ਆਸਾ ਮ. ੧)
(ਅ) ਆਪੇ ਕਾਰਣੁ ਕਰਤਾ ਕਰੇ ਸ੍ਰਿਸ਼ਟਿ ਦੇਖੇ ਆਪਿ ਉਪਾਇ । (ਸ੍ਰੀ ਰਾਗ ਮ. ੩)

154 ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ । (ਸੋਰਠਿ ਮ. ੪)

155 ਆਪੇ ਪੇੜੁ ਬਿਸਥਾਰੀ ਸਾਖ ਆਪਣੀ ਖੇਤੀ ਆਪੇ ਰਾਖ ।
... ...
ਆਪੇ ਸੁਰੁ ਕਿਰਣਿ ਬਿਸਥਾਰੁ ਸੋਈ ਗੁਪਤੁ ਸੋਈ ਆਕਾਰੁ ।
ਸਰਗੁਣ ਨਿਰਗੁਣ ਥਾਪੇ ਨਾਰੈ ਦੁਹ ਮਿਲਿ ਏਕੈ ਕੀਨੋ ਠਾਉ । (ਆਸਾ ਮ. ੫)

156 ਤੂੰ ਪੇੜੁ ਸਾਖ ਤੇਹੀ ਫੂਲੀ ਤੂੰ ਸੂਖਮੁ ਹੋਆ ਅਸਥੂਲੀ ।
ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨਾ ਭਾਲੀਐ ਜੀਉ ।
ਤੂੰ ਸੂਤ ਮਣੀਏ ਭੀ ਤੂੰ ਹੈ ਤੂੰ ਗੰਠੀ ਮੇਰੁ ਸਿਰਿ ਤੂੰ ਹੈ ।
ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨਾ ਕੋਇ ਦਿਖਾਲਿਐ । (ਮਾਝ ਮ. ੫)

157 ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨਾ ਸੇਵਕੁ ਬੀਆ ।
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ਜਾਂ ਅਵਰੁ ਨਾ ਦੂਜਾ ਕੀਆ ।
ਫਿਰਿ ਆਪੇ ਜਗਤੁ ਉਪਾਇਆ ਕਰਤੈ ਦਾਨੁ ਸਭਨਾ ਕਉ ਦੀਆ ।
... ...
ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ । (ਬਿਹਾਗੜਾ ਮ. ੪)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦ੍ਰਿਸ਼ਟਮਾਨ ਜਗਤ ਦੀ ਉਤਪਤੀ, ਗੁਰਮਤ ਅਨੁਸਾਰ, ਪ੍ਰਭੂ ਦੇ ਹੁਕਮ[158] ਤੋਂ ਹੋਈ ਹੈ।[159] ਦੂਜੇ ਸ਼ਬਦਾਂ ਵਿੱਚ ਪ੍ਰਭੂ ਦੇ 'ਇਕੋ ਬੋਲ'[160] (ਹੁਕਮ) ਨਾਲ ਸਮਸਤ ਸ੍ਰਿਸ਼ਟੀ ਹੋਂਦ ਵਿੱਚ ਆ ਗਈ।

ਸਾਂਖ ਅਨੁਸਾਰ ਪ੍ਰਕਿਰਤੀ ਤੋਂ ਮਹੱਤ ਅਥਵਾ ਬੁੱਧੀ ਦੀ ਉਤਪਤੀ, ਮਹੱਤ ਤੋਂ ਅਹੰਕਾਰ ਦੀ ਅਤੇ ਅਹੰਕਾਰ ਤੋਂ ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਅਤੇ ਮਨ ਅਤੇ ਪੰਜ ਤਨ-ਮਾਤ੍ਰਾਵਾਂ ਦੀ ਉਤਪਤੀ, ਪੰਜ ਤਨਮਾਤ੍ਰਾਵਾਂ ਤੋਂ ਪੰਜ ਮਹਾਂਭੂਤਾਂ ਦੀ ਉਤਪਤੀ ਅਤੇ ਇਹਨਾਂ ਦੇ ਵਿਵਿਧ ਵਿਕਾਰਾਂ ਦੇ ਮਿਸ਼ਰਣ ਨਾਲ ਜੜ੍ਹ ਜਗਤ ਦੀ ਉਤਪਤੀ ਮੰਨੀ ਗਈ ਹੈ। ਯੋਗ ਵਸ਼ਿਸ਼ਟ ਵਿਚ ਵੀ ਸਾਂਖ ਅਨੁਸਾਰ ਅਹੰਕਾਰ ਤੋਂ ਹੀ ਸਥੂਲ ਅਤੇ ਸੂਖਮ ਜਗਤ ਦੀ ਸ੍ਰਿਸ਼ਟੀ ਮੰਨੀ ਗਈ ਹੈ।[161] ਗੁਰਮਤ ਵਿੱਚ ਵੀ ਹਉਮੈ ਤੋਂ ਸ੍ਰਿਸ਼ਟੀ ਦੀ ਉਤਪਤੀ ਦਰਸਾਈ ਗਈ ਹੈ।[162]

ਵੇਦਾਂਤ ਸੂਤਰਾਂ ਵਿੱਚ ਸ਼ਬਦ ਅਤੇ ਵੇਦ ਨੂੰ ਇਸ ਪ੍ਰਪੰਚ ਦਾ ਕਾਰਣ ਮੰਨਿਆ ਗਿਆ ਹੈ।[163] ਸ਼ੰਕਰ ਨੇ ਵੀ ਵੇਦਾਂਤ ਸੂਤਰਾਂ ਦੇ ਆਧਾਰ ਤੇ ਵੇਦ ਆਦਿ ਸ਼ਬਦਾਂ ਨੂੰ ਨਿੱਤ ਮੰਨ ਕੇ ਉਹਨਾਂ ਤੋਂ ਸ੍ਰਿਸ਼ਟੀ ਦੀ ਉਤਪਤੀ ਸਵੀਕਾਰੀ ਹੈ।[164] ਗੁਰਮਤ ਅਨੁਸਾਰ ਵੀ ਸ਼ਬਦ ਤੋਂ ਉਤਪਤੀ ਅਤੇ ਪ੍ਰਲੈ ਹੁੰਦੀ ਹੈ। ਪ੍ਰਲੈ-ਉਪ੍ਰੰਤ ਮੁੜ ਉਤਪਤੀ ਵੀ ਸ਼ਬਦ ਤੋਂ ਹੀ ਹੁੰਦੀ ਹੈ[165] ਅਤੇ ਇੰਜ ਉਤਪਤੀ-ਪ੍ਰਲੈ ਦਾ ਇਹ ਦੌਰ ਚਲਦਾ ਰਹਿੰਦਾ ਹੈ।

ਸ੍ਰਿਸ਼ਟੀ-ਰਚਨਾ ਕਦੋਂ ਹੋਈ ? ਇਸ ਸਬੰਧੀ ਹਿੰਦੂ ਕਹਿੰਦੇ ਹਨ ਕਿ ਇਕ ਅਰਬ

---

158 'ਹੁਕਮ' ਦਾ ਅਰਥ ਡਾ. ਸ਼ੇਰ ਸਿੰਘ ਨੇ (ਗੁਰਮਤ ਦਰਸ਼ਨ, ਪੈਂਨਾ 235) 'ਈਸ਼ਵਰੀ ਫੁਰਨਾ' ਜਾਂ 'ਈਸ਼ਵਰੀ-ਇੱਛਾ' ਲਿਆ ਹੈ। ਪਰ ਡਾ. ਮੋਹਨ ਸਿੰਘ ਨੇ ਇਸ ਦਾ ਅਰਥ 'ਸ੍ਰਿਸ਼ਟੀ-ਵਿਧਾਨ' (ਯੂਨੀਵਰਸਲ ਆਰਡਰ) ਕੀਤਾ ਹੈ (ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤ ਗਿਆਨ, ਪੰਨਾ 30)।

159 (ੳ) ਤੂੰ ਹੁਕਮੀ ਸਾਜਹਿ ਸ੍ਰਿਸ਼ਟੀ ਸਾਜਿ ਸਮਾਵਹੀ। (ਮਾਰੂ ਮ. ੩)
(ਅ) ਹੁਕਮੀ ਸ੍ਰਿਸਟਿ ਸਾਜੀਅਨੁ ਜੋਤੀ ਜੋਤਿ ਮਿਲਾਇਆ। (ਗੁਜਰੀ ਮ. ੩)
(ੲ) ਹੁਕਮੀ ਹੋਵਨਿ ਆਕਾਰ .... (ਜਪੁਜੀ)
(ਸ) ਹੁਕਮੀ ਹੋਵਨਿ ਜੋਅ..... (ਜਪੁਜੀ)
(ਹ) ਹੁਕਮੈ ਧਾਰਿ ਅਧਰ ਰਹਾਵੈ। ਹੁਕਮੈ ਉਪਜੈ ਹੁਕਮਿ ਸਵਾਵੈ। (ਗਉੜੀ ਸੁਖਮਨੀ ਮ. ੫)
(ਕ) ਹੁਕਮੈ ਆਇਆ ਹੁਕਮਿ ਸਮਾਇਆ ਹੁਕਮੈ ਦੀਸੈ ਜਗਤੁ ਉਪਾਇਆ। (ਮਾਰੂ ਮ. ੧)

160 (ੳ) ਕੀਤਾ ਪਸਾਉ ਏਕੋ ਕਵਾਉ ਤਿਸਤੇ ਹੋਏ ਲਖ ਦਰੀਆਉ। (ਜਪੁਜੀ)
(ਅ) ਖੰਡ ਦੀਪ ਸਭਿ ਲੋਆ ਏਕ ਕਵਾਵੈ ਤੇ ਸਭਿ ਹੋਆ। (ਮਾਰੂ ਮ. ੫)
(ੲ) ਏਕੈ ਹੁਕਮੁ ਵਰਤੈ ਸਭ ਲੋਈ। (ਗਉੜੀ ਗੁਆਰੇਰੀ ਮ. ੧)

161 ਦੀ ਯੋਗ ਵਾਸ਼ਿਸ਼ਟ, ਬੀ. ਐਲ. ਅਤੇ ਪੰਨਾ 190

162 ਹਉਮੈ ਵਿਚਿ ਜਗੁ ਉਪਜੈ ਪੁਰਖਾ.....। (ਰਾਮਕਲੀ ਮ. ੧)

163 ਬ੍ਰਹਮ ਸੂਤਰ, 1/3/28

164 ਬ੍ਰਹਮ ਸੂਤਰ, ਸ਼ੰਕਰ ਭਾਸ਼, 1/3/28

165 ਉਤਪਤਿ ਪਰਲਉ ਸਬਦੇ ਹੋਵੈ। ਸ਼ਬਦੇ ਹੀ ਫਿਰਿ ਓਪਤਿ ਹੋਵੈ। (ਮਾਝ ਮ. ੩)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛਿਆਨਵੇ ਕਰੋੜ, ਅੱਠ ਲੱਖ, ਤ੍ਰੇਵੰਜਾ ਹਜ਼ਾਰ ਵਰ੍ਹੇ ਹੋ ਗਏ ਹਨ। ਈਸਾਈ ਛੇ ਹਜ਼ਾਰ ਵਰ੍ਹੇ ਇਸ ਸ੍ਰਿਸ਼ਟੀ ਨੂੰ ਬਣਿਆਂ ਦਸਦੇ ਹਨ। ਪੱਛਮੀ ਲੇਖਕਾਂ ਵਿਚੋਂ ਕਈਆਂ ਅਨੁਸਾਰ ਡੇਢ ਕਰੋੜ ਸਾਲ ਹੋਇਆ ਹੈ ਜਦ ਧਰਤੀ ਬਨਸਪਤੀ ਪੈਦਾ ਕਰਨ ਦੇ ਯੋਗ ਹੋਈ। ਪ੍ਰੋਫੈਸਰ ਕੇਰਲ ਦਾ ਖਿਆਲ ਹੈ ਕਿ ਸਤ ਕਰੋੜ ਸਾਲ ਇਸਨੂੰ ਬਣਿਆਂ ਹੋ ਗਏ ਹਨ। ਵਿਲੀਅਮ ਟਾਮਸ ਦਸ ਕਰੋੜ ਅਤੇ ਪ੍ਰੋਫੈਸਰ ਹਿਲਨਰ ਦੋ ਕਰੋੜ ਸਾਲ ਇਸ ਸ੍ਰਿਸ਼ਟੀ ਨੂੰ ਬਣਿਆਂ ਦਸਦੇ ਹਨ।[166] ਸਿਖ ਗੁਰੂਆਂ ਦੇ ਸਨਮੁਖ ਵੀ ਇਹ ਪ੍ਰਸ਼ਨ ਆ ਖੜਾ ਹੋਇਆ ਕਿ ਸ੍ਰਿਸ਼ਟੀ ਦੀ ਰਚਨਾ ਕਿਸ ਸਮੇਂ, ਕਿਸ ਘੜੀ, ਕਿਸ ਥਿੱਤ ਜਾਂ ਵਾਰ ਨੂੰ ਹੋਈ।[167] ਗੁਰੂ ਨਾਨਕ ਅਨੁਸਾਰ ਇਸ ਪ੍ਰਸ਼ਨ ਦਾ ਉੱਤਰ ਮਨੁੱਖ ਦੀ ਸਮਰਥਾ ਤੋਂ ਬਾਹਰ ਹੈ। ਸ੍ਰਿਸ਼ਟੀ ਦਾ ਨਿਰਮਾਤਾ ਪ੍ਰਭੂ ਹੀ ਆਪਣੀ ਰਚਨਾ ਦਾ ਠੀਕ ਸਮਾਂ ਜਾਣਦਾ ਹੈ। ਪੰਡਤ, ਕਾਜ਼ੀ, ਪੁਰਾਣ, ਕੁਰਾਨ ਅਤੇ ਜੋਗੀ ਆਦਿ ਇਸ ਸੰਬੰਧੀ ਕੁਝ ਨਹੀਂ ਜਾਣਦੇ।[168] ਗੁਰੂ ਅਰਜਨ ਦੇਵ ਜੀ ਨੇ ਵੀ ਇਹ ਕਿਹਾ ਹੈ ਕਿ ਸ੍ਰਿਸ਼ਟੀ ਦਾ ਨਿਰਮਾਤਾ ਹੀ ਸ੍ਰਿਸ਼ਟੀ ਦੇ ਰਹੱਸਾਂ ਨੂੰ ਜਾਣ ਸਕਦਾ ਹੈ।[169]

ਸ੍ਰਿਸ਼ਟੀ-ਪ੍ਰਕਿਰਿਆ ਸੰਬੰਧੀ ਵੀ ਗੁਰਮਤਿ ਵਿੱਚ ਕਈ ਸੰਕੇਤ ਮਿਲਦੇ ਹਨ ਜਿਵੇਂ : ਸਭ ਤੋਂ ਪਹਿਲਾਂ ਇਕ ਸੱਚ ਸੀ ਉਸ ਤੋਂ ਹਵਾ ਉਪਜੀ, ਹਵਾ ਤੋਂ ਜਲ ਅਤੇ ਜਲ ਤੋਂ ਤ੍ਰਿਭਵਣ ਦੀ ਰਚਨਾ ਕੀਤੀ ਗਈ ਅਤੇ ਰਚਣਹਾਰ ਆਪਣੀ ਰਚਨਾ ਵਿੱਚ ਹੀ ਵਿਲੀਨ ਹੋ ਗਿਆ[170] ਜਾਂ ਜਲ, ਅਗਨੀ ਅਤੇ ਪਵਨ[171] ਤਿੰਨਾਂ ਦੇ ਸੰਜੋਗ ਦੁਆਰਾ ਜਗਤ ਨੂੰ

---

166 ਗੁਰਮਤ ਫਿਲਾਸਫੀ, ਗਿ. ਪ੍ਰਤਾਪ ਸਿੰਘ, ਪੰਨਾ 360

167 ਕਵਣੁ ਸੁ ਵੇਲਾ ਵਖਤੁ ਕਵਣੁ, ਕਵਣ ਥਿਤਿ ਕਵਣੁ ਵਾਰੁ।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ। (ਜਪੁਜੀ)

168 ਵੇਲ ਨਾ ਪਾਈਆ ਪੰਡਤੀ... ... ... ਆਪੇ ਜਾਣੈ ਸੋਈ। (ਜਪੁਜੀ)

169 ਨਾਨਕ ਕਰਤੇ ਕੀ ਜਾਨੇ ਕਰਤਾ ਰਚਨਾ। (ਗਉੜੀ ਸੁਖਮਨੀ ਮ. ੫)

170 ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ। (ਸ੍ਰੀਰਾਗ ਮ. ੧)

171 ਸ੍ਰਿਸ਼ਟੀ ਰਚਨਾ ਸੰਬੰਧੀ ਅਫਲਾਤੂਨ (427 ਈਸਵੀ ਪੂਰਵ-347 ਈਸਵੀ ਪੂਰਵ) ਦੇ ਵਿਚਾਰਾਂ ਦੀ ਸੰਖੇਪ ਜਾਣਕਾਰੀ ਇਥੇ ਕੁਥਾਂ ਨਹੀਂ' ਹੋਵੇਗੀ। ਉਸ ਦੇ 'ਤਿਮਾਈਅਸ' ਨਾਮੀ ਸੰਵਾਦ ਵਿੱਚ ਮੁਖ ਪਾਤਰ ਤਿਮਾਈਅਸ ਸ੍ਰਿਸ਼ਟੀ ਰਚਨਾ ਸੰਬੰਧੀ ਆਪਣੇ ਵਿਚਾਰ ਪ੍ਰਗਟਾਂਦਿਆਂ ਕਹਿੰਦਾ ਹੈ ਕਿ ਈਸ਼ਵਰ ਨੇ ਸਭ ਤੋਂ ਪਹਿਲਾਂ ਅਗਨੀ, ਪ੍ਰਿਥਵੀ, ਜਲ ਅਤੇ ਪਉਣ ਨੂੰ ਜੋ ਪਹਿਲਾਂ ਤੋਂ ਹੀ ਹੋਂਦ ਵਿਚ ਆ ਚੁਕੇ ਸਨ, ਤਿੰਨ ਭਾਗਾਂ ਵਿਚ ਵੰਡਿਆ। ਅਗਨੀ ਅਤੇ ਪ੍ਰਿਥਵੀ ਨੂੰ ਵਖ ਵਖ ਕਰਕੇ ਜਲ ਅਤੇ ਪਉਣ ਨੂੰ ਉਸ ਨੇ ਉਹਨਾਂ ਵਿਚਾਲੇ ਰੱਖ ਦਿੱਤਾ। ਇੰਜ ਦ੍ਰਿਸ਼ਟਮਾਨ ਆਕਾਸ਼ ਦੀ ਉਤਪਤੀ ਹੋਈ। ਫੇਰ ਉਸ ਨੇ ਆਤਮਾ ਨੂੰ ਆਕਾਸ਼ ਦੇ ਮੱਧ ਵਿਚ ਰਖ ਨਿੱਤ ਜਗਤ ਦੀ ਰਚਨਾ ਕੀਤੀ। ਤਿਮਾਈਅਸ ਅਨੁਸਾਰ ਨਿੱਤ ਸੰਸਾਰ ਦੀ ਰਚਨਾ ਈਸ਼ਵਰੀ ਸੰਕਲਪ ਅਨੁਸਾਰ ਹੋਈ। ਰਚਨਾ ਦੇ ਪ੍ਰਤਿਰੂਪ ਦੀ ਸਿਰਜਨਾ ਲਈ ਈਸ਼ਵਰ ਨੇ ਰਚਨਾ ਦੇ ਚਾਰ ਤੱਤਾਂ ਦੇ ਆਧਾਰ ਤੇ ਚਾਰ ਪ੍ਰਕਾਰ ਦੇ ਪ੍ਰਾਣੀ ਉਤਪੰਨ ਕੀਤੇ ਅਰਥਾਤ ਆਕਾਸ਼ ਦੇ ਦੇਵਤੇ, ਪਉਣ ਦੇ ਪੰਖੇਰੂ, ਜਲ-ਚਰ,
(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਜਾਇਆ ਗਿਆ[172] ਜਾਂ ਮੂਲ ਤੱਤ ਜਲ ਹੀ ਸੀ ਜਿਸ ਤੋਂ ਸਮਸਤ ਦ੍ਰਿਸ਼ਟਮਾਨ ਜਗਤ ਦੀ ਉਤਪਤੀ ਹੋਈ ।[173]

ਗੁਰਮਤ ਅਨੁਸਾਰ ਸ੍ਰਿਸ਼ਟੀ ਪਰਿਵਰਤਨਸ਼ੀਲ ਹੈ, ਪਰਿਣਾਮਸ਼ੀਲ ਹੈ । ਇਸੇ ਲਈ ਇਸਦਾ ਵਿਸਥਾਰ ਅਨੇਕ ਵਾਰ ਹੋਇਆ ਹੈ । ਸਦ-ਸਥਿਰ ਅਤੇ ਅਪਰਿਵਰਤਸ਼ੀਲ ਜਾਂ ਅਪਰਿਣਾਮੀ ਤਾਂ ਕੇਵਲ ਇਸਦਾ ਰਚਿਤਾ ਬ੍ਰਹਮ ਹੀ ਹੈ ।[174]

ਗੁਰਮਤ ਕਾਵਿ ਦੇ ਰਚਣਹਾਰਿਆਂ ਨੇ ਸ੍ਰਿਸ਼ਟੀ ਨੂੰ ਅਸੀਮਤ ਅਤੇ ਅਨੰਤ ਮੰਨਿਆ ਹੈ ।[175] ਇਸਦਾ ਲੇਖਾ ਨਹੀਂ ਹੋ ਸਕਦਾ,[176] ਅੰਤ ਨਹੀਂ ਪਾਇਆ ਜਾ ਸਕਦਾ ।[177] ਜੀਵ-ਸ੍ਰਿਸ਼ਟੀ ਵੀ ਰੰਗਾ ਰੰਗ ਦੀ ਅਤੇ ਅਨੰਤ ਹੈ ।[178] ਗੱਲ ਕੀ, ਇਹ ਰਚਨਾ 'ਬਹੁ ਬਿਧਿ' ਅਤੇ ਅਨਿਕ ਪ੍ਰਕਾਰੀ ਹੈ[179] ਜਿਸ ਪ੍ਰਤੀ ਉਹਨਾਂ ਦਾ ਦ੍ਰਿਸ਼ਟੀਕੋਣ ਵਿਸਮਾਦ-ਮਈ ਹੈ ।[180]

ਗੁਰਮਤ ਅਨੁਸਾਰ ਜਗਤ ਸੱਤ ਹੈ ਕਿਉਂਕਿ ਇਹ ਸੱਚੇ ਦੀ ਰਚਨਾ ਹੈ । ਅਰਥਾਤ ਸੱਤ-ਕਾਰਣ ਤੋਂ ਸੱਤ-ਕਾਰਜ ਦੀ ਹੀ ਉਤਪਤੀ ਸੰਭਵ ਹੈ ।[181] ਇਹ ਜਗਤ ਗੁਰੂ ਅਮਰਦਾਸ

ਅਨੇਕ ਪ੍ਰਕਾਰ ਦੇ ਭੂ-ਚਰ ਆਦਿ । ਸੰਖੇਪ ਵਿੱਚ ਉਕਤ ਸੰਬਾਦ ਦੇ ਆਧਾਰ ਤੇ ਵਿਸ਼ਵ ਰਚਨਾ ਸੰਬੰਧੀ ਅਫਲਾਤੂਨ ਦਾ ਵਿਚਾਰ ਪ੍ਰਤੱਖ ਉਜਾਗਰ ਹੁੰਦਾ ਹੈ ਕਿ ਈਸ਼ਵਰ ਨੇ ਸਥੂਲ ਅਤੇ ਸੂਖਮ ਤੱਤਾਂ ਦੇ ਸੰਜੋਗ ਦੁਆਰਾ ਸੁਅਰਗ ਦਾ ਨਿਰਮਾਣ ਕੀਤਾ ਜੋ ਸਦੀਵੀ ਅਤੇ ਪੂਰਣ ਹੈ । ਫਿਰ ਉਸਨੇ ਅਪੂਰਣ ਰੂਪ ਅਰਥਾਤ ਜਗਤ ਦੀ ਰਚਨਾ ਕੀਤੀ । ਇਹਨਾਂ ਦੋਹਾਂ ਵਿੱਚ ਸੱਤ ਅਤੇ ਸੱਤ ਦੇ ਪ੍ਰਤੀਰੂਪ ਦਾ ਸੰਬੰਧ ਹੋਣ ਕਾਰਣ ਨਿੱਤ ਅਤੇ ਅਨਿੱਤ ਦਾ ਜਾਂ ਸੱਤ ਅਤੇ ਅਸੱਤ ਦਾ ਦਵੈਂਦ ਕੋਈ ਅਰਥ ਨਹੀਂ ਰਖਦਾ । ਅਫਲਾਤੂਨ ਨੇ ਤਿਮਾਈਅਸ ਪਾਸੋਂ ਅਖਵਾਇਆ ਵੀ ਹੈ ਕਿ ਸੱਤ ਸੰਸਾਰ ਦਾ ਗਿਆਨ ਬੁਧੀ ਦੁਆਰਾ ਅਤੇ ਅਸੱਤ ਦਾ ਇੰਦ੍ਰੀਆਂ ਦੁਆਰਾ ਹੁੰਦਾ ਹੈ । ਪਰ ਅਸੱਤ ਕਿਉਂਕਿ ਸੱਤ ਦੀ ਛਾਇਆ ਹੈ ਇਸ ਲਈ ਇਹ ਕੇਵਲ ਭਰਮ ਨਹੀਂ ਹੈ ।

(ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ 58 ਦਾ ਫੁਟ ਨੋਟ)

172 ਜਲ ਤਰੰਗ ਅਗਨੀ ਪਵਨੋ ਫੁਨਿ ਤੈ ਮਿਲਿ ਜਗਤੁ ਉਪਾਇਆ । (ਪ੍ਰਭਾਤੀ ਮ. ੧)

173 ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ । (ਮਲਾਰ ਮ. ੩)

174 ਕਈ ਬਾਰ ਪਸਰਿਓ ਪਾਸਾਰ ਸਦਾ ਸਦਾ ਇਕੁ ਏਕੰਕਾਰ । (ਗਉੜੀ ਸੁਖਮਨੀ ਮ. ੧)

175 ਪਾਤਾਲਾ ਪਾਤਾਲ ਲਖ ਆਗਾਸਾ ਆਗਾਸ । (ਜਪੁਜੀ)

176 ਲੇਖਾ ਹੋਇ ਤੇ ਲਿਖੀਐ..... (ਜਪੁਜੀ)

177 ਅੰਤੁ ਨਾ ਜਾਪੈ ਕੀਤਾ ਆਕਾਰੁ ਅੰਤ ਨਾ ਜਾਪੈ ਪਾਰਾਵਾਰੁ । (ਜਪੁਜੀ)

178 ਕੇਤੇ ਪਵਨ ਪਾਣੀ ਵੈਸੰਤਰ ਕੇਤੇ ਕਾਨ ਮਹੇਸ ।

... ...

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ । (ਜਪੁਜੀ)

179 ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ । (ਗਉੜੀ ਸੁਖਮਨੀ ਮ. ੧)

180 ਵਿਸਮਾਦੁ ਨਾਦ ਵਿਸਮਾਦੁ ਵੇਦ । ਵਿਸਮਾਦ ਦੀਆ ਵਿਸਮਾਦ ਭੇਦ ।
ਵਿਸਮਾਦੁ ਰੂਪ ਵਿਸਮਾਦੁ ਰੰਗੁ ।..... ..... (ਆਸਾ ਮ. ੧)

181 (ੳ) ਆਪਿ ਸਤਿ ਕੀਆ ਸਭੁ ਸਤਿ

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀ ਨੂੰ ਤਾਂ 'ਹਰੀ ਦਾ ਰੂਪ' ਹੀ ਨਜ਼ਰ ਆਇਆ ਹੈ।[182] ਸਿਖ ਗੁਰੂਆਂ ਨੇ ਸੰਸਾਰ ਨੂੰ ਸੁਪਨਾ,[183] ਜਲ ਦਾ ਬੁਦਬੁਦਾ,[184] ਹਰਿ ਚੰਦਉਰੀ ਸਮਾਨ,[185] ਜਲ ਦਾ ਫੇਨ,[186] ਧੂੰਏ ਦਾ ਧਵਲਹਰ,[187] ਬਾਲੂ ਕੀ ਭੀਤ[188] ਅਤੇ ਵਿਸ ਦਾ ਸਮੁੰਦਰ[189] ਆਦਿ ਵੀ ਆਖਿਆ ਹੈ। ਪਰ ਇਸਦਾ ਮਤਲਬ ਇਹ ਨਹੀਂ ਕਿ ਸਿਖ ਗੁਰੂਆਂ ਦੇ ਵਿਚਾਰਾਂ ਵਿਚ ਸਵੈ-ਵਿਰੋਧ ਹੈ। ਵਾਸਤਵ ਵਿਚ ਗੁਰਮਤ ਦੀ ਉਪੋ੍ਕਤ ਵਰਣਤ ਜਗਤ ਸੰਬੰਧੀ ਵਿਚਾਰਧਾਰਾ ਵਲਭਾ-ਚਾਰੀਆ ਦੇ ਜਗਤ-ਸਿਧਾਂਤ ਨਾਲ ਮੇਲ ਖਾਂਦੀ ਹੈ ਜਿਸ ਅਨੁਸਾਰ ਜਗਤ ਸਤ ਹੈ ਪਰ ਸੰਸਾਰ ਮਾਇਆ ਜਾਂ ਤ੍ਰਿਸ਼ਨਾ ਆਦਿ ਹੈ ਕਿਉਂਕਿ ਜਗਤ ਪਰਮਾਤਮ-ਕਿਰਤ ਹੈ ਅਤੇ ਸੰਸਾਰ ਮਾਨਵ-ਕਿਰਤ।

ਜਗਤ-ਰਚਨਾ ਦਾ ਮਨੋਰਥ ਸਿਖ ਗੁਰੂਆਂ ਅਨੁਸ਼ਾਰ ਸੰਤ ਜਨਾਂ ਦਾ ਹਿਤ[190] ਅਤੇ ਹਰੀ ਦੇ ਨਾਮ ਦਾ ਸਿਮਰਨ ਹੈ।[191]

ਆਪੇ ਜਾਨੈ ਆਪਣੀ ਮਿਤਿ ਗਤਿ। (ਗਉੜੀ ਸੁਖਮਨੀ ਮ. ੫)

(ਅ) ਆਪਿ ਸਤਿ ਸਤਿ ਸਭ ਧਾਰੀ।
ਆਪੇ ਗੁਣ ਆਪੇ ਗੁਣਕਾਰੀ। (ਗਉੜੀ ਸੁਖਮਨੀ ਮ. ੫)

(ਏ) ਸਤਿ ਕਰਮੁ ਜਾਕੀ ਰਚਨਾ ਸਤਿ
ਮੂਲੁ ਜਤਿ ਸਤਿ ਉਤਪਤਿ। (ਗਉੜੀ ਸੁਖਮਨੀ ਮ. ੫)

(ਸ) ਸਚੇ ਤੇਰੇ ਖੰਡ ਸਚੇ ਬ੍ਰਹਮੰਡ।
ਸਚੇ ਤੇਰੇ ਲੋਅ ਸਚੇ ਆਕਾਰ।
ਸਚੇ ਤੇਰੇ ਕਰਣੇ ਸਰਬ ਬੀਚਾਰ। (ਆਸਾ ਮ. ੧)

182 ਏਹ ਵਿਸੁ ਸੰਸਾਰੁ ਤੁਮ ਦੇਖ ਦੇ
ਇਹ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ। (ਰਾਮਕਲੀ ਮ. ੩)

183 (ੳ) ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ। (ਬਿਲਾਵਲ ਮ. ੫)

(ਅ) ਇਹ ਸੰਸਾਰ ਸਗਲ ਹੈ ਸੁਪਨਾ.....। (ਗਉੜੀ ਮ. ੫)

(ਏ) ਸਕਲ ਜਗਤ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ। (ਸੋਰਠ ਮ. ੯)

(ਸ) ਨਾਨਕ ਕਹਤੁ ਜਗਤੁ ਸਭੁ ਮਿਥਿਆ ਜਿਉ ਸੁਪਨਾ ਰੈਨਾਈ। (ਸਾਰੰਗ ਮ. ੯)

(ਹ) ਇਹੁ ਸੰਸਾਰ ਸਗਲ ਹੈ ਸੁਪਨੇ ਦੇਖਿ ਕਹਾ ਲੋ ਭਾਵੈ। (ਸਾਰੰਗ ਮ. ੯)

(ਕ) ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ। (ਸਿਰੀ ਰਾਗ ਮ. ੫)

184 ਜੈਸੇ ਜਲ ਤੇ ਬੁਦਬਦਾ ਉਪਜੈ ਬਿਨਸੈ ਨੀਤ।
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ। (ਸਲੋਕ ਮ. ੯)

185 ਹਰਿ ਚੰਦਉਰੀ ਪੇਖਿ ਕਾਹੇ ਸੁਖੁ ਮਾਨਿਆ। (ਫੁਨਹੇ ਮ. ੫)

186 ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ।
ਤਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ। (ਮਲਾਰ ਮ. ੩)

187 ਢੈਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ। (ਮਾਝ ਮ. ੧)

188 ਬਾਰੂ ਕੀ ਭੀਤਿ ਬਨਾਈ ਰਚਿ ਪਚਿ ਰਹਿਤ ਨਹੀ ਦਿਨ ਚਾਰਿ। (ਸੋਰਠਿ ਮ. ੯)

189 ਮਨ ਪਿਆਰਿਆ ਜੀਉ ਮਿਤ੍ਰਾ ਬਿਖੁ ਸਾਗਰੁ ਸੰਸਾਰੇ। (ਸਿਰੀ ਰਾਗ ਮ. ੫)

190 ਸੰਤ ਹੇਤਿ ਪ੍ਰਭਿ ਤ੍ਰਿਭਵਨ ਧਾਰੇ। (ਗਉੜੀ ਮ. ੧)

191 ਹਰਿ ਸਿਮਰਨਿ ਧਾਰੀ ਸਭ ਧਰਨਾ। (ਗਉੜੀ ਸੁਖਮਨੀ ਮ. ੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਵੀਰ ਸਿੰਘ ਅਨੁਸਾਰ ਜਗਤ ਦਾ ਮੂਲ ਕਾਰਣ ਅਬਿਨਾਸ਼ੀ ਬ੍ਰਹਮ ਹੈ ਪਰ ਉਸਦੀ ਰਚਿਤ ਹਰ ਸ਼ੈ ਬਿਨਸਨਹਾਰ ਹੈ।[192] ਇਥੇ ਬਿਨਸਨਹਾਰ ਤੋਂ ਭਾਵ ਜਗਤ ਦੀ ਅਸੱਤਤਾ ਜਾਂ ਮਿਥਿਆਵਾਦਿਤਾ ਹਰਗਿਜ਼ ਨਹੀਂ ਸਗੋਂ ਜਗਤ ਦੀ ਅਸਥਿਰਤਾ ਹੈ। ਇਸ ਦਾ ਭਾਵ ਹੈ ਜਗਤ ਦਾ ਹਰ ਘੜੀ, ਹਰ ਪਲ ਪਰਿਣਾਮ ਨੂੰ ਪ੍ਰਾਪਤ ਹੋਣਾ ਜਾਂ ਧਾਰਣ ਕਰਨਾ। ਇਹੀ ਜਗਤ ਦੀ ਗਤੀਸ਼ੀਲਤਾ, ਪਰਿਣਾਮਸ਼ੀਲਤਾ ਜਾਂ ਕਿਰਿਆਸ਼ੀਲਤਾ ਹੈ। ਭਾਈ ਸਾਹਿਬ ਨੇ ਸਮਸਤ ਕਾਰਜ-ਰੂਪ ਦ੍ਰਿਸ਼ਟਮਾਨ ਪ੍ਰਕਿਰਤੀ ਅਥਵਾ ਜਗਤ-ਸ੍ਰਿਸ਼ਟੀ ਨੂੰ ਪਰਿਣਾਮਸ਼ੀਲ ਜਾਂ ਗਤੀਸ਼ੀਲ ਮੰਨਿਆਂ ਹੈ।[193] ਇਹ ਇਕ-ਰਸ ਅਤੇ ਸਥਿਰ ਨਹੀਂ ਰਹਿੰਦੀ, ਸਦ-ਪਰਿਵਰਤਨ ਵਿੱਚ ਹੀ ਇਸ ਦੀ ਸਦ-ਸਥਿਰਤਾ ਵਿਦਮਾਨ ਹੈ।[194] ਪਰ ਇਸ ਦਾ ਕਾਰਣ-ਰੂਪ ਅਣਡਿਠ ਬ੍ਰਹਮ-ਤੱਤ ਇਕ-ਰਸ ਅਤੇ ਸਦ-ਸਥਿਰ ਹੈ।[195]

ਈਸ਼ਵਰ-ਰਚਿਤ ਪ੍ਰਾਕ੍ਰਿਤ-ਸ੍ਰਿਸ਼ਟੀ ਵਿਚਲੀ ਗਤੀਸ਼ੀਲਤਾ ਨੂੰ ਭਾਈ ਸਾਹਿਬ ਨੇ 'ਚਲੋ ਚਲੀ ਦੀ ਸਦ'[196] ਦੁਆਰਾ ਅਤਿ ਸਹਲ ਢੰਗ ਨਾਲ ਸਪਸ਼ਟ ਕੀਤਾ ਹੈ। ਸੂਰਜ,

---

192 ਸਾਈਆਂ ਜੀਉ,
ਜਿਸ ਜਿਸ ਸ਼ੈ ਤੇ ਨਜ਼ਰ ਜਮਾਈਏ,
... ...
ਤੈਥੋਂ ਬਿਨ ਜੋ ਹੋਰ ਸੁਣੁਪਾਂ
... ...
ਬਿਨਸਨਹਾਰ ਹੋਏ ਜੋ ਸੱਭੇ
ਜਦ ਬਿਨਸਨ ਦੁਖ ਪਾਈਏ। (ਬਿਨਸਨਹਾਰ ਦਾ ਪ੍ਰੇਮ, ਮੇ. ਸਾ. ਜੀ., ਪੰਨਾ 39)

193 ਦਿਸੇ ਜੁ ਖੇਡ ਅਖੀਂ ਪਰਤੇ ਓ ਹਰ ਘੜੀ ਹੈ। (ਬੁਲਬੁਲ ਤੇ ਰਾਹੀ, ਲ. ਦੇ. ਹਾ., ਪੰਨਾ 151)

194 ਖਿੜਿਆ ਪ੍ਰਗਟ ਜੁ ਦੇਖੇਂ ਬਦਲੇ ਏ ਪਲ ਛਿਨੇ ਹੈ,
ਕਾਇਮ ਇ ਬਦਲੀ ਅੰਦਰ ਤੁਰਿਆ ਸਦਾ ਹੀ ਜਾਈ।
ਠਹਿਰਨ ਨ ਏਸ ਅੰਦਰ, ਇਕ ਰਸ ਨ ਰਹਿਣ ਨ ਏਥੇ
ਪਲਟੇ ਤੇ ਪਲਟਾ ਆਵੇ ਮੂਰਤ ਦੀ ਖੇਡ ਨਯਾਈਂ।
ਚੱਕਰ ਚਲੇ ਹੈ ਹਰਦਮ, ਖਿਨ ਖਿਨ 'ਵਟਾਉ' ਹੋਂਦਾ,
ਕਾਇਮ 'ਵਟਾਉ' ਅੰਦਰ ਠਹਿਰਨ ਨਹੀਂ ਹੈ ਗਾਈ।
(ਬੁਲਬੁਲ ਤੇ ਰਾਹੀ, ਲ. ਦੇ. ਹਾ., ਪੰਨਾ 147)

195 'ਅਣਡਿਠ' ਹੈ ਜੋ ਕਾਰਨ ਜਿਸ ਤੋਂ ਸੁਹਣਪ ਪ੍ਰਗਟੇ,
ਉਸਦਾ ਸਰੂਪ ਇਕ ਰਸ ਰਹਿੰਦਾ ਸਚਾ ਸਦਾਈਂ।
(ਬੁਲਬੁਲ ਤੇ ਰਾਹੀ, ਲ. ਦੇ. ਹਾ., ਪੰਨਾ 151)

196 ਪਲਕ ਝਲਕ ਦੇ ਮੇਲ ਦੁਨੀਆਂ ਹੋ ਰਹੇ,
ਖੇਲ ਅਖਾੜਾ ਏਹ ਕੂਚ ਮੁਕਾਮ ਹੈ,
ਚਲਣ ਦੀ ਇਹ ਥਾਉਂ ਪਲ ਭਰ ਅਟਕਣਾ,
ਚਲੋ ਚਲੀ ਦੀ ਸੱਦ ਹੈ ਵੇ ਆ ਰਹੀ,
ਝਲਕੇ ਸੁਹਣੇ ਨੈਣ ਦੇਂਦੀ ਜਾ ਰਹੀ। (ਇੱਛਾ ਬਲ, ਮ. ਦੂ., ਪੰਨਾ 62)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੰਦ੍ਰਮਾ, ਤਾਰੇ ਅਤੇ ਸਮਸਤ ਗ੍ਰਹਿ ਲਗਾਤਾਰ ਤੁਰੇ ਜਾ ਰਹੇ ਹਨ, ਚਾਲੇ ਪਏ ਹੋਏ ਹਨ।[197] ਧਰਤੀ, ਨਖੱਤਰ, ਰੈਣ, ਦਿਨ, ਬਨਸਪਤੀ, ਜੀਵ, ਜੰਤ ਸਭ ਇਕ ਤੋਰ ਵਿੱਚ ਬੱਝੇ ਹੋਏ ਹਨ,[198] ਉਮਰਾ, ਕਾਲ, ਜਿੰਦ ਸਭ ਤੁਰੀ ਜਾ ਰਹੇ ਹਨ।[199] ਗਤੀਸ਼ੀਲਤਾ ਦਾ ਇਹ ਨੇਮ ਸ੍ਰਿਸ਼ਟੀ-ਕਰਤਾ ਦੀ ਆਪਣੀ ਹੀ ਦੇਣ ਹੈ।[200] ਤੁਰੇ ਰਹਿਣਾ, ਨਿਤ ਚਾਲੇ ਪਏ ਰਹਿਣਾ, ਚੇਸ਼ਟਾ, ਹਰਕਤ ਅਤੇ ਪਰਿਵਰਤਨ ਹੀ ਸਮਸਤ ਪ੍ਰਕਿਰਤੀ ਅਥਵਾ ਸ੍ਰਿਸ਼ਟੀ ਦੀ ਸਥਿਤੀ ਦਾ ਆਧਾਰ ਹੈ, ਇਹੀ ਉਸ ਦੇ ਪ੍ਰਾਣ ਹਨ, ਇਹੀ ਉਸ ਦੀ ਜਿੰਦ-ਜਾਨ ਹੈ। ਜਦੋਂ ਇਸ ਵਿਚ ਅਟਕਾ ਆ ਗਿਆ, ਜੋ ਮੌਤ ਦਾ ਦੂਸਰਾ ਨਾਮ ਹੈ,[201] ਉਦੋਂ ਨਾਮ-ਰੂਪਾਤਮਕ ਸਮਸਤ ਜਗਤ ਦਾ ਵਿਨਾਸ਼ ਹੋ ਜਾਵੇਗਾ।[202]

ਭਾਈ ਸਾਹਿਬ ਨੇ ਜਗਤ ਸੰਬੰਧੀ ਮਿਥਿਆਵਾਦ ਦੇ ਸਿਧਾਂਤ ਦਾ ਪ੍ਰਮਾਣ-ਯੁਕਤ ਖੰਡਨ ਕੀਤਾ ਹੈ। ਉਹਨਾਂ ਅਨੁਸਾਰ, ਜੇ ਮੰਨ ਲਈਏ ਕਿ ਸ੍ਰਿਸ਼ਟੀ ਮੂਲੋਂ ਹੀ ਮਿਥਿਆ ਹੈ, ਨਾ ਭੂਤ ਵਿੱਚ ਸੀ, ਨਾ ਵਰਤਮਾਨ ਵਿੱਚ ਹੈ ਅਤੇ ਨਾ ਹੀ ਭਵਿੱਖ ਵਿੱਚ ਹੋਵੇਗੀ ਤਾਂ ਇਸ ਦਾ ਮਤਲਬ ਇਹ ਹੈ ਕਿ ਅਜਿਹਾ ਕਥਨ ਵੀ ਆਪਣੇ ਆਪ ਵਿੱਚ ਮਿਥਿਆ ਹੈ, ਇਸ ਦਾ ਕਥਨ-ਕਰਤਾ ਵੀ ਮਿਥਿਆ ਹੈ, ਅਜਿਹਾ ਗਿਆਨ ਵੀ ਮਿਥਿਆ ਹੈ ਅਤੇ ਇਸ ਦਾ ਗਿਆਤਾ ਵੀ ਮਿਥਿਆ ਹੈ। ਭਾਈ ਸਾਹਿਬ ਅਨੁਸਾਰ ਵਾਸਤਵਿਕਤਾ ਇਹ ਹੈ ਕਿ ਜਗਤ ਦਾ ਕਰਤਾ

---

197 ਦੇਖ ਖਾਂ ਤੂੰ ਅੱਖ ਉਘਾੜ, ਸੂਰਜ ਚੰਦ ਤਾਰੇ ਗ੍ਰਹਿ
ਲਗਾਤਾਰ ਤੁਰੇ ਜਾਣ,—ਕਦੇ ਕੋਈ ਅਟਕਿਆ ਹੈ ? (ਅਟਕ, ਬਿ. ਦੇ. ਹਾ., ਪੰਨਾ 46)

198 ਧਰਤੀ ਨਖ਼ਯੱਤ ਚਲੇ, ਰੈਣ ਦਿਨ ਬਨਸਪਤੀ,
ਜੀਵ, ਜੰਤ, ਸਭ ਟੁਰੇ,—ਅਟਕਯਾ ਸੋ ਫਟਕਯਾ ਹੈ। (ਅਟਕ, ਬਿ. ਦੇ. ਹਾ. ਪੰਨਾ 46)

199 ਉਮਰਾ ਹੈ ਤਾ ਤੁਰੀ ਜਾਏ, ਕਾਲ ਹੈ ਤਾਂ ਲਗਾ ਜਾਏ,
ਜਿਦ ਹੈ ਤਾਂ ਚਲੀ ਜਾਏ, ਕਦੇ ਕੌਣ ਹਟਕਯਾ ਹੈ ? (ਅਟਕ, ਬਿ. ਦੇ. ਹਾ. ਪੰਨਾ 46)

200 ਏਥੇ ਅਜ਼ਲ ਦਾ ਹੁਕਮ ਤੇ ਰਾਹ ਏਹੋ,
—ਠਹਿਰਨ ਕੁਦਰਤ ਨੂੰ ਨਹੀਂ ਸੁਖਾਂਵਦੀ ਏ।
ਟੁਰੀ ਚਲਣਾ; ਚੱਲਣਾ ਹੋਰ ਥਾਵੇਂ,
ਜਿਥੇ ਕੁਦਰਤ ਪਈ ਕਿਸੇ ਲਿਜਾਂਵਦੀ ਏ। (ਚਲੋ ਚਲੀ ਦੀ ਸਦ, ਬਿ. ਦੇ. ਹਾ., ਪੰਨਾ 18)

201 ਅਟਕ ਨਾਮ ਮੌਤ ਦਾ ਹੈ, ... (ਅਟਕ, ਬਿ. ਦੇ. ਹਾ., ਪੰਨਾ 45)

202 (ੳ) ਤੋਰੇ ਵਿਚ ਤੁਰਿਆ ਜਾਵੇ, ਸਾਰਾ ਜਗ ਦਿਸਦਾ ਜੋ,
ਤੁਰੇ ਰਹਿਣਾ, ਤੁਰੇ ਰਹਿਣਾ—ਕਾਰ ਧੁਰੋਂ ਏ ਪਈ।
ਰੂਪ ਏਸ ਦਿੱਸਦੇ ਦਾ, ਚੇਸ਼ਟਾ ਤੇ ਬਦਲਨਾ ਹੈ,
ਜਾਰੀ ਰਹਿਣਾ ਚੇਸ਼ਟਾ ਦਾ, ਜਿੰਦ ਇਹਦੀ ਹੈ ਸਹੀ।
ਅਟਕ ਇਹ ਜਦੋਂ ਜਾਸੀ, ਰੂਪ ਨਾਮ ਬਿਨਸ ਜਾਸੀ,
ਦ੍ਰਿਸ਼ਮਾਨ ਰਹੇ ਨਾਹੀਂ—ਕਲਾ ਇਸ ਦੀ ਹੈ ਇਹੀ।
(ਅਟਕ, ਬਿ. ਦੇ. ਹਾ., ਪੰਨਾ 45)

(ਅ) ਦਿੱਸਦਾ ਸੰਸਾਰ ਸਾਰਾ, ਸਦਾ ਸਦਾ ਟੁਰਨਹਾਰਾ,
ਅਟਕੇ ਜੇ ਇਹ ਨਜ਼ਾਰਾ,—ਤਦੋਂ ਜਾਣ ਪਟਕਯਾ ਹੈ।
(ਅਟਕ, ਬਿ. ਦੇ. ਹਾ., ਪੰਨਾ 46)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਜੁਗਾਦੀ ਸੱਚ ਹੈ, ਤ੍ਰੈਕਾਲਾਂ ਵਿੱਚ ਸੱਤ ਅਤੇ ਸਥਿਰ ਰਹਿਦਾ ਹੈ, ਉਸ ਦੀ ਰਚਿਤ ਸਮਸਤ ਸ੍ਰਿਸ਼ਟੀ ਵੀ ਸੱਤ ਹੈ—ਜੀਵ-ਸ੍ਰਿਸ਼ਟੀ ਵੀ ਅਤੇ ਪ੍ਰਾਕ੍ਰਿਤ-ਸ੍ਰਿਸ਼ਟੀ ਵੀ।[203]

ਭਾਈ ਸਾਹਿਬ ਅਨੁਸਾਰ ਜਗਤ ਉਤਪਤੀ ਦਾ ਕਾਰਣ ਪ੍ਰੇਮ ਹੈ। ਪ੍ਰੇਮ ਬ੍ਰਹਮ ਦਾ ਹੀ ਸਰੂਪ-ਲੱਛਣ ਹੈ। ਦੂਜੇ ਸ਼ਬਦਾਂ ਵਿੱਚ ਬ੍ਰਹਮ ਦਾ ਆਨੰਦਮਈ ਜਾਂ ਪ੍ਰੇਮਮਈ ਸਰੂਪ-ਲੱਛਣ ਹੀ ਸ੍ਰਿਸ਼ਟੀ ਦਾ ਇਕ ਮਾਤਰ ਆਧਾਰ-ਭੂਤ ਕਾਰਣ ਹੈ। ਬ੍ਰਹਮ ਦੇ ਪ੍ਰੇਮਮਈ ਪ੍ਰਕਾਸ਼ ਸਦਕਾ ਹੀ ਭਾਂਤੋ ਭਾਂਤ ਦੀ ਸ੍ਰਿਸ਼ਟੀ-ਰਚਨਾ ਦ੍ਰਿਸ਼ਟੀਗੋਚਰ ਹੋ ਰਹੀ ਹੈ। ਸ੍ਰਿਸ਼ਟੀ ਦੀ ਸੂਖਮ ਅਤੇ ਸਥੂਲ ਪ੍ਰਕਿਰਤੀ ਬ੍ਰਹਮ ਦੇ ਪ੍ਰੇਮ-ਪ੍ਰਕਾਸ਼ ਦੇ ਹੀ ਅਨੁਰੂਪ ਹੈ।[204]

ਸ੍ਰਿਸ਼ਟੀ ਬ੍ਰਹਮ ਦੇ ਪ੍ਰੇਮ-ਰੂਪ ਦਾ ਪ੍ਰਕਾਸ਼ ਹੋਣ ਕਾਰਣ ਪ੍ਰੇਮ-ਬੱਧ ਹੈ। ਉਸ ਦੀ ਹਰ ਵਸਤੂ ਪ੍ਰੇਮ-ਸੰਬੰਧ ਵਿੱਚ ਬੱਝੀ ਹੋਈ ਹੈ। ਸੂਰਜ, ਚੰਦ ਅਤੇ ਤਾਰੇ ਪ੍ਰੇਮ-ਨੇਮ, ਪ੍ਰੇਮ-ਖਿੱਚ ਅਥਵਾ ਪ੍ਰੇਮ-ਮਰਯਾਦਾ ਵਿੱਚ ਬੰਨ੍ਹੇ ਪਏ ਹਨ। ਸਮਸਤ ਜੜ੍ਹ ਵਸਤਾਂ ਦੇ ਮੇਲ ਦਾ ਕਾਰਣ ਇਹ ਪ੍ਰੇਮ ਹੈ, ਸਮਸਤ ਜੀਵ-ਸ੍ਰਿਸ਼ਟੀ ਅਤੇ ਬਨਸਪਤਿ-ਸ੍ਰਿਸ਼ਟੀ ਵੀ ਪ੍ਰੇਮ-ਆਸ੍ਰਿਤ ਹੈ।

---

203 'ਮੈਨੂੰ ਆਖੇ 'ਝੂਠ ਦੁਨੀਆਂ ਝੂਠ ਹੈ,
'ਰਚੀ ਬਣੀ ਹੈ ਨਾਹਿੰ, ਮੂਲੋਂ ਮਿਥਿਆ,
'ਤਿੰਨੇ ਕਾਲ ਅਸੱਤਿ ਹੋਈ ਹੋਇ ਨਾ।
'ਝੂਠਾ ਹੈ ਜੇ ਜੱਗ ਹੋ ਪਯਾ ਝੂਠੜਾ ;
'ਤੂੰ ਬੀ ਸੱਚਾ ਨਾਹਿੰ ਵਿਚ ਇਸ ਜਗ ਦੇ।
'ਤੇਰਾ ਬੀ ਜੋ ਗਿਆਨ ਝੂਠਾ ਹੋਵਸੀ।
'ਸਭ ਦੀ ਰਹਿਣੀ ਝੂਠ ਜੇ ਤੂੰ ਦੱਸਦਾ
'ਤੇਰੀ ਕਹਿਣੀ ਝੂਠ ਆਪੇ ਹੋ ਗਈ।
'ਪਰ ਸੁਣ ; ਮਿੱਥਯਾਵਾਦ ਕਥਨੇ ਵਾਲੜੇ !
'ਮੇਰਾ ਪਯਾਰਾ ਕੰਤ, ਮਿਥਿਆ ਹੈ ਨਹੀਂ,
'ਤਿੰਨ ਕਾਲ ਓ ਸੱਚ, ਸੱਚ ਸਮਾਇਆ।' (ਰਾ. ਸ੍ਰ. ਸਿੰ., ਪੰਨਾ 138-39)

204 (ੳ) ਜਗਤ ਦਾ ਕਾਰਨ ਪ੍ਰੇਮ, ਪ੍ਰੇਮ ਅਧਾਰ ਹੈ ;
ਪ੍ਰੇਮ ਜਗਤ ਦੀ ਓਟ, ਆਸ੍ਰਾ ਪ੍ਰੇਮ ਹੈ,
ਪ੍ਰੇਮ ਸ਼ਕਤਿ ਹੀ ਨਿੱਤ ਇਸ ਨੂੰ ਤੋਰਦੀ।
ਪੂਰਨ 'ਪ੍ਰੇਮ-ਸਰੂਪ' ਆਪ ਅਕਾਲ ਹੈ,—
ਅਸਤੀ, ਭਾਂਤੀ ਪ੍ਰੇਯ ਉਸ ਨੂੰ ਆਖਦੇ,
ਉਸ ਦਾ ਪਏ ਪ੍ਰਕਾਸ਼ ਚਮਕਾਂ ਮਾਰਦਾ।
ਸੂਖਮ ਤੇ ਅਸਥੂਲ ਜੈਸੇ ਥਾਉਂ ਤੇ
ਪੈਂਦਾ ਏਹ ਪ੍ਰਕਾਸ਼ ਦੇਂਦਾ ਰੰਗ ਓ।
ਰੰਗ ਰੰਗ ਦਾ ਰੰਗ ਚਮਕੇ ਪ੍ਰੇਮ ਦਾ।
ਸੂਖਮ ਅਤੇ ਸਥੂਲ ਸੂਖਮ ਅੰਤਿ ਹੈ
ਹੋਵੇ ਬਹੁਤ ਸਥੂਲ ਕਈ ਕੁ ਭਾਂਤ ਦਾ (ਰਾ. ਸ੍ਰ. ਸਿੰ., ਪੰਨਾ 130-31)
ਫੈਲ ਰਿਹਾ ਹੈ ਪ੍ਰੇਮ ਜਗਤ ਅਧਾਰ ਹੋ। (ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਸਤ ਮਾਨਵ-ਸ੍ਰਿਸ਼ਟੀ ਵੀ ਬ੍ਰਹਮ ਪ੍ਰੇਮ ਦਾ ਹੀ ਪ੍ਰਕਾਸ਼-ਰੂਪ ਹੈ।[205] ਦੂਜੇ ਸ਼ਬਦਾਂ ਵਿੱਚ ਸਮਸਤ ਜੜ੍ਹਾਤਮਕ ਅਤੇ ਚੇਤਨ-ਸ੍ਰਿਸ਼ਟੀ ਪ੍ਰੇਮ-ਆਧਾਰਤ ਹੈ।

(ਅ) 'ਅਸਤੀ, ਭਾਂਤੀ, ਪ੍ਰੀਯ' ਓਸ ਸੂ ਰੱਬ ਦੇ
'ਸਰੂਪ-ਲਛਣ' ਹਨ ਠੀਕ ਸਯਾਣੇ ਆਖਦੇ :
ਪ੍ਰੀਯ ਅਰਥ ਹੈ :—ਪ੍ਰੇਮ, ਪ੍ਰੇਮ ਅਨੰਦ ਹੈ।
ਤਾਂਤੇ ਪ੍ਰਭੂ ਪਰੇਮ, ਪ੍ਰੇਮ ਸਰੂਪ ਹੈ ;
ਪ੍ਰੇਮ ਵਿਖੇ ਇਹ ਨੇਮ ਹੋਵੇ ਹੈ ਸਦਾ :—
... ...
ਪ੍ਰੇਮ ਕਰੇ ਪਰਕਾਸ਼ ਆਪਣੇ ਰੂਪ ਦਾ
ਰਚੀ ਜਾਇ ਤਦ ਆਪ ਰਚਨਾਂ ਸੋਹਿਣੀ,
ਕਰਦਾ ਆਪ ਪਿਆਰ ਉਸਦੇ ਨਾਲ ਓ,
ਉਹ ਉਸ ਨਾਲ ਪ੍ਰੇਮ ਕਰਦੀ ਫੇਰ ਹੈ।
'ਪ੍ਰੇਮੀਆਂ' 'ਪਜਾਰਯਾਂ' ਬਾਝ ਪ੍ਰੇਮ ਕਿਵੇਂ ਰਹੇ ?
ਇਸ ਕਾਰਣ ਏ ਜੱਗ ਰਚਿਆ ਜਾਂਵਦਾ।
ਪ੍ਰਭੂ ਨਿਰਗੁਣ ਨਿਰਚਾਹ ਉਸਨੂੰ ਲੋੜ ਨਾ,
ਪਰ 'ਪ੍ਰੀਯ' ਰੂਪ ਜੁ ਓਸ ਉਦੂ ਪ੍ਰਕਾਸ਼ ਏ ;—
ਜੀਵ ਜਗਤ ਸੰਸਾਰ ਜਾਂਦੇ ਨੇ ਰਚੇ : (ਰਾ. ਸ੍ਰੂ. ਸਿੰ., ਪੰਨਾ 130)

205 ਆਰਯ ਭੱਟ ਸੁਜਾਨ ਕਾਂਸ਼ੀ ਨਾਥ ਨੇ,
ਕਿਹਾ 'ਨਿਰਾਸਰੇ' ਏਹ ਧਰਤੀ ਹੈ ਤੁਰੇ'।
ਜਦੋਂ ਸਥੂਲੀ ਹੋਰ ਨਹੀਂ ਹੈ ਆਸਰਾ,
ਇੱਕੋ ਖਿੱਚ ਸੂ ਆਪ ਆਸ੍ਰਾ ਹੈ ਬਣੀ।
ਸੂਰਜ ਤਾਰੇ ਚੰਦ ਖਿੱਚੇ ਘੁੰਮਦੇ।
ਤਾਂਤੇ ਸਗਲ ਬ੍ਰਹਮੰਡ ਏਸੇ ਪ੍ਰੇਮ ਨੇ
ਸੂਖਮ ਤੇ ਅਸਥੂਲ ਕਈ ਕੁ ਰੂਪ ਲੈ
ਬੱਧਾ ਹੈ ਮਿਰਯਾਦ ਅੰਦਰ ਸੋਹਿਣਾ।
ਹੁਣ ਦੇਖੋ ਕਰ ਸੋਚ ਸਾਰੀ ਕਾਰ ਏ
ਤੁਰੇ ਆਸਰੇ ਪ੍ਰੇਮ ਅਨਿਕ ਸਰੂਪ ਲੈ।
ਪ੍ਰਭੂ ਜੋ 'ਪ੍ਰੇਮ-ਸਰੂਪ' ਆਪਣੇ ਆਪ ਤੋਂ
ਕਾਰਨ ਸ੍ਰਿਸ਼ਟੀ ਆਪ ਬਣਿਆ ਸੋਹਿਣਾ।
ਸ੍ਰਿਸ਼ਟੀ ਦੀ ਮਰਿਯਾਦ ਸਾਰੀ ਪ੍ਰੇਮ ਦੇ
ਆਸ੍ਰਿਤ ਹੁੰਦੀ ਜਾਏ ਬੱਧੀ ਪ੍ਰੇਮ ਦੀ।
ਜੜ੍ਹ ਵਸਤਾਂ ਦਾ ਮੇਲ ਕਾਰਣ ਪ੍ਰੇਮ ਦੇ,
ਕਾਰਣ ਹੀ ਏ ਫੇਰ ਹੈ ਬਨਰਾਇ ਦਾ,
ਜੀਵ ਜੰਤੂ ਸਭ ਹੋਰ ਆਸ੍ਰਿਤ ਪ੍ਰੇਮ ਦੇ ;—
ਮਾਨੁਖਾਂ ਦੇ ਵਿਚ ਏਹੋ ਪ੍ਰੇਮ ਹੈ

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਸਾਹਿਬ ਅਨੁਸਾਰ ਜਿੱਥੇ ਜਗਤ ਦੀ ਉਤਪਤੀ ਬ੍ਰਹਮ ਤੋਂ ਹੁੰਦੀ ਹੈ, ਉਥੇ ਸਥਿਤੀ ਅਤੇ ਲੈਅ ਵੀ ਉਸੇ ਵਿੱਚ ਹੀ ਹੁੰਦਾ ਹੈ। ਸਥਿਤੀ ਜਾਂ ਜਗਤ ਦੀ ਸੰਭਾਲ ਬ੍ਰਹਮ ਆਪਣੇ ਪ੍ਰੇਮ-ਸੁਭਾ ਕਾਰਣ ਕਰਦਾ ਹੈ। ਪਰ ਸ੍ਰਿਸ਼ਟੀ ਜਾਂ ਪ੍ਰਕਿਰਤੀ ਦੀ ਰਚਨਾ ਕਰ ਕੇ ਵੀ ਉਹ ਇਹਨਾਂ ਦੇ ਗੁਣਾਂ ਤੋਂ ਨਿਰਲੇਪ ਰਹਿੰਦਾ ਹੈ।[206]

ਜੜ੍ਹ ਪ੍ਰਕਿਰਤੀ ਅਥਵਾ ਜਗਤ, ਚੇਤਨ ਪੁਰਸ਼ ਅਥਵਾ ਬ੍ਰਹਮ ਦੇ ਅਧੀਨ ਹੈ ਕਿਉਂਕਿ ਪਹਿਲੀ ਦੂਜੇ ਦੀ ਉਪਜ ਹੈ। ਜੜ੍ਹ-ਜਗਤ ਅਣੂ ਹੈ, ਬ੍ਰਹਮ ਵਿਭੂ ਹੈ। ਇਸੇ ਲਈ ਜੜ੍ਹ, ਚੇਤਨ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ।[207]

ਸ੍ਰਿਸ਼ਟੀ ਅਨਾਦਿ ਹੈ, ਸ੍ਰਿਸ਼ਟੀ-ਤੱਤ ਵੀ ਅਨਾਦਿ ਹਨ। ਇਹਨਾਂ ਦਾ ਕਦੀ ਵੀ ਸੰਪੂਰਣ ਭਾਂਤ ਵਿਨਾਸ਼ ਨਹੀਂ ਹੁੰਦਾ, ਕੇਵਲ ਰੂਪ ਪਰਿਵਰਤਨ ਹੁੰਦਾ ਹੈ। ਇਸ ਸਿਧਾਂਤ ਨੂੰ ਸਪਸ਼ਟ ਕਰਨ ਲਈ ਭਾਈ ਸਾਹਿਬ ਦੁਆਰਾ ਦਿੱਤੇ ਅਨੇਕ ਦ੍ਰਿਸ਼ਟਾਂਤਾ ਦੀ ਅਸੀਂ ਇਥੇ ਯੋਗ ਵਰਤੋਂ ਕਰ ਸਕਦੇ ਹਾਂ। ਉਦਾਹਰਣ ਦੇ ਤੌਰ ਤੇ ਉਹਨਾਂ ਨੇ ਦਸਿਆ ਹੈ ਕਿ ਰਾਤ ਨੂੰ ਜੋ ਤਾਰੇ ਚਮਕਦੇ ਹਨ, ਸਵੇਰੇ ਚਮਕ ਤਿਆਗ ਦਿੰਦੇ ਹਨ, ਉਹਨਾਂ ਦੀ ਚਮਕ ਨਸ਼ਟ ਨਹੀਂ ਹੁੰਦੀ, ਸੂਰਜ ਤੋਂ ਹੀ ਮਿਲੀ ਹੁੰਦੀ ਹੈ, ਉਸੇ ਵਿੱਚ ਜਾ ਰਲਦੀ ਹੈ;[208]

ਲੈਕੇ ਕਈ ਸਰੂਪ ਦਿੱਸੇ ਵਖਾਪਿਆ।
ਸਾਰੀ ਹੀ ਮਹਿਯਾਦ ਤੋਰੇ ਪ੍ਰੇਮ ਹੈ।
ਸੰਤ ਭਗਤ ਅਵਤਾਰ ਗੁਰਮੁਖ ਸੋਹਿਣੇ,
ਇਸੇ ਦਾ ਪਰਕਾਸ਼ ਨਜ਼ਰੀ ਆਂਵਦੇ।
ਹੇਠੋਂ ਸ਼ਿਖਰੇ ਤੀਕ ਕੌਤਕ-ਪ੍ਰੇਮ ਹੈ,
ਖੇਡ ਅਨੂਠੀ ਪ੍ਰੇਮ ਰਹਿਆ ਖੇਡ ਹੈ। (ਫਾ. ਸ੍ਰੀ. ਸਿੰ., ਪੰਨਾ 133-34)

206 (ੳ) ਪਹਿਲਾ 'ਪ੍ਰਭੂ ਸਰੂਪ' ਹੈ ਵੇ ਪ੍ਰੇਮ ਦਾ
ਸਾਰਾ ਇਹ ਸੰਸਾਰ ਜਿਸਨੇ ਸਾਜਿਆ,
ਪਾਲ ਸੰਭਾਲੇ ਨਿਤ ਫਿਰ ਹੈ ਲੈ ਕਰੇ।
ਸ੍ਰਿਸ਼ਟੀ ਨਾਲ ਪਿਆਰ ਪੂਰਾ ਓ ਕਰੇ ;
ਫਿਰ ਹੈ ਸਦਾ ਨਿਰਲੇਪ, ਖੇਡ ਅਨੋਖੜੀ ;
ਅਪਣੇ ਵਿੱਚ ਅਡੋਲ ਪੂਰਨ' ਨੰਦ ਹੈ। (ਫਾ. ਸ੍ਰੀ. ਸਿੰ., ਪੰਨਾ 131)

(ਅ) ਟਚਕੇ ਉਹ ਨਿਰਲੇਪ ਪਰ ਰੰਗ ਮਾਣਦਾ। (ਫਾ. ਸ੍ਰੀ. ਸਿੰ., ਪੰਨਾ 130)

207 'ਜੜ੍ਹ ਚੇਤਨ ਆਧੀਨ, ਚੇਤਨ ਹੈ ਬੜਾ।
'ਜੜ੍ਹ ਕਰ ਸਕੇ ਇਲਾਜ, ਚੇਤਨ ਚੀਜ਼ ਦਾ।
'ਇਹ ਅਣਹੋਣੀ ਬਾਤ ਕਦੀ ਨ ਹੋ ਸਕੇ। (ਫਾ. ਸ੍ਰੀ. ਸਿੰ. ਪੰਨਾ 10)

208 'ਰਾਤ ਚਮਕਦੇ ਠੀਕ ਸੁੰਦਰ ਤਾਰੜੇ
'ਹੁੰਦਾ ਉਨ੍ਹਾਂ ਪ੍ਰਕਾਸ਼ ਕੈਸਾ ਸੋਹਿਣਾ।'
'ਪਰ ਜਦ ਬੀਤੇ ਰਾਤ, ਤਾਂ ਏ ਚਾਨਣਾ
'ਸੂਰਜ ਚਾਨਣ ਵਿੱਚ ਹੀ ਰਲ ਜਾਇਗਾ ;

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਵੇ ਨੂੰ ਧੁੱਪੇ ਰੱਖਿਆਂ, ਉਸਦੇ ਪ੍ਰਕਾਸ਼ ਦਾ ਵਿਨਾਸ਼ ਨਹੀਂ ਹੁੰਦਾ, ਸਗੋਂ ਉਹ ਸੂਰਜ ਦੇ ਪ੍ਰਕਾਸ਼ ਵਿੱਚ ਮਿਲਕੇ ਆਪਣਾ ਰੂਪ-ਪਰਿਵਰਤਨ ਕਰਦਾ ਹੋਇਆ ਕਰਮਸ਼ੀਲ ਰਹਿੰਦਾ ਹੈ,[209] ਕਿਸੇ ਸਾਜ਼ ਦੀਆਂ ਤਰਬਾਂ ਉਹਨਾਂ ਵਿਚੋਂ ਸੁਰ ਨਿਕਲਣ ਨਾਲ ਮਰ ਨਹੀਂ ਜਾਂਦੀਆਂ ਸਗੋਂ ਸੁਰ-ਸਰੂਪ ਹੀ ਹੋ ਜਾਂਦੀਆਂ ਹਨ;[210] ਲੰਹਾ ਚੁੰਬਕ ਨਾਲ ਛੁਹ ਕੇ ਆਪਣਾ ਲੋਹ-ਤੱਤ ਤਿਆਗ ਨਹੀਂ ਦਿੰਦਾ ਸਗੋਂ ਉਸਦਾ ਸ਼ਕਤੀ-ਪਰਿਵਰਤਨ ਹੋ ਜਾਂਦਾ ਹੈ ਅਤੇ ਉਹ ਆਪ ਵੀ ਚੁੰਬਕ ਹੋ ਨਿਬੜਦਾ ਹੈ।[211] ਇੰਜ ਹੀ ਜਗਤ ਅਥਵਾ ਪ੍ਰਕਿਰਤੀ ਦੇ ਸਮਸਤ ਪਦਾਰਥ ਰੂਪ-ਪਰਿਵਰਤਨ ਕਰਦੇ ਹਨ, ਪੂਰੀ ਤਰ੍ਹਾਂ ਵਿਨਸ਼ਟ ਕਦੇ ਨਹੀਂ ਹੁੰਦੇ। ਜਾਗਤਿਕ ਪਦਾਰਥਾਂ ਅਤੇ ਸ੍ਰਿਸ਼ਟੀ ਦਾ ਰੂਪਾਂਤਰ ਅਤੇ ਉਤਪਤੀ-ਪ੍ਰਲੈ ਦਾ ਦੌਰ ਅਨੇਕ ਵਾਰ ਚਲਦਾ ਰਹਿੰਦਾ ਹੈ।[212]

ਜਗਤ ਅਥਵਾ ਸ੍ਰਿਸ਼ਟੀ ਦੀ ਇਕ ਵਿਸ਼ੇਸ਼ਤਾ ਭਾਈ ਵੀਰ ਸਿੰਘ ਅਨੁਸਾਰ ਇਹ ਹੈ

'ਕੀ ਆਖੇਂਗੇ ਆਪ ਦਾਨਣ ਨਾ ਰਿਹਾ ?
'ਤਾਰਿਆਂ ਦਾ ਪਰਕਾਸ਼ ਹੋਇਆ ਨਾਸ ਹੈ !
'ਪਰ ਜੇ ਕਰੇ ਵਿਚਾਰ ਤਾਂ ਓ ਚਾਨਣਾ
'ਸੂਰਜ ਚਾਨਣ ਵਿੱਚ ਹੁਣ ਮੌਜੂਦ ਹੈ।
'ਨਾਸ਼ ਨ ਹੋਇਆ ਮੂਲ ਨਸ਼ਟਯਾ ਨਾ ਕਿਤੇ :
'ਸੂਰਜ ਕਿਰਨਾ ਨਾਲ ਕਰਦਾ ਕਾਰ ਹੈ। (ਰਾ. ਸੂ, ਸਿੰ. ਪੰਨਾ 211)

209 'ਦੀਵਾ ਬਾਲ ਬਣਾਇ ਧੁੱਪੇ ਰੱਖੀਏ
'ਕੀ ਉਸਦਾ ਪਰਕਾਸ਼ ਹੁਣ ਮਿਟ ਜਾਇਗਾ ?
'ਉਸਦਾ ਸਗੋਂ ਪ੍ਰਕਾਸ਼ ਉੱਕਰ ਹੀ ਰਹੂ
'ਰਲ ਸੂਰਜ ਦੇ ਨਾਲ ਕਰਸੀ ਕਾਰ ਓ। (ਰਾ. ਸੂ. ਸਿੰ., ਪੰਨਾ 211)

210 'ਸੁਰ ਕੋਈ ਜੇ ਸਾਜ਼ ਕਰਦਾ ਤੰਤਰੀ
'ਜਦੋਂ ਵਜਾਵੇ ਸਾਜ਼ ਦੱਸੋ ਖੋਲ੍ਹਕੇ
'ਤਰਬਾਂ ਮਰ ਹੀ ਜਾਣ, ਬੋਲਣ ਮੂਲ ਨਾ ?
'ਯਾ ਸੁਰ ਵਿਚ ਸੁਰ ਮੇਲ ਕੇ ਹਨ ਜੀਂਦੀਆਂ। (ਰਾ. ਸੂ. ਸਿੰ., ਪੰਨਾ 211)

211 'ਚੁੰਬਕ ਦੇ ਜਦ ਨਾਲ ਲਾਉ ਫੁਲਾਦ ਨੂੰ
'ਵਸਲ ਓਸਦਾ ਪਾਇ ਕੀ ਮਰ ਜਾਵਸੀ ?
'ਯਾ ਚੁੰਬਕ ਹੋ ਜਾਇ, ਖਿੱਚੇ ਹੋਰਨਾਂ ? (ਰਾ. ਸੂ. ਸਿੰ, ਪੰਨਾ 211)

212 'ਤੁਰ ਤੁਰ ਗਈਆਂ ਖੂਹਣੀਆਂ, ਕਦਮ ਕਦਮ ਕਰ ਵਾਸ
'ਗਹਿਮਾ ਗਹਿਮ ਸੁਨਗਰੀਆਂ, ਵਸ ਵਸ ਹੋਈਆਂ ਨਾਸ਼।
'ਜੰਗਲ ਸਨ, ਫਿਰ ਹਲ ਫਿਰੇ, ਸ਼ਹਿਰ ਬਣੇ ਫਿਰ ਆਨ।
'ਸ਼ਹਿਰ ਗਿਰੇ, ਫਿਰ ਹਲ ਫਿਰੇ, ਖੋਲੇ ਹੋ ਸੁਨਸਾਨ,
'ਕਈ ਵੇਰ ਇਉਂ ਦੌਰ ਹੈ ਪਰਤ ਦੁਕਾ ਇਸ ਥਾਉਂ,
(ਮਰਦ ਦਾ ਕੁੱਤਾ, ਬਿ. ਦੇ. ਹਾ., ਪੰਨਾ 52-53)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਇਸਦਾ ਰਚਿਤਾ[213] ਇਸਦੀ ਰਚਨਾ ਕਰਕੇ ਇਸਦੇ ਅੰਗ ਅੰਗ ਵਿੱਚ ਸਮਾ ਜਾਂਦਾ ਹੈ।[214] ਸ੍ਰਿਸ਼ਟੀ ਮਾਨੋ ਉਸੇ ਦਾ ਪ੍ਰਤਿਬਿੰਬ ਹੈ ਜਿਸ ਦੁਆਰਾ ਉਸਨੂੰ ਪਛਾਣਿਆਂ ਜਾ ਸਕਦਾ ਹੈ।[215] ਸ੍ਰਿਸ਼ਟੀ ਅਥਵਾ ਪ੍ਰਕਿਰਤੀ ਦੀ ਹਰ ਸ਼ੈ ਵਿੱਚ ਭਾਈ ਸਾਹਿਬ ਨੂੰ ਉਸ ਸੋਂਦਰਯ-ਸਰੂਪ ਦਾ ਸੌਂਦਰਯ-ਪ੍ਰਤਿਬਿੰਬ ਦ੍ਰਿਸ਼ਟੀਗਤ ਹੁੰਦਾ ਹੈ।[216]

---

213 (ੳ) ਸੁਹਣੇ ਕਾਦਰ ਨੇ ਸੁਹਣੀ ਹੈ ਰਚੀ ਕੁਦਰਤ ;

(ਬਿਸਮਿਲ ਮੋਰ. ਲ. ਦੇ. ਹਾ., ਪੰਨਾ 181)

(ਅ) ਸੁਹਣੇ ਰਬ ਨੇ ਸੁਹਣਾ ਏ ਬਾਗ਼ ਲਾਇਆ,
ਨਾਲ ਸੁਹਣਿਆਂ ਏਹ ਵਸਾਇਆ ਈ।

(ਬਿਸਮਿਲ ਮੋਰ, ਲ. ਦੇ. ਹਾ., ਪੰਨਾ 180)

214 (ੳ) ਰੱਬ ਰੂਹ ਨਾ ਕਿਸੇ ਅਸਮਾਨ ਚੜ੍ਹਿਆ,
ਹੋ ਗੁਮਰੁੱਠ ਨਾ ਕਿਸੇ ਹੈ ਗੁਠ ਵੜਿਆ,
ਕੁਦਰਤ ਸਾਜ ਕੇ ਕੁਦਰਤ ਦੇ ਵਿੱਚ ਵਸਦਾ,
ਸਦਾ ਚਮਕਦਾ ਸਿੱਕੁਰਾਂ ਚੰਦ ਚੜ੍ਹਿਆ,
ਹਰ ਫੁਲ, ਹਰ ਪੱਤੇ, ਹਰ ਕਲੀ ਉੱਤੇ,
ਨਕਸ਼ ਓਸਦਾ ਮੋਤੀਆਂ ਵਾਂਗ ਜੜਿਆ
ਏਸ 'ਦਿੱਸਦੇ' 'ਵੱਸਦੇ' ਵਿੱਚ ਸੁਹਣਾ,
ਆਪ ਵੱਸਦਾ ਜਿਨੂੰ ਸੰਸਾਰ ਘੜਿਆ। (ਬਿਸਮਿਲ ਮੋਰ, ਲ. ਦੇ. ਹਾ., ਪੰਨਾ 181)

(ਅ) ਹੈ ਸੁੰਦਰਤਾ, ਰਚੀ ਵਿੱਚ ਰਚਨਹਾਰਾ,
ਦਿੱਸ ਰਿਹਾ ਜੇ ਜ਼ਹਿਰਾ, ਅੱਖ ਖੋਲ੍ਹੋ।
ਰਤਨਾਂ, ਤਾਰਿਆਂ, ਸੂਰਜਾਂ. ਫੁਲ, ਪੱਤਾ,
ਵਿੱਚੋਂ ਝਾਤੀਆਂ ਮਾਰਦਾ ਕੋਲ ਕੋਲੋਂ।
ਲਾਕੇ ਹੱਟ, 'ਦੀਦਾਰ—ਵਪਾਰ' ਦੀ ਓ,
ਹਾਜ਼ਰ ਦਿੱਸਦਾ, ਹੋਰਥੇ ਨਹੀਂ ਟੋਲੋ। (ਬਿਸਮਿਲ ਮੋਰ, ਲ. ਦੇ. ਹਾ., ਪੰਨਾ 181-82)

215 ਮੇਰੇ ਸਾਂਈਆਂ।
ਸਿਆਣ ਲੈਂਦੇ ਨੇ ਨੈਣਾ ਵਾਲੇ ਤੈਨੂੰ!
ਤੇਰੀ ਝੁਲ ਝੁਲ ਪੈਂਦੀ ਸੁੰਦਰਤਾ ਤੋਂ
ਜੋ ਨਜ਼ਾਰਿਆਂ ਤੋਂ ਨਜ਼ਰਾਂ ਤੇ ਪਈ ਪੈਂਦੀ ਏ।

(ਸਾਈਆਂ ਜੀ ਦੀ ਸਿਆਣ, ਮੇ. ਸਾ. ਜੀ., ਪੰਨਾ 17)

216 (ੳ) ਵੈਰੀ ਨਾਗ ਤੇਰਾ ਪਹਿਲਾ ਝਲਕਾ ਜਦ ਅਖੀਆਂ ਵਿਚ ਵਜਦਾ
ਕੁਦਰਤ ਦੇ ਕਾਦਰ ਦਾ ਜਲਵਾ ਲੈ ਲੈਂਦਾ ਇਕ ਸਿੱਜਦਾ।

(ਵੈਰੀ ਨਾਗ ਦਾ ਪਹਿਲਾ ਝਲਕਾ, ਮ. ਹੁ., ਪੰਨਾ 65)

(ਅ) ਇੱਛਾ ਬਲ ਜਦ ਨਾਦ ਤਿਰਾ ਆ, ਪਹਿਲਾਂ ਕੰਨੀ ਪੈਂਦਾ
ਭਰ ਸਰੂਰ ਸਿਰ ਵਿਚ ਇਕ ਜਾਂਦਾ, ਝੂਮ ਇਲਾਹੀ ਲੈਂਦਾ।

(ਇੱਛਾ ਬਲ ਦਾ ਨਾਦ, ਮ. ਹੁ., ਪੰਨਾ 61)

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਮਾਤਮ-ਕਿਰਤ ਜਗਤ ਅਤੇ ਮਾਨਵ-ਕਿਰਤ ਸੰਸਾਰ ਦਾ ਅੰਤਰ ਭਾਈ ਸਾਹਿਬ ਦੀ ਕਵਿਤਾ ਵਿੱਚ ਸਪਸ਼ਟ ਭਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ। ਮਾਨਵ ਨੇ ਸਵੈ-ਰਚਿਤ ਸੰਸਾਰ ਵਿੱਚ ਰੱਬ ਦੀ ਦਿੱਤੀ ਖੁਲ੍ਹ ਅਤੇ ਸੁਤੰਤਰਤਾ ਦੀ ਭਾਵਨਾ ਨੂੰ ਤੰਗ-ਦਿਲੀ ਅਤੇ ਕਾਣੀ ਵੰਡ ਵਿੱਚ ਬਦਲ ਕੇ ਰੱਖ ਦਿੱਤਾ ਹੈ।[217] ਇਸੇ ਲਈ ਸੰਸਾਰ ਆਪੋ ਧਾਪੀ, ਸਵਾਰਥ, ਪਸ਼ੂ ਬਿਰਤੀਆਂ ਨਾਲ ਭਰਪੂਰ ਹੈ,[218] ਦੁਖਾਂ, ਕਲੇਸ਼ਾਂ ਅਤੇ ਪਾਪਾਂ ਦਾ ਘਰ ਹੈ ਜਿਥੇ 'ਸ੍ਵਾਰਥ

(ਏ) ਨਿਰਮਲ ਤੇਰਾ ਰੰਗ ਨਾਉਂ ਅਨੰਤ ਹੈ,
ਜ਼ੱਰੇ ਨਿਕਲਯੋਂ ਆਇ ਵਹਿੰਦਾ ਸਦਾ ਤੂੰ
ਨਿਰਮਲਤਾ ਦਾ ਦਾਨ ਦੇਵੇਂ ਠੰਢਿਆਂ,
ਅਨੰਤ ਕਰਾਵਾਂ ਯਾਦ ਅੰਤਾਂ ਵਾਲਿਆਂ। (ਅਨੰਤ ਨਾਗ. ਮ. ਮੁ. ਹੁ., ਪੰਨਾ 60)

(ਸ) 'ਹੈ ਧਰਤੀ ਪਰ ਛੁਹ ਅਸਮਾਨੀ,
ਸੁੰਦਰਤਾ ਵਿਚ ਲਿਸ਼ਕੇ,
ਧਰਤੀ ਦੇ ਰਸ ਸ੍ਵਾਦ, ਨਜ਼ਾਰੇ,
'ਰਮਜ਼ ਅਰਸ਼' ਦੀ ਚਸਕੇ। (ਟੁਕੜੀ ਜਗ ਤੋਂ ਨਯਾਰੀ, ਮ. ਹੁ., ਪੰਨਾ 54)

(ਹ) ਇਹ ਤਾਰੜੇ ਕੀ ਅਖੀਆਂ
ਉਸ ਰੱਬ ਦੀਆਂ ਸੁਹਣੀਆਂ,
... ...
ਅਰਸ਼ ਲਯਾਵਨ ਪਯਾਰੀਆ।
(ਅਣਖੀ ਯਾਰਾਂ ਦੇ ਵਿਛੋੜੇ, ਲ. ਦੇ. ਹਾ., ਪੰਨਾ 117-18)

217 ਮਾਲਕ ਰੱਬ ਨੇ ਜ਼ਿਮੀ ਏ ਰਚੀ ਸਾਰੀ
ਸੱਤਯਾ ਘੱਤ ਹਰਯਾਵਲਿ ਉਗਾਵਨੇ ਦੀ।
ਦਿੱਤੀ ਸੱਤਿਆ ਏਸ ਹਰਿਆਵਲੀ ਨੂੰ
ਕੰਦ-ਮੂਲ ਤੇ ਮੇਵਿਆਂ ਲਾਵਨੇ ਦੀ।
ਜੀਵ ਜੰਤੁ ਉਪਾਇ ਇਸ ਧਰਤਿ ਉਤੇ
ਦਿੱਤੀ ਖੁਲ੍ਹ ਫਲ ਮੂਲ ਦੇ ਖਾਵਨੇ ਦੀ।
ਕਾਣੀ ਵੰਡ ਕਿਉਂ ਵੰਡਨੈਂ ਬਾਗ਼ਬਾਨਾ!
ਝੂਨੇ ਹੱਕ਼ ਹਕੂਕ ਜਮਾਵਨੇ ਦੀ? (ਡੁੰਡਿਆ ਤੋਤਾ, ਲ. ਦੇ. ਹਾ., ਪੰਨਾ 191-92)

218 'ਜਿੱਥੇ ਵਸਦੇ ਕਾਗ, ਉੱਲੂ, ਲੂਮੜੀ,
'ਡੱਡੂ, ਪਾੜੇ, ਸ਼ੇਰ, ਸਪ, ਅਣੂਹਿਆਂ,
'ਬਗਲੇ,—ਹੰਸ, ਸੁ ਮੋਰ, ਤੋਤੇ, ਕੋਇਲਾਂ,—
'—ਵੱਸਣ ਕੋਲੇ ਕੋਲ ਰਹਿੰਦੇ ਗ੍ਵਾਂਢ ਹੀ
'ਪਰ ਨਾਹਿੰ ਕਰਦੇ ਪਿਆਰ ਆਪੋ ਵਿੱਚ ਨੇ
'ਇਕ ਦੂਜੇ ਨੂੰ ਖੋਹ ਰੋਜ਼ੀ ਤੋਰਦੇ।
'ਗਉਂ ਨੂੰ ਰਖਦੇ ਮੁਖ ਧਰਤੀ ਵੱਸਦੇ ;
'ਗਉਂ ਦੇ ਬੱਧੇ ਸੱਭ ਲੀਕਾਂ ਕਢਦੇ ;
'ਗਉਂ ਤੋਂ ਖਾਲੀ ਹੋਇ ਜਾਣਨ ਨਾ ਕਿਸੇ।

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਧਰੀ' ਅਤੇ 'ਖੁਦਗਰਜ਼ੀ' ਦਾ ਰਾਜ ਹੈ।[219] ਪਰ ਦੂਜੇ ਪਾਸੇ 'ਭਵਜਲ ਦੀ ਨਿਆਈਂ'[220] ਅਤੇ 'ਸਦਾ ਨਾ ਰਹਿਣ ਦੀ ਥਾਂ'[221] ਇਹ ਸੰਸਾਰ ਕੋਈ ਮੌਜ ਮੇਲਾ ਨਹੀਂ ਸਗੋਂ ਫਰਜ਼ਾਂ ਦੀ ਘਾਟੀ ਹੈ[222] ਅਤੇ 'ਦਰਦ' ਤੇ 'ਪਿਆਰ' ਦਾ ਪਰਮਾਤਮ-ਕਿਰਤ ਇਕ ਸੁਹਾਵਣਾ ਬਾਗ਼ ਹੈ ਜਿਸ ਵਿੱਚ ਮਾਨਵ ਹਮਦਰਦੀ ਅਤੇ ਬੇਦਰਦੀ ਦਾ ਉਭੈ-ਰੂਪ (ਦੋ ਭਾਂਤ ਦਾ ਰੂਪ) ਧਾਰਕੇ ਆਪੋ ਆਪਣਾ ਧਰਮ ਨਿਬਾਹ ਰਹੇ ਹਨ।[223]

'ਲੋੜ—ਫਸੇ ਨੂੰ ਘੇਰ ਲਾਹਾ ਕੱਢਦੇ ;
'ਗਉਂ—ਫਾਥੇ ਨੂੰ ਖੋਹ ਲਾਭ ਉਠਾਉਂਦੇ,—
'ਕਰਦੇ ਨਹੀਂ ਪਿਆਰ ਗਉਂ ਤੋਂ ਸੱਖਣਾ,
'ਸ੍ਵਾਰਥ ਗਰਜ਼ ਤਿਆਗ ਕਰਦੇ ਨਾਂ ਕਦੀ।
'ਦੇਣੇ ਸੰਦਾ ਪਯਾਰ ਲੈਣਾ ਤਯਾਗ ਕੇ
'ਕਰਦੇ ਕਦੀ ਨ ਏਹ ਸ੍ਵਾਰਥ ਕੁਠੜੇ।
'ਐਸੀ ਨੀਚ; ਅਧੀਨ, ਧਰਮੋਂ ਸੱਖਣੀ
ਜਨਮ ਭੂਮਿ ਹੈ ਹਾਇ ! ਮੇਰੀ ਨੀਚ ਦੀ, (ਰਾ. ਸ੍ਰ. ਸ਼ਿੰ., ਪੰਨਾ 29)

219 (ੳ) 'ਦੁਨੀਆਂ ਦੇ ਵਿੱਚ ਦੁਖ ਬੀ ਹੈ ਫੈਲਿਆ,
'ਘਰ ਘਰ ਵਿਚ ਹੈ ਪੀੜ ਪਈ ਰੁਆਂਵਦੀ ;
'ਧੋਹ ਬਖੀਲੀ ਨਾਲ ਗੁਸੇ ਵੈਰ ਦੇ
'ਹੋਇ ਰਹੇ ਸੰਗ੍ਰਾਮ ਦਾੜ੍ਹੀ ਵਾਢਵੇਂ। (ਰਾ. ਸ੍ਰ. ਸ਼ਿੰ., ਪੰਨਾ 215)

(ਅ) ' ''ਖੁਦਗਰਜ਼ੀ ਦਾ ਰਾਜ, ਸ੍ਵਾਰਥ ਚੌਧਰੀ,
' ''ਕਿਸੇ ਨਾਲ ਨਹਿੰ ਕੋਇ, ਕਰਦਾ ਪਯਾਰ ਹੈ।
' ''ਦੁਖ ਓਥੇ ਪਰਧਾਨ, ਓਥੇ ਲੋੜ ਹੈ
' '''ਪਯਾਰ ਕਰਨ ਦੀ ਢੇਰ, ਦੁਖ ਵੰਡਾਣ ਦੀ। (ਰਾ. ਸ੍ਰ. ਸ਼ਿੰ., ਪੰਨਾ 33)

220 ਤਿੱਕੁਰ ਭੌਜਲ ਏਹ ਸਭ ਸੰਸਾਰ ਹੈ, (ਰਾ. ਸ੍ਰ. ਸ਼ਿੰ., ਪੰਨਾ 60)

221 'ਸਦਾ ਰਹਿਣ ਦੀ ਥਾਂਉਂ ਦੁਨੀਆਂ ਏ ਨਹੀਂ
'ਸਦਾ ਰਹਿਣ ਦੀ ਥਾਉਂ—ਡੇਰਾ-ਹੋਰ ਹੈ, (ਰਾ. ਸ੍ਰ. ਸ਼ਿੰ., ਪੰਨਾ 194)

222 'ਦੁਨੀਆਂ ਨ ਸੁੰਦਰਤਾ ਹੈ, ਮੇਲਾ ਨ ਮੌਜ ਥਾਂ ਹੈ,
ਫਰਜ਼ਾਂ ਦੀ ਹੈ ਏ ਘਾਟੀ, ਲੇਖੇ ਦੀ ਏ ਵਹੀ ਹੈ।
('ਪਿਆਰ' ਤੇ 'ਫਰਜ਼' ਦੀਆਂ ਦੇਵੀਆਂ ਦਾ ਸੰਬਾਦ, ਬਿ. ਦੇ. ਹਾ., ਪੰਨਾ 76)

223 ਦੁਨੀ ਸੁਹਾਵਾ ਬਾਗ 'ਦਰਦ' 'ਪਿਆਰ' ਦਾ
ਬੇਦਰਦੇ ਇਸ ਵਿੱਚ ਪੀੜ ਪਸਾਰਦੇ,
ਦਰਦੀ ਕਰੇ ਪਿਆਰ ਦਰਦ ਵੰਡਾਂਵਦਾ
ਦਰਦਮੰਦ ਦੀ ਪੀੜ ਦੱਸੇ ਵੰਡਣੀ ;
ਦਰਦੀ ਦਏ ਬਨਾਇ ਦਰਦ ਹਟਾਣ ਨੂੰ,
ਦਰਦਮੰਦ ਜਗ ਵਿੱਚ ਹਨ ਸੁਖ ਦੇ ਰਹੇ।
ਬੇਦਰਦੀ ਤਲਵਾਰ ਲਾਵੇ ਫੱਟ ਹੈ
ਹਮਦਰਦੀ ਹੈ ਘਾਉ ਮਲਹਮ ਮੇਲਣੀ,

(ਬਾਕੀ ਅਗਲੇ ਨੰਬਰ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰਿਸ਼ਟੀ-ਪ੍ਰਕਿਰਿਆ ਸੰਬੰਧੀ ਭਾਈ ਸਾਹਿਬ ਮੌਨ ਹਨ। ਜਗਤ ਦੀ ਉਤਪਤੀ ਕਦੋਂ ਹੋਈ ? ਕਿਵੇਂ ਹੋਈ ? ਜਿਹੇ ਪ੍ਰਸ਼ਨਾਂ ਪ੍ਰਤੀ ਉਹਨਾਂ ਦਾ ਦ੍ਰਿਸ਼ਟੀਕੋਣ ਗੁਰੂ ਸਾਹਿਬਾਨ ਵਾਲਾ ਹੀ ਹੈ। ਜਿਵੇਂ ਗੁਰੂ ਸਾਹਿਬਾਨ ਨੇ ਇਸ ਸਮੱਸਿਆ ਦਾ ਸਮਾਧਾਨ ਸਹਿਜ ਅਤੇ ਸਰਲ ਢੰਗ ਨਾਲ, ਇਹ ਕਹਿਕੇ ਕਿ 'ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ', ਜੁਟਾਇਆ ਹੈ ਤਿਵੇਂ ਭਾਈ ਸਾਹਿਬ 'ਕਿਉਂ ਹੋਯਾ ਤੇ ਕੀਕੂੰ ਹੋਯਾ' ਦੇ ਝਮੇਲਿਆਂ ਤੋਂ ਆਪਣੀ ਬੁਧੀ ਨੂੰ ਸੁਤੰਤਰ ਰਖ ਕੇ ਮਸਤੀ ਦੀ ਦੁਨੀਆਂ ਵਿੱਚ ਵਿਚਰਣ ਵਿੱਚ ਹੀ ਇਸ ਸਮੱਸਿਆ ਦਾ ਸਹਿਜ ਅਤੇ ਸਰਲ ਸਮਾਧਾਨ ਸਮਝਦੇ ਹਨ।[224]

ਬੇਦਰਦੀ ਦੀ ਅੱਗ ਦਿਲ ਨੂੰ ਫੂਕਦੀ,
ਹਮਦਰਦੀ ਦਾ ਤੇਲ ਠੰਢਕ ਪਾਂਵਦਾ।
... ...
ਇਜ਼ਤ, ਤਾਕਤ, ਤੇਜ਼, ਹੁਕਮ ਸਲਾਮੀਆਂ। (ਰਾ. ਸ੍ਰ. ਸ੍ਰੋ., ਪੰਨਾ 162-63)

224 'ਕਿਉਂ ਹੋਯਾ ? ਤੇ ਕੀਕੂੰ ਹੋਯਾ ?'
ਖਪ ਖਪ ਮਰੇ ਸਿਆਣੇ,
ਓਸੇ ਰਾਹ ਪਵੇਂ ਕਿਉਂ ਜਿੰਦੇ'।
ਜਿਸ ਰਾਹ ਪੂਰ ਮੁਹਾਣੇ।
ਭਟਕਣ ਛਡ ਲਟਕ ਲਾ ਇਕੋ,
ਖੀਵੀ ਹੋ ਸੁਖ ਮਾਣੀਂ
ਹੋਸ਼ਾਂ ਨਾਲੋਂ ਮਸਤੀ ਚੰਗੀ
ਰਖਦੀ ਸਦਾ ਟਿਕਾਣੇ। (ਹੋਸ਼-ਮਸਤੀ, ਲ. ਦੇ. ਹਾ. ਪੰਨਾ 16)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ ਤੀਜਾ : ਜੀਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵ

ਭਾਈ ਵੀਰ ਸਿੰਘ ਅਨੁਸਾਰ ਜੀਵਾਤਮਾ ਬ੍ਰਹਮ ਦੀ ਅੰਸ਼ ਹੈ। ਬ੍ਰਹਮ ਸੱਤ ਹੈ, ਇਸ ਲਈ ਜੀਵ ਵੀ ਸੱਤ ਹੈ। ਬ੍ਰਹਮ ਚੇਤਨ ਹੈ ਇਸ ਲਈ ਅੰਸ਼-ਰੂਪ ਜੀਵ ਵੀ ਚੇਤਨ ਹੈ।

ਜੀਵ, ਭਾਈ ਸਾਹਿਬ ਅਨੁਸਾਰ, ਜੜ੍ਹ ਨਹੀਂ, ਅਨਾਤਮ ਨਹੀਂ, ਦੇਹ-ਮਾਤਰ ਜਾਂ ਦੇਹ-ਸਰੂਪ ਨਹੀਂ ਸਗੋਂ ਆਤਮ-ਸਰੂਪ ਅਤੇ ਰੂਹ-ਰੂਪ ਹੈ। ਇੰਜ ਦ੍ਰਿਸ਼ਟਮਾਨ ਅਥਵਾ ਦੀਸਣਹਾਰ ਜੜ੍ਹ ਪ੍ਰਕਿਰਤੀ ਤੋਂ ਇਸਦਾ ਅਸਤਿਤਵ ਭਿੰਨ ਹੋਣ ਕਾਰਣ ਇਹ ਚੇਤਨ ਦ੍ਰਸ਼ਟਾ ਅਥਵਾ ਦੇਖਣਹਾਰ ਹੈ।

ਜੀਵ ਬ੍ਰਹਮ ਦਾ ਹੀ ਰੂਪ ਹੈ, ਉਸੇ ਦਾ ਸਰੂਪ-ਰੂਪਾਂਤਰ ਹੈ. ਉਸੇ ਵਿੱਚੋਂ ਜਨਮ ਲੈਂਦਾ ਹੈ ਅਤੇ ਉਸੇ ਵਿੱਚ ਲੈਅ ਹੋ ਜਾਂਦਾ ਹੈ। ਇੰਜ ਭਾਈ ਸਾਹਿਬ ਨੇ ਜੀਵ ਦੇ ਸੰਬੰਧ ਵਿੱਚ ਵਲਭਾਚਾਰੀਆ ਦੇ ਅਵਿਕ੍ਰਤ ਪਰਿਣਾਮਵਾਦ ਦਾ ਸਮਰਥਨ ਕੀਤਾ ਹੈ ਜਿਸ ਅਨੁਸਾਰ ਕੋਈ ਵੀ ਪਦਾਰਥ ਆਪਣਾ ਰੂਪ ਬਦਲ ਜਾਣ ਤੇ ਫੇਰ ਆਪਣੇ ਵਾਸਤਵਿਕ ਰੂਪ ਵਿੱਚ ਆ ਸਕਦਾ ਹੈ।

ਭਾਈ ਸਾਹਿਬ ਅਨੁਸਾਰ ਜੀਵ-ਸ੍ਰਿਸ਼ਟੀ, ਜੀਵ-ਸਥਿਤੀ, ਜੀਵ-ਪ੍ਰਲੈ ਅਤੇ ਮੁੜ ਜੀਵ-ਸ੍ਰਿਸ਼ਟੀ ਦਾ ਇਹ ਦੌਰ ਸਦਾ ਚਲਦਾ ਰਹਿੰਦਾ ਹੈ। ਪਰ ਜੀਵ-ਪ੍ਰਲੈ, ਉਹਨਾਂ ਅਨੁਸਾਰ, ਜੀਵ-ਅੰਤ ਜਾਂ ਜੀਵ-ਮੌਤ ਨਹੀਂ। ਜੀਵ ਦੀ ਮੌਤ ਤਾਂ ਕੇਵਲ ਉਸਦਾ ਰੂਪ-ਪਰਿਵਰਤਨ ਹੈ। ਉਂਜ ਵੀ ਇਹ ਮੌਤ ਸਰੀਰ ਦਾ ਤਿਆਗ ਹੈ, ਆਤਮਾ ਦਾ ਵਿਨਾਸ਼ ਨਹੀਂ ਕਿਉਂਕਿ ਆਤਮਾ ਸਦ-ਸਥਿਰ ਹੈ।

ਬ੍ਰਹਮ ਅਤੇ ਜੀਵ ਦੇ ਸੰਬੰਧਾਂ ਵਿੱਚ ਭੇਦ ਵੀ ਹੈ ਅਤੇ ਅਭੇਦ ਵੀ। ਭੇਦ ਅਤੇ ਅਭੇਦ ਦੋਹਾਂ ਅਵਸਥਾਵਾਂ ਦਾ ਪ੍ਰਤਿਪਾਦਨ ਕਰਨ ਕਾਰਣ ਭਾਈ ਸਾਹਿਬ ਦੇ ਦਰਸ਼ਨ ਨੂੰ ਅਸੀਂ ਨਿੰਮਬਾਰਕਾ ਚਾਰੀਆ ਦੇ 'ਭੇਦਾਭੇਦਵਾਦ' (ਭੇਦ+ਅਭੇਦ-ਵਾਦ) ਜਾਂ ਦਵੈਤਾਦਵੈਤਵਾਦ (ਦਵੈਦ+ਅਦਵੈਤਵਾਦ) ਦਾ ਵੀ ਨਾਮ ਦੇ ਸਕਦੇ ਹਾਂ।

ਉਪ੍ਰੋਕਤ ਭਾਂਤ ਦੇ ਅਨੇਕਾਂ ਵਿਚਾਰਾਂ ਨੂੰ ਭਾਈ ਸਾਹਿਬ ਦੇ ਕਾਵਿ ਵਿੱਚੋਂ ਪ੍ਰਮਾਣਾਂ ਅਤੇ ਦ੍ਰਿਸ਼ਟਾਂਤਾਂ ਸਹਿਤ ਵਿਸਤਾਰ ਪੂਰਬਕ ਪ੍ਰਗਟਾਉਣ ਤੋਂ ਪਹਿਲਾਂ ਭਾਰਤੀ ਦਰਸ਼ਨ ਦੇ ਪਿਛੋਕੜ ਵਿੱਚ ਅਸੀਂ ਜੀਵ ਸੰਬੰਧੀ ਸੰਖੇਪ ਜਿਹੀ ਚਰਚਾ ਕਰਾਂਗੇ।

ਉਪਨਿਸ਼ਦਾਂ ਅਨੁਸਾਰ ਜੀਵ ਬ੍ਰਹਮ ਹੀ ਹੈ। ਛਾਂਦੋਗਯ ਉਪਨਿਸ਼ਦ ਵਿੱਚ ਪਿਤਾ ਅਤੇ ਪੁੱਤਰ ਸ਼ਵੇਤ-ਕੇਤੁ ਦੇ ਸੰਬਾਦ ਦੁਆਰਾ ਜੀਵ ਅਤੇ ਬ੍ਰਹਮ ਦੀ ਏਕਤਾ ਉਪਰ ਜ਼ੋਰ ਦਿੰਦਿਆਂ ਕਿਹਾ ਗਿਆ ਹੈ[1] ਕਿ ਜਿਸ ਤਰ੍ਹਾਂ ਪੂਰਬ-ਵਹਿਣੀ ਨਦੀਆਂ ਅਤੇ ਪੱਛਮ-ਵਹਿਣੀ ਨਦੀਆਂ ਇਕੋ ਸਮੁੰਦਰ ਵਿੱਚ ਮਿਲ ਕੇ ਇਕ-ਰੂਪ ਹੋ ਜਾਦੀਆਂ ਹਨ ਉਸੇ ਤਰ੍ਹਾਂ ਸੰਪੂਰਣ

1 ਛਾਂਦੋਗਯ ਉਪਨਿਸ਼ਦ. 6/10/1, 6/11/2-3, 6/12/3, 6/13/1-2

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵ ਇਕ ਆਤਮਾ ਵਿੱਚ ਵਿਲੀਨ ਹੋਕੇ ਦਵੈਤ ਰਹਿਤ ਹੋ ਜਾਂਦੇ ਹਨ; ਜਿਵੇਂ ਬਿਰਖ ਦੇ ਮੂਲ-ਮਧ ਅਤੇ ਉਪਰਲੇ ਭਾਗ ਵਿੱਚ ਸੱਟ ਵੱਜਣ ਨਾਲ ਵੀ ਬਿਰਖ ਜੀਵਤ ਹਹਿੰਦਾ ਹੈ ਪਰ ਟਹਿਣੀਆਂ ਟੁੱਟ ਜਾਣ ਨਾਲ ਮੁਰਝਾ ਜਾਂਦੀਆਂ ਹਨ ਉਸੇ ਤਰ੍ਹਾਂ ਜੀਵ ਤੋਂ ਰਹਿਤ ਹੋਣ ਤੇ ਇਹ ਸਰੀਰ ਮਰ ਜਾਂਦਾ ਹੈ, ਜੀਵ ਨਹੀਂ ਮਰਦਾ; ਜਿਵੇਂ ਇਕ ਛੋਟਾ ਜਿਹਾ ਬੋਹੜ-ਬੀਜ ਬੋਹੜ-ਬਿਰਖ ਦਾ ਹੀ ਰੂਪਾਂਤਰ ਹੈ ਉਸੇ ਤਰ੍ਹਾਂ ਇਹ ਲਘੂ-ਜੀਵ ਵਾਸਤਵ ਵਿੱਚ ਬ੍ਰਹਮ ਦਾ ਹੀ ਸਰੂਪ ਹੈ ਅਤੇ ਜਿਵੇਂ ਪਾਣੀ ਵਿੱਚ ਨਮਕ ਆਪਣੇ ਆਕਾਰ ਨੂੰ ਲੁਪਤ ਕਰ ਦਿੰਦਾ ਹੈ ਤਿਵੇਂ ਜੀਵ ਬ੍ਰਹਮ ਵਿੱਚ ਵਿਲੀਨ ਹੋ ਕੇ ਨਾਮ ਰੂਪ ਆਦਿ ਭੇਦਾਂ ਤੋਂ ਰਹਿਤ ਹੋ ਜਾਂਦਾ ਹੈ। 'ਤਤਵ ਮਸਿ', 'ਉਹ ਤੂੰ ਹੈ' ਅਤੇ 'ਮੈਂ ਬ੍ਰਹਮ ਹਾਂ'[2] ਜਿਹੇ ਵਾਕ ਜੀਵ ਅਤੇ ਬ੍ਰਹਮ ਦੇ ਸੰਬੰਧ ਵਿੱਚ ਅਭੇਦ-ਪ੍ਰਤਿਪਾਦਕ ਹਨ[3]। ਗੱਲ ਕੀ ਉਪਨਿਸ਼ਦ-ਦਰਸ਼ਨ ਦੀ ਇਹ ਇਕ ਮਹੱਤਵਪੂਰਣ ਧਾਰਣਾ ਹੈ ਕਿ ਜੀਵ ਅਤੇ ਬ੍ਰਹਮ ਮੂਲ ਰੂਪ ਵਿੱਚ ਇਕ ਹੀ ਸੱਤ ਹਨ।[4]

ਬ੍ਰਿਹਦਾਰਣਯਕ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਪੁਰਸ਼ ਜਨਮ ਲੈਣ ਸਮੇਂ ਸਰੀਰ ਨੂੰ ਆਤਮ ਭਾਵ ਨਾਲ ਗ੍ਰਹਿਣ ਕਰਦਾ ਹੋਇਆ ਪਾਪਾਂ ਨਾਲ (ਦੇਹ ਅਤੇ ਇੰਦਰੀਆਂ ਦੁਆਰਾ) ਗ੍ਰਸਿਆ ਜਾਂਦਾ ਹੈ ਅਤੇ ਮੌਤ ਸਮੇਂ ਪਾਪਾਂ ਨੂੰ ਤਿਆਗ ਦਿੰਦਾ ਹੈ।[5] ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਰੀਰੀ ਆਤਮਾ ਜੀਵ ਹੈ ਅਤੇ ਅਸੀਰੀਰੀ ਆਤਮਾ ਬ੍ਰਹਮ ਹੈ। ਛਾਂਦੋਗਯ ਉਪਨਿਸ਼ਦ ਵਿੱਚ 'ਜੀਵੇਨਾਤਮਨਾ ਪ੍ਰਕ੍ਰਤਾ' ਅਰਥਾਤ ਜੀਵ, ਆਤਮਾ ਨਾਲ ਉਤਪ੍ਰੋਤ ਹੈ ਦੁਆਰਾ ਜੀਵ ਨੂੰ ਪਰਮਾਰਥ ਦੀ ਦ੍ਰਿਸ਼ਟੀ ਤੋਂ ਬ੍ਰਹਮ ਹੀ ਪ੍ਰਤਿਪਾਦਿਤ ਕੀਤਾ ਗਿਆ ਹੈ।[6] ਏਤਰੇਅ ਉਪਨਿਸ਼ਦ ਵਿੱਚ ਵੀ ਕਿਹਾ ਗਿਆ ਹੈ ਕਿ ਉਤਪਤ ਹੋਏ ਉਸ ਪਰਮੇਸ਼ਰ ਨੇ ਭੂਤਾਂ (ਸਰੀਰਾਂ) ਨੂੰ ਗ੍ਰਹਿਣ ਕੀਤਾ।[7] ਇਸ ਦਾ ਭਾਵ ਇਹ ਹੋਇਆ ਕਿ ਸਰੀਰ ਵਿੱਚ ਪ੍ਰਵੇਸ਼ ਕਰਕੇ ਜੀਵ ਰੂਪ ਵਿੱਚ ਉਤਪੰਨ ਹੋਏ ਪਰਮੇਸ਼ਰ ਨੇ ਅਭੇਦ ਭਾਵ ਨਾਲ ਭੂਤਾਂ (ਸਰੀਰਾਂ) ਨੂੰ ਗ੍ਰਹਿਣ ਕੀਤਾ। ਦੂਜੇ ਸ਼ਬਦਾਂ ਵਿਚ ਬ੍ਰਹਮ ਭੂਤਾਂ (ਸਰੀਰ) ਵਿੱਚ ਬੰਧੀਜ ਕੇ ਜੀਵਾਤਮਾ ਅਖਵਾਉਂਦਾ ਹੈ ਅਤੇ ਬੋਧ ਹੋਣ ਤੇ ਮੁੜ ਨਿੱਤ-ਸ਼ੁਧ-ਬੁਧ ਸਰੂਪ ਹੋ ਜਾਂਦਾ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਸੰਪੂਰਣ ਸਥਾਵਰ ਜੰਗਮ ਦਾ ਸੁਆਮੀ ਇਹ ਹੰਸ (ਪਰਮਾਤਮਾ) ਦੇਹ-ਧਾਰਣੀ ਹੋ ਕੇ ਨੌ-ਦੁਆਰ ਵਾਲੇ (ਦੇਹ-ਰੂਪ) ਪੁਰ ਵਿੱਚ ਬਾਹਰੀ ਵਿਸ਼ਿਆਂ ਨੂੰ ਗ੍ਰਹਿਣ ਕਰਨ ਦੀ ਚੇਸ਼ਟਾ ਕੀਤਾ ਕਰਦਾ ਹੈ।[8] ਇਸ ਕਥਨ ਤੋਂ ਵੀ ਇਹੀ ਪ੍ਰਮਾਣਿਤ ਹੁੰਦਾ ਹੈ ਕਿ ਆਤਮਾ ਜਾਂ ਬ੍ਰਹਮ ਦੇਹ-ਬੰਧਨ ਵਿੱਚ

2 ਬ੍ਰਿਹਦਾਰਣਯਕ ਉਪਨਿਸ਼ਦ, 1/4/10
3 ਓਹੀ, 6/8/7
4 ਓਹੀ, 1/5/17
5 ਓਹੀ, 4/3/8
6 ਛਾਂਦੋਗਯ ਉਪਨਿਸ਼ਦ, 6/11/1
7 ਏਤਰੇਅ ਉਪਨਿਸ਼ਦ, 1/3/13
8 ਸ਼ਵੇਤਾਸ਼ਵਤਰ ਉਪਨਿਸ਼ਦ, 3/18

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਂਕੇ ਜੀਵ ਜਾਂ ਜੀਵਾਤਮਾ ਦੀ ਉਪਾਧੀ ਨੂੰ ਧਾਰਣ ਕਰਦਾ ਹੈ।

ਜੀਵਾਤਮਾ ਦੇ ਬੰਧਨ ਦਾ ਕਾਰਣ ਅਵਿੱਦਿਆ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਮਾਇਆ ਅਧੀਨ ਜੀਵ ਭੋਗ-ਭਾਵ ਦੇ ਕਾਰਣ ਬੰਧਨ ਵਿੱਚ ਪੈਂਦਾ ਹੈ।[9] ਅਵਿੱਦਿਆ, ਮਾਇਆ ਅਥਵਾ ਅਗਿਆਨ ਦੇ ਕਾਰਣ ਬੰਧਨ ਵਿੱਚ ਪੈ ਕੇ ਜੀਵ ਕਰਮਾਂ ਅਨੁਸਾਰ ਗਤੀ ਪ੍ਰਾਪਤ ਕਰਦਾ ਹੈ। ਬ੍ਰਿਹਦਾਰਣਯਕ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਪੁਰਸ਼ ਪੁੰਨ-ਕਰਮਾਂ ਦੁਆਰਾ ਪੁੰਨ-ਆਤਮਾ ਅਤੇ ਪਾਪ-ਕਰਮਾਂ ਦੁਆਰਾ ਪਾਪੀ ਬਣਦਾ ਹੈ।[10] ਸ਼ਵੇਤਾਸ਼ਵਤਰ ਉਪਨਿਸ਼ਦ ਵਿੱਚ ਵੀ ਕਿਹਾ ਗਿਆ ਹੈ ਕਿ ਜੀਵਾਤਮਾ ਆਪਣੇ ਗੁਣਾਂ (ਪਾਪ-ਪੁੰਨ) ਕਾਰਣ ਸਥੂਲ-ਸੂਖਮ ਬਹੁਤ ਸਾਰੀਆਂ ਦੇਹਾਂ ਧਾਰਣ ਕਰਦਾ ਹੈ।[11] ਸਪਸ਼ਟ ਹੈ ਕਿ ਜੀਵਾਤਮਾ ਕਰਮ-ਫਲ ਦਾ ਭੋਗੀ ਹੈ ਅਤੇ ਕਰਮ-ਫਲ ਪ੍ਰਾਪਤ ਕਰਨ ਦੇ ਲਈ ਇਕ ਸਰੀਰ ਤਿਆਗ ਕੇ ਦੂਜਾ ਸਰੀਰ ਧਾਰਣ ਕਰਦਾ ਹੈ। ਵਾਸਤਵ ਵਿੱਚ ਨਾਸ਼ ਜੀਵਾਤਮਾ ਦਾ ਨਹੀਂ, ਸਰੀਰ ਜਾਂ ਦੇਹੀ ਦਾ ਹੁੰਦਾ ਹੈ। ਇਸੇ ਲਈ, ਛਾਂਦੋਗਯ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਜੀਵ ਰਹਿਤ ਹੋਣ ਤੇ ਸਰੀਰ ਮਰ ਜਾਂਦਾ ਹੈ, ਜੀਵ ਨਹੀਂ ਮਰਦਾ।[12]

ਸਮੁਚੇ ਤੌਰ ਤੇ ਉਪਨਿਸ਼ਦਾਂ ਵਿਚ ਅਵਿੱਦਿਆ ਜਾ ਅਗਿਆਨ ਨੂੰ ਹੀ ਜੀਵ ਦੇ ਬੰਧਨ ਦਾ ਕਾਰਣ ਦਸਿਆ ਗਿਆ ਹੈ। ਇਸ ਬੰਧਨ ਤੋਂ ਮੁਕਤੀ ਦਾ ਸਾਧਨ ਗਿਆਨ ਹੈ। ਸ਼ਵੇਤਾਸ਼ਵਰ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਮਾਇਆ-ਅਧੀਨ ਜੀਵ ਸੰਸਾਰਕ-ਭੋਗਾਂ ਵਿਚ ਲਿਪਤ ਹੋਣ ਕਾਰਣ ਬੰਧਨ ਵਿੱਚ ਪੈਂਦਾ ਹੈ ਪਰ ਪਰਮਾਤਮਾ ਦਾ ਗਿਆਨ ਹੋਣ ਨਾਲ ਸਮਸਤ ਬੰਧਨਾ ਤੋਂ ਮੁਕਤ ਹੋ ਜਾਂਦਾ ਹੈ।[13] ਮਾਂਡੂਕਯ ਉਪਨਿਸ਼ਦ ਵਿੱਚ ਵੀ ਕਿਹਾ ਗਿਆ ਹੈ ਕਿ ਜਿਸ ਸਮੇਂ ਸੁੱਤਾ ਹੋਇਆ ਜੀਵ ਅਨਾਦਿ ਮਾਇਆ ਤੋਂ ਜਾਗ੍ਰਤ ਹੁੰਦਾ ਹੈ ਅਰਥਾਤ ਉਸ ਨੂੰ ਤੱਤ ਗਿਆਨ ਪ੍ਰਾਪਤ ਹੁੰਦਾ ਹੈ ਤਾਂ ਉਸੇ ਸਮੇਂ ਉਸ ਨੂੰ ਅਦਵੈਤ ਆਤਮ-ਤਤ ਦਾ ਬੋਧ ਹੁੰਦਾ ਹੈ।[14]

ਗੀਤਾ ਵਿੱਚ ਉਪਨਿਸ਼ਦਾਂ ਵਾਂਗ ਹੀ ਜੀਵ-ਤੱਤ ਦਾ ਵਿਵੇਚਨ ਕੀਤਾ ਗਿਆ ਹੈ। ਗੀਤਾ ਵਿੱਚ ਬ੍ਰਹਮ ਦੀਆਂ ਦੋ ਪ੍ਰਕਿਰਤੀਆਂ—ਅਪਰਾ ਅਤੇ ਪਰਾ[15] ਦਾ ਵਰਣਨ ਹੈ। ਅਪਰਾ ਪ੍ਰਕਿਰਤੀ ਦਾ ਭਾਵ ਜੀਵ ਤੋਂ ਛੁੱਟ ਸਭ ਪਦਾਰਥਾਂ ਤੋਂ ਹੈ ਅਤੇ ਪਰਾ ਅਤੇ ਉਤਕ੍ਰਿਸ਼ਟ ਪ੍ਰਕਿਰਤੀ ਦਾ ਭਾਵ ਜੀਵ ਤੋਂ ਹੈ। ਚੇਤਨ ਹੋਣ ਕਾਰਣ ਜੀਵ ਪਰਮੇਸ਼ਰ ਦੀ ਪਰਾ ਪ੍ਰਕਿਰਤੀ ਅਰਥਾਤ ਉਤਕ੍ਰਿਸ਼ਟ ਸਿਰਜਨਾ ਹੈ। ਗੀਤਾ ਵਿਚ ਇਸੇ ਨੂੰ 'ਖੇਤ੍ਰਗਯ'[16]

---

9 ਸ਼ਵੇਤਾਸ਼ਵਤਰ ਉਪਨਿਸ਼ਦ, 1/8
10 ਬ੍ਰਿਹਦਾਰਣਯਕ ਉਪਨਿਸ਼ਦ, 4/4/5
11 ਸ਼ਵੇਤਾਸ਼ਵਤਰ ਉਪਨਿਸ਼ਦ, 5/12
12 ਛਾਂਦੋਗਯ ਉਪਨਿਸ਼ਦ, 6/11/3
13 ਸ਼ਵੇਤਾਸ਼ਵਤਰ ਉਪਨਿਸ਼ਦ, 1/8
14 ਮਾਂਡੂਕਯ ਉਪਨਿਸ਼ਦ, 1/16
15 ਗੀਤਾ, 7/5
16 ਗੀਤਾ ਰਹੱਸ, ਲੋਕਮਾਨ ਬਾਲ ਗੰਗਾਧਰ ਤਿਲਕ, ਪੰਨਾ 154

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥਾਤ ਆਤਮਾ ਕਿਹਾ ਗਿਆ ਹੈ । ਕਰਮਾ ਦਾ ਫਲ-ਭੋਗਤਾ ਹੋਣ ਕਾਰਣ ਸਰੀਰ ਖੇਤਰ ਹੈ, ਇਸ ਖੇਤਰ ਦਾ ਗਿਆਤਾ 'ਖੇਤ੍ਰਗਯ' ਅਰਥਾਤ ਆਤਮਾ ਹੈ ।[17] ਗੀਤਾ ਅਨੁਸਾਰ ਜੀਵ ਬ੍ਰਹਮ ਦੀ ਅੰਸ਼ ਹੈ ।[18]

ਜੀਵਾਤਮਾ, ਗੀਤਾ ਅਨੁਸਾਰ, ਨਾ ਮਰਦਾ ਹੈ ਅਤੇ ਨਾ ਹੀ ਮਾਰਿਆ ਜਾ ਸਕਦਾ ਹੈ ।[19] ਨਾਸ਼ਮਾਨ ਸਰੀਰ ਵਿਚ ਕਦੀ ਉਸਦਾ ਨਾਸ ਨਹੀਂ ਕੀਤਾ ਜਾ ਸਕਦਾ ।[20] ਗੀਤਾ ਵਿਚ ਅਨੇਕ ਉਕਤੀਆਂ ਮਿਲਦੀਆਂ ਹਨ ਜਿਨ੍ਹਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਜੀਵ-ਤੱਤ ਅਬਿਨਾਸ਼ੀ ਹੈ ਅਤੇ ਉਸਦਾ ਪੰਜ ਭੌਤਿਕ ਸਰੀਰ ਅਨਿੱਤ ਅਤੇ ਨਾਸ਼ਮਾਨ ਹੈ ।[21]

ਗੀਤਾ ਅਨੁਸਾਰ ਜੀਵਾਤਮਾ ਦਾ ਸਰੀਰ-ਬੰਧਨ ਮਾਇਆ, ਅਵਿੱਦਿਆ ਜਾਂ ਅਗਿਆਨ ਦੇ ਕਾਰਣ ਹੀ ਹੈ । ਗੀਤਾ ਕਥਨ ਹੈ ਕਿ ਪ੍ਰਕਿਰਤੀ ਜਾਂ ਮਾਇਆ ਤੋਂ ਉਤਪੰਨ ਸਤ, ਰਜ ਅਤੇ ਤਮੋਗੁਣ ਇਸ ਅਬਿਨਾਸ਼ੀ ਜੀਵਾਤਮਾ ਨੂੰ ਸਰੀਰ ਵਿਚ ਬੰਨ੍ਹਦੇ ਹਨ ।[22] ਪ੍ਰਕਿਰਤੀ ਵਿੱਚ ਸਥਿਤ ਪੁਰਸ਼ ਪ੍ਰਕਿਰਤੀ ਤੋਂ ਉਤਪੰਨ ਤ੍ਰੈਗੁਣਾਤਮਿਕ ਪਦਾਰਥਾਂ ਨੂੰ ਭੋਗਦਾ ਹੈ ਅਤੇ ਇਹਨਾਂ ਗੁਣਾਂ ਦਾ ਸੰਗ ਹੀ ਜੀਵਾਤਮਾ ਦੀ ਚੰਗੀ ਜਾਂ ਮਾੜੀ ਜੂਨ ਦਾ ਕਾਰਣ ਹੈ ।[23]

ਸੋ ਸਪਸ਼ਟ ਹੈ ਕਿ ਜੀਵਾਤਮਾ ਦੇ ਬੰਧਨ ਦਾ ਕਾਰਣ ਮਾਇਆ ਹੈ । ਪਰ ਗਿਆਨ ਦੁਆਰਾ ਜਦੋਂ ਮਾਇਆ, ਅਵਿੱਦਿਆ ਜਾਂ ਅਗਿਆਨ ਦਾ ਵਿਨਾਸ਼[24] ਹੁੰਦਾ ਹੈ ਤਾਂ ਜੀਵ

---

17 ਗੀਤਾ, 13/1

18 (ੳ) ਭਗਵਾਨ ਕ੍ਰਿਸ਼ਣ ਨੇ ਗੀਤਾ ਵਿਚ ਕਿਹਾ ਹੈ 'ਸਭ ਖੇਤਰਾਂ ਵਿਚ ਖੇਤ੍ਰਗਯ ਮੈਨੂੰ ਹੀ ਮੰਨ' (ਗੀਤਾ 13/2)

(ਅ) 'ਇਸ ਦੇਹ ਵਿਚ ਜੀਵਾਤਮਾ ਮੇਰਾ ਹੀ ਅੰਸ਼ ਹੈ' (ਗੀਤਾ 15/7)

19 ਗੀਤਾ, 2/19

20 ਓਹੀ 2/20

21 (ੳ) ਇਹ ਪੰਜ ਭੌਤਿਕ ਸਰੀਰ ਖਰ ਹੈ, ਇਸ ਵਿਚਲਾ ਜੀਵ-ਤਤ ਅਖਰ ਹੈ । (ਗੀਤਾ, 2/30)

(ਅ) ਇਸ ਨਾਸ਼ ਰਹਿਤ ਨਿੱਤ ਸਰੂਪ ਜੀਵਾਤਮਾ ਦੇ ਇਹ ਸਭ ਸਰੀਰ ਨਾਸ਼ਮਾਨ ਹਨ । (ਗੀਤਾ, 218)

(ੲ) ਇਸ ਸੰਸਾਰ ਵਿੱਚ ਨਾਸ਼ਮਾਨ ਅਤੇ ਅਬਿਨਾਸ਼ੀ ਦੋ ਪ੍ਰਕਾਰ ਦੇ ਪੁਰਸ਼ ਹਨ ਇਹਨਾਂ ਵਿਚੋਂ ਸੰਪੂਰਣ ਸਰੀਰ-ਧਾਰੀਆਂ ਦੇ ਸਰੀਰ ਤਾਂ ਨਾਸ਼ਮਾਨ ਹਨ ਪਰ ਜੀਵਾਤਮਾ ਅਬਿਨਾਸ਼ੀ ਹੈ (ਗੀਤਾ, 15/16)

(ਸ) ਵਾਸਤਵ ਵਿੱਚ ਜੀਵ ਦਾ ਮਰਣ ਨਹੀਂ ਹੁੰਦਾ, ਮਰਣਹਾਰਾ ਤਾਂ ਸਰੀਰ ਹੈ । ਜਿਸ ਪ੍ਰਕਾਰ ਮਨੁਖ ਫਟੇ ਪੁਰਾਣੇ ਬਸਤਰਾਂ ਨੂੰ ਤਿਆਗ ਕੇ ਨਵੇਂ ਬਸਤਰ ਪਹਿਨ ਲੈਂਦਾ ਹੈ ਉਸੇ ਤਰ੍ਹਾਂ ਜੀਵ ਪ੍ਰਾਰਬਧ ਭੋਗ ਦੁਆਰਾ ਜਰਜਰੇ ਸਰੀਰਾਂ ਨੂੰ ਛਡਕੇ ਨਵੇਂ ਸਰੀਰ ਨੂੰ ਧਾਰਣ ਕਰ ਲੈਂਦਾ ਹੈ । (ਗੀਤਾ 2/22)

22 ਗੀਤਾ, 14/5

23 ਓਹੀ, 13/21

24 ਓਹੀ. 13/23

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਧਨ-ਮੁਕਤ ਹੋ ਜਾਂਦਾ ਹੈ। ਜੀਵਾਤਮਾ ਦੀ ਇਹ ਬੰਧਨ-ਮੁਕਤ ਅਵਸਥਾ ਹੀ ਉਸਦੇ ਆਤਮ-ਸਰੂਪ ਦੀ ਪ੍ਰਤਿਸ਼ਠਾ ਹੈ।

ਸਾਂਖ ਦਰਸ਼ਨ ਅਨੁਸਾਰ ਪੁਰਸ਼ ਅਨੇਕ ਹਨ, ਅਸੰਖ ਹਨ।[25] ਇਹਨਾਂ ਅਸੰਖ ਪੁਰਸ਼ਾਂ ਅਤੇ ਤ੍ਰੈਗੁਣਾਤਮਿਕ ਪ੍ਰਕਿਰਤੀ ਦੇ ਸੰਜੋਗ ਨਾਲ ਸ੍ਰਿਸ਼ਟੀ ਦਾ ਸਮਸਤ ਕਾਰ-ਵਿਹਾਰ ਚਲ ਰਿਹਾ ਹੈ। ਹਰੇਕ ਪੁਰਸ਼ ਅਤੇ ਪ੍ਰਕਿਰਤੀ ਦਾ ਜਦ ਸੰਜੋਗ ਹੁੰਦਾ ਹੈ ਤਦ ਪ੍ਰਕਿਰਤੀ ਆਪਣੇ ਗੁਣਾ ਦਾ ਜਾਲ ਉਸ ਪੁਰਸ਼ ਦੇ ਸਾਹਮਣੇ ਵਿਉਂ ਫੈਲਾਉਂਦੀ ਹੈ ਕਿ ਪੁਰਸ਼ ਉਸਦਾ ਉਪਭੋਗ ਕਰਨ ਲਗ ਪੈਂਦਾ ਹੈ। ਤ੍ਰੈਗੁਣ ਦਾ ਭੋਗੀ ਇਹ 'ਪੁਰਸ਼' ਹੀ 'ਬੱਧ ਪੁਰਸ਼' ਜਾਂ ਜੀਵਾਤਮਾ ਹੈ।[26] ਇੰਜ ਸਾਂਖ ਦਰਸ਼ਨ ਅਨੁਸਾਰ ਜੀਵਾਤਮਾ ਇਕ ਨਹੀਂ, ਅਨੇਕ ਹਨ ਅਤੇ ਤ੍ਰੈਗੁਣਾਤਮਿਕ ਪ੍ਰਕਿਰਤੀ ਦੇ ਕਾਰਣ ਇਹ ਬੰਧਨ ਵਿੱਚ ਪੈਂਦੀਆਂ ਹਨ।

ਉਪਨਿਸ਼ਦਾਂ ਅਤੇ ਗੀਤਾ ਵਿੱਚ ਵੀ ਮਾਇਆ, ਅਵਿੱਦਿਆ, ਜਾਂ ਅਗਿਆਨ ਨੂੰ ਜੀਵ ਦੇ ਬੰਧਨ ਦਾ ਕਾਰਣ ਦੱਸਿਆ ਗਿਆ ਹੈ ਪਰ ਜਿੱਥੇ ਵੇਦਾਂਤ ਅਨੁਸਾਰ ਉਪਾਧੀ ਭੇਦ ਦੇ ਕਾਰਣ ਸਭ ਜੀਵ ਭਿੰਨ ਭਿੰਨ ਦਿਖਾਈ ਦਿੰਦੇ ਹਨ ਪਰ ਯਥਾਰਥ ਵਿੱਚ ਸਭ ਇਕ ਮਾਤਰ ਬ੍ਰਹਮ ਹੀ ਹਨ, ਉਥੇ ਸਾਂਖ ਦਰਸ਼ਨ ਅਨੁਸਾਰ ਹਰੇਕ ਪ੍ਰਾਣੀ ਦਾ ਜਨਮ, ਮੌਤ ਅਤੇ ਜੀਵਨ ਵੱਖੋ ਵੱਖਰਾ—ਜਗਤ ਵਿੱਚ ਕੋਈ ਦੁਖੀ ਹੈ ਅਤੇ ਕੋਈ ਸੁਖੀ ਹੈ ਆਦਿ—ਦੇਖਕੇ ਮੰਨਣਾ ਪੈਂਦਾ ਹੈ ਕਿ ਹਰੇਕ ਆਤਮਾ ਜਾਂ ਪੁਰਸ਼ ਮੂਲ ਰੂਪ ਵਿੱਚ ਭਿੰਨ ਹਨ ਅਤੇ ਉਹਨਾਂ ਦੀ ਸੰਖਿਆ ਅਨੰਤ ਹੈ।[27]

ਸਾਂਖ ਦਰਸ਼ਨ ਅਨੁਸਾਰ 'ਬਧ ਪੁਰਸ਼' ਜਾਂ ਜੀਵਾਤਮਾ ਤ੍ਰੈਗੁਣਾਤਮਿਕ ਪ੍ਰਕਿਰਤੀ ਜਾਂ ਮਾਇਆ ਦੇ ਬੰਧਨ ਦੁਆਰਾ ਦੇਹ-ਇੰਦਰੀਆਂ ਦੇ ਸੰਬੰਧ ਵਿੱਚ ਆਉਂਦਾ ਹੈ। ਸਰੀਰ, ਇੰਦਰੀ ਮਨ, ਅਹੰਕਾਰ, ਬੁਧੀ ਅਤੇ ਵੇਦਨਾ ਆਦਿ ਦੇ ਨਾਲ ਪੁਰਸ਼ ਦਾ ਸੰਬੰਧ ਉਸਦਾ ਜਨਮ ਜਾਂ ਬੰਧਨ ਹੈ ਅਤੇ ਸਰੀਰ ਦਾ ਤਿਆਗ ਜਾਂ ਸੰਬੰਧ-ਵਿਜੋਗ ਹੀ ਉਸਦੀ ਮੌਤ ਹੈ।[28] ਇਸਦਾ ਭਾਵ ਇਹ ਹੈ ਕਿ ਸਰੀਰ ਆਦਿ ਨਾਲ ਜੀਵ ਜਨਮ ਲੈਂਦਾ ਹੈ ਅਤੇ ਵਿਵਹਾਰ ਵਿੱਚ ਜਿਸਨੂੰ ਜੀਵ ਦਾ ਮਰਣ ਕਹਿੰਦੇ ਹਨ, ਉਹ ਸਰੀਰ ਦਾ ਨਾਸ਼ ਮਾਤਰ ਹੈ ਕਿਉਂਕਿ ਪੁਰਸ਼ ਤਾਂ ਨਿੱਤ ਅਤੇ ਅਨਾਦਿ ਹੈ।[29]

ਸਾਂਖ ਕਾਰਿਕਾ ਅਨੁਸਾਰ ਲੋਕ ਵਿੱਚ ਚੇਤਨ ਪੁਰਸ਼ ਨੂੰ ਜਰਾ-ਮਰਣ ਦਾ ਦੁਖ ਪ੍ਰਾਪਤ ਹੁੰਦਾ ਹੈ।[30] ਦੁਖਾਂ-ਸੁਖਾਂ ਤੋਂ ਪੁਰਸ਼ ਦੀ ਮੁਕਤੀ ਵਿਵੇਕ ਗਿਆਨ ਦੁਆਰਾ ਹੀ ਹੁੰਦੀ ਹੈ।[31] ਇਸ ਵਿਵੇਕ ਗਿਆਨ ਦਾ ਸਰੂਪ ਨਿਰਧਾਰਤ ਕਰਦਿਆਂ ਹੋਇਆਂ ਸਾਂਖ ਮਤ

25 ਸਾਂਖ ਕਾਰਿਕਾ, 18
26 ਤਤਵ ਕੌਮਦੀ ਪ੍ਰਭਾ. ਆਦਿਆ ਪ੍ਰਸਾਦ, ਪੰਨਾ, 115
27 ਸਾਂਖ ਕਾਰਿਕਾ, ਗੌੜਪਾਦ ਭਾਸ਼, ਪੰਨਾ, 18
28 ਤਤਵ ਕੌਮਦੀ ਪ੍ਰਭਾ. ਆਦਿਆ ਪ੍ਰਸਾਦ, ਪੰਨਾ, 121
29 ਓਹੀ ਪੰਨਾ, 122
30 ਸਾਂਖ ਕਾਰਿਕਾ, 55
31 ਸਾਂਖ ਕਾਰਿਕਾ, ਗੌੜਪਾਦ ਭਾਸ਼, ਪੰਨਾ, 63

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿੱਚ ਕਿਹਾ ਗਿਆ ਹੈ ਕਿ ਤਤਵ-ਸਾਖਿਆਤਕਾਰ ਦੁਆਰਾ ਜਦੋਂ ਪੁਰਸ਼ ਇਹ ਸਮਝ ਲੈਂਦਾ ਹੈ ਕਿ ਨਾ ਉਹ ਕਰਤਾ ਹੈ ਅਤੇ ਨਾ ਹੀ ਭੋਗਤਾ ਤਦੋਂ ਸੰਸੇ ਤੋਂ ਰਹਿਤ ਵਿਸ਼ੁਧ ਗਿਆਨ ਦੀ ਉਤਪਤੀ ਹੁੰਦੀ ਹੈ।[32] ਇਹੀ ਅਵਸਥਾ ਸਾਂਖ ਦੇ ਪੁਰਸ਼ ਅਥਵਾ ਜੀਵ ਦੀ ਮੋਖ-ਅਵਸਥਾ ਹੈ।

ਸ੍ਰੀਮਦ ਭਾਗਵਤ ਅਨੁਸਾਰ ਜੀਵ ਈਸ਼ਵਰ ਦਾ ਅੰਸ਼ ਹੈ।[33] ਜੀਵ ਵੀ ਈਸ਼ਵਰ ਸਮਾਨ ਚੇਤਨ ਸਰੂਪ ਹੈ ਪਰ ਜੀਵ ਅਤੇ ਈਸ਼ਵਰ ਦੀ ਸਮਰੱਥਾ ਵਿੱਚ ਢੇਰ ਅੰਤਰ ਹੈ। ਈਸ਼ਵਰ ਗਿਆਨ, ਐਸ਼ਵਰਜ, ਆਨੰਦ ਆਦਿ ਵਿੱਚ ਜੀਵ ਤੋਂ ਅਨੰਤ ਗੁਣ ਵਧੀਕ ਹੈ। ਜੀਵ ਨਿੱਤ-ਬੱਧ ਹੈ, ਕਰਮ ਫਲਾਂ ਨੂੰ ਭੋਗਦਾ ਹੈ ਅਤੇ ਅਵਿੱਦਿਆ-ਯੁਕਤ ਹੈ।

ਉਪਨਿਸ਼ਦਾਂ ਵਾਂਗ ਹੀ ਸ੍ਰੀਮਦ ਭਾਗਵਤ ਵਿੱਚ ਵੀ ਈਸ਼ਵਰ ਅਤੇ ਜੀਵ ਨੂੰ ਦੋ ਪੰਛੀਆਂ ਦਾ ਰੂਪਕ ਦਿੱਤਾ ਗਿਆ ਹੈ। ਇਹ ਦੋਵੇਂ ਪੰਛੀ ਇਕ ਹੀ ਬਿਰਖ (ਸਰੀਰ) ਤੇ ਸਵੈ-ਇੱਛਾ ਨਾਲ ਆਲ੍ਹਣਾ ਬਣਾ ਕੇ ਰਹਿੰਦੇ ਹਨ। ਇਹ ਦੋਵੇਂ ਤਾਤਵਿਕ ਤੌਰ ਤੇ ਸਮਾਨ ਅਤੇ ਇਕ ਦੂਜੇ ਦੇ ਸਖਾ ਹਨ। ਪਰ ਇਹਨਾਂ ਵਿਚੋਂ ਇਕ ਤਾਂ (ਜੀਵ) ਉਸ ਬਿਰਖ ਦੇ ਫਲਾਂ (ਸੁਖ ਦੁਖ ਆਦਿ) ਨੂੰ ਖਾਂਦਾ ਹੈ ਅਤੇ ਦੂਜਾ (ਈਸ਼ਵਰ) ਨਿਰਾਹਾਰ (ਕਰਮ ਫਲ ਆਦਿ ਤੋਂ ਅਸੰਗ ਅਤੇ ਬੇਲਾਗ) ਰਹਿਕੇ ਵੀ ਬਲ, ਗਿਆਨ, ਐਸ਼ਵਰਜ, ਆਨੰਦ ਆਦਿ ਵਿੱਚ ਪਹਿਲੇ ਪੰਛੀ (ਜੀਵ) ਨਾਲੋਂ ਕਿਤੇ ਵਧ ਹੈ।[34] ਪਰਮ ਪੁਰਸ਼ (ਈਸ਼ਵਰ) ਦਾ ਅੰਸ਼ ਰੂਪ ਪੁਰਸ਼ (ਜੀਵ) ਅੰਡਜ, ਜੇਰਜ, ਸੇਤਜ, ਉਤਭੁਜ ਚਾਰ ਪ੍ਰਕਾਰ ਦੇ ਭੇਦਾਂ ਦੁਆਰਾ ਸਰੀਰ ਰੂਪੀ ਪੁਰ (ਨਗਰ) ਵਿਚ ਪ੍ਰਵੇਸ਼ ਕਰਕੇ ਮਧੁ-ਮੱਖੀਆਂ ਦੁਆਰਾ ਬਣਾਏ ਮਧੁ ਦੇ ਸਮਾਨ ਇੰਦਰੀ-ਗ੍ਰਾਮ ਦੇ ਦੁਆਰਾ ਵਿਸ਼ਿਆਂ ਦਾ ਸੇਵਨ ਕਰਦਾ ਹੈ।[35]

ਅਚਾਰੀਆ ਸ਼ੰਕਰ ਨੇ ਆਤਮਾ ਨੂੰ ਹੀ ਜੀਵ ਕਿਹਾ ਹੈ। ਉਸ ਅਨੁਸਾਰ ਸ੍ਰਿਸ਼ਟੀ ਦੇ ਆਰੰਭ ਵਿਚ ਇਹ ਜੀਵ-ਆਤਮਾ ਹੀ ਪ੍ਰਾਣ ਧਾਰਣ ਕਰਦਾ ਹੈ। ਇਸ ਲਈ ਵੀ ਅਤੇ ਸੰਸਾਰ ਦੀ ਅਨਾਦਿਤਾ ਵਿਅਕਤ ਕਰਨ ਵਾਲਾ ਹੋਣ ਦੇ ਕਾਰਣ ਵੀ ਇਹ ਆਤਮਾ ਜੀਵ ਨਾਮ ਨਾਲ ਪੁਕਾਰਿਆ ਜਾਂਦਾ ਹੈ।[36] ਜੀਵ ਚੇਤਨ ਹੈ ਇਸ ਲਈ ਇਹ 'ਪ੍ਰਗਿਆਤਮਾ' ਵੀ ਹੈ।[37] 'ਪ੍ਰਗਿਆਤਮਾ' ਸ਼ਬਦ ਤੋਂ ਮੁਖ ਪ੍ਰਾਣ ਦਾ ਵੀ ਭਾਵ ਲਿਆ ਜਾਂਦਾ ਹੈ। ਪ੍ਰਾਣ ਦਾ ਅਰਥ ਜੀਵ ਹੈ, ਇਸ ਲਈ ਉਹੀ ਮੁਖ ਪ੍ਰਾਣ ਹੈ। ਇੰਜ ਪ੍ਰਾਣ ਅਤੇ 'ਪ੍ਰਗਿਆਤਮਾ' ਇਕੱਠੇ ਰਹਿੰਦੇ ਹਨ।[38]

ਅਚਾਰੀਆ ਸ਼ੰਕਰ ਅਨੁਸਾਰ ਜਿਸ ਤਰ੍ਹਾਂ ਸਾਲਗਰਾਮ ਵਿੱਚ ਵਿਸ਼ਣੂ ਸਮਾਏ ਹੋਏ

---

32 ਤਤਵ ਕੌਮਦੀ ਪ੍ਰਭਾ, ਆਦਿਆ ਪ੍ਰਸਾਦ, ਪੰਨਾ, 22
33 ਸ੍ਰੀਮਦ ਭਾਗਵਤ, 11.4.3
34 ਓਹੀ, 11.11.67 ਅਤੇ 1.3.32
35 ਓਹੀ, 4.24.64
36 ਬ੍ਰਹਮ ਸੂਤਰ, ਸ਼ੰਕਰ ਭਾਸ਼, 2/1/36
37 ਓਹੀ, 1/1/31
38 ਓਹੀ, 1/1/31

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ ਉਸੇ ਤਰ੍ਹਾਂ ਜੀਵ-ਪੁਰ ਵਿੱਚ ਬ੍ਰਹਮ ਸਮਾਇਆ ਹੋਇਆ ਹੈ।[39]

ਸ਼ੰਕਰ ਦਾ ਮਤ ਹੈ ਕਿ ਜੀਵ ਆਪਣੇ ਕਰਮ ਵਿੱਚ ਸੁਤੰਤਰ ਨਹੀਂ ਹੈ। ਕਰਮ ਦਾ ਚੇਤਨ ਕਰਤਾ ਤਾਂ ਈਸ਼ਵਰ ਹੈ। ਖੇਤੀ ਆਦਿ ਦੇ ਕਰਮ ਭਾਵੇਂ ਜੀਵ ਦੁਆਰਾ ਹੀ ਹੁੰਦੇ ਹਨ ਪਰ ਜੀਵ ਈਸ਼ਵਰ ਦੀ ਪ੍ਰੇਰਣਾ ਤੋਂ ਬਿਨਾਂ ਕਰਮ ਨਹੀਂ ਕਰ ਸਕਦਾ।[40] ਇੱਥੇ ਜੀਵ ਤੋਂ ਭਾਵ ਨਿਸ਼ਕਰਮੀ ਆਤਮਾ ਅਤੇ ਈਸ਼ਵਰ ਤੋਂ ਭਾਵ ਮਾਯਾਵੀ ਬ੍ਰਹਮ ਹੈ।

ਸ਼ੰਕਰ ਨੇ ਈਸ਼ਵਰ ਨੂੰ ਪ੍ਰੇਰਕ ਅਤੇ ਜੀਵ ਨੂੰ ਉਸ ਉਪਰ ਨਿਰਭਰ ਦੱਸਿਆ ਹੈ। ਇਹ ਪ੍ਰੇਰਣਾ ਮਾਇਆਮਈ ਹੈ। ਇਹ ਅਨਾਦਿ ਹੈ ਅਤੇ ਜੀਵ ਦੇ ਕਰਮ ਅਤੇ ਉਸਦੇ ਫਲ ਦੇ ਲਈ ਈਸ਼ਵਰ ਦੇ ਅਧੀਨ ਹੈ।[41] ਅਚਾਰੀਆ ਸੰਕਰ ਦਾ ਕਥਨ ਹੈ ਕਿ ਜੀਵ ਦੁਆਰਾ ਪਾਲਿਤ ਵਿਧੀ-ਨਿਸ਼ੇਧਾਂ ਦਾ ਨਿਯੰਤ੍ਰਣ-ਕਰਤਾ ਈਸ਼ਵਰ ਹੈ। ਜੀਵ ਉਸਦੇ ਅਧੀਨ ਰਹਿਣ ਵਾਲਾ ਹੈ। ਈਸ਼ਵਰ ਅਤੇ ਜੀਵ ਦੀ ਪ੍ਰੇਰਕ ਅਤੇ ਪ੍ਰੇਰਿਤ ਰਹਿਣ ਦੀ ਪਰੰਪਰਾ ਬੀਜ-ਅੰਕੁਰ ਦੇ ਨਿਆਇ ਦੁਆਰਾ ਸਿੱਧ ਹੈ।[42]

ਬ੍ਰਹਮ ਸੂਤਰਾਂ ਵਿੱਚ ਜੀਵ ਨੂੰ ਈਸ਼ਵਰ ਦਾ ਅੰਸ਼ ਕਿਹਾ ਗਿਆ ਹੈ।[43] ਸ਼ੰਕਰ ਅਨੁਸਾਰ ਜੀਵ ਅਤੇ ਈਸ਼ਵਰ ਵਿੱਚ ਅਗਨੀ ਅਤੇ ਉਸਦੀਆਂ ਚਿੰਗਾੜੀਆਂ ਸਮਾਨ ਭੇਦ ਹੈ। ਦੋਹਾਂ ਦੀ ਭਿੰਨਤਾ ਹੁੰਦਿਆਂ ਹੋਇਆਂ ਵੀ ਉਹਨਾਂ ਦੇ ਤਪਸ਼-ਗੁਣ ਵਿੱਚ ਅਭਿੰਨਤਾ ਹੈ। ਇੰਜ ਹੀ ਜੀਵ ਅਤੇ ਬ੍ਰਹਮ ਵਿੱਚ ਚੇਤਨਤਾ ਦੀ ਦ੍ਰਿਸ਼ਟੀ ਤੋਂ ਸਮਾਨਤਾ ਹੈ। ਇਸ ਪ੍ਰਕਾਰ ਦਾ ਅਭੇਦ ਹੁੰਦਿਆਂ ਹੋਇਆਂ ਵੀ ਭੇਦ ਦੀ ਸਥਾਪਨਾ ਕੀਤੀ ਜਾ ਸਕਦੀ ਹੈ।[44]

ਬ੍ਰਹਮ ਸੂਤਰਾਂ ਵਿੱਚ ਜੀਵ ਨੂੰ ਬ੍ਰਹਮ ਦਾ ਆਭਾਸ ਮਾਤਰ ਕਿਹਾ ਗਿਆ ਹੈ।[45] ਅਚਾਰੀਆ ਸ਼ੰਕਰ ਅਨੁਸਾਰ ਜੀਵ ਜਲ ਵਿੱਚ ਸੂਰਜ ਦੇ ਪ੍ਰਤਿਬਿੰਬ ਦੇ ਸਮਾਨ ਹੈ। ਜੀਵ ਨੂੰ ਪਰਮਾਤਮਾ ਦਾ ਆਭਾਸ ਮਾਤਰ ਕਹਿਣ ਵਿੱਚ ਉਸਦੀ ਵਿਵਹਾਰਕ ਸੱਤਾ ਨੂੰ ਮੁੱਖ ਰੱਖਿਆ ਗਿਆ ਹੈ। ਜਿਸ ਤਰ੍ਹਾਂ ਜਲ ਵਿੱਚ ਸੂਰਜ ਦਾ ਪ੍ਰਤਿਬਿੰਬ ਨਾ ਤਾਂ ਸਾਖਿਆਤ ਸੂਰਜ ਹੀ ਹੁੰਦਾ ਹੈ ਅਤੇ ਨਾ ਹੀ ਸੂਰਜ ਤੋਂ ਵਖ ਪ੍ਰਤਿਬਿੰਬ ਦੀ ਕੋਈ ਹੋਂਦ ਹੁੰਦੀ ਹੈ, ਉਸੇ ਤਰ੍ਹਾਂ ਵਿਵਹਾਰਕ ਜੀਵ ਨਾ ਤਾਂ ਸ਼ੁੱਧ ਪਰਮਾਤਮਾ ਹੀ ਹੈ ਅਤੇ ਨਾ ਹੀ ਉਸ ਤੋਂ ਭਿੰਨ ਕੋਈ ਹੋਰ ਤੱਤ।

ਅਚਾਰੀਆ ਸ਼ੰਕਰ ਜੀਵ ਅਤੇ ਬ੍ਰਹਮ ਦੀ ਏਕਾਤਮਾ ਵਿੱਚ 'ਤਤ੍ਵਮਸਿ' 'ਅਹੰ ਬ੍ਰਹਮ ਅਸਮਿ' ਜਿਹੇ ਉਪਨਿਸ਼ਦਕ ਵਾਕਾਂ ਨੂੰ ਪ੍ਰਮਾਣ ਮੰਨਦੇ ਹਨ। ਉਹਨਾਂ ਅਨੁਸਾਰ ਜੀਵ ਅਤੇ ਬ੍ਰਹਮ ਦਾ ਅਭੇਦ ਸੁਭਾਵਕ ਹੈ। ਭੇਦ ਤਾਂ ਅਵਿਦਿਆ ਦੁਆਰਾ ਉਤਪਤ ਹੁੰਦਾ ਹੈ। ਇਸ

39 ਬ੍ਰਹਮ ਸੂਤਰ, ਸ਼ੰਕਰ ਭਾਸ਼, 1/319
40 ਓਹੀ, 2/3/41
41 ਓਹੀ, 2/3/42
42 ਓਹੀ, 3/2/5
43 ਬ੍ਰਹਮ ਸੂਤਰ, 2/3/43
44 ਬ੍ਰਹਮ ਸੂਤਰ, ਸ਼ੰਕਰ ਭਾਸ਼, 2/3/43
45 ਬ੍ਰਹਮ ਸੂਤਰ, 2/3/50

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਨਾਸ਼ ਨਾਲ ਜੀਵ ਅਬਿਨਾਸ਼ੀ ਪਰਮਾਤਮਾ ਦੇ ਨਾਲ ਏਕਤਾ ਪ੍ਰਾਪਤ ਕਰ ਲੈਂਦਾ ਹੈ।[46]

ਜੀਵ ਅਤੇ ਈਸ਼ਵਰ ਵਿੱਚ ਧਿਆਤਾ ਅਤੇ ਧੇਅ ਦਾ ਭੇਦ ਹੈ। ਜਿਸ ਤਰ੍ਹਾਂ ਅਨੇਕ ਅਕਾਰਾਂ ਵਿੱਚ ਰਹਿਕੇ ਵੀ ਸਰਪ ਦਾ ਰੂਪ ਪਰਿਵਰਤਨ ਨਹੀਂ ਹੁੰਦਾ ਉਸੇ ਤਰ੍ਹਾਂ ਧਿਆਤਾ ਰੂਪ ਵਿੱਚ ਜੀਵ-ਭੇਦ ਹੁੰਦਿਆਂ ਹੋਇਆਂ ਵੀ ਧੇਅ-ਰੂਪ ਵਿੱਚ ਜੀਵ ਅਤੇ ਬ੍ਰਹਮ ਦਾ ਅਭੇਦ ਹੈ।[47] ਇੰਜ ਹੀ ਪ੍ਰਕਾਸ਼ ਅਤੇ ਉਸਦੇ ਆਧਾਰ ਦਾ ਭੇਦ ਵੀ ਹੈ ਅਤੇ ਅਭੇਦ ਵੀ। ਸੂਰਜ ਅਤੇ ਉਸਦੇ ਪ੍ਰਕਾਸ਼ ਵਿੱਚ ਵਿਸ਼ੇਸ਼ ਭੇਦ ਨਹੀਂ ਹੈ ਕਿਉਂਕਿ ਦੋਹਾਂ ਵਿੱਚ ਤੇਜਸਤਾ ਦੇ ਗੁਣ ਦੀ ਸਾਂਝ ਹੈ। ਇੰਜ ਹੀ ਈਸ਼ਵਰ ਅਤੇ ਜੀਵ ਵਿੱਚ ਅਭੇਦ ਅਤੇ ਭੇਦ ਹੈ।[48] ਪਰ ਇਹ ਭੇਦ ਕਲਪਨਾ ਮਾਤਰ ਹੀ ਹੈ। ਸਰਪ ਭਾਵੇਂ ਵਕਰਾਕਾਰ ਹੋਵੇ ਅਤੇ ਭਾਵੇਂ ਕੁੰਡਲਾਕਾਰ, ਉਹ ਇਕ ਹੀ ਰਹੇਗਾ। ਇੰਜ ਹੀ ਸੂਰਜ ਅਤੇ ਉਸਦੇ ਪ੍ਰਕਾਸ਼ ਵਿਚਲਾ ਭੇਦ ਕਥਨ ਮਾਤਰ ਹੀ ਹੈ। ਅਚਾਰੀਆ ਸ਼ੰਕਰ ਅਨੁਸਾਰ ਅਭੇਦ ਪ੍ਰਮਾਣਿਤ ਹੈ, ਨਿਸ਼ਚਿਤ ਹੈ ਪਰ ਭੇਦ ਕੇਵਲ ਉਪਾਸਨਾ ਦੇ ਲਈ ਹੀ ਉਪਯੋਗੀ ਹੈ। ਭੇਦ ਅਗਿਆਨ ਅਵਸਥਾ ਤਕ ਹੀ ਸਥਿਤ ਹੈ ਪਰ ਅਭੇਦ ਸੂਰਜ ਅਤੇ ਪ੍ਰਕਾਸ਼ ਦੇ ਏਕੇ ਦਾ ਗਿਆਨ ਜਾਂ ਸਰਪ ਦੀ ਇਕ ਰੂਪਤਾ ਦਾ ਗਿਆਨ ਹੋਣ ਦੇ ਸਮਾਨ ਸੱਤ ਦਾ ਅੰਤਿਮ ਨਿਰਣਾ ਹੈ।[49] ਗੱਲ ਕੀ, ਸ਼ੰਕਰ ਦੇ ਅਦਵੈਤਵਾਦੀ ਸਿਧਾਂਤ ਅਨੁਸਾਰ ਜੀਵ ਅਤੇ ਬ੍ਰਹਮ ਵਿੱਚ ਅਭੇਦ ਦੀ ਪ੍ਰਤਿਸ਼ਠਾ ਹੈ।

ਦਖਣ ਦੇ ਵੈਸ਼ਣਵ ਆਲਵਾਰਾਂ ਨੇ ਜਿੰਨੇ ਵਿਸਥਾਰ ਨਾਲ ਈਸ਼ਵਰ ਸੰਬੰਧੀ ਵਿਚਾਰ ਪ੍ਰਗਟਾਏ ਹਨ ਉੱਨੇ ਵਿਸਥਾਰ ਨਾਲ ਉਹਨਾਂ ਨੇ ਜੀਵ ਸੰਬੰਧੀ ਵਿਚਾਰਾਂ ਦਾ ਪ੍ਰਗਟਾਵਾ ਨਹੀਂ ਕੀਤਾ। ਫੇਰ ਵੀ ਉਹਨਾਂ ਦੇ ਕੁਝ ਪਦਿਆਂ ਤੋਂ ਈਸ਼ਵਰ ਅਤੇ ਜੀਵ ਸੰਬੰਧ, ਜੀਵ-ਸਰੂਪ ਅਤੇ ਜੀਵ ਦੀ ਸ਼ਕਤੀ-ਸਮਰੱਥਾ ਆਦਿ ਦੇ ਵਿਸ਼ੇ ਸੰਬੰਧੀ ਕੁਝ ਜਾਣਕਾਰੀ ਜ਼ਰੂਰ ਪ੍ਰਾਪਤ ਹੋ ਜਾਂਦੀ ਹੈ।

ਆਲਵਾਰ ਭਗਤਾਂ ਨੇ ਜੀਵ ਅਤੇ ਬ੍ਰਹਮ ਦਾ ਸੰਬੰਧ ਅੰਸ਼ ਅਤੇ ਅੰਸ਼ੀ, ਸਰੀਰ ਅਤੇ ਸਰੀਰੀ ਦੇ ਰੂਪ ਵਿੱਚ ਮੰਨਿਆ ਹੈ। ਨੰਮ ਆਲਵਾਰ ਅਨੁਸਾਰ ਸਮਸਤ ਜੀਵ ਭਗਵਾਨ ਤੋਂ ਉਤਪੰਨ ਹੋਏ ਹਨ, ਭਗਵਾਨ ਹੀ ਉਹਨਾਂ ਦੇ ਸੁਆਮੀ ਹਨ। ਤਿਰੁਮਲਿਸ਼ੈ ਆਲਵਾਰ ਨੇ ਜੀਵ ਅਤੇ ਬ੍ਰਹਮ ਵਿਚਕਾਰ ਅੰਸ਼ ਅਤੇ ਅੰਸ਼ੀ ਦਾ ਸੰਬੰਧ ਦਰਸਾਦਿਆਂ ਕਿਹਾ ਹੈ ਕਿ ਸਮੁੰਦਰ ਵਿੱਚ ਤਰੰਗਾਂ ਉਠਦੀਆਂ ਹਨ ਅਤੇ ਉਸੇ ਵਿੱਚ ਸਮਾ ਜਾਂਦੀਆਂ ਹਨ। ਤਰੰਗਾਂ ਦੀ ਸਮੁੰਦਰ ਤੋਂ ਵੱਖਰੀ ਕੋਈ ਹਸਤੀ ਨਹੀਂ। ਇਸੇ ਤਰ੍ਹਾਂ ਜੀਵ ਵੀ ਭਗਵਾਨ ਤੋਂ ਜਨਮ ਲੈਂਦੇ ਹਨ ਅਤੇ ਉਸੇ ਵਿੱਚ ਲੀਨ ਹੋ ਜਾਂਦੇ ਹਨ। ਉਹਨਾਂ ਦੀ ਵੀ ਵਖਰੀ ਕੋਈ ਹੋਂਦ ਨਹੀਂ। ਜੀਵ ਤਾਂ ਭਗਵਾਨ ਦੇ ਅੰਸ਼-ਰੂਪ ਹਨ।[50] ਅੰਸ਼-ਰੂਪ ਜੀਵ ਅੰਤ ਵਿੱਚ ਅੰਸ਼ੀ-ਰੂਪ ਬ੍ਰਹਮ ਵਿੱਚ ਲੀਨ ਹੋ ਜਾਂਦਾ ਹੈ, ਇਸ ਤੱਤ ਨੂੰ ਸਪਸ਼ਟ ਕਰਦਿਆਂ

46 ਬ੍ਰਹਮ ਸੂਤਰ, ਸ਼ੰਕਰ ਭਾਸ਼ 3/2/26
47 ਓਹੀ, 3/2/27
48 ਓਹੀ, 3/2/28
49 ਓਹੀ, 3/2/29
50 ਤਿਰੁਚਿੰਤ ਵਿਰੁਤਮ, 10

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆਂ ਪੈਇਗੈ ਆਲਵਾਰ ਕਹਿੰਦੇ ਹਨ ਕਿ ਜਿਸ ਤਰ੍ਹਾਂ ਸਰਿਤਾ ਸਾਗਰ ਵਿਚ ਪ੍ਰਵਾਹਿਤ ਹੁੰਦੀ ਹੈ, ਪੁਸ਼ਪ ਸੂਰਜ ਦੀਆਂ ਕਿਰਣਾਂ ਦੀ ਉਡੀਕ ਵਿੱਚ ਹੁੰਦਾ ਹੈ ਉਸੇ ਤਰ੍ਹਾਂ ਜੀਵ ਵੀ ਭਗਵਾਨ ਵਿੱਚ ਲੀਨ ਹੋਣ ਲਈ ਤਾਂਘਦਾ ਹੈ।[51] ਪਾਰਬ੍ਰਹਮ ਦਾ ਅੰਸ਼ ਜੀਵ, ਇਸ ਸੰਸਾਰ ਦੀ ਮਾਇਆ ਵਿੱਚ ਗ੍ਰਸਿਤ ਹੋ ਕੇ ਆਪਣੇ ਸੱਤ-ਸਰੂਪ ਨੂੰ ਵਿਸਾਰ ਦਿੰਦਾ ਹੈ। ਉਹ ਘਟ ਘਟ ਵਿੱਚ ਵਿਆਪਕ ਈਸ਼ਵਰ ਦੇ ਅੰਤਰਯਾਮੀ ਸਰੂਪ ਤੋਂ ਅਨਜਾਣ ਰਹਿੰਦਾ ਹੈ ਅਤੇ ਇਹ ਵੀ ਨਹੀਂ ਜਾਣਦਾ ਕਿ ਮੈਂ ਪਾਰਬ੍ਰਹਮ ਦਾ ਅੰਸ਼ ਹਾਂ। ਅਵਿੱਦਿਆ ਕਾਰਣ ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ।[52]

ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਅਨੁਸਾਰ ਸ਼ੰਕਰ ਦੇ ਅਦਵੈਤਵਾਦ ਦੇ ਉਲਟ ਜੀਵ ਅਤੇ ਈਸ਼ਵਰ ਇਕ ਨਹੀਂ ਹਨ। ਜਿਵੇਂ ਅੰਸ਼ ਦੀ ਹੋਂਦ ਸੰਪੂਰਣ ਤੇ, ਗੁਣ ਦੀ ਹੋਂਦ ਉਸ ਵਸਤੂ ਤੇ ਜਿਸ ਨਾਲ ਉਸਦਾ ਸੰਬੰਧ ਹੈ ਅਤੇ ਸਰੀਰ ਦੀ ਹੋਂਦ ਆਤਮਾ ਤੇ ਆਧਾਰਤ ਹੈ, ਉਸੇ ਤਰ੍ਹਾਂ ਜੀਵ ਦੀ ਹਸਤੀ ਵੀ ਈਸ਼ਵਰ ਤੇ ਨਿਰਭਰ ਹੈ। ਜੀਵ ਵਿੱਚ ਪਰਾਧੀਨਤਾ ਦਾ ਵਿਸ਼ੇਸ਼ ਗੁਣ ਹੈ ਜਿਸ ਕਾਰਣ ਉਹ ਈਸ਼ਵਰ ਤੇ ਨਿਰਭਰ ਰਹਿੰਦਾ ਹੈ।[53]

ਰਾਮਾਨੁਜ ਅਨੁਸਾਰ ਜੀਵ ਅਨੰਤ ਹਨ। ਉਹ ਇਕ ਦੂਜੇ ਤੋਂ ਭਿੰਨ ਵੀ ਹਨ। ਜੀਵਾਂ ਦੇ ਸਮੁੱਚੇ ਤੌਰ ਤੇ ਨਿੱਤ, ਮੁਕਤ ਅਤੇ ਬੱਧ ਤਿੰਨ ਭੇਦ ਹਨ। ਨਿੱਤ ਜੀਵ ਕਰਮ ਅਤੇ ਪ੍ਰਕਿਰਤੀ ਤੋਂ ਮੁਕਤ ਹੋਕੇ ਆਨੰਦ ਭੋਗਦੇ ਹੋ ਏ ਬੈਕੁੰਠ ਵਿੱਚ ਨਿਵਾਸ ਕਰਦੇ ਹਨ। ਮੁਕਤ ਜੀਵ ਆਪਣੀ ਬੁੱਧੀ ਅਤੇ ਭਗਤੀ ਦੇ ਬਲ ਦੇ ਆਧਾਰ ਤੇ ਮੁਕਤੀ ਪ੍ਰਾਪਤ ਕਰਦੇ ਹਨ। ਬੱਧ ਜੀਵ ਆਪਣੇ ਅਗਿਆਨ ਅਤੇ ਸੁਆਰਥ ਦੇ ਵਸ ਸੰਸਾਰ ਵਿੱਚ ਹੀ ਵਿਚਰਦੇ ਰਹਿੰਦੇ ਹਨ। ਬੱਧ ਜੀਵ ਦੇ ਵੀ ਦੋ ਮੁਖ ਭੇਦ ਕੀਤੇ ਗਏ ਹਨ—ਬੁਭੁਕਛੂ[54] ਅਤੇ

---

51 (ੳ) ਮੁਦਲ ਤਿਰੁਵੰਤਾਦਿ, 67

(ਅ) ਤਿਰੁਮੰਗੈ ਆਲਵਾਰ ਦਾ ਕਥਨ ਹੈ ਕਿ ਜਿਸ ਪ੍ਰਕਾਰ ਗਰਮ ਕੀਤੇ ਹੋਏ ਲੋਹੇ ਉਪਰ ਪਾਣੀ ਦੀਆਂ ਬੂੰਦਾਂ ਸੁਟਣ ਨਾਲ, ਉਹ ਆਪ ਸੁਕ ਕੇ ਲੋਹੇ ਵਿਚ ਵਿਲੀਨ ਹੋ ਜਾਂਦੀਆਂ ਹਨ ਅਤੇ ਫੇਰ ਉਹਨਾਂ ਦੀ ਵੱਖਰੀ ਕੋਈ ਹੋਂਦ ਨਹੀਂ ਰਹਿੰਦੀ, ਉਸੇ ਤਰ੍ਹਾਂ ਮੈਂ (ਜੀਵ) ਭਗਵਾਨ ਵਿਚ ਲੀਨ ਹੋ ਜਾਣਾ ਚਾਹੁੰਦਾ ਹਾਂ। (ਤਿਰੁਕਕੁਰੁੰਤਾਂਡਕਮ, 5)

52 ਪੇਰਿ ਤਿਰੁਵੰਤਾਦਿ, 3

53 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮੰਨਮੋਹਨ ਸਿੰਘ. ਪੰਨਾ 64

54 ਬੁਭੁਕਛੂ ਉਹ ਜੀਵ ਹਨ ਜੋ ਸੰਸਾਰ ਦੇ ਸੁਖ-ਭੋਗ ਦੀ ਇੱਛਾ ਰਖਦੇ ਅਤੇ ਅਨਿਕ ਪ੍ਰਕਾਰ ਦੇ ਸੁਖਾਂ ਨੂੰ ਆਪਣਾ ਜੀਵਨ-ਲਖਸ਼ ਸਮਝਦੇ ਹਨ ਪਰ ਸੰਸਾਰ-ਬੰਧਨ ਤੋਂ ਛੁਟਕਾਰਾ ਪ੍ਰਾਪਤ ਕਰਨ ਦੇ ਜਤਨ ਨਹੀਂ ਕਰਦੇ। ਇਹਨਾਂ ਦੇ ਵੀ ਦੋ ਭੇਦ ਕੀਤੇ ਜਾਂਦੇ ਹਨ—(1) ਅਰਥਕਾਮਪਰ (2) ਧਰਮਪਰ। ਪਹਿਲੇ ਉਹ ਜੀਵ ਹਨ ਜੋ ਹਰ ਸਮੇਂ ਸੁਖਾਂ ਨੂੰ ਪ੍ਰਾਪਤ ਕਰਨ ਲਈ ਬੇਤਾਬ ਰਹਿੰਦੇ ਹਨ। ਦੂਜੇ ਉਹ ਜੀਵ ਹਨ ਜੋ ਚੰਗੇ ਫਲ ਦੀ ਪ੍ਰਾਪਤੀ ਦੀ ਇੱਛਾ ਨਾਲ ਪੁੰਨ ਕਰਦੇ ਹਨ, ਉਹਨਾਂ ਦਾ ਪਰਉਪਕਾਰ ਅਤੇ ਹਰ ਕੰਮ ਸਕਾਮ ਹੁੰਦਾ ਹੈ, ਨਿਸ਼ਕਾਮ ਨਹੀਂ। ਉਹ ਮੰਨਦੇ ਹਨ ਕਿ ਸੰਸਾਰ ਵਿੱਚ ਅੰਨਿਆਂ ਨਹੀਂ ਹੈ। ਚੰਗੇ-ਮੰਦੇ ਕਰਮਾਂ ਦਾ ਚੰਗਾ-ਮੰਦਾ ਫਲ ਜ਼ਰੂਰ ਮਿਲਦਾ ਹੈ, ਇਸ ਲਈ ਚੰਗਾ ਕੰਮ ਕਰਨਾ ਚਾਹੀਦਾ ਹੈ। ਜੇ ਸੁਕਰਮ ਨਾ ਕਰ ਸਕਣ ਤਾਂ ਅਜਿਹੇ ਜੀਵ ਕੁਕਰਮਾਂ ਤੋਂ

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਮੁਕਛੂ ।[55] ਇਹਨਾਂ ਦੇ ਵੀ ਅਗੋਂ ਚਾਰ ਭੇਦ ਹਨ—ਦਿਬਯ, ਮਨੁੱਖ ਪਸ਼ੂ ਅਤੇ ਸਥਾਵਰ । ਮੁਕਤ ਜੀਵਾਂ ਦੇ ਵੀ ਦੋ ਭੇਦ ਮੰਨੇ ਗਏ ਹਨ – ਅਰਥਾਤ ਸ਼ੁੱਧ ਭਗਤ ਜੋ ਸੰਸਾਰ ਅੰਦਰ ਭਗਵਾਨ ਦੀ ਭਗਤੀ ਵਿੱਚ ਮਗਨ ਰਹਿੰਦੇ ਹੋਏ ਸੁਆਰਥ ਅਧੀਨ ਭਗਵਾਨ ਦੀ ਸੇਵਾ ਕਰਨਾ ਚਾਹੁੰਦੇ ਹਨ ਅਤੇ ਕੇਵਿਲਨ ਜੋ ਆਪਣੀ ਆਤਮਾ ਦੇ ਸਰੂਪ ਦਾ ਨਿਰੰਤਰ ਚਿੰਤਨ ਕਰਦੇ ਹੋਏ ਮੋਖ ਨੂੰ ਪ੍ਰਾਪਤ ਕਰਦੇ ਹਨ ।[56]

ਮਧਵਾਚਾਰੀਆ ਦੇ ਦਵੈਤਵਾਦ ਅਨੁਸਾਰ ਜੀਵ ਅਤੇ ਬ੍ਰਹਮ ਵਿੱਚ ਭੇਦ ਹੈ । ਜੀਵ

ਅਵੱਸ਼ ਹੀ ਦੂਰ ਰਹਿਣ ਦਾ ਜਤਨ ਕਰਦੇ ਹਨ । ਇਹਨਾਂ ਜੀਵਾਂ ਦੀ ਮਨੋਂਤ ਹੈ ਕਿ ਇਸ ਜਨਮ ਵਿੱਚ ਕੀਤੇ ਕਰਮਾਂ ਦਾ ਫਲ ਜੇ ਇਸ ਜਨਮ ਵਿੱਚ ਨਾ ਮਿਲਿਆ ਤਾਂ ਦੂਸਰੇ ਅਰਥਾਤ ਅਗਲੇਰੇ ਜਨਮਾਂ ਵਿਚ ਜ਼ਰੂਰ ਮਿਲੇਗਾ । ਧਰਮਪਰ ਜੀਵਾਂ ਦੇ ਵੀ ਦੋ ਭੇਦ ਹਨ—(1) ਭਗਵਤਪਰ ਅਤੇ (2) ਦੇਵਤਾਂਤਰਪਰ । ਪਹਿਲੀ ਭਾਂਤ ਦੇ ਉਹ ਜੀਵ ਹਨ ਜੋ ਆਪਣੀਆਂ ਇੱਛਾਵਾਂ ਅਤੇ ਸ਼ੁਭ ਕਰਮਾਂ ਦੇ ਫਲਾਂ ਨੂੰ ਕੇਵਲ ਭਗਵਾਨ ਤੋਂ ਹੀ ਮੰਗਦੇ ਹਨ । ਦੂਜੀ ਭਾਂਤ ਦੇ ਉਹ ਜੀਵ ਹਨ ਜੋ ਭਗਵਾਨ ਨੂੰ ਛਡਕੇ ਹੋਰਨਾਂ ਦੇਵਤਿਆਂ ਅਗੇ ਯਾਚਨਾ ਕਰਦੇ ਹਨ ।

(ਰਾਮਾਨੁਜਾਚਾਰੀਆ, ਵਿਸ਼ਿਸ਼ਟਾਦਵੈਤਿਕ ਭਕਤੀ ਦਰਸ਼ਨ, ਡਾ. ਸਰਨਾਮ ਸਿੰਘ ਸ਼ਰਮਾ)

55 ਮੁਮੁਕਛੂ ਜੀਵ ਪਰਮਾਤਮਾ ਨੂੰ ਪਰਮਾਤਮਾ ਦੇ ਲਈ ਹੀ ਭਜਦੇ ਹਨ । ਉਹਨਾਂ ਦੀਆਂ ਕਾਮਨਾਵਾਂ ਦਾ ਆਦਿ ਅਤੇ ਅੰਤ ਪਰਮਾਤਮਾ ਹੀ ਹੈ । ਮੁਮੁਕਛੂ ਦੋ ਪ੍ਰਕਾਰ ਦੇ ਹੰਦੇ ਹਨ—(1) ਕੈਵਲਯਪਰ ਅਤੇ (2) ਭਗਵਤਪਰ.। ਪਹਿਲੇ ਉਹ ਜੀਵ ਹਨ ਜੋ ਮਾਇਆ-ਬੰਧਨ ਤੋਂ ਛੁਟ ਜਾਂਦੇ ਹਨ ਅਤੇ ਅਜਿਹੀ ਅਵਸਥਾ ਵਿਚ ਆਪਣੇ ਮਾਇਆ-ਰਹਿਤ ਆਤਮ-ਸਰੂਪ ਦਾ ਆਨੰਦ ਭੋਗਦੇ ਹਨ । ਇਹ ਪਰਮਾਤਮਾ ਦੀ ਚੇਤਨ-ਵਿਸ਼ਿਸ਼ਟਤਾ ਦੀ ਉਪਾਸਨਾ ਕਰਦੇ ਹਨ । ਇਸ ਸਾਧਨਾ ਨੂੰ ਕੈਵਲਯ ਦੀ ਉਪਾਸਨਾ ਕਹਿੰਦੇ ਹਨ । ਇਹੀ ਚੇਤਨ-ਵਿਸ਼ਿਸ਼ਟ-ਬ੍ਰਹਮ-ਉਪਾਸਨਾ ਵੀ ਅਖਵਾਉਂਦੀ ਹੈ । ਅਜਿਹੇ ਜੀਵਾਂ ਲਈ ਇਸ਼ਟਦੇਵ ਨਾਰਾਇਣ ਹੀ ਸਭ ਕੁਝ ਹਨ । ਭਾਗਵਤਪਰ ਜੀਵਾਂ ਦੇ ਦੋ ਭੇਦ ਹਨ—(1) ਭਗਤ (2) ਪ੍ਰਪੰਨ । ਜੋ ਭਗਤ ਹਨ ਉਹ ਪਰਮਾਤਮਾ ਨਾਲ ਪ੍ਰੇਮ ਕਰਦੇ ਹਨ, ਪ੍ਰੇਮ ਪੂਰਬਕ ਭਗਵਦ-ਪੂਜਨ ਕਰਕੇ ਆਨੰਦਿਤ ਰਹਿੰਦੇ ਹਨ ਅਤੇ ਆਪਣੀ ਪ੍ਰੇਮ-ਤੀਬਰਤਾ ਦੁਆਰਾ ਭਗਵਾਨ ਦੇ ਸਾਕਾਰ ਰੂਪ ਨੂੰ ਵੀ ਪ੍ਰਗਟ ਕਰਾ ਲੈਂਦੇ ਹਨ । ਪ੍ਰਪੰਨ ਉਹ ਹਨ ਜਿਹਨਾਂ ਨੇ 'ਪ੍ਰਪੱਤੀ' ਅੰਗੀਕਾਰ ਕਰ ਲਈ ਹੈ ਅਰਥਾਤ ਸਮਸਤ ਧਰਮਾਂ ਨੂੰ ਤਿਆਗਕੇ ਜੋ ਕੇਵਲ ਇਕ ਨਾਰਾਇਣ ਦੀ ਸ਼ਰਣ ਵਿਚ ਚਲੇ ਗਏ ਹਨ । ਇਹਨਾਂ ਨੂੰ ਹੀ 'ਭਾਗਵਤ' ਕਹਿੰਦੇ ਹਨ । ਭਾਗਵਤਾਂ ਦਾ ਨਿਵਾਸ ਬੈਕੁੰਠ-ਲੋਕ ਵਿੱਚ ਹੁੰਦਾ ਹੈ । ਪ੍ਰਪੰਨ ਦੇ ਵੀ ਅਗੋਂ ਦੋ ਭੇਦ ਕੀਤੇ ਗਏ ਹਨ—(1) ਇਕਾਂਤ (2) ਪਰਮ ਇਕਾਂਤ । ਇਹਨਾਂ ਦੋਹਾਂ ਨੂੰ ਹੀ ਭਗਵਦ-ਕਿਰਪਾ ਅਤੇ ਭਗਵਦ-ਗੁਣ-ਅਨੁਭਵ ਦੀ ਪ੍ਰਾਪਤੀ ਹੁੰਦੀ ਹੈ । ਪਹਿਲੇ ਇਸ ਵਿਚ ਆਪਣੀ ਉਤਕ੍ਰਿਸ਼ਟਤਾ ਮੰਨਦੇ ਹਨ । ਭਗਵਦ-ਸੁਖ-ਉੱਲਾਸ-ਮਾਤ੍ਰ ਨਾਲ ਹੀ ਜਿਹਨਾਂ ਦਾ ਉਤਸ਼ਾਹ ਬਣਿਆਂ ਰਹਿੰਦਾ ਹੈ ਉਹਨਾਂ ਨੂੰ ਪਰਮ-ਇਕਾਂਤ ਕਹਿੰਦੇ ਹਨ । ਪਹਿਲੀ ਨਾਲੋਂ ਦੂਜੀ ਭਾਂਤ ਨੂੰ ਉਚੇਰਾ ਮੰਨਿਆਂ ਜਾਂਦਾ ਹੈ । ਪਰਮ ਏਕਾਂਤ ਦੇ ਵੀ ਦੋ ਭੇਦ ਹਨ-- (1) ਦ੍ਰਿਪਤ ਅਤੇ (2) ਆਰਤ । ਦੋਹਾਂ ਭਾਂਤ ਦੇ ਜੀਵਾਂ ਲਈ ਭਗਵਤ-ਵਿਜੋਗ ਅਸਹਿ ਹੁੰਦਾ ਹੈ ਪਰ ਅੰਤਰ ਕੇਵਲ ਇੰਨਾ ਹੈ ਕਿ ਜਿਥੇ ਪਹਿਲੀ ਭਾਂਤ ਦੇ ਜੀਵ ਭਗਵਾਨ ਦਾ ਵਿਜੋਗ ਕੁਝ ਹੱਦ ਤੀਕ ਸਹਿ ਲੈਂਦੇ ਹਨ ਉਥੇ ਦੂਜਿਆਂ ਲਈ ਇਹ ਬਿਲਕੁਲ ਅਸਹਿ ਹੁੰਦਾ ਹੈ ।

(ਰਾਮਾਨੁਜਾਚਾਰੀਆ, ਵਿਸ਼ਿਸ਼ਟਾਦਵੈਤਿਕ ਭਕਤੀ ਦਰਸ਼ਨ, ਡਾ. ਸਰਨਾਮ ਸਿੰਘ ਸ਼ਰਮਾ)

56 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਪੰਨਾ 64-65

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਈਸ਼ਵਰ ਦੇ ਅਧੀਨ ਹੈ। ਅਲਪ ਗਿਆਨ ਅਤੇ ਅਲਪ ਸ਼ਕਤੀ ਕਾਰਣ ਉਹ ਕਿਸੇ ਵੀ ਕੰਮ ਨੂੰ ਪੂਰਾ ਨਹੀਂ ਕਰ ਸਕਦਾ। ਜੀਵਾਂ ਦੀ ਗਿਣਤੀ ਵੀ ਅਨੇਕ ਹੈ। ਸਮਸਤ ਜੀਵਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ—ਅਰਥਾਤ ਮੁਕਤੀ ਯੋਗ, ਨਿਤ ਸੰਸਾਰੀ ਅਤੇ ਤਮੋਯੋਗ। ਬ੍ਰਹਮਾ, ਅਗਨੀ, ਵਾਯੂ ਆਦਿ ਦੇਵਤੇ, ਨਾਰਦ, ਵਿਸ਼ਵਾਮਿੱਤਰ ਆਦਿ ਉੱਤਮ ਪੁਰਖ ਮੁਕਤੀ ਯੋਗ ਜੀਵ, ਦੈਂਤ ਅਤੇ ਰਾਖਸ਼ ਆਦਿ ਤਮੋ ਜੀਵ ਅਤੇ ਇਹਨਾਂ ਦੋਹਾਂ ਦੀ ਵਿਚਕਾਰਲੀ ਸ਼੍ਰੇਣੀ ਵਾਲੇ ਆਮ ਮਨੁੱਖ ਨਿੱਤ ਸੰਸਾਰੀ ਜੀਵ ਹਨ ਜੋ ਸੁਅਰਗ, ਨਰਕ ਅਤੇ ਪ੍ਰਿਥਵੀ ਆ ਦਿ ਉਪਰ ਰਹਿੰਦੇ ਹੋਏ ਦੁਖ ਭੋਗਿਆ ਕਰਦੇ ਹਨ। ਮੁਕਤੀ ਦੀ ਅਵਸਥਾ ਵਿੱਚ ਵੀ ਭਿੰਨ ਭਿੰਨ ਜੀਵ ਭਿੰਨ ਭਿੰਨ ਅਨੁਪਾਤ ਨਾਲ ਆਨੰਦ ਅਨੁਭਵ ਕਰਦੇ ਹਨ।[57]

ਦਵੈਤਾਦਵੈਤਵਾਦੀ ਨਿੰਮਬਾਰਕ ਅਨੁਸਾਰ ਜੀਵ ਅਤੇ ਬ੍ਰਹਮ ਦਾ ਸੰਬੰਧ ਸ਼ਕਤੀ ਅਤੇ ਸ਼ਕਤੀਮਾਨ ਜਾਂ ਅੰਸ਼ ਅਤੇ ਅੰਸ਼ੀ ਦਾ ਹੈ। ਜੀਵ ਸਦਾ ਈਸ਼ਵਰ ਦੇ ਅਧੀਨ ਰਹਿੰਦਾ ਹੈ, ਇੱਥੋਂ ਤੀਕ ਕਿ ਮੁਕਤ ਅਵਸਥਾ ਵਿੱਚ ਵੀ ਉਹ ਈਸ਼ਵਰ ਦੇ ਆਸਰੇ ਹੀ ਹੁੰਦਾ ਹੈ। ਸਰੀਰਕ ਭਿੰਨਤਾ ਕਾਰਣ ਹਰੇਕ ਜੀਵ ਵਿਚ ਪਰਸਪਰ ਭੇਦ ਹੈ ਪਰ ਆਤਮਾ ਦੀ ਏਕਤਾ ਕਾਰਣ ਜੀਵਾਂ ਵਿਚ ਏਕਤਾ ਹੈ। ਜੀਵ ਸੰਖਿਆ ਵਿਚ ਅਨੇਕ ਹਨ। ਇਹ ਬੱਧ ਅਤੇ ਮੁਕਤ ਦੋ ਪ੍ਰਕਾਰ ਦੇ ਮੰਨੇ ਗਏ ਹਨ। ਬੱਧ ਜੀਵ ਸੰਸਾਰ ਦੇ ਅਨੇਕ ਦੁਖਾਂ ਦੇ ਬੰਧਨਾ ਵਿੱਚ ਪਏ ਰਹਿੰਦੇ ਹਨ। ਮੁਕਤ ਜੀਵ ਈਸ਼ਵਰ ਦੀ ਕਿਰਪਾ ਸਦਕਾ ਬੰਧਨ ਅਤੇ ਕਲੇਸ਼ ਤੋਂ ਨਿਵਿਰਤ ਹੋ ਕੇ ਮੁਕਤੀ ਪ੍ਰਾਪਤ ਕਰਦੇ ਹਨ। ਬਧ ਜੀਵ ਦੋ ਪ੍ਰਕਾਰ ਦੇ ਹੁੰਦੇ ਹਨ—ਮੁਮੁਕਛੂ ਅਤੇ ਬੁਭੁਕਛੂ। ਮੁਕਤੀ ਦੇ ਇੱਛਕ ਮੁਮੁਕਛੂ ਕਲੇਸ਼ਾਂ ਅਤੇ ਦੁੱਖਾਂ ਨਾਲ ਪੀੜਤ ਰਹਿੰਦੇ ਹਨ। ਬੁਭੁਕਛੂ ਵਿਸ਼ਯ-ਆਨੰਦ ਦੇ ਇੱਛਕ ਹੁੰਦੇ ਹਨ। ਮੁਕਤ ਜੀਵ ਵੀ ਦੋ ਪ੍ਰਕਾਰ ਦੇ ਹੁੰਦੇ ਹਨ—ਨਿਤਮੁਕਤ ਅਤੇ ਮੁਕਤ। ਨਿਤ-ਮੁਕਤਾਂ ਨੂੰ ਪ੍ਰਾਕ੍ਰਿਤ ਦੁਖਾਂ ਦਾ ਅਨੁਭਵ ਨਹੀਂ ਹੁੰਦਾ। ਉਹ ਈਸ਼ਵਰ ਦਾ ਸਰੂਪ-ਦਰਸ਼ਨ ਕਰਦੇ ਅਤੇ ਸਦਾ ਭਜਨ ਵਿੱਚ ਮਗਨ ਰਹਿੰਦੇ ਹਨ। ਮੁਕਤ ਜੀਵ ਕੇਵਲ ਅਵਿੱਦਿਆ ਕਾਰਣ ਉਪਜੇ ਦੁੱਖਾਂ ਤੋਂ ਰਹਿਤ ਹੁੰਦੇ ਹਨ। ਬੱਧ ਅਤੇ ਮੁਕਤ ਦੋਹਾਂ ਅਵਸਥਾਵਾਂ ਵਿਚ ਜੀਵ ਬ੍ਰਹਮ ਤੋਂ ਭਿੰਨ ਰਹਿੰਦਾ ਹੈ ਅਤੇ ਅਭਿੰਨ ਵੀ। ਇੰਜ ਦੋਹਾਂ ਦਾ ਭੇਦ-ਅਭੇਦ ਸੁਭਾਵਕ ਹੈ।[58]

ਵਲਭ ਨੇ ਆਪਣੇ ਸ਼ੁੱਧਾਦਵੈਤ ਵਿਚ ਬ੍ਰਹਮ ਦੀ ਇੱਛਾ ਤੋਂ ਹੀ ਜੀਵਾਂ ਦੀ ਉਤਪਤੀ ਮੰਨੀ ਹੈ। ਜਿਸ ਤਰ੍ਹਾਂ ਅਗਨੀ ਤੋਂ ਛੋਟੀਆਂ ਛੋਟੀਆਂ ਚਿੰਗਾੜੀਆਂ ਨਿਕਲਦੀਆਂ ਹਨ ਉਸੇ ਤਰ੍ਹਾਂ ਬ੍ਰਹਮ ਤੋਂ 'ਹੀਨ' ਅਤੇ 'ਤੇਜਸਵੀ' ਜੀਵਾਂ ਦੀ ਉਤਪਤੀ ਹੁੰਦੀ ਹੈ। ਜਿਵੇਂ ਅਗਨੀ ਅਤੇ ਚਿੰਗਾੜੀਆਂ ਸਰੂਪ ਵਿੱਚ ਇਕ ਹਨ ਉਸੇ ਤਰ੍ਹਾਂ ਬ੍ਰਹਮ ਅਤੇ ਜੀਵ ਦੀ ਵੀ ਸਰੂਪ ਵਜੋਂ ਅਭੇਦਤਾ ਹੈ ਅਰਥਾਤ ਜੀਵ ਵੀ ਉਤਨਾ ਹੀ ਸੱਤ ਹੈ ਜਿਤਨਾ ਬ੍ਰਹਮ। ਪਰ ਜੀਵ ਬ੍ਰਹਮ ਨਹੀਂ ਹੈ, ਉਹ ਕੇਵਲ ਬ੍ਰਹਮ ਦਾ ਅੰਸ਼ ਅਤੇ ਸੇਵਕ ਹੈ। ਅੰਸ਼ ਹੋਣ ਦੇ

57 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ 65
58 ਓਹੀ, ਪੰਨਾ 65

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਣ ਜੀਵ ਤੁਛ ਸਮਰੱਥਾ ਰਖਦਾ ਹੈ ਅਤੇ ਆਪਣੇ ਅੰਸ਼ੀ ਪਰਮਾਤਮਾ ਦੇ ਅਧੀਨ ਹੈ। ਵਲਭ ਅਨੁਸਾਰ ਅਵਿੱਦਿਆ ਜਾਂ ਮਾਇਆ ਦਾ ਪ੍ਰਭਾਵ ਜੀਵ ਉਪਰ ਹੀ ਪੈਂਦਾ ਹੈ ਜਿਸ ਕਾਰਣ ਸੰਸਾਰ-ਬਧ ਜੀਵ ਤੋਂ ਈਸ਼ਵਰੀ ਧਰਮ-ਕਰਮ ਲੋਪ ਹੋ ਜਾਂਦੇ ਹਨ ਅਤੇ ਉਹ ਸੰਸਾਰਕ ਧਰਮਾਂ ਨੂੰ ਹੀ ਦੁਖ ਸੁਖ ਸਮਝ ਕੇ ਆਪਣੇ ਕੀਤੇ ਕਰਮਾਂ ਕਾਰਣ ਅਨੇਕ ਜੂਨਾਂ ਵਿਚ ਭਟਕਦਾ ਫਿਰਦਾ ਹੈ।[59]

ਵਲਭ ਨੇ ਜੀਵ-ਸ੍ਰਿਸ਼ਟੀ ਨੂੰ ਦੋ ਪ੍ਰਕਾਰ ਦਾ ਮੰਨਿਆ ਹੈ—ਦੈਵੀ ਜੀਵ ਸ੍ਰਿਸ਼ਟੀ ਅਤੇ ਅਸੁਰੀ ਜੀਵ-ਸ੍ਰਿਸ਼ਟੀ। ਦੈਵੀ ਜੀਵ-ਸ੍ਰਿਸ਼ਟੀ ਨੂੰ 'ਪੁਸ਼ਟੀ-ਸ੍ਰਿਸ਼ਟੀ' ਅਤੇ 'ਮਰਯਾਦਾ-ਸ੍ਰਿਸ਼ਟੀ' ਨਾਮੀ ਦੋ ਭਾਗਾਂ ਵਿਚ ਵਡਿਆ ਗਿਆ ਹੈ। 'ਪੁਸ਼ਟੀ-ਸ੍ਰਿਸ਼ਟੀ' ਜਿਸ ਨੂੰ ਪਰਮਾਤਮਾ ਨੇ ਆਪਣੀ ਸਰੂਪ-ਸੇਵਾ ਲਈ ਉਤਪੰਨ ਕੀਤਾ ਹੈ, ਦੇ ਚਾਰ ਪ੍ਰਕਾਰ ਮੰਨੇ ਗਏ ਹਨ ਅਰਥਾਤ ਸ਼ੁੱਧ-ਪੁਸ਼ਟ, ਪੁਸ਼ਟੀ-ਪੁਸ਼ਟ, ਮਰਯਾਦਾ-ਪੁਸ਼ਟ ਅਤੇ ਪ੍ਰਵਾਹੀ-ਪੁਸ਼ਟ। ਸ਼ੁੱਧਾਦਵੈਤ ਵਿੱਚ ਮਰਯਾਦਾ ਜੀਵ ਨੂੰ ਪੂਰਣ ਪੁਰਸ਼ੋਤਮ ਦੀ ਸਰੂਪ-ਸੇਵਾ ਦੇ ਯੋਗ ਨਹੀਂ ਸਮਝਿਆ ਗਿਆ। ਸ਼ੁੱਧ-ਪੁਸ਼ਟ ਜੀਵ ਨੂੰ ਹੀ ਨਿੱਤ ਮੁਕਤ ਅਤੇ ਭਗਵਤ-ਸਰੂਪ ਮੰਨਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਜਦ ਪਾਰਬ੍ਰਹਮ ਅਵਤਾਰ ਧਾਰਣ ਕਰਦਾ ਹੈ ਤਾਂ ਇਹਨਾਂ ਸ਼ੁੱਧ-ਪੁਸ਼ਟ ਭਗਤਾਂ ਨੂੰ ਵੀ ਅਪਣੇ ਨਾਲ ਲੈ ਆਉਂਦਾ ਹੈ। ਪੁਸ਼ਟੀ-ਪੁਸ਼ਟ ਜੀਵ ਪਰਮਾਤਮਾ ਦੇ ਲੋਕ ਅਤੇ ਲੀਲ੍ਹਾਵਾਂ ਦੇ ਆਨੰਦ ਲਾਭ ਦੁਆਰਾ ਅਤੇ ਮਰਯਾਦ-ਪੁਸ਼ਟ ਜੀਵ ਕਰਮ ਅਤੇ ਗਿਆਨ ਦੁਆਰਾ ਮੋਖ ਪ੍ਰਾਪਤ ਕਰਦੇ ਹਨ। ਜੇਕਰ ਈਸ਼ਵਰ ਚਾਹੇ ਤਾਂ ਆਪਣੀ ਕਿਰਪਾ ਦੁਆਰਾ ਮਰਯਾਦਾ-ਪੁਸ਼ਟ ਜੀਵਾਂ ਨੂੰ ਵੀ ਆਪਣੀ ਲੀਲ੍ਹਾ ਵਿੱਚ ਸ਼ਾਮਿਲ ਕਰਕੇ ਪੁਸ਼ਟੀ-ਪੁਸ਼ਟ ਭਗਤਾਂ ਦੀ ਸ਼੍ਰੇਣੀ ਵਿੱਚ ਸੰਮਲਿਤ ਕਰ ਸਕਦਾ ਹੈ। ਪ੍ਰਵਾਹੀ-ਪੁਸ਼ਟ ਜੀਵ ਵਾਸਤਵ ਵਿੱਚ ਅਸੁਰੀ ਜੀਵ ਸ੍ਰਿਸ਼ਟੀ ਦੇ ਅੰਤਰਗਤ ਮੰਨੇ ਜਾਂਦੇ ਹਨ। ਅਗੱਯ ਅਤੇ ਦੁਰਗੱਯ ਨਾਮਕ ਉਹਨਾਂ ਦੇ ਦੋ ਭੇਦ ਕੀਤੇ ਗਏ ਹਨ। ਅਗੱਯ ਜੀਵਾਂ ਦਾ ਉਧਾਰ ਸੰਭਵ ਹੈ, ਦੁਰੱਗਯ ਜੀਵਾਂ ਨੂੰ ਤਾਂ ਹਮੇਸ਼ਾਂ ਹੀ ਸੰਸਾਰ-ਚੱਕਰ ਵਿਚ ਭ੍ਰਮਣਾ ਪੈਂਦਾ ਹੈ।[60]

ਚੈਤੰਨਯ ਦੇ ਅਚਿੰਤਯ ਭੇਦਾ-ਭੇਦ ਅਨੁਸਾਰ ਸ੍ਰੀ ਕ੍ਰਿਸ਼ਣ ਦਾ ਨਿੱਤ ਦਾਸਤਵ ਹੀ ਜੀਵ ਦਾ ਸਰੂਪ ਹੈ। ਸ੍ਰੀ ਕ੍ਰਿਸ਼ਣ ਵਿਭੁ-ਚਿੱਤ ਹਨ ਅਤੇ ਜੀਵ ਅਣੁ-ਚਿੱਤ ਹੈ। ਦੋਹਾਂ ਦਾ ਧਰਮ ਚੇਤਨਤਾ ਹੋਣ ਕਾਰਣ ਦੋਹਾਂ ਵਿੱਚ 'ਅਭੇਦ' ਹੈ। ਸ੍ਰੀ ਕ੍ਰਿਸ਼ਣ ਵਿਭੁ ਹਨ ਅਤੇ ਜੀਵ ਅਣੁ ਹੈ, ਇਸ ਲਈ ਦੋਹਾਂ ਵਿਚ 'ਭੇਦ' ਵੀ ਹੈ। ਇੰਜ ਚੈਤੰਨਯ ਦੇ ਮਤ ਵਿਚ ਪਰਮਾਤਮਾ ਅਤੇ ਜੀਵ ਦਾ ਸੰਬੰਧ 'ਭੇਦਾਭੇਦ'[61] ਸਿਧਾਂਤ ਤੇ ਆਧਾਰਤ ਹੈ।

---

59 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ: ਮਨਮੋਹਨ ਸਿੰਘ, ਪੰਨਾ 65-66

60 ਓਹੀ, ਪੰਨਾ 66

61 ਭਗਵਾਨ ਸ੍ਰੀ ਕ੍ਰਿਸ਼ਣ ਨੇ ਗੀਤਾ ਵਿੱਚ ਜੀਵ ਨੂੰ ਆਪਣੀ ਪਰਾ ਪ੍ਰਕਿਰਤੀ ਅਤੇ ਜੜ੍ਹ ਜਗਤ ਨੂੰ ਅਪਰਾ ਪ੍ਰਕਿਰਤੀ ਦੱਸਿਆ ਹੈ। ਪ੍ਰਕਿਰਤੀ ਨੂੰ ਹੀ ਸ਼ਕਤੀ ਕਹਿੰਦੇ ਹਨ। ਸ਼ਕਤੀ ਦੀ ਸੱਤਾ ਸ਼ਕਤੀਮਾਨ ਤੋਂ ਵਖਰੀ ਨਹੀਂ ਭਾਸਦੀ, ਇਸ ਲਈ ਇਹਨਾਂ ਦੋਹਾਂ ਵਿੱਚ ਅਭੇਦ ਹੈ ਅਤੇ ਸ਼ਕਤੀ

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜੇ ਸ਼ਬਦਾਂ ਵਿਚ ਜੀਵ ਅਣੁ ਚੈਤੰਨਯ, ਅਨਾਦਿ ਪਰ ਮਾਇਆ-ਮੋਹਿਤ ਅਤੇ ਬੱਧ ਹੈ। ਈਸ਼ਵਰ ਵਲੋਂ ਵਿਮੁੱਖਤਾ ਹੀ ਉਸ ਦੇ ਬੰਧਨ ਦਾ ਕਾਰਣ ਹੈ। ਈਸ਼ਵਰ ਦੀ ਕਿਰਪਾ ਦੁਆਰਾ ਜੀਵ ਦੇ ਬੰਧਨ ਕਟ ਜਾਂਦੇ ਹਨ ਅਤੇ ਉਹ ਮੁਕਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਮੁਕਤ ਜੀਵ ਬ੍ਰਹਮ ਦੇ ਸਮਾਨ ਆਨੰਦ ਪ੍ਰਾਪਤ ਕਰਦਾ ਹੋਇਆ ਵੀ ਉਸ ਤੋਂ ਵਖਰੀ ਸੱਤਾ ਰਖਦਾ ਹੈ। ਉਹ ਅਣੁ-ਰੂਪ ਹੋਣ ਦੇ ਕਾਰਣ ਸਰੂਪ ਅਤੇ ਸਮਰੱਥਾ ਵਿਚ ਵਿਭੁ-ਰੂਪ ਬ੍ਰਹਮ ਤੋਂ ਵੱਖਰਾ ਰਹਿੰਦਾ ਹੈ।

ਨਾਥ ਸੰਪ੍ਰਦਾਇ ਵਿੱਚ ਉਪਨਿਸ਼ਦਾਂ ਅਤੇ ਗੀਤਾ ਦੀ ਨਿਆਈਂ ਇਕ ਆਤਮ-ਤੱਤ ਨੂੰ ਹੀ ਪਰਮਾਰਥਕ ਤੌਰ ਤੇ ਸੱਤ ਮੰਨਿਆਂ ਗਿਆ ਹੈ। ਇਸ ਨੂੰ 'ਨਾਥ' ਜਾਂ 'ਸ਼ਿਵ' ਕਹਿੰਦੇ ਹਨ। ਇਹੀ ਸ਼ਿਵ ਤੱਤ ਮਾਇਆ, ਅਵਿੱਦਿਆ ਜਾਂ ਅਗਿਆਨ ਦੇ ਲਗਾਉ ਕਾਰਣ 'ਜੀਵ' ਰੂਪ ਵਿਚ ਵਿਅਕਤ ਹੁੰਦਾ ਹੈ।[62] ਮਾਇਆ ਦੇ ਤਿੰਨ ਮਲਾਂ[63] ਦੇ ਪਰਿਣਾਮ ਅਰਥਾਤ ਸਰੀਰ ਦੁਆਰਾ ਢਕਿਆ ਸ਼ਿਵ ਹੀ ਜੀਵ ਹੈ ਅਤੇ ਇਸ ਤੋਂ ਵਖਰਾ ਜੀਵ ਹੀ ਸ਼ਿਵ ਹੈ।[64] ਦੂਜੇ ਸ਼ਬਦਾਂ ਵਿਚ ਸਰੀਰੀ ਸ਼ਿਵ ਜੀਵ ਹੈ ਅਤੇ ਅਸਰੀਰੀ ਸ਼ਿਵ (ਆਤਮਾ) ਪਰਮ ਸ਼ਿਵ ਜਾਂ ਬ੍ਰਹਮ ਹੈ। ਇਸੇ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਹੋਇਆਂ ਗੋਰਖ ਨੇ ਕਿਹਾ ਹੈ 'ਆਤਮਾ ਪਰਮਾਤਮਾ ਭਵਤਿ',[65] 'ਕਹੈ ਨਾਥ ਜੀਵ ਬ੍ਰਹਮ ਏਕੈ'[66] ਅਰਥਾਤ ਆਤਮਾ (ਜੀਵਾਤਮਾ) ਹੀ ਗਿਆਨ ਅਵਸਥਾ ਵਿਚ ਪਰਮਾਤਮਾ ਜਾਂ ਬ੍ਰਹਮ ਹੈ ਅਤੇ ਇੰਜ ਜੀਵ ਅਤੇ ਬ੍ਰਹਮ ਵਿੱਚ ਤਾਤਵਿਕ ਅਭੇਦ ਹੈ।

ਜੀਵਾਤਮਾ ਦਾ ਬੰਧਨ ਮਾਇਆ ਦੇ ਕਾਰਣ ਹੈ। ਹੰਸ ਜਾਂ ਸ਼ੁਧ ਆਤਮਾ ਮਾਇਆ-ਕਿਰਤ ਪੰਜ-ਭੂਤਾਤਮਕ ਸਰੀਰ ਦੇ ਬੰਧਨ ਵਿੱਚ ਪੈ ਕੇ ਜੀਵ ਦੀ ਉਪਾਧੀ ਧਾਰਣ ਕਰਦਾ ਹੈ।[67] ਇਸ ਅਗਿਆਨ ਰੂਪ ਬੰਧਨ ਦੇ ਕਾਰਣ ਉਹ ਆਵਾਗਵਨ ਦੇ ਚੱਕਰ ਵਿੱਚ ਪੈਂਦਾ

ਦਾ ਕੰਮ ਸ਼ਕਤੀਮਾਨ ਤੋਂ ਵਖਰਾ ਜਾਪਦਾ ਹੈ ਇਸ ਲਈ ਇਹਨਾਂ ਦੋਹਾਂ ਵਿੱਚ ਪਰਸਪਰ ਭੇਦ ਹੈ। ਸ਼੍ਰੀ ਕ੍ਰਿਸ਼ਣ (ਬ੍ਰਹਮ) ਦੇ ਨਾਲ ਇਸ ਪ੍ਰਕਾਰ ਜੀਵ ਅਤੇ ਜਗਤ ਦਾ 'ਭੇਦਾਭੇਦ' ਸੰਬੰਧ ਹੈ। ਇਹ ਸੰਬੰਧ ਨਿੱਤ ਅਤੇ ਸੱਤ ਹੈ ਪਰ ਮਾਨਵ ਦੇ ਲਈ ਅਚਿੰਤਯ ਹੈ, ਅਰਥਾਤ ਉਸਦੀ ਚਿੰਤਾ (ਚਿੰਤਨ-ਸਮਝ) ਤੋਂ ਬਾਹਰ ਹੈ। ਇਹ 'ਅਚਿੰਤਯ ਭੇਦਾਭੇਦ' ਹੀ ਚੈਤੰਨਯ ਮਤ ਦਾ ਦਾਰਸ਼ਨਿਕ ਸਿਧਾਂਤ ਹੈ।

62 ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 67

63 ਮਾਇਆ ਆਪਣੇ ਜਿਹਨਾਂ ਤਿੰਨ ਮਲਾਂ ਦੁਆਰਾ ਸ਼ਿਵ ਨੂੰ ਬੱਧ ਅਤੇ ਜੀਵ-ਰੂਪ ਵਿਚ ਵਿਅਕਤ ਕਰਦੀ ਹੈ, ਉਹ ਇਸ ਪ੍ਰਕਾਰ ਹਨ :—

(ੳ) ਆਣਵ, ਅਰਥਾਤ ਆਪਣੇ ਆਪ ਨੂੰ ਅਣੁਮਾਤਰ ਸਮਝਣਾ।

(ਅ) ਮਾਇਕ, ਅਰਥਾਤ ਜਗਤ ਦੇ ਅਦਵੈਤ ਪਦਾਰਥਾਂ ਵਿੱਚ ਭੇਦ-ਬੁਧੀ।

(ੲ) ਕਰਮ, ਅਰਥਾਤ ਅਨੇਕ ਜਨਮਾਂ ਵਿਚ ਕੀਤੇ ਕਰਮਾਂ ਦਾ ਸੰਸਕਾਰ।

(ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 68)

64 ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 68

65 ਗੋਰਖ ਬਾਨੀ, ਪੀਤਾਂਬਰ ਦੱਤ ਬੜਥਵਾਲ, ਪੰਨਾ 235

66 ਓਹੀ, ਪੰਨਾ 142

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਅਤੇ ਗਿਆਨ ਉਤਪੰਨ ਹੋਣ ਤੇ ਮਾਇਆ ਦੇ ਮਲਾਂ ਤੋਂ ਬੇਲਾਗ ਹੋ ਕੇ ਨਿੱਜ, ਨਿੱਤ ਮੁਕਤ ਸਰੂਪ ਪ੍ਰਾਪਤ ਕਰਦਾ ਹੈ। ਇਹੀ ਜੀਵਾਤਮਾ ਦੀ ਨਾਥ-ਸਰੂਪ ਵਿੱਚ ਸਥਿਤੀ ਹੈ।[68] ਇਸ ਅਵਸਥਾ ਵਿਚ ਯੋਗੇਸ਼ਵਰ ਪਰਮ ਸ਼ਿਵ ਅਤੇ ਜੀਵ ਵਾਸਤਵ ਵਿੱਚ ਇਕ ਹੀ ਹੁੰਦੇ ਹਨ ਅਤੇ ਇਸੇ ਨੂੰ 'ਗੋਰਖਬਾਣੀ' ਵਿਚ ਜੀਵਾਤਮਾ ਦੀ ਪਰਮ ਸ਼ੂਨਯ ਭਾਵ ਦੁਆਰਾ ਸਥਿਤੀ ਕਿਹਾ ਗਿਆ ਹੈ।[69] ਇਹੀ ਜੀਵ ਦੀ ਨਿੱਜ ਸਰੂਪ ਵਿੱਚ ਸਥਿਤੀ ਹੈ ਅਤੇ ਇਹੀ ਉਸ ਦੀ ਮੋਖ-ਅਵਸਥਾ ਹੈ।

ਉਪ੍ਰੋਕਤ ਅਧਿਅਨ ਨੂੰ ਦ੍ਰਿਸ਼ਟੀ ਵਿਚ ਰਖਦਿਆਂ ਹੋਇਆਂ ਅਸੀਂ ਜੀਵ ਸੰਬੰਧੀ ਵਿਚਾਰਾਂ ਦਾ ਇਸ ਪ੍ਰਕਾਰ ਸੰਖੇਪੀਕਰਣ ਕਰ ਸਕਦੇ ਹਾਂ :—

(ੳ) ਜੀਵ ਅਤੇ ਬ੍ਰਹਮ ਦਾ ਸੰਬੰਧ ਅੰਸ਼ ਅਤੇ ਅੰਸ਼ੀ ਦਾ ਹੈ।

(ਅ) ਇਸੇ ਲਈ ਇਹਨਾਂ ਦੋਹਾਂ ਵਿੱਚ ਅਭੇਦਤਾ ਹੈ।

(ਏ) ਭੇਦ ਉਦੋਂ ਉਤਪੰਨ ਹੁੰਦਾ ਹੈ ਜਦੋਂ ਮਾਇਆ ਦੇ ਲਗਾਉ ਕਾਰਣ ਜੀਵ ਬ੍ਰਹਮ ਤੋਂ ਵੱਖ ਹੋ ਜਾਂਦਾ ਹੈ ਅਤੇ ਆਪਣੀ ਅਸਲੀਅਤ ਭੁਲ ਕੇ ਵਿਸ਼ਵ ਵਿੱਚ ਭਟਕਦਾ ਰਹਿੰਦਾ ਹੈ।

(ਸ) ਸਮਸਤ ਜੀਵਾਂ ਦੀ ਉਤਪਤੀ ਦਾ ਕਾਰਣ ਇਕੋ ਬ੍ਰਹਮ ਹੋਣ ਕਾਰਣ ਉਹਨਾਂ ਵਿਚ ਸਮਾਨਤਾ ਹੈ।

(ਹ) ਪਰ ਕਿਉਂਕਿ ਜੀਵ ਭਾਤੋ ਭਾਂਤ ਹਨ, ਵਿਕੋਲਿਤ੍ਰੇ ਸੁਭਾਵਾਂ ਦੇ ਧਾਰਣੀ ਹਨ ਇਸ ਲਈ ਉਹਨਾਂ ਵਿਚਲਾ ਭੇਦ ਵੀ ਸਪਸ਼ਟ ਹੈ।

(ਕ) ਇਸ ਭੇਦ ਕਾਰਣ ਹੀ ਜੀਵਾਂ ਦੀਆਂ ਅਨੇਕ ਸ਼੍ਰੇਣੀਆਂ ਬਣ ਜਾਂਦੀਆਂ ਹਨ, ਅਰਥਾਤ ਉਹ ਚੰਗੇ ਜਾਂ ਮਾੜੇ ਹੁੰਦੇ ਹਨ।

(ਖ) ਜੀਵ ਬ੍ਰਹਮ ਤੋਂ ਹੀ ਉਤਪੰਨ ਹੁੰਦੇ ਹਨ ਅਤੇ ਉਸੇ ਵਿੱਚ ਸਮਾ ਜਾਂਦੇ ਹਨ।

ਗੁਰਮਤ ਅਨੁਸਾਰ ਜੀਵ ਅਤੇ ਬ੍ਰਹਮ ਦਾ ਸੰਬੰਧ ਅੰਸ਼ ਅਤੇ ਅੰਸ਼ੀ ਦਾ ਹੈ। ਜੀਵ ਊਰਾ ਅਤੇ ਹਉਰਾ ਹੈ, ਬ੍ਰਹਮ ਪੂਰਾ ਅਤੇ ਗਉਰਾ ਹੈ।[70] ਇਸ ਸੰਬੰਧ ਨੂੰ ਗੁਣ ਅਤੇ ਗੁਣੀ ਜਾਂ ਸ਼ਕਤੀ ਅਤੇ ਸ਼ਕਤੀਮਾਨ ਦੇ ਸੰਬੰਧਾਂ ਦੁਆਰਾ ਅਭਿਵਿਅਕਤ ਕੀਤਾ ਜਾ ਸਕਦਾ ਹੈ।

ਗੁਰਮਤ ਵਿਚ ਬ੍ਰਹਮ ਨੂੰ ਹੀ ਜੀਵ-ਉਤਪਤੀ ਦਾ ਕਾਰਣ ਮੰਨਿਆਂ ਗਿਆ ਹੈ। ਜਿਵੇਂ ਚੰਗਿਆੜੇ ਅਗਨੀ ਵਿਚੋਂ ਅੱਡ ਹੋਣ ਤੋਂ ਪਹਿਲਾਂ ਉਸੇ ਵਿੱਚ ਸਮਾਏ ਹੁੰਦੇ ਹਨ ਤਿਵੇਂ ਜੀਵ-ਆਤਮਾ ਦਾ ਅਸਤਿਤਵ ਜੀਵ-ਉਤਪਤੀ ਤੋਂ ਪਹਿਲਾਂ ਬ੍ਰਹਮ ਵਿੱਚ ਹੀ

---

67 ਗੋਰਖਬਾਨੀ, ਪੀਤਾਂਬਰ ਦੱਤ ਬੜਥਵਾਲ, ਪੰਨਾ, 142

68 ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ, 136

69 ਯੋਗੇਸ਼ਵਰ ਜੀਵ ਏਕਮ ਭਵਤਿ। ਪਰਮ ਸ਼ੂਨਯ ਭਾਵੇ ਸਥਿਤੀ।
(ਗੋਰਖਬਾਨੀ, ਪੀਤਾਂਬਰ ਦੱਤ ਬੜਥਵਾਲ, ਪੰਨਾ, 235)

70 ਤੂੰ ਪੂਰਾ ਹਮ ਊਰੇ ਹੋਛੇ ਤੂੰ ਗਉਰਾ ਹਮ ਹਉਰੇ। (ਸੋਰਠਿ ਮ: ੧)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦਾ ਹੈ ।[71]

ਪਰਮਾਤਮਾ ਦੇ ਹੁਕਮ ਤੋਂ ਹੀ ਜੀਵ-ਸ੍ਰਿਸ਼ਟੀ ਹੋਈ ਹੈ ।[72] ਹੁਕਮ ਦੁਆਰਾ ਹੀ ਜੀਵ ਬ੍ਰਹਮ ਵਿੱਚ ਸਮਾ ਜਾਂਦੇ ਹਨ ।[73]

ਗੁਰਮਤ ਅਨੁਸਾਰ ਪਰਮਾਤਮਾ ਸੁਤੰਤਰ ਅਤੇ ਜੀਵ ਪਰਤੰਤਰ ਹੈ, ਇਕ ਸੁਆਮੀ ਅਤੇ ਦੂਜਾ ਸੇਵਕ ਹੈ ।

ਪਰਮਾਤਮਾ ਜੀਵਾਂ ਦੀ ਉਤਪਤੀ ਕਰਕੇ ਉਹਨਾਂ ਨੂੰ ਆਪਣੇ ਅਧੀਨ ਰਖਦਾ ਅਤੇ ਉਹਨਾਂ ਦੇ ਰਿਜ਼ਕ ਆਦਿ ਦੀ ਵੀ ਵਿਵਸਥਾ ਕਰਦਾ ਹੈ ।[74]

ਜੀਵ-ਆਤਮਾ ਪਰਮਾਤਮਾ ਦਾ ਮੰਦਿਰ ਹੈ, ਉਸ ਦਾ ਸਰੀਰ ਹੈ, ਨਿਵਾਸ ਸਥਾਨ ਹੈ। ਇਸ ਵਿੱਚ ਪਰਮਾਤਮਾ ਦੀ ਜੋਤਿ ਦਾ ਵਾਸਾ ਹੈ ।[75] ਇਸੇ ਲਈ ਇਹ ਅਮਰ ਹੈ। ਇਸ ਦਾ ਨਾਸ਼ ਨਹੀਂ ਹੁੰਦਾ ਸਗੋਂ ਇਹ ਬ੍ਰਹਮ ਦੇ ਹੁਕਮ ਵਿੱਚ ਹੀ ਕਾਰ ਕਰਦਾ ਹੈ ।[76]

ਬ੍ਰਹਮ ਮਾਇਆ ਦੇ ਲਗਾਉ ਤੋਂ ਸੁਤੰਤਰ ਹੈ ਪਰ ਜੀਵ ਇਸ ਦੇ ਲਗਾਉ ਵਿਚ ਆ ਜਾਂਦਾ ਹੈ । ਮਛਲੀ ਜਿਵੇਂ ਜਾਲ ਵਿਚ ਫਸ ਜਾਂਦੀ ਹੈ ਤਿਵੇਂ ਜੀਵ ਵੀ ਮਾਇਆ ਜਾਲ ਵਿਚ ਜਕੜਿਆ ਜਾਂਦਾ ਹੈ ।[77] ਇਸ ਅਵਸਥਾ ਵਿੱਚ ਉਸ ਨੂੰ ਅਨੇਕਾਂ ਜੂਨਾਂ ਵਿਚ ਭ੍ਰਮਣਾ ਪੈਂਦਾ ਹੈ, ਕਦੀ ਰੁਖ ਬਿਰਖ ਦੀ ਜੂਨ, ਕਦੀ ਪੰਖੇਰੂਆਂ ਦੀ ਜੂਨ ਅਤੇ ਕਦੀ ਸਰਪ ਦੀ ਜੂਨ ਧਾਰਣ ਕਰਨੀ ਪੈਂਦੀ ਹੈ ।[78]

ਗੁਰਮਤ ਵਿੱਚ ਜੀਵਾਂ ਦੇ ਬਹੁਤੇ ਭੇਦ ਉਪਭੇਦ ਨਹੀਂ ਕੀਤੇ ਗਏ ਫਿਰ ਵੀ ਇਹਨਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ—ਅਰਥਾਤ ਭਗਤ ਅਤੇ ਸੰਸਾਰੀ । ਦੋਵੇਂ ਵਿਰੋਧੀ ਪਰਵਿਰਤੀਆਂ ਦੇ ਧਾਰਣੀ ਹਨ । ਇਸੇ ਲਈ ਦੋਹਾਂ ਵਿਚ ਜੋੜ ਹੋਣਾ ਅਸੰਭਵ ਹੈ ।[79]

ਸੰਸਾਰੀ ਜੀਵ ਜਗਤ ਦੇ ਮਾਇਕ ਪਦਾਰਥਾਂ ਵਿੱਚ ਅਨੁਰਕਤ ਅਤੇ ਭਗਤਾਂ ਨਾਲ

---

71 ਹਿਰਦਾ ਦੇਹ ਨਾ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ।
... ...
ਗਉਨ ਗਗਨੁ ਜਬ ਤਬਹ ਨਾ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ । (ਰਾਮਕਲੀ ਮ. ੧)

72 ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ । (ਜਪੁਜੀ)

73 ਹੁਕਮੈ ਆਵੈ ਹੁਕਮੈ ਜਾਇ । ਆਗੈ ਪਾਛੈ ਹੁਕਮਿ ਸਮਾਇ । (ਗਉੜੀ ਮ: ੧)

74 ਜੀਅ ਉਪਾਇ ਰਿਜਕ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ । (ਮਾਰੂ ਮ: ੧)

75 (ੳ) ਕਾਇਆ ਨਗਰੁ ਨਗਰੁ ਗੜ ਅੰਦਰਿ ਸਾਚਾ ਵਾਸਾ ਪੂਰਿ ਗਗਨੰਦਰਿ । (ਮਾਰੂ ਮ: ੧)
(ਅ) ਕਾਇਆ ਮਹਲੁ ਮੰਦਰ ਘਰੁ ਹਰਿਕਾ ਤਿਸ ਮਹਿ ਰਾਖੀ ਜੋਤਿ ਅਪਾਰ । (ਮਲਾਰ ਮ: ੧)

76 (ੳ) ਨਾ ਜੀਉ ਮਰੈ ਨਾ ਡੂਬੈ ਤਰੈ । (ਗਉੜੀ ਮ: ੧)
(ਅ) ਉਹ ਬੈਰਾਗੀ ਮਰੈ ਨਾ ਜਾਇ । ਹੁਕਮੇ ਬਾਧਾ ਕਾਰ ਕਮਾਇ । (ਆਸਾ ਮ: ੧)

77 ਜਿਉ ਮਛਲੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ । (ਸਿਰੀ ਰਾਗ ਮ: ੧)

78 ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਇ ।
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ । (ਗਉੜੀ ਮ: ੧)

79 ਭਗਤਾ ਤੈ ਸੰਸਾਰੀਆ ਜੋੜਿ ਕਦੇ ਨਾ ਆਇਆ । (ਮਾਝ ਮ: ੧)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਦ ਵਿਵਾਦ ਵਿਚ ਸੰਲਗਨ ਰਹਿੰਦੇ ਹਨ। ਗੁਰੂ ਦੇ ਸ਼ਬਦ ਵਿੱਚ ਉਹਨਾਂ ਦੀ ਸੁਰਤੀ ਨਹੀਂ ਲਗਦੀ। ਇਸੇ ਲਈ ਨਾ ਤਾਂ ਉਹ ਪਰਮਾਤਮਾ ਦੇ ਰੰਗ ਵਿਚ ਰੰਗੀਜਦੇ ਹਨ ਅਤੇ ਨਾ ਹੀ ਉਸ ਦੇ ਅਲੌਕਿਕ ਆਨੰਦ ਨੂੰ ਮਾਣ ਸਕਦੇ ਹਨ। ਉਹ ਸਤਿਸੰਗ ਤੋਂ ਪ੍ਰਾਪਤ ਹੋਣ ਵਾਲੇ ਸਹਿਜ ਆਨੰਦ ਤੋਂ ਵਿਹੂਣੇ ਹਨ। ਇਹ ਜੀਵ ਪਰਮਾਤਮਾ ਤੋਂ ਵਿਮੁਖ ਹੋਕੇ ਅੰਤ ਆਪਣੇ ਕਰਮਾਂ ਦਾ ਫਲ ਭੋਗਦੇ[80] ਅਤੇ ਨਰਕ ਦੇ ਭਾਗੀ ਬਣਦੇ ਹਨ।[81]

ਭਾਈ ਵੀਰ ਸਿੰਘ ਅਨੁਸਾਰ ਜੀਵਾਤਮਾ ਬ੍ਰਹਮ-ਅੰਸ਼ੀ ਦਾ ਅੰਸ਼ ਹੈ।[82] ਸੱਤ-ਬ੍ਰਹਮ ਦੀ ਅੰਸ਼ ਹੋਣ ਕਾਰਣ ਜੀਵ ਵੀ ਸੱਤ ਹੈ,[83] ਮਿਥਿਆ ਨਹੀਂ, ਬ੍ਰਹਮ ਵਾਂਗ ਹੀ ਇਹ ਨਿਹਚਲ ਅਤੇ ਅਬਿਨਾਸ਼ੀ ਹੈ।[84] ਕਿਉਂਕਿ ਬ੍ਰਹਮ ਚੇਤਨ ਹੈ, ਇਸ ਲਈ ਉਸਦਾ ਅੰਸ਼-ਰੂਪ—ਜੀਵ—ਵੀ ਚੇਤਨ ਹੈ।[85] ਜੀਵ ਜੜ੍ਹ ਨਹੀਂ, ਅਨਾਤਮ ਨਹੀਂ, ਨਾ ਹੀ ਇਹ ਕੇਵਲ ਦੇਹ-ਮਾਤਰ ਹੈ[86] ਜਾਂ ਦੇਹ-ਸਰੂਪ ਹੈ ਸਗੋਂ ਆਤਮ-ਸਰੂਪ[87] ਅਤੇ ਰੂਹ-ਰੂਪ ਹੈ।

---

80 (ੳ) ਜੇਹੋ ਕਰਮ ਕਮਾਇ ਤੇਹਾ ਹੋਇਆ। (ਸੂਹੀ ਮ: ੧)
(ਅ) ਜੈਸਾ ਕਰੇ ਸੁ ਤੈਸਾ ਪਾਵੈ।
ਆਪੇ ਬੀਜਿ ਆਪੇ ਹੀ ਖਾਵੈ। (ਧਨਾਸਰੀ ਮ: ੧)

81 ਜਗ ਸਿਉ ਝੂਠ ਪ੍ਰੀਤਿ ਮਨੁ ਬੰਧਿਆ ਜਨ ਸਿਉ ਵਾਦੁ ਰਚਾਈ।
ਜਮ ਦਰਿ ਬਾਧਾ ਠਉਰ ਨਾ ਪਾਵੈ ਅਪੁਨਾ ਕੀਆ ਕਮਾਈ। (ਸੋਰਠਿ ਮ: ੧)

82 (ੳ) ਪਰਮਾਤਮ ਦੀ ਅੰਸ ਹੈ ਏ ਆਤਮਾਂ (ਰਾ. ਸ਼ੁ. ਸਿੰ. ਪੰਨਾ 206)
(ਅ) 'ਅਸੀਂ ਅੰਸ਼ ਹਾਂ ਠੀਕ ਸੱਚੇ ਰੱਬ ਦੀ।
'ਜੋ ਜੋ ਦਿਸੇ ਜੀਵ ਉਸਦੀ ਅੰਸ਼ ਹੈ। (ਓਹੀ, ਪੰਨਾ 196)
(ੲ) ਅਸੀਂ ਓਸ ਦੀ ਅੰਸ... ... ... (ਓਹੀ, ਪੰਨਾ 186)
(ਸ) ਜੀਵ ਪ੍ਰਭੂ ਦੀ ਅੰਸ ਸਯਾਣੇ ਆਖਦੇ (ਓਹੀ, ਪੰਨਾ 185)

83 ਆਤਮ ਅਮਰ ਸਦੀਵ—ਆਤਮ ਨਾ ਮਰੇ। (ਓਹੀ, ਪੰਨਾ 10)

84 'ਪਰ ਸੁਣ ਮਿਥਯਾਵਾਦ ਕਥਨੇ ਵਾਲੜੇ
'ਮੇਰਾ ਪਯਾਰਾ ਕੰਤ ਮਿਥਿਆ ਹੈ ਨਹੀਂ,
'ਤ੍ਰੈਂ ਕਾਲ ਓ ਸੱਚ, ਸੱਚ ਸਮਾਇਆ।
'ਰੱਬ ਸੱਚ ਹੈ ਸੱਚ, ਤ੍ਰੈਂ ਕਾਲ ਹੀ.
'ਉਹ ਹੈ ਬੰਦਾ-ਰੱਬ ਉਹ ਬੀ ਸੱਚ ਹੈ।
'ਨਿਹਚਲ ਤੇ ਅਬਿਨਾਸ ਵਾਙੂ ਰੱਬ ਦੇ। (ਓਹੀ, ਪੰਨਾ 139)

85 ਆਤਮ ਹੈ ਇਹ ਅੰਸ ਜੜ੍ਹ ਨ ਅਨਾਤਮਾ; (ਓਹੀ, ਪੰਨਾ 196)

86 ਅਸੀਂ ਬੀ ਹਾਂਗੇ ਰੂਹ, ਦੇਹੀ ਹਾਂ ਨਹੀਂ। (ਓਹੀ, ਪੰਨਾ 198)

87 (ੳ) ' 'ਹੈਂ ਤੂੰ ਆਤਮ ਰੂਪ ਦੇਹੋਂ ਵੱਖ ਹੈਂ', (ਓਹੀ, ਪੰਨਾ 225)
(ਅ) 'ਮੈਂ ਦੇਹੀ ਤੋਂ ਵੱਖ ਹੈਵਾਂ ਆਤਮਾ।
'ਦੇਹ ਤੋਂ ਲੈ ਮਨ ਬੁਧਿ ਅੰਤਹਕਰਨ ਜੋ
'ਯਾ ਜੋ ਬ੍ਰਿਤੀਆਂ ਵੇਗ ਅੰਦਰ ਆਖੀਏ
'ਚਰਖੇ ਵਾਙੂ ਯੰਤ੍ਰ ਹੈ ਏ ਸਾਜਿਆ,
'ਕਤਣਹਾਰੇ ਵਾਂਙ ਮੈਂ ਹਾਂ ਵੱਖਰਾ। (ਓਹੀ, ਪੰਨਾ 205)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਜ ਦ੍ਰਿਸ਼ਟਮਾਨ ਅਥਵਾ ਦੀਸਣਹਾਰ ਜੜ੍ਹ ਪ੍ਰਕਿਰਤੀ ਤੋਂ ਇਸਦਾ ਅਸਤਿਤਵ ਭਿੰਨ[88] ਹੋਣ ਕਾਰਣ ਇਹ ਚੇਤਨ ਦ੍ਰਸ਼ਟਾ ਅਥਵਾ ਦੇਖਣਹਾਰ ਹੈ ।[89]

ਜਿਸ ਪ੍ਰਕਾਰ ਸੰਪੂਰਣ ਦੇ ਪ੍ਰਾਕਿਰਤਕ ਗੁਣਾਂ ਦਾ ਅੰਸ਼-ਰੂਪ ਵਿੱਚ ਸਮਾਵੇਸ਼ ਹੁੰਦਾ ਹੈ ਉਸੇ ਤਰ੍ਹਾਂ ਪਰਮਾਤਮਾ ਦਾ ਅੰਸ਼-ਰੂਪ ਹੋਣ ਦੇ ਕਾਰਣ ਜੀਵਾਤਮਾ ਵਿੱਚ ਪਰਮਾਤਮ-ਗੁਣਾਂ ਦਾ ਸਮਾਵੇਸ਼ ਹੈ। ਭਾਈ ਸਾਹਿਬ ਅਨੁਸਾਰ 'ਦੇਣਾ-ਦਾਨ' ਪਰਮਾਤਮ-ਸੁਭਾਵ ਹੈ। ਇਹ ਸੁਭਾਵ ਜੀਵਾਤਮਾ ਵਿੱਚ ਵੀ ਵਿਦਮਾਨ ਰਹਿੰਦਾ ਹੈ ਪਰ ਉਜਾਗਰ ਉਦੋਂ ਹੀ ਹੁੰਦਾ ਹੈ ਜਦੋਂ ਆਤਮਾ ਸਵੱਛ ਹੋ ਨਿਬੜਦੀ ਹੈ ।[90]

ਭਾਈ ਵੀਰ ਸਿੰਘ ਅਨੁਸਾਰ ਜੀਵ ਬ੍ਰਹਮ ਦਾ ਹੀ ਰੂਪ ਹੈ, ਉਸੇ ਦਾ ਸਰੂਪ-ਰੂਪਾਂਤਰ ਹੈ, ਉਸੇ ਵਿੱਚੋਂ ਜਨਮ ਲੈਂਦਾ ਅਤੇ ਉਸੇ ਵਿੱਚ ਲੈਅ ਹੋ ਜਾਂਦਾ ਹੈ। ਜਿਸ ਤਰ੍ਹਾਂ ਆਕਾਸ਼ ਦੀ ਬਿਜਲੀ ਹੇਠਾਂ ਵਲ ਨੂੰ ਆਕੇ ਚਮਕਾਰ ਦੇਕੇ ਮੁੜ ਉਪਰ ਆਕਾਸ਼ਾਂ ਵਲ ਨੂੰ ਚਲੀ ਜਾਂਦੀ ਹੈ, ਜਿਸ ਤਰ੍ਹਾਂ ਫੁਹਾਰੇ ਦਾ ਪਾਣੀ ਜ਼ੋਰ ਨਾਲ ਉਪਰ ਵਲ ਨੂੰ ਜਾਕੇ ਮੁੜ ਆਪਣੇ ਮੂਲ ਜਾਂ ਸੋਤ—ਜਲ-ਗ੍ਰਹਿ—ਵਿੱਚ ਆਣ ਡਿੱਗਦਾ ਹੈ, ਉਸੇ ਤਰ੍ਹਾਂ ਜੀਵ ਬ੍ਰਹਮ ਤੋਂ ਉਪਜ ਕੇ ਉਸੇ ਵਿੱਚ ਵਿਲੀਨ ਹੋ ਜਾਂਦਾ ਹੈ ।[91]

ਇੰਜ ਭਾਈ ਸਾਹਿਬ ਨੇ ਜੀਵ ਦੇ ਸੰਬੰਧ ਵਿੱਚ ਵਲਭਾਚਾਰੀਆ ਦੇ ਅਵਿਕ੍ਰਤ-ਪਰਿਣਾਮਵਾਦ ਦਾ ਸਮਰਥਨ ਕੀਤਾ ਹੈ ਜਿਸ ਅਨੁਸਾਰ ਕੋਈ ਵੀ ਪਦਾਰਥ ਆਪਣਾ ਰੂਪ ਬਦਲ ਜਾਣ ਤੇ ਫੇਰ ਆਪਣੇ ਵਾਸਤਵਿਕ ਰੂਪ ਵਿੱਚ ਆ ਸਕਦਾ ਹੈ ।[92] ਭਾਈ ਸਾਹਿਬ

---

88 'ਜੜ੍ਹ ਨ ਅਨਾਤਮ, ਦੇਹ, ਮਾਯਾ ਮੈਂ ਨਹੀਂ,
'ਮਾਦਾ ਪ੍ਰਾਕ੍ਰਿਤਿ ਨਾਹਿ ਇਸ ਤੋਂ ਵੱਖ ਹਾਂ,
'ਮੈਂ ਹਾਂ ਸਾਈਂ ਅੰਸ਼ ਰੂਹ ਜਾਂ ਆਤਮਾ । (ਰ. ਸ਼ੁ. ਸਿੰ , ਪੰਨਾ 205)

89 'ਜਾਣੇ ਅਪਣਾ ਆਪ ਦੇਖਣਹਾਰ ਮੈਂ,
'ਦ੍ਰਿਸ਼ਟਮਾਨ ਤੋਂ ਅੱਡ ਮੈਂ ਹਾਂ ਵੱਖਰਾ,
'ਹੈ ਜੁ ਅਨਾਤਮ ਸੱਭ ਮੈਂ ਤੋਂ ਅੱਡ ਹੈ,
'ਜਿੰਦ, ਆਤਮਾਂ, ਰੂਹ, ਚੇਤਨ ਮੈਂ ਅਹਾਂ । (ਓਹੀ, ਪੰਨਾ 209)

90 ' 'ਦੇਣਾ-ਦਾਨ' ਸੁਭਾਵ ਹੈ ਪਰਮਾਤਮਾਂ ;
... ...
'ਅੰਸ਼ ਵਿਚ ਉਹ ਭਾਵ ਥੀ ਮੌਜੂਦ ਹੈ ।
'ਜਦੋਂ ਆਤਮਾ ਸਵਛ ਹੈ ਹੋ ਜਾਂਵਦੀ
'ਦੇਣਾ ਸਭਾ ਹੈ ਆਪ ਉਸ ਵਿੱਚ ਜਾਗਦਾ । (ਓਹੀ, ਪੰਨਾ 206)

91 '—ਜਿਥੋਂ ਦਾ ਜੋ ਹੋਇ ਉਥੇ ਜਾਂਵਦਾ,
'ਬਿਜਲੀ ਹੇਠਾਂ ਆਇ ਦੇ ਚਮਕਾਰ ਜੇ
'ਚੜ੍ਹ ਦੀ ਦਿਸੇ ਫੇਰ ਝੱਟ ਅਕਾਸ਼ ਨੂੰ ;
'ਪਾਇ ਫੁਹਾਰਾ ਜੋਰ ਪਾਣੀ ਜੇ ਚੜ੍ਹੇ
'ਡਿੱਗ ਪਵੇ ਫਿਰ ਹੇਠ, ਜਾਇ ਨਿਵਾਣ ਨੂੰ ;
'ਆਪਣੀ ਆਪਣੀ ਥਾਉਂ ਸਭ ਕੁਈ ਜਾਇ ਹੈ । (ਓਹੀ, ਪੰਨਾ 69)

92 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ 37

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੁਸਾਰ ਪਹਿਲਾਂ ਜੀਵ-ਸ੍ਰਿਸ਼ਟੀ ਹੁੰਦੀ ਹੈ, ਫਿਰ ਜੀਵ-ਸਥਿਤੀ, ਜੀਵ-ਪ੍ਰਲੈ ਅਤੇ ਮੁੜ ਜੀਵ-ਸ੍ਰਿਸ਼ਟੀ। ਇੰਜ ਜੀਵ-ਸ੍ਰਿਸ਼ਟੀ ਦਾ ਇਹ ਦੌਰ ਸਦਾ ਚਲਦਾ ਰਹਿੰਦਾ ਹੈ।[93] ਪਰ ਜੀਵ-ਪ੍ਰਲੈ, ਭਾਈ ਸਾਹਿਬ ਅਨੁਸਾਰ, ਜੀਵ-ਅੰਤ ਜਾਂ ਜੀਵ-ਮੌਤ ਨਹੀਂ। ਜੀਵ ਦੀ ਮੌਤ ਤਾਂ ਕੇਵਲ ਉਸਦਾ ਰੂਪ-ਪਰਿਵਰਤਨ ਹੈ। ਮਾਤਾ ਦੀ ਕੁਖ ਵਿੱਚ ਜੀਵ-ਰੂਪ ਦੀ ਮੌਤ ਜਗ ਵਿੱਚ ਜੀਵ-ਰੂਪ ਦਾ ਆਗਮਨ (ਜੰਮਣਾ) ਹੈ।[94] ਇੰਜ ਹੀ ਜਗਤ ਵਿੱਚ ਜੀਵ ਦੀ ਮੌਤ ਉਸਦੀ

---

93 ਕਈ ਜੀਵ ਕਈ ਸਾਲ ਉਮਰਾ ਭੋਗਦੇ,
ਦਿਨ ਦੀ ਉਮਰਾ ਚਾਰ ਪਹਿਰੀਂ ਮੁਕਦੀ ;
ਫਿਰ ਜੰਮੇ ਫਿਰ ਮੌਤ, ਇੱਕੁਰ ਨਿੱਤ ਹੀ
ਤੁਰੀ ਜਾਇ ਰੜ ਖੇੜ, ਮੁਕਦੀ ਨਾ ਕਦੇ।
ਚਹੁੰ ਪਹਿਰਾਂ ਦੇ ਵਿਚ ਉਮਰਾ ਤਿੰਨ ਏ
ਬਚਪਨ, ਜੋਬਨ, ਬ੍ਰਿਧ ਭੋਗ ਬਿਤਾਂਵਦਾ।
ਸ਼ੁਰੇ ਹੋਵੇ ਬਾਲ ਭੋਲਾ ਖੇਡਦਾ,
ਸੂਰ ਚੜ੍ਹੇ ਹੋ ਜੁਆਨ ਹਰਿ ਕੰਮ ਸਾਧਦਾ,
ਢਲਦਾ ਲੇਹੇ ਪੈਰ ਬੁਢਾ ਹੋਂਵਦਾ ;
ਰਾਤੀਂ ਮਾਨੋ ਮੌਤ ਇਸ ਨੂੰ ਘੇਰਦੀ,
ਕਬਰ ਹਨੇਰਾ ਹੋਇ ਮੂੰਹ ਨੂੰ ਅੱਡ ਕੇ
ਇਸ ਨੂੰ ਲਏ ਉਤਾਰ ਹੇਠਾਂ ਆਪਣੇ।
ਏਸ ਮੌਤ ਦੀ ਛਾਉਂ ਹੇਠਾਂ ਨੱਪਿਆਂ
ਚਾਰ ੨ ਬੀਤਣ ਪੈਰ ਇਸ ਨੂੰ ਰਾਤ ਦੇ।
ਰਾਤ ਮਰੇ ਰਬ ਫੇਰ ਇਨ੍ਹੰ ਜਿਵਾਲਦਾ
ਇੱਕੁਰ ਜੀਉ ਮਰ ਜੀਉ ਚਲਦਾ ਦੌਰ ਹੈ। (ਜ਼ਾ. ਸ਼ੁ. ਮਿੰ. ਪੰਨਾ 110)

94 ਡਰ ਨਾ ਮੌਤੋਂ ਮੂਲ ਬੁਰੀ ਨ ਚੀਜ਼ ਏ।
ਸੋਚ ਅਵਸਥਾ ਆਪ ਪਹਿਲੀ ਆਪਣੀ,
ਜਦ ਮਾਤਾ ਦੇ ਕੁਖ ਪੁਠਾ ਸੀ ਪਿਆ
ਓਦੋਂ ਡਰਦਾ ਹੋਗੁ ਜੰਮਣ ਕੋਲੜੋਂ,
ਪਰ ਤੂੰ ਹੋਸੇਂ ਮੂੜ੍ਹ ਜਾਣੇ ਭੇਤ ਨਾ।
ਜੰਮਣ ਵਾਲਾ ਦੁਖ ਜਦੋਂ ਸਹਾਰ ਕੇ
ਆ ਜੰਮਯੋਂ ਜਗ ਵਿਚ ਮਰਿਓਂ ਕੁਖ ਤੋਂ।
ਬਰਕਤ ਜੋ ਜਗ ਵਿਚ ਸਾਰੀ ਪਾਇਕੇ
ਪਲ ਹੋਇਓਂ ਮਾਨੁਖ ਅਕਲਾਂ ਵਾਲੜਾ,
ਆਖੇ : 'ਮੈਂ ਸਰਦਾਰ ਸਾਰੇ ਜਗ ਦਾ।'
ਕੁਥੋਂ ਆਈ ਮੌਤ ਜੰਮਯੋਂ ਜੰਮਯੋਂ ਜੱਗ ਤੇ ;
ਜਦੋਂ ਮੌਤ ਫਿਰ ਆਇ ਏਥੋਂ ਮਾਰਸੀ
ਦਸ਼ਾ ਹੋਇਗੀ ਹੋਰ ਜਮਸੋਂ ਹੋਰਥੇ।
ਇਸ ਨੂੰ 'ਮੌਤ' ਨ ਆਖ 'ਜੰਮਣ' ਆਖ ਤੂੰ। (ਓਹੀ, ਪੰਨਾ 120)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੌਤ ਨਹੀਂ ਮਗੋਂ ਕਿਸੇ ਹੋਰ ਰੂਪ ਵਿੱਚ ਉਸਦਾ ਜਨਮ ਹੈ ।[95] ਉਂਜ ਵੀ ਇਹ ਮੌਤ ਸਰੀਰ ਦਾ ਤਿਆਗ ਹੈ, ਆਤਮਾ ਦਾ ਵਿਨਾਸ਼ ਨਹੀਂ ਕਿਉਂਕਿ ਆਤਮਾ ਸਦ-ਸਥਿਰ ਰਹਿੰਦੀ ਹੈ। ਜੀਵਾਤਮਾ ਉਪਰ ਜੇ ਪਾਪਾਂ ਦੀ ਮੈਲ ਘਟ ਹੋਵੇ ਤਾਂ ਇਹ ਉਚੇਰੀ ਉਡਾਨ ਉਡਕੇ ਆਪਣਾ ਨਵਾਂ ਜਨਮ ਧਾਰਣ ਕਰ ਸਕਦੀ ਹੈ। ਨਿਰਸੰਦੇਹ ਇਹ ਉਸਦੀ ਮੌਤ ਨਹੀਂ, ਸਗੋਂ ਨਵ-ਜੀਵਨ ਦਾ ਆਗਮਨ ਹੈ ।[96]

ਉਪੋ੍ਕਤ ਵਿਚਾਰਾਂ ਦੀ ਪੋ੍ੜ੍ਹਤਾ ਅਤੇ ਜੀਵਾਤਮਾ ਅਤੇ ਬ੍ਰਹਮ ਦੀ ਅਭੇਦ-ਅਵਸਥਾ ਦਾ ਪ੍ਰਤਿਪਾਦਨ ਕਰਨ ਲਈ ਭਾਈ ਸਾਹਿਬ ਨੇ ਅਤਿ ਸੁੰਦਰ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੀ ਹੈ। ਉਹਨਾਂ ਅਨੁਸਾਰ ਰਾਤ ਨੂੰ ਜੋ ਤਾਰੇ ਚਮਕਦੇ ਹਨ ਉਹ ਸਵੇਰ ਹੁੰਦਿਆਂ ਹੀ ਚਮਕ ਤਿਆਗ ਦਿੰਦੇ ਹਨ। ਉਹਨਾਂ ਦੀ ਚਮਕ ਨਸ਼ਟ ਨਹੀਂ ਹੁੰਦੀ, ਸੂਰਜ ਦੀ ਚਮਕ ਵਿੱਚ ਹੀ ਜਾ ਰਲਦੀ ਹੈ;[97] ਦੀਵੇ ਨੂੰ ਧੁੱਪੇ ਰੱਖਿਆਂ ਉਸਦੇ ਪ੍ਰਕਾਸ਼ ਦਾ ਵਿਨਾਸ਼ ਨਹੀਂ ਹੁੰਦਾ, ਸਗੋਂ

---

95 ਏਸ ਜਗਤ ਦਾ ਦੁਖ ਹੱਦਾਂ ਵਾਲੜਾ
ਮੌਤ ਛੁਡਾਵੇ ਆਇ, ਦਸ਼ਾ ਪੱਲਟਸੀ ;
ਜਨਮ ਹੋਇਗਾ ਏਹ ਜਾਣੇਂ ਮੌਤ ਜੋ :
ਦਸ਼ਾ ਹੋਇਗੀ ਹੋਰ ਪਰ ਤੂੰ ਹੋਵਸੇਂ ।
ਰੱਬੀ ਆਰੂ ਬੁਧਿ ਉੱਜਲ ਜੇ ਗਿਉਂ ।
'ਮੌਤ ਨਾ ਬੁਰੀ ਬਲਾਇ ਜਨਮ ਨਵੀਨ ਹੈ' (ਰਾ. ਸ੍ਰ. ਸ਼ਿ. ਪੰਨਾ 120)

96 ਜਦ ਜੀਵੇਂ ਜਗ ਵਿਚ ਰੂਹ ਨੂੰ ਆਪਣੀ
ਸਦਾ ਰੱਖ ਤੂੰ ਸਾਫ, ਮੈਲੀ ਨਾ ਕਰੀਂ,
ਮੈਲੀ ਕਰਦਯਾਂ ਭਾਰ ਵਧਦਾ ਮੈਲ ਦਾ,
ਮੈਲ ਨ ਦੇਵੇ ਫੇਰ ਉੱਠਣ ਏਸ ਨੂੰ
ਜਦੋਂ ਮੌਤ ਆ ਘੇਰ ਦੇਹੋਂ ਕੱਢਸੀ,
ਤਦ ਉਸ ਲੱਕੜ ਵਾਂਙ—ਜਿਸ ਨੂੰ ਬੰਨ੍ਹਕੇ
ਸਿੱਕਾ ਸਿਟੀਏ ਨੀਰ ਡੁਬਦੀ ਹੇਠ ਨੂੰ
—ਡੁਬਦੀ ਤੇਰੀ ਜਿੰਦ ਲੱਦੀ ਮੈਲ ਦੀ ।
ਮੈਲੋਂ ਰੱਖੇਂ ਸਾਫ ਹੌਲੀ ਤਾਂ ਰਹੇ ;
ਜਦ ਛੁਟੇਗੀ ਦੇਹ ਹੌਲੀ ਹੋਣ ਦੇ
ਕਾਰਨ, ਉੱਚੀ ਉੱਠ ਉੱਚੀ ਜਾਇਗੀ ।
ਨਵਾਂ ਜਨਮ ਏ ਜਾਣ, ਜਾਣ ਨ ਮੌਤ ਏ । (ਓਹੀ, ਪੰਨਾ 120)

97 'ਰਾਤ ਚਮਕਦੇ ਠੀਕ ਸੁੰਦਰ ਤਾਰੜੇ
'ਹੁੰਦਾ ਉਨ੍ਹਾਂ ਪ੍ਰਕਾਸ਼ ਕੈਸਾ ਸੋਹਿਣਾ ।
'ਪਰ ਜਦ ਬੀਤੇ ਰਾਤ, ਤਾਂ ਏ ਚਾਨਣਾ
'ਸੂਰਜ ਚਾਨਣ ਵਿਚ ਹੀ ਰਲ ਜਾਏਗਾ ;
'ਕੀ ਆਖੋਗੇ ਆਪ ਚਾਨਣ ਨਾ ਰਿਹਾ ?
'ਤਾਰਿਆਂ ਦਾ ਪਰਕਾਸ਼ ਨੇਇਆ ਨਾਸ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਸੂਰਜ ਦੇ ਪ੍ਰਕਾਸ਼ ਵਿੱਚ ਮਿਲਕੇ ਆਪਣਾ ਰੂਪ-ਪਰਿਵਰਤਨ ਕਰਦਾ ਹੋਇਆ ਕਰਮਸ਼ੀਲ ਰਹਿੰਦਾ ਹੈ;[98] ਕਿਸੇ ਸਾਜ਼ ਦੀਆਂ ਤਰਬਾਂ ਉਹਨਾਂ ਵਿੱਚੋਂ ਸੁਰ ਨਿਕਲਣ ਨਾਲ ਮਰ ਨਹੀਂ ਜਾਂਦੀਆਂ, ਸਗੋਂ ਸੁਰ-ਸਰੂਪ ਹੀ ਹੋ ਜਾਂਦੀਆਂ ਹਨ;[99] ਲੋਹਾ ਚੁੰਬਕ ਨਾਲ ਛੁਹ ਕੇ ਆਪਣਾ ਲੋਹ-ਤਤ ਤਿਆਗ ਨਹੀਂ ਦਿੰਦਾ ਸਗੋਂ ਉਸਦਾ ਸ਼ਕਤੀ-ਪਰਿਵਰਤਨ ਹੋ ਜਾਂਦਾ ਹੈ ਅਤੇ ਉਹ ਆਪ ਵੀ ਚੁੰਬਕ ਹੋ ਨਿਬੜਦਾ ਹੈ।[100] ਇੰਜ ਹੀ ਜੀਵ-ਤਤ ਦਾ ਕਦੀ ਵਿਨਾਸ਼ ਨਹੀਂ ਹੁੰਦਾ, ਸਗੋਂ ਰੂਪ-ਪਰਿਵਰਤਨ ਹੁੰਦਾ ਹੈ।

ਜੀਵਾਤਮਾ ਪ੍ਰਭੂ ਦੀ ਆਗਿਆ ਪਾਕੇ ਹੀ ਸਰੀਰ ਧਾਰਣ ਕਰਦਾ ਹੈ। ਇਸੇ ਲਈ ਜੀਵ-ਰੂਪ ਵਿੱਚ ਆਕੇ 'ਸਾਈਂ ਨਾਲ ਪਿਆਰ' ਹੀ ਇਸਦੇ ਜੀਵਨ ਦਾ ਇਕ ਮਾਤਰ ਉਦੇਸ਼ ਹੁੰਦਾ ਹੈ।[101] ਇਸੇ ਪਿਆਰ ਦੇ ਸਹਾਰੇ ਉਹ ਅਸਲੀਅਤ ਨਾਲ ਜਾ ਮਿਲਦਾ ਹੈ ਜਿਸ ਤੋਂ ਕਦੀ ਉਹ ਟੁਟਿਆ ਜਾਂ ਵਿਛੜਿਆ ਹੁੰਦਾ ਹੈ।[102]

'ਪਰ ਜੇ ਕਰੋ ਵਿਚਾਰ ਤਾਂ ਓ ਜਾਨਣਾ
'ਸੂਰਜ ਚਾਨਣ ਵਿਚ ਹੁਣ ਮੌਜੂਦ ਹੈ।
'ਨਾਸ਼ ਨਾ ਹੋਇਆ ਮੂਲ ਨਖ਼ਟਯਾ ਨਾ ਕਿਤੇ :
'ਸੂਰਜ ਕਿਰਨਾ ਨਾਲ ਕਰਦਾ ਕਾਰ ਹੈ। (ਰਾ. ਸ਼ੂ. ਸ਼ਿੰ., ਪੰਨਾ 211)

98 'ਦੀਵਾ ਬਾਲ ਬਣਾਇ ਧੂਪੇ ਰੱਖੀਏ
'ਕੀ ਉਸਦਾ ਪਰਕਾਸ਼ ਹੁਣ ਮਿਟ ਜਾਇਗਾ ?
'ਉਸਦਾ ਸਗੋਂ ਪ੍ਰਕਾਸ਼ ਉੱਕਰ ਹੀ ਰਹੂ
'ਰਲ ਸੂਰਜ ਦੇ ਨਾਲ ਕਰਸੀ ਕਾਰ ਓ। (ਓਹੀ, ਪੰਨਾ 211)

99 'ਸੁਰ ਕੋਈ ਜੇ ਸਾਜ਼ ਕਰਦਾ ਤੰਤਰੀ
'ਜਦੋਂ ਵਜਾਵੇ ਸਾਜ਼ ਦੱਸੋ ਖੋਲ੍ਹਕੇ
'ਤਰਬਾਂ ਮਰ ਹੀ ਜਾਣ, ਬੋਲਣ ਮੂਲ ਨਾਂ ?
ਯਾ ਸੁਰ ਵਿਚ ਸੁਰ ਮੇਲ ਕੇ ਹਨ ਜੀਂਦੀਆਂ। (ਓਹੀ, ਪੰਨਾ 211)

100 'ਚੁੰਬਕ ਦੇ ਜਦ ਨਾਲ ਲਾਉ ਫੁਲਾਦ ਨੂੰ
'ਵਸਲ ਓਸਦਾ ਪਾਇ ਕੀ ਮਰ ਜਾਵਸੀ ?
'ਯਾ ਚੁੰਬਕ ਹੋ ਜਾਇ, ਖਿੱਚੇ ਹੋਰਨਾਂ ? (ਓਹੀ, ਪੰਨਾ 211)

101 ਇੱਕੋ ਰਖਣੀ ਚਾਹ ਸਾਂਈ ਪਿਆਰ ਦੀ
ਜਿਸਦੀ ਆਗਯਾ ਪਾਇ ਆਏ ਏਸ ਥਾਂ। (ਓਹੀ. ਪੰਨਾ 119)

102 ਹੇ ਅਸਲੀਅਤ ਇਸ ਦਿਸਦੇ ਦੀ।
ਸਾਨੂੰ ਪਰੇ ਨ ਸੱਟੇ ਹਾ।
ਧੁਰ ਮਰਕਜ਼ ਆਪਣੇ ਵਿਚ ਿਧਰੇ
ਠਾਟ ਅਸਾਡਾ ਠੱਟੇਂ ਹਾ।
ਵਿਥ ਕਿਸੇ ਤੇ ਰੱਖ ਜਿ ਸਾਨੂੰ
ਤੂੰ ਖਿੜਨਾ ਖ਼ੁਸ਼ ਹੋਣਾ ਸੀ.
ਦੀਦੇ ਦੇਖਣਹਾਰੇ ਦੇਕੇ
ਨਜ਼ਾਂ ਪਰੇ ਨ ਹੱਟੇਂ ਹਾ। (ਦੀਦਾਰ, ਲ. ਦੇ. ਹਾ. ਪੰਨਾ 1)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਹਮ ਅਤੇ ਜੀਵ ਦੇ ਸੰਬੰਧ ਨੂੰ ਭਾਈ ਸਾਹਿਬ ਨੇ ਅਨੇਕ ਦ੍ਰਿਸ਼ਟਾਂਤਾਂ ਅਥਵਾ ਪ੍ਰਮਾਣਾਂ ਦੁਆਰਾ ਅਭਿਵਿਅਕਤ ਕੀਤਾ ਹੈ ਜਿਵੇਂ :—ਬ੍ਰਹਮ ਬ੍ਰਿੱਛ ਹੈ ਅਤੇ ਜੀਵ ਉਸਦੀਆਂ ਟਹਿਣੀਆਂ ਜਾਂ ਪਤੀਆਂ ਸਮ ਨ ਹੈ। ਜੀਵ ਰੂਪੀ ਟਹਿਣੀਆਂ ਅਤੇ ਪੱਤੀਆਂ ਦੀ ਉਤਪਤੀ ਬ੍ਰਹਮ-ਬ੍ਰਿਛ ਤੋਂ ਹੀ ਹੁੰਦੀ ਹੈ।[103] ਇਸੇ ਲਈ ਜੀਵ ਬ੍ਰਹਮ ਦੀ ਅੰਸ਼ ਹੈ ਅਤੇ ਬ੍ਰਹਮ ਉਸਦਾ ਅੰਸ਼ੀ ਹੈ, ਜੀਵ ਅੰਗ ਹੈ ਅਤੇ ਬ੍ਰਹਮ ਉਸਦਾ ਅੰਗੀ ਹੈ। ਬ੍ਰਹਮ ਅਗਨੀ ਰੂਪੀ ਅੰਸ਼ੀ-ਸੋਤ ਹੈ ਅਤੇ ਜੀਵ ਕੋਇਲਾ ਰੂਪੀ ਅੰਸ਼ ਹੈ। ਆਪਣੇ ਅੰਸ਼ੀ ਵਿੱਚ ਸਮਾਵੇਸ਼ ਪ੍ਰਾਪਤ ਕਰਕੇ ਹੀ ਉਸਦਾ ਰੂਪ ਨਿਖਰਤ ਹੁੰਦਾ ਹੈ।[104]

ਬ੍ਰਹਮ ਅਤੇ ਜੀਵ ਦਾ ਸੰਬੰਧ ਭਾਈ ਸਾਹਿਬ ਨੇ ਮਾਂ - ਪੁਤਰ,[105] ਪਿਤਾ-

---

103 ·ਪਰਮੇਸ਼ਰ ਜੇ ਬ੍ਰਿਛ ਕਰਕੇ ਮੰਨੀਏ,
'ਟਹਿਣੇ ਗੁਰੂ ਸਰੂਪ ਕਰਕੇ ਜਾਣੀਏ,
'ਟਹਿਣੀ ਪਤਯਾਂ ਵਾਂਙ ਲੱਗਾ ਕੰਤ ਹੱ,
'ਲੱਗਾ ਸੱਚੇ ਨਾਲ ਸੱਚਾ ਹੋ ਰਿਹਾ। (ਰਾ ਸ਼ੂ. ਸਿੰ. ਪੰਨਾ 139)

104 ਸ਼ਾਬਣ ਲਾ ਲਾ ਧੋਤਾ ਕੋਲਾ,
ਦੁਧ ਦਹੀਂ ਵਿਚ ਪਾਇਆ
ਖੁੰਬ ਚਾੜ੍ਹ, ਰੰਗਣ ਭੀ ਧਰਿਆ,
ਰੰਗ ਨਾ ਏਸ ਵਟਾਇਆ।
ਵਿਛੁੜ ਕੇ ਕਾਲਕ ਸੀ ਆਈ
ਬਿਨ ਮਿਲਿਆਂ ਨਹੀਂ ਲਹਿੰਦੀ :
ਅੰਗ ਅੱਗ ਦੇ ਲਾਕੇ ਦੇਖੋ
ਚੜ੍ਹਦਾ ਰੂਪ ਸਵਾਇਆ। (ਵਿਛੋੜਾ-ਵਸਲ, ਲ. ਦੇ. ਹਾ. ਪੰਨਾ 25)

105 (ਸ) ਹੇ ਅਨੰਤ! ਇਕ 'ਛੁਹ ਤੁਹਾਡੀ' ਨੂੰ ਦਿਲ ਮੰਗਦਾ ਨਹਿੰ ਰਜਦਾ,
'ਛੁਹ ਅਪਣੀ' ਦੀ ਗੋਦ ਖਿਡਾ ਤਿਉਂ ਮਾਂ ਨੂੰ ਇਹ ਕੁਛ ਫਬਦਾ।
(ਅਨੰਤ ਦੀ ਛੁਹ, ਮ. ਹੁ. ਪੰਨਾ 32)

(ਓ) ਸਾਈਂ ਵੱਲ ਧਿਆਨ ਕਰੀਏ ਜੇ ਜ਼ਰਾ
ਪ੍ਰੇਮ ਆਪਣੇ ਨਾਲ ਤੁਠੇ ਮਾਉਂ ਜਯੋਂ;
ਅਸਾਂ ਬਾਲਕਾਂ ਨਾਲ ਕਰਦਾ ਪਯਾਰ ਓ। (ਰਾ. ਸ਼ੂ. ਸਿੰ. ਪੰਨਾ 186)

(ਅ) ਬੈਠਾ ਸਦਾ-ਕ੍ਰਿਪਾਲ ਮਸਤਕ ਖੋੜ ਕੇ
ਮਾਤਾ ਵਾਂਗ ਪਸਾਰ ਬਾਹਾਂ ਪਯਾਰੀਆਂ
ਭੁਲੇ ਬੱਚੇ ਨਾਲ ਕਰਨ ਪਿਆਰ ਨੂੰ। (ਓਹੀ, ਪੰਨਾ 105)

(ਏ) ਔਮੀ ਸਦਾ ਕ੍ਰਿਪਾਲ ਆਪਣੇ ਬਾਲ ਤੇ,
ਪਰ ਏ ਬਾਲ ਸੁਭਾਵ ਜਦ ਕੁਝ ਚਾਹੁੰਦਾ
ਤਦੋਂ ਰੋਣ ਦੀ ਕਾਰ ਦੇਂਦਾ ਛੇੜ ਹੈ,
ਮਾਨੋ ਉਹ ਅਰਦਾਸ ਆਪਣੇ ਵਿੱਤ ਦੀ
ਕਰਦਾ ਮਾਤਾ ਪਾਸ,—ਦੁਖ ਸੁਣਾਂਵਦਾ।
ਤਿਵੇਂ ਪ੍ਰਭੂ ਦੇ ਪਾਸ ਬਾਲਕ ਹਾਂ ਅਸੀਂ
ਕਰਦੇ ਹਾਂ ਅਰਦਾਸ ਵਿੱਤ ਦੀ ਆਪਣੇ। (ਓਹੀ, ਪੰਨਾ 186)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਤਰ,[106] ਪੁਤਰ-ਮਾਂ[107] ਅਤੇ ਸ਼ਹੁ-ਸਾਗਰ-ਨਦੀ[108] ਦੇ ਸੰਬੰਧਾਂ ਦੁਆਰਾ ਵੀ ਪ੍ਰਗਟਾਇਆ ਹੈ। ਇਹ ਸੰਬੰਧ ਚੁੰਬਕ ਅਤੇ ਲੋਹੇ ਦਾ ਹੈ,[109] ਸਾਗਰ-ਜਲ ਅਤੇ ਪੁੰਨਿਆਂ-ਚੰਨ ਦਾ

(ਹ) ਸਿਕਦਾ ਸਿਕਦਾ ਵੱਛਾ ਛੁਟਿਆ, ਧਾ ਅੰਮੀ ਵਲ ਆਇਆ,
ਅੰਮੀ ਉਸ ਤੋਂ ਵੱਧ ਪਿਆਰੇ, ਤਰੁਠ ਤਰੁਠ ਲਾਡ ਲਡਾਇਆ।
(ਵਧ ਪਯਾਰ ਵਿੱਚ ਪ੍ਰੀਤਮ, ਮ. ਹੁ. ਪੰਨਾ 35-36)

106 (ੳ) ਗੁਣਾਂ ਪੁੰਜ ਕਰਤਾਰ ਗੁਣ ਦੀ ਖਾਣ ਹੈ
ਘਟ ਘਟ ਰਿਹਾ ਬਿਆਪ ਕਿਧਰੇ ਊਣ ਨਾ ;
ਅਸੀਂ ਓਸ ਦੀ ਅੰਸ਼ ਉਸਦੇ ਪੁਤ੍ਰ ਹਾਂ,— (ਰਾ. ਸ਼ੂ. ਸ਼ਿ. ਪੰਨਾ 186)

(ਅ) ਪਿਤਾ ਪੂਤ ਦਾ ਮੇਲ ਮਾਨੋ ਹੋਂਵਦਾ
ਕਰੀਏ ਜਦ ਅਰਦਾਸ ਨਾਲ ਪਿਆਰ ਦੇ। (ਓਹੀ, ਪੰਨਾ 187)

(ੲ) 'ਕੇ ਇਹ ਸੰਦਰ ਜੀਵ ਬਲੀਆ ਹੋਇਕੇ
'—ਮਾਨੋ ਹੋਇ ਸਪੁਤ੍ਰ ਸੱਚੇ ਰੱਬ ਦਾ
'ਇਕ ਸੁਰ ਹੋ ਉਸ ਨਾਲ ਇਕ ਧੁਨ ਬੋਲਦਾ। (ਓਹੀ, ਪੰਨਾ 210)

107 ਕੰਬਦੀ, ਧਰਕਦੀ, ਖੁਸ਼ ਹੁੰਦੀ ਪਰ ਸ਼ਰਮਦੀ
ਮੈਂ ਤੋੜ ਲਏ ਬੇਰ
ਕਾਹਲੀ ਕਾਹਲੀ ਤੇ ਲਗੀ ਸਾਂ ਧੋਣ
ਕਿ ਧੋਕੇ ਧਰਕੇ ਅਰਬੀ ਦੇ ਪੱਤੇ ਉੱਤੇ
ਲਿਆ ਧਰਾਂ ਭੇਟ, ਨਿਮਾਣੀ ਭੇਟ--ਆਪ ਮੰਗੀ ਭੇਟ—
ਸਾਂਈਆਂ ਜੀਉ ਦੇ ਅੱਗੇ ;
ਕਿ ਆ ਗਏ ਸਾਂਈਆਂ ਜੀਓ ਦੌੜੇ ਦੌੜੇ
ਖੋਹ ਲਏ ਧੋਏ ਜਾਣ ਲਗੇ ਬੇਰ,
ਖੋਹ ਲਏ ਜਿਵੇਂ ਖੁਹੰਦਾ ਏ ਬਾਲ ਮਾਂ ਦੇ ਹਥੋਂ ਮਖਾਣੇ,
ਤੇ ਖਾ ਲਏ ਇਕ ਇਕ ਕਰਕੇ ਸੁਆਦ ਲਾ ਲਾ ਕੇ।
ਵਾਹ ਮੇਰੇ ਸਾਈਆਂ ! ਬਲਿਹਾਰ ਬਲਿਹਾਰ ! (ਕੋਕਨ ਬੇਰ, ਮੇ. ਸਾ. ਜੀ. ਪੰਨਾ 71)

108 ਸਿੱਕਦੀ ਨਦੀ ਜਾਲ ਜੱਫਰਾਂ
ਜਦ ਸ਼ਹੁ ਸਾਗਰ ਪਹੁੰਚੀ,
ਉਸ ਤੋਂ ਵਧ ਪਯਾਰ ਵਿਚ ਸਾਗਰ
ਮਿਲਨ ਅਗਾਂਹ ਆਇਆ। (ਵੱਧ ਪਯਾਰ ਵਿੱਚ—ਪ੍ਰੀਤਮ, ਮ. ਹੁ. ਪੰਨਾ 35-36)

109 (ੳ) 'ਮੈਂ ਹਾਂ ਲੋਹੇ ਵਾਂਙ ਕਰੜੀ ਬੋਤੁ ਹੀ ;
'ਤਾਕਤ ਕੋਈ ਨਾਹਿ ਮੇਰੇ ਵਿੱਚ ਹੈ,
'ਮਾਪਯਾਂ ਰਲ ਸੰਜੋਗ ਕੀਤਾ ਮੇਰੜਾ.
'ਚੁੰਬਕ ਜੀਉਂਦੇ ਨਾਲ ਜੋ ਨਿੱਤ ਖਿੱਚਦਾ
'ਮੈਨੂੰ ਅਪਣੇ ਵੱਲ,—ਖਿੱਚੀ ਮੈਂ ਰਹਾਂ।
'ਮੇਰੇ ਕੀ ਹੈ ਵੱਸ ? ਤਾਕਤ ਖਿੱਚਦੀ
'ਜੋ ਮੇਰੇ ਵਿਚ ਨਾਹਿੰ ਚੁੰਬਕ ਵਿੱਚ ਹੈ !
'ਮੈਂ ਖਿਚ ਸਕਦੀ ਨਾਹਿੰ ਸਾਈਂ ਕੰਤ ਨੂੰ ;
ਸਾਈਂ ਖਿੱਚੇ ਆਪ ਚੁੰਬਕ ਵਾਕਰੇ। (ਰਾ. ਸ਼ੂ. ਸ਼ਿ. ਪੰਨਾ 140)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ,[110] ਜੋਤਿ ਅਤੇ ਦੀਵੇ ਦਾ ਹੈ,[111] ਦਾਤਾ ਅਤੇ ਭਿਖਾਰੀ ਦਾ ਵੀ ਹੈ।[112] ਬ੍ਰਹਮ ਅਤੇ ਜੀਵ ਦੇ ਸੰਬੰਧ ਨਿਰਧਾਰਣ ਲਈ ਭਾਈ ਸਾਹਿਬ ਨੇ ਜਿੱਥੇ ਇਕ ਪਾਸੇ ਰਾਂਝੇ ਅਤੇ ਹੀਰ

(ਅ) ਤੁਸੀਂ ਚੁੰਬਕ ਸ਼ਹੁ ਖਿੱਚਾਂ ਵਾਲੇ
ਤੁਸਾਂ ਸਿੱਕ ਅਸਾਂ ਦਿਲ ਸੀਤੀ। (ਸ਼ਹੁ ਖਿੱਚਾਂ ਵਾਲੇ, ਮ. ਹੁ. ਪੰਨਾ 34)

110 ਪੁੰਨਿਆਂ ਨੂੰ ਸ਼ਹੁ ਸਾਗਰ ਉਛਲੇ
ਤਾਂਘ ਅਰਸ਼ ਦੀ ਕਰਦਾ,
ਦੂਰ ਵਸੇਂਦੇ ਸੁਹਣੇ ਵੱਲੇ
ਉਮਲ ਉਮਲ ਜੀ ਭਰਦਾ,
ਜਿਉਂ ਜਿਉਂ ਪਰ ਉਸ ਲਗੇ ਚਾਂਦਨੀ
ਤਿਉਂ ਤਿਉਂ ਕੀ ਉਹ ਦੇਖੇ ?
ਪ੍ਰੀਤਮ ਦਾ ਦਿਲ ਪ੍ਰੇਮ ਤਰੰਗੀ
ਦਾਨ ਉਛਾਲੇ ਕਰਦਾ। (ਪ੍ਰੇਮ ਤਰੰਗੀ, ਮ. ਹੁ. ਪੰਨਾ 35)

111 ' ' ਤੂੰ' ਜਯੋਤੀ ਸਮ ਜਾਗ ਦੀਵੇ 'ਮੈਂ' ਵਿਖੇ :
' ' ਮੈਂ', ਦੀਵਾ ਤੂੰ ਜੋਤਿ ਰਹੀਏ ਜਾਗਦੇ।
... ...
'ਮੈਂਨੂੰ ਤੇਰਾ ਮੇਲ ਦੀਵੇ ਜਯੋਤ ਜਯੋਂ (ਰਾ. ਸ਼ੁ. ਸ਼ਿ. ਪੰਨਾ 175)

112 (ੳ) 'ਦਾਤ ਜੁ ਸਾਈਂ ਦੇਇ ਕਿੱਥੇ ਰੱਖੀਏ,
'ਸਿਰ ਅੱਖਾਂ ਤੇ ਥਾਉਂ ਉਸਨੂੰ ਦੇਵੀਏ।
'ਪਰ ਜੇ ਦਾਤੇ ਪਾਸ ਅਪਣੀ ਦਾਤ ਹੋ,
'ਦਾਤਾ ਦਾਤ ਸਮੇਤ ਮਿਲੇ ਭਿਖਾਰੀਆਂ,
'ਤਦੋਂ ਭਿਖਾਰੀ ਝੋਲ ਪੂਰੀ ਪਾਂਵਦੇ। (ਰਾ. ਸ਼ੁ. ਸ਼ਿ. ਪੰਨਾ 192)

(ਅ) 'ਦਾਤਾਂ ਨਾਲ ਪਿਆਰ ਕਰਦਾ ਜੇ ਕੁਈ
'ਦਾਤੇ ਤਈਂ ਵਿਸਾਰ ਦੇਂਦਾ—ਸੱਚ ਹੈ—
'ਉਹ ਨਾਹੀਂ ਪਰਵਾਨ ਹੁੰਦਾ ਹੈ ਧੁਰਾਂ ;
'ਤਾਂਤੇ ਸੋਭਾ ਯੋਗ ਤਾਂ ਹੀ ਦਾਤ ਹੈ,
'ਜੇ ਦਾਤਾ ਦਿਲ ਵਿੱਚ ਕਰੇ ਨਿਵਾਸ ਹੈ ;
'ਦਾਤੇ ਕਾਰਣ ਦਾਤ ਲੱਗੇ ਪਯਾਰੜੀ।
'ਬਿਨ ਦਾਤੇ ਦੇ ਪਯਾਰ ਲਗੇ ਜਿ ਦਾਤ ਨੂੰ,
'ਦਸ਼ਾ ਭਿਆਨਕ ਏਹ ... ... (ਓਹੀ, ਪੰਨਾ 192)

(ਏ) ਅੱਜ ਹਾਂ ਅੱਜ
ਸੋਝੀ ਆਈ ਕਿ ਮੈਂ ਅੰਦਰੇ
'ਮੰਗਾਂ' ਹੀ 'ਮੰਗਾਂ' ਹਨ ਤੇ
ਤੈਂ ਦਰ ਤੇ ਭੀਖਕ ਹਾਂ।
ਹੋਣਾ ਭੀਖਕ ਤੇ ਬਣਨਾ ਪ੍ਰੇਮਾਰਤ ;
ਇਹ ਹੈ ਮੇਰੀ ਪ੍ਰੀਤ ਦਾ ਉਘਾੜ। (ਪ੍ਰੀਤ ਦਾ ਉਘਾੜ ਮੇ.ਸਾ.ਜੀ. ਪੰਨਾ 32)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ[113] ਉਥੇ ਦੂਜੇ ਪਾਸੇ ਪਤੀ ਅਤੇ ਪਤਨੀ ਦੇ[114] ਪਰੰਪਰਾਗਤ ਰੂਪਕਾਂ ਦੀ ਵੀ ਵਰਤੋਂ ਕੀਤੀ ਹੈ।

ਭਾਈ ਸਾਹਿਬ ਅਨੁਸਾਰ ਬ੍ਰਹਮ ਵਿਭੂ ਹੈ, ਜੀਵ ਅਣੂ ਹੈ; ਬ੍ਰਹਮ ਮਹੱਤਮ ਹੈ; ਜੀਵ ਤੁੱਛ ਹੈ; ਬ੍ਰਹਮ 'ਭੂਮਾ' ਹੈ, ਜੀਵ ਅਲਪ ਹੈ; ਬ੍ਰਹਮ ਪੂਰਾ ਹੈ, ਜੀਵ ਊਰਾ ਹੈ; ਬ੍ਰਹਮ ਗਉਰਾ ਹੈ, ਜੀਵ ਹਉਰਾ ਹੈ; ਬ੍ਰਹਮ ਅਭੁੱਲ ਹੈ, ਜੀਵ ਭੁਲਣਹਾਰ ਹੈ।[115] ਬ੍ਰਹਮ ਅਮਿੱਤ ਹੈ, ਜੀਵ ਮਿੱਤਵਾਨ ਹੈ; ਬ੍ਰਹਮ ਦੇ ਕਰਮ ਅਮਿੱਤ ਹਨ, ਜੀਵ ਦੇ ਕਰਮ ਮਿੱਤ-ਬੱਧ ਹਨ। ਜੀਵ ਦੇ ਕਰਮ ਅਮਿੱਤ ਹੋ ਹੀ ਨਹੀਂ ਸਕਦੇ। ਅਮਿੱਤ ਬ੍ਰਹਮ ਆਪਣੀ ਬਖਸ਼ਿਸ਼ ਦੁਆਰਾ ਮਿੱਤਵਾਨ ਜੀਵ ਦੇ ਮਿੱਤ-ਬੱਧ ਕਰਮਾਂ ਦਾ ਨਾਸ਼ ਕਰਨ ਵਿੱਚ ਸਮਰਥ ਹੈ।[116]

ਬ੍ਰਹਮ ਅਤੇ ਜੀਵ ਦੇ ਉਪਰ-ਕਥਿਤ ਸੰਬੰਧਾਂ ਵਿੱਚ ਭੇਦ ਅਤੇ ਅਭੇਦ ਦੋਹਾਂ ਹੀ ਭਾਵਨਾਵਾਂ ਦਾ ਪ੍ਰਤਿਪਾਦਨ ਕੀਤਾ ਗਿਆ ਹੈ। ਇਸੇ ਆਧਾਰ ਤੇ ਭਾਈ ਸਾਹਿਬ ਦੇ ਦਰਸ਼ਨ ਨੂੰ ਅਸੀਂ ਨਿੰਮਬਾਰਕ ਦੇ 'ਭੇਦਾਭੇਦਵਾਦ' (ਭੇਦ-ਅਭੇਦਵਾਦ) ਜਾਂ

---

113 ਸਾਡਾ ਰਾਂਝਾ ਤਖਤ ਹਜ਼ਾਰੇ ਤਖਤੋਂ ਕਦੀ ਨਾ ਉਠਦਾ,
ਝੰਗ ਸਿਆਲੀਂ ਬੈਠਿਆਂ ਸਾਨੂੰ ਖਿਚਾਂ ਪਾ ਪਾ ਕੁਠਦਾ,
ਆਵੇ ਆਪ ਨ ਪਾਸ ਬੁਲਾਵੇ, ਸੱਦ ਵੰਞਲੀ ਦੀ ਘੱਲੇ ;
ਕੁੰਞਲੀ ਪਾ ਪਾਣੀ ਵਿਦ ਰਖਦਾ,—ਰੁਠਦਾ ਹੈ ਕਿ ਤਰੁਠਦਾ ?
(ਅਚਲ ਰਾਂਝਾ, ਲ. ਦੇ. ਹਾ., ਪੰਨਾ 13)

114 'ਇਕੋ ਪੁਰਖ ਅਕਾਲ ਹੈ ਪਰਮਾਤਮਾ,
'ਹੋਰ ਆਤਮਾ ਸਭ ਜਾਣੋ ਨਾਰੀਆਂ। (ਰਾ. ਸ਼ੂ. ਸ਼ਿ. ਪੰਨਾ 227)

115 'ਅਧਮ ਅਸੀਂ ਹਾਂ ਜੀਵ ਭੁਲਦੇ ਹਾਂ ਸਦਾ,
'ਅਭੁਲ 'ਗੁਰੂ' 'ਕਰਤਾਰ' ਕੇਵਲ ਹੈਨ ਦੋ।
'ਭੁੱਲਣ ਦੇਣ ਨ ਸਿੱਖ ਅੰਦਰ ਬੈਠਕੇ,
'ਜੇ ਭੁਲ ਜਾਵੇ ਸਿੱਖ ਰਸਤੇ ਪਾਉਂਦੇ। (ਰਾ. ਸ. ਸ਼ਿ. ਪੰਨਾ 222)

116 (ੳ) 'ਮੈਂ ਮਿਤ ਵਾਲੀ, ਜੀਵ, ਭੁਲਣਹਾਰ ਹਾਂ,
'ਕੀਤੇ ਪਾਪ ਅਨੇਕ ਭਾਵੇਂ ਢੇਰ ਮੈਂ,
'ਪਰ ਗਿਣਤੀ ਦੇ ਵਿਚੋਂ ਮਿੱਤੋਂ ਬਾਰ ਨਾ ;
'ਮਿਤ ਵਾਲੇ ਦੀ ਕਾਰ ਮਿਤ ਵਿਚ ਹੋਂਵਦੀ।
'ਸਾਈਂ ਅਮਿਤ, ਅਪਾਰ ਉਸਦੀ ਮੇਰ ਬੀ
'ਹੈ ਮਿੱਤੋਂ ਨਿਤ ਬਾਰ ਅੰਤ ਨ ਪਾਵੀਏ,— (ਓਹੀ, ਪੰਨਾ 74)

(ਅ) ਬਖਸ਼ਣ ਵਾਲਾ ਮਿੱਤੋਂ ਬਾਹਰ,
ਅਸੀਂ ਮਿੱਤ ਵਿਦ ਭਾਈ !
ਮਿਤ ਵਾਲੇ ਦੇ ਕਰਮ ਅਮਿੱਤੇ
ਕਦੇ ਨਹੀਂ ਹੋ ਸਕਦੇ,
ਬਖਸ਼ ਅਮਿੱਤੇ ਦੀ ਜਿਤ ਪਾਊ।
ਮਿਤ ਦੇ ਕਰਮ ਉਡਾਈ (ਬਖਸ਼ਿਸ਼ ਤੇ ਕਰਮ, ਲ. ਦੇ. ਹਾ., ਪੰਨਾ 32)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਵੈਤਾ ਦਵੈਤਵਾਦ[117] (ਦਵੈਤ-ਅਦਵੈਤਵਾਦ) ਦਾ ਵੀ ਨਾਮ ਦੇ ਸਕਦੇ ਹਾਂ।

ਭਾਈ ਵੀਰ ਸਿੰਘ ਅਨੁਸਾਰ ਜੀਵ ਅਤੇ ਬ੍ਰਹਮ ਵਿਚਲੇ ਭੇਦ ਦਾ ਕਾਰਣ 'ਭੁੱਲ' ਹੈ।[118] ਜੀਵ ਅਤੇ ਬ੍ਰਹਮ ਵਿਚਾਲੇ ਦੂਜਾ ਪੜਦਾ ਮੰਦੇ ਕਰਮਾਂ ਦੇ ਫਲਸਰੂਪ ਉਪਜੀ ਸ਼ਰਮ ਦਾ ਹੈ ਜਿਸ ਨੇ ਜੀਵ-ਬ੍ਰਹਮ ਦੀ ਦੂਰੀ ਵਿੱਚ ਹੋਰ ਵੀ ਵਾਧਾ ਕਰ ਰਖਿਆ ਹੈ। ਇਹ ਪੜਦਾ ਜੀਵ ਦਾ ਸਵੈ-ਸਿਰਜਿਤ ਹੈ, ਆਪ-ਸਹੇੜਿਆ ਹੈ। ਪਾਪ-ਕਰਮਾਂ ਕਾਰਣ ਜੀਵ ਦਾ ਮਨ ਕਰਤਾ ਵਲੋਂ ਗੁਮਰੁੱਠ ਹੋ ਜਾਂਦਾ ਹੈ ਜਿਸ ਕਾਰਣ ਹਿਰਦਾ ਹੋਰ ਵੀ ਕਠੋਰ ਹੋ ਕੇ ਮੰਦ-ਕਰਮਾਂ ਵਿੱਚ ਸੰਲਗਨ ਹੋ ਜਾਂਦਾ ਹੈ ਅਤੇ ਜੀਵ ਸੋਚਾਂ, ਸਮਝਾਂ ਤੋਂ ਵਿਹੀਨ ਹੋ ਜਾਂਦਾ ਹੈ ਅਤੇ ਉਸ ਦੀ ਰਬ ਤੋਂ ਦੂਰੀ ਹੋਰ ਵੀ ਪੱਕ ਜਾਂਦੀ ਹੈ।[119] ਸਿੱਟੇ ਵਜੋਂ ਜੀਵ

---

117 ਨਿੰਮਬਾਰਕ ਦੇ ਭੇਦਾਭੇਦ ਜਾਂ ਦਵੈਤਾਦਵੈਤ ਅਨਸਾਰ ਜੀਵ, ਜਗਤ ਅਤੇ ਬ੍ਰਹਮ ਵਿਚ ਦਵੈਤ ਵੀ ਹੈ ਅਤੇ ਅਦਵੈਤ ਵੀ। ਇਸੇ ਲਈ ਇਸਨੂੰ ਦਵੈਤ (ਭਿੰਨਤਾ ਮੰਨਣ ਵਾਲਾ) ਅਤੇ ਅਦਵੈਤ (ਅਭਿੰਨਤਾ ਮੰਨਣ ਵਾਲਾ) ਦੋਹਾਂ ਦੇ ਮੇਲ ਦਾ ਨਾਮ ਦਿੱਤਾ ਗਿਆ ਹੈ। ਇਸ ਸੰਬੰਧੀ ਵਧੇਰੇ ਵਿਸਥਾਰ ਲਈ ਦੇਖੋ ਲੇਖਕ ਦੀ ਪੁਸਤਕ ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ 31-33.

118 (ੳ) 'ਪਰਦਾ ਹੈ ਵਿਚਕਾਰ ਤਣਿਆ ਭੁਲ ਦਾ
'ਵਿਥ ਪਈ ਜਾਂ ਜਾਣ, ਪਾਈ ਭੁਲ ਨੇ। (ਰਾ. ਸ਼ੁ. ਸਿੰ. ਪੰਨਾ 196)

(ਅ) ਕੋਈ ਵਿਥ ਮਹਾਨ ਗੱਭੇ ਹੈ ਪਈ।
'ਭੁਲ' ਕਹਿਣ ਉਸ ਨਾਮ ਮਾੜੀ ਵਿਥ ਦਾ। (ਓਹੀ, ਪੰਨਾ 186)

119 ਫਿਰ ਇਕ ਪੜਦਾ ਹੋਰ ਚਿਤ ਦੇ ਸਾਮ੍ਹਣੇ
ਤਾਣ ਲਿਆ ਮਾਨੁਖ ਆਪਣੇ ਆਪ ਹੈ
ਕੀਤੇ ਕਰਮ ਜੁ ਮੰਦ ਲਜ ਉਪਜਾਂਵਦੇ ;
ਸ਼ਰਮ ਏਸ ਨੇ ਆਣ ਪੜਦਾ ਤਾਣਿਆ,
ਇਹ ਪਰਦਾ ਉਪਦੇਸ਼ ਦੇਵੇ ਅੰਕੁਰਾਂ :—
'ਕੰਮ ਕਰੇ ਓ ਰੋਜ਼ ਜੋ ਨਹਿੰ ਭਾਂਵਦੇ
'ਸਾਈਂ ਤਾਈਂ ਮੂਲ ; ਫਿਰ ਤੂੰ ਹੈਂ ਕਰੇਂ
'ਬਿਨਤੀ, ਬਣਕੇ ਢੀਠ ਅੱਗੇ ਓਸਦੇ।
'ਮੂੰਹ ਦਿਖਲਾਵਣ ਜੋਗ ਤੂੰ ਨਹਿੰ ਓਸ ਨੂੰ।
'ਇਸ ਪਰਦੇ ਵਿਚ ਬੈਠ ਲੁਕਿਆ ਓਸ ਤੋਂ,
'ਅਪਨੀ ਕਾਰੇ ਲੱਗ ਚਿੰਤਾ ਛਡ ਦੇ।'
ਐਸੇ ਕਈ ਵਿਚਾਰ ਦਿਲ ਨੂੰ ਮੋੜ ਕੇ
ਕਰ ਦੇਂਦੇ ਗਮਰੁਠ ਕਰਤਾ ਵਲ ਤੋਂ।
ਯਾ ਐਵੇਂ ਬਿਨ ਸੋਚ ਕਰਦਯਾਂ ਪਾਪ ਦੇ
ਹੋ ਜਾਂਦਾ ਰਾਮਰੁਠ ਮਨ ਹੈ ਆਪ ਹੀ।
ਜਦ ਹਿਰਦਾ ਗਮਰੁਠ ਵਧੇ ਕਠੋਰਤਾ
ਫੇਰ ਕੰਮ ਏ ਹੋਰ ਬੁਰੇ ਕਰਾਂਵਦੀ,
ਭਲੀ ਸੋਚ ਤੋਂ ਵਾਂਜ ਰਖਦੀ ਹੈ ਪਰੇ।
ਭਲੀ ਸੋਚ ਨੂੰ ਨਿੱਤ ਪਰੇ ਹਟਾਂਦਿਆਂ
ਪਰੇ ਰਹਿਣ ਦੀ ਬਾਣ ਜਾਂਦੀ ਪੱਕ ਹੈ। (ਓਹੀ, ਪੰਨਾ 102-3)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਰ ਇਕ ਦ-ਮੰਸੋਚ ਦਾ ਆਗਮਨ ਹੁੰਦਾ ਹੈ । ਉਹ ਸਮਝਦਾ ਹੈ ਉਸ ਨੂੰ ਦੇਖਣ ਵਾਲਾ ਜਾਂ ਰੋਕਣ ਵਾਲਾ ਕੋਈ ਨਹੀਂ । ਉਹ ਜੋ ਅਤੇ ਜਿਵੇਂ ਜੀਅ ਚਾਹੇ ਕਰ ਸਕਦਾ ਹੈ ਪਰ ਇਹ ਉਸ ਦੀ ਭੁੱਲ ਹੈ ਕਿਉਂਕਿ ਰੱਬ ਤਾਂ ਦੇਖਣਹਾਰ ਹੈ । ਸ਼ੇਰ ਨੂੰ ਸਾਹਮਣੇ ਵੇਖ ਕੇ ਅੱਖਾਂ ਮੀਟਿਆਂ ਸ਼ੇਰ ਅਲੋਪ ਨਹੀਂ ਹੋ ਜਾਂਦਾ। ਇੰਜ ਨਿਰਸੰਦੇਹ ਮੰਦੇ ਕਰਮਾਂ ਕਾਰਣ ਹੀ ਜੀਵ ਅਤੇ ਬ੍ਰਹਮ ਵਿਚਾਲੇ ਇਹ ਪੜਦਾ ਪਿਆ ਰਹਿੰਦਾ ਹੈ ।[120] ਇਸ ਤੋਂ ਛੁਟ 'ਹਉਮੈਂ' ਨੂੰ ਵੀ ਭਾਈ ਸਾਹਿਬ ਨੇ ਬ੍ਰਹਮ ਅਤੇ ਜੀਵ ਦੀ ਭੇਦ-ਭਾਵਨਾ ਦਾ ਆਧਾਰਭੂਤ-ਕਾਰਣ ਦਰਸਾਇਆ ਹੈ ।[121]

ਭਾਈ ਸਾਹਿਬ ਅਨੁਸਾਰ ਬ੍ਰਹਮ ਅਤੇ ਜੀਵ ਵਿਚਲੀ ਵਿੱਥ ਉਦੋਂ ਤੀਕ ਨਹੀਂ ਮਿਟ ਸਕਦੀ ਜਦ ਤੀਕ 'ਅਨੁਭਵ ਦੀ ਅੱਖ' ਨਾ ਖੁਲ੍ਹੇ ਅਤੇ ਸਮਝ ਅਥਵਾ ਗਿਆਨ ਦਾ ਚਾਨਣ ਨਾ ਹੋ ਜਾਵੇ । ਇਸ ਦੇ ਲਈ ਇਕ ਵਿਸ਼ੇਸ਼ 'ਅਨੁਭਵ-ਰਾਹ'[122] ਅਤੇ ਸਾਧਨ-

---

120 ਤਦ ਇਕ ਮੰਦ ਸੁਭਾਵ ਜਾਂਦਾ ਬੱਝ ਹੈ,
ਜਿਸਦਾ ਇਹ ਪਰਭਾਵ ਹਿਰਦੇ ਛਾਉਂਦਾ :
ਸਾਈਂ ਦੇਖੇ ਨਾਹਿੰ ਮੇਰੇ ਕੰਮ ਨੂੰ
ਜੋ ਮੈਂ ਚਾਹਵਾਂ ਆਪ ਸੋ ਕਰ ਲਵਾਂ ਮੈਂ ।
ਪਰ ਨਾ ਸਮਝੇ ਮੂੜ੍ਹ ਦੇਖਾਂ ਮੈਂ ਨਹੀਂ,
ਮੈਂ-ਦੇਖਣ ਨਾ ਨਾਲ ਕਿਕੁਰ ਹੋ ਸਕੇ
ਸਾਈਂ-ਦੇਖਣਹਾਰ,—ਓ ਨਿਤ ਜਾਗਦਾ !
ਜਿਵੇਂ ਸ਼ੇਰ ਨੂੰ ਵੇਖ ਅੱਖਾਂ ਮੀਟਿਆਂ
ਸ਼ੇਰ ਨ ਹੋਵੇ ਦੂਰ ਉਹ ਤਾਂ ਹੈ ਖੜਾ ।
ਮਨ ਤੇ ਪੜਦਾ ਪਾਇ ਅੱਖਾਂ ਮੀਟਿਆਂ
ਸਾਈਂ-ਦੇਖਣ ਦੂਰ ਹੁੰਦਾ ਹੈ ਨਹੀਂ ;
ਨਿਤ ਨਿਤ ਕਰਦਾ ਕਾਰ ਖੋਟੀ ਬੇਵਸੇ,
ਜੋ ਚੰਗੀ ਨਹਿੰ ਫੇਰ ਚੰਗੀ ਭਾਸਦੀ
ਇਕੁਰ ਮਾੜਿਆਂ-ਨਾਲ-ਕਰਮਾਂ ਦੇ ਪਿਆ
ਪਰਦਾ ਹੈ ਵਿਚਕਾਰ ਸਾਡੇ ਰੱਬ ਦੇ । (ਰਾ. ਸ੍ਰ. ਸ੍ਰਿੰ., ਪੰਨਾ 103)

121 'ਹਉਮੈਂ ਹੀ ਹੈ ਮੂਲ ਪਰਦਾ ਰੱਬ ਤੋਂ,
'ਏਹੋ ਹੀ ਹੈ ਰੋਕ ਸਾਈਂ ਪਯਾਰ ਦੀ,
'ਜੋ ਉਸ ਤੋਂ ਹੈ ਨਿੱਤ ਅਸਾਂ ਵਿਛੋੜਦੀ :
'ਅਸਾਂ ਓਸ ਵਿਚਕਾਰ ਉਸਰੀ ਕੰਧ ਏ ;
'ਸਾਈਂ ਤੋਂ ਭੁਲ ਪੱਕੀ ਹੋ ਰਹੀ :— (ਓਹੀ, ਪੰਨਾ 216)

122 'ਰੂਹਾਨੀ ਹੀ ਮੇਲ ਅਸਲੀ ਮੇਲ ਹੈ ।
... ...
'ਨਿਰਪੇਖਕ ਉਸ ਰੂਪ ਤਾਂਹੀ ਜਾਣੀਏ
'ਜਦ ਅਨੁਭਵ ਦੀ ਅੱਖ ਖੁਲ੍ਹੇ ਆਣਕੇ ।
'ਸਮਝ ਨ ਸਕਦੀ ਪੈਂ ਚ 'ਅਨੁਭਵ-ਦੇਸ਼' ਹੈ (ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਰਗ[123] ਅਪਨਾਉਣ ਦੀ ਲੋੜ ਹੈ। ਪਰ ਵਿੱਥ ਦੇ ਮੂਲ ਕਾਰਣ 'ਭੁੱਲ' ਦਾ ਦਾਰੂ 'ਯਾਦ' ਹੈ ਜੋ ਪ੍ਰੇਮ ਦਾ ਹੀ ਰੂਪ ਹੈ। 'ਯਾਦ' ਆਪਣੀ ਪਰਪੱਕ ਅਵਸਥਾ ਵਿੱਚ ਪੁੱਜ ਕੇ ਪ੍ਰੇਮ-ਰੂਪ ਹੋ ਨਿਬੜਦੀ ਹੈ। ਇੰਜ ਭੁੱਲ ਦੇ ਪੜਦੇ ਅਤੇ ਵਿੱਥ ਦਾ ਵਿਨਾਸ਼ ਹੁੰਦਾ ਹੈ ਅਤੇ ਪ੍ਰਭੂ ਦੀ ਕਿਰਪਾ ਸਦਕਾ ਜੀਵ-ਬ੍ਰਹਮ ਦਾ ਮਿਲਨ ਹੋ ਜਾਂਦਾ ਹੈ।[124] ਗੱਲ ਕੀ, ਬ੍ਰਹਮ ਅਤੇ ਜੀਵ ਦੋਹਾਂ ਦੇ ਮੇਲ ਦਾ ਇਕਮਾਤਰ ਸਾਧਨ ਪ੍ਰੇਮ ਹੈ।[125] ਬਿਨੈ ਅਥਵਾ ਅਰਦਾਸ

'ਆਪਾ ਅਨੁਭਵ ਦੇਸ਼ ਜਾ ਹੈ ਪੌਂਚੁਦਾ
'ਤਾਂਤੇ ਅਨੁਭਵ-ਰਾਹ ਰਾਣੀ ਖੋਜੀਏ।
' 'ਸਮਝ' ਸੋਖ ਹਾਂ ਨਾਲ ਸਕਦੀ ਜਾਣ ਹੈ,
'ਪਰ ਫਿਰ ਰਹਿੰਦੀ ਵਿਥ ਤਦ ਬੀ ਹੈ ਬਣੀ ;
'ਅਸਲ ਵਾਪਰੇ ਬਾਝੁ ਅਨੁਭਵ ਤੋਂ ਬਿਨਾ
'ਵਿਥ ਨ ਮਿਟਦੀ, ਮੇਲ ਅਸਲ ਨ ਹੋਂਵਦਾ.
'ਤਦੋਂ ਮਿਟੇ ਹੈ ਵਿੱਥ ਅਨੁਭਵ ਹੋ ਜਦੋਂ। (ਰਾ. ਸ੍ਰ. ਸਿੰ., ਪੰਨਾ 196)

123 ਇਸ ਸਾਧਨ - ਮਾਰਗ ਦੇ ਵਿਸਥਾਰ ਲਈ ਦੇਖੋ ਰਾ. ਸ੍ਰ. ਸਿੰ. ਪੰਨਾ 196 ਤੋਂ 201 ਤੀਕ

124 'ਭੁਲ ਦਾ ਦਾਰੂ 'ਯਾਦ' ਜਾਣੋ.....
' 'ਯਾਦ' ਜੁ ਪ੍ਰੇਮ ਸਰੂਪ ਦਾਰੂ ਹੈ ਉਹੋ।
' 'ਯਾਦ' ਜਦੋਂ ਪਕ ਜਾਇ ਮੋਲੇ ਪ੍ਰੇਮ ਹੈ
'ਭੁਲ ਦਾ ਪਰਦਾ ਦੂਰ ਤਦ ਹੋ ਜਾਇਸੀ
'ਭੁਲ ਹਟੀ ਤਾਂ ਵਿਥ ਨਾਲ ਬਿਲਾਇਸੀ
'ਵਿੱਥ ਹਟੀ ਤਾਂ ਆਪ ਮੋਲਾ ਆ ਗਿਆ
ਕਿਰਪਾ ਉਸਦੀ ਨਾਲ ਹੁੰਦਾ ਮੇਲ ਏ। (ਰਾ. ਸ੍ਰ. ਸਿੰ. ਪੰਨਾ 197)

125 (ੳ) 'ਵਾਹਿਗੁਰੂ ਹੈ ਰੂਹ ਪੂਰਨ ਆਤਮਾ
'ਅਸੀਂ ਬੀ ਹਾਂਗੇ ਰੂਹ, ਦੇਹੀ ਹਾਂ ਨਹੀਂ।
'ਰੂਹ ਰੂਹ ਦਾ ਮੇਲ ਕੀਕੂੰ ਹੋ ਸਕੇ ?
'ਇੱਕੋ ਹੈ ਉਪਚਾਰ ਦੁਹੂੰ ਦੇ ਮੇਲ ਦਾ
' 'ਪ੍ਰੇਮ' ਜਿਦਾ ਹੈ ਨਾਮ—ਰੂਹਾਂ ਮੇਲਦਾ।
... ...
'ਜਯੋਂਦਾ' ਸਾਧਨ ਏਹ ਕਹਿਣਾ ਹੈ ਬਣੇ
'ਰੂਹਾਂ ਦੇ ਜੋ ਮੇਲ ਵਿਚ ਸਮਰੱਥ ਹੈ। (ਓਹੀ, ਪੰਨਾ 198)

(ਅ) ' 'ਆਤਮ' ਜਾਂ ਕਹੁ 'ਰੂਹ' ਨਾਲ ਪਰੇਮ ਏ
'ਪਰਮਾਤਮ ਦੇ ਨਾਲ ਮਿਲਦੀਆਂ ਆ ਸਭੇ।
ਨਾਲ ਪ੍ਰੇਮ ਦੇ ਮੇਲ ਹੁੰਦਾ ਮੇਲ ਏ। (ਓਹੀ, ਪੰਨਾ 227)

(ੲ) ਇਹ ਪ੍ਰੇਮ ਤਾਂ ਨਿਰੀ ਖ਼ਲਾਸੀ,
... ...
ਇਹ ਪ੍ਰਭੂ ਜੀ ਨਾਲ ਬੰਨਾਂਦਾ ਹੈ,
... ...
ਜੋ ਪ੍ਰੇਮ ਕਰੇ ਪ੍ਰਭੂ ਪਾਂਦਾ ਹੈ। (ਕੰ. ਕ., ਪੰਨਾ 144-45)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਬ੍ਰਹਮ ਅਤੇ ਜੀਵ ਵਿਚਲੀ ਵਿਥ ਨੂੰ ਮਿਟਾਉਣ ਦਾ ਇਕ ਸ਼ਕਤੀਸ਼ਾਲੀ ਸਾਧਨ ਹੈ।[126]

ਜਿਥੇ ਬ੍ਰਹਮ ਅਤੇ ਜੀਵ ਵਿੱਚ ਭੇਦ ਵੀ ਹੈ ਅਤੇ ਅਭੇਦ ਵੀ ਉਥੇ ਇਕ ਜੀਵ ਅਤੇ ਦੂਜੇ ਜੀਵ ਵਿੱਚ ਜਾਂ ਇਕ ਜੀਵ ਅਤੇ ਦੂਜਿਆਂ ਜੀਵਾਂ ਵਿੱਚ ਭੇਦ ਵੀ ਹੈ[127] ਅਤੇ ਅਭੇਦ ਵੀ। ਜੀਵ-ਜੀਵ-ਭੇਦ ਦਾ ਕਾਰਣ ਹਉਮੈ, ਸ੍ਵਾਰਥ ਅਤੇ ਖ਼ੁਦਗਰਜ਼ੀ-ਵੇੜ੍ਹਿਆ[128]

(ਸ) 'ਸੱਚੀ ਅੰਸ਼ ਪਿਆਰ ਦੀ ਸਾਈਂ—ਚਰਨ ਪੁਚਾਇ।'
(ਮਰਦ ਦਾ ਕੁਤਾ, ਬਿ. ਦੇ. ਹਾ. ਪੰਨਾ 56)

126 (ੳ) ਹੁਣ ਜੇ ਕਰਿ ਅਰਦਾਸ ਉਨ੍ਹੰ ਧਿਆਈਏ
ਵਿੱਥ ਜੁ ਭੁਲ ਸਰੂਪ ਤਦ ਮਿਟ ਜਾਇਗੀ
... ...
ਪਿਤਾ ਪੂਤ ਦਾ ਮੇਲ ਮਾਨੋ ਹੋਂਵਦਾ
ਕਰੀਏ ਜਦ ਅਰਦਾਸ ਨਾਲ ਪਿਆਰ ਦੇ। (ਗ. ਸ੍ਰ. ਸ਼ਿੰ. ਪੰਨਾ 187)

(ਅ) ਸਭ ਵਿੱਥਾਂ ਤੇ ਸਭ ਪਰਦੇ ਜੋ ਪਏ
ਸਭ ਦਾ ਹੈ 'ਅਰਦਾਸ' ਦਾਰੂ ਸੋਹਿਣਾ।
... ...
ਵਿਥ ਪਈ ਵਿਚਕਾਰ ਮੇਲੇ ਬੇਨਤੀ।
ਜਦੋਂ ਰਿਦੇ ਨੂੰ ਪਾੜ ਨਿਕਲੀ ਬੇਨਤੀ
ਪਰਦੇ ਫਟ ਗਏ ਆਪ ਜੋ ਵਿਚ ਸੇ ਪਏ।
ਯਾ ਜੋ ਕਿਰਪਾ ਹੋਇ ਸਾਂਈਂ ਵੱਲ ਤੋਂ
ਬਿਨਤੀ ਦੇਵੈ ਭੇਜ ਸਾਡੇ ਪਾਸ ਓ,
ਉਹ ਆ ਪਰਦੇ ਪਾੜ ਵਿੱਥਾਂ ਮੇਲਦੀ :
ਦਿਲ ਤੋਂ ਚਰਨਾਂ ਤੀਕ ਤਦ ਬਣ ਜਾਂਵਦਾ
ਮਾਨੋਂ ਪੁਲ ਰਮਣੀਕ ਆਤਮ ਭਾਵ ਦਾ,
ਜਿਸਦੇ ਰਸਤੇ ਜੀਵ ਲੰਘੇ ਵਿੱਥ ਨੂੰ ;
ਜੋ ਸਾਈਂ ਤੇ ਓਸ ਗੱਭੇ ਹੈ ਪਈ :
... ...
ਬਿਨ ਲਿਜਾਵੇ ਦ੍ਵਾਰ ਸਾਨੂੰ ਰੱਬ ਦੇ, (ਓਹੀ ਪੰਨਾ, 103)

(ੲ) ਜੀਵ ਕਰੇ ਅਰਦਾਸ ਜਦ ਜੀ ਜੋੜਕੇ
ਬ੍ਰਹਮ ਸਰਨ ਵਿਚਕਾਰ ਓ ਜੁੜ ਜਾਂਵਦਾ। (ਓਹੀ, ਪੰਨਾ 185)

127 'ਜੀਉ ਜੀਉ ਵਿਚ ਵਿੱਥ ਹੈ ਏ ਪੈ ਰਹੀ ;
'ਥੋੜੀ ਕਿਧਰੇ ਬੇਤੁ ਭਾਂਤ ਅਨੇਕ ਦੀ। (ਓਹੀ, ਪੰਨਾ 217)

128 'ਦੂਜੇ ਪਾਸੇ ਰਾਜ! ਹਉਮੈਂ ਹੀ ਇਹੋ
... ...
'ਘਰ ਘਰ ਦੇ ਵਿਚ ਵਿੱਥ ਪਾਟਕ ਪਾਂਵਦੀ,
'ਇਨਸਾਨੋਂ ਇਨਸਾਨ ਕਰਦੀ ਵੱਖ ਹੈ,
'ਦਿਲ ਦਿਲ ਦੇ ਵਿਚਕਾਰ ਵਿੱਥਾਂ ਪਾਂਵਦੀ।

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵਾਂ ਦਾ ਸੁਭਾਵ ਅਤੇ ਇਸ ਦਾ ਵਿਕੋਲਿਤ੍ਰਾਪਨ ਹੈ। ਇਸੇ ਲਈ ਜੀਵ-ਸ੍ਰਿਸ਼ਟੀ ਅਨਿਕ-ਪ੍ਰਕਾਰੀ ਅਤੇ ਬਹੁ-ਭਾਂਤੀ ਦ੍ਰਿਸ਼ਟੀਗਤ ਹੁੰਦੀ ਹੈ। ਜੀਵ ਜੀਵ-ਅਭੇਦਤਾ ਦਾ ਕਾਰਣ ਰੱਤ ਅਤੇ ਉਸ਼ਦੀ ਸਰਬ ਵਿਆਪਕਤਾ ਦਾ 'ਸੂਤ' ਹੈ ਜਿਸ ਦੁਆਰਾ ਜੀਵ ਮਾਲਾ ਵਿੱਚ ਫੁੱਲਾਂ ਦੇ ਸਮਾਨ ਪਰੁੱਚੇ ਪਏ ਹਨ। ਉਹਨਾਂ ਦੇ ਇਸ ਪਰਸਪਰ-ਮਿਲਨ ਦਾ ਰੂਪ, ਭਾਈ ਸਾਹਿਬ ਅਨੁਸਾਰ, ਅਦਿੱਖ ਹੈ।[129]

ਭਾਂਤੋ ਭਾਂਤ ਦੀ ਜੀਵ-ਸ੍ਰਿਸ਼ਟੀ ਜੋ ਪ੍ਰਭੂ ਦੇ ਸਵੈ-ਸਰੂਪ ਅਥਵਾ ਪ੍ਰੇਮ-ਸਰੂਪ ਦੀ ਹੀ ਅਭਿਵਿਅਕਤੀ ਹੈ[130]ਦੇ ਅੰਤਰਗਤ ਚੇਤਨ ਜੀਵ-ਸ੍ਰਿਸ਼ਟੀ ਅਥਵਾ ਮਾਨਵ-ਸ੍ਰਿਸ਼ਟੀ ਹੀ ਸਰਵ-ਸ੍ਰੇਸ਼ਠ ਹੈ।[131] ਪਰ ਮਾਨਵ-ਜੀਵ-ਸ੍ਰਿਸ਼ਟੀ ਦੇ ਵੀ ਮੋਟੇ ਤੌਰ ਤੇ ਦੋ ਭੇਦ ਕੀਤੇ ਜਾ ਸਕਦੇ ਹਨ। ਪਹਿਲੇ ਦੇ ਅੰਤਰਗਤ ਪਰ-ਉਪਕਾਰੀ ਜੀਵ ਅਥਵਾ ਬੇਗ਼ਰਜ਼ ਅਤੇ ਪਰ-ਸ੍ਵਾਰਥੀ ਅਤੇ ਗੁਰਮੁਖ ਜੀਵ ਸ਼ਾਮਿਲ ਹਨ ਜਿਹਨਾਂ ਨੂੰ ਭਾਈ ਸਾਹਿਬ ਨੇ 'ਪਾਰ ਗਿਰਾਮੀ ਲੋਕ'[132]

'ਏਥੇ 'ਸ੍ਵਾਰਥ' ਰੂਪ ਹਉਮੈਂ ਧਾਰਦੀ
'ਖੁਦਗ਼ਰਜ਼ੀ' ਬੀ ਲੋਕ ਇਸਨੂੰ ਆਖਦੇ।
'ਏਹੋ ਹੀ ਹੈ ਕੰਧ : ਜਿਸ ਹੈ ਜੱਗ ਤੋਂ
'ਸਾਨੂੰ ਕੀਤਾ ਅੱਡ, ਪਾਪ ਸਿਖਾਲਿਆ। (ਰਾ. ਸ੍ਰੁ. ਸ਼ਿੰ., ਪੰਨਾ 216)

129 'ਫਿਰ ਸਭਨਾਂ ਵਿਚ ਰੱਬ ਰਿਹਾ ਵਿਆਪ ਹੈ।
'ਵਯਾਪਕਤਾ ਦਾ ਸੂਤ ਜਿਸ ਵਿਚ ਜੀਵ ਏ।
'ਹੈਨ ਪਰੋਚੇ ਸੱਭ ਮਾਲਾ ਫੁਲ ਜਯੋਂ,
'ਮਿਲੇ ਪਰਸਪਰ ਨਿੱਤ, ਕਦੀ ਨ ਵੱਖਰੇ ;
'ਫਿਰ ਦੇਖੋ ਕੇ ਏਹ ਆਪੋ ਵਿਚ ਬੀ
'ਓਸੇ ਸੂਤ ਪਰੋਚ ਮਿਲੇ ਸੁ ਹੈਨਗੇ।
'ਏਸ ਮੇਲ ਦਾ ਰੂਪ ਪਰ ਨਾ ਦਿੱਸਦਾ। (ਓਹੀ, ਪੰਨਾ 216)

130 ਪ੍ਰੇਮ ਜੁ 'ਪ੍ਰਭੂ ਸਰੂਪ', ਉਸਨੇ ਆਪਣੇ
ਪਯਾਰੇ ਰਚੇ ਅਨੂਪ, ਉੱਚੇ, ਸੋਹਿਣੇ ; (ਓਹੀ, ਪੰਨਾ 131)

131 (ੳ) ਕੁਦਰਤ ਦੀ ਸਭ ਰਚਨਾ ਵਿਚੋਂ
ਏਹ ਮਾਨੁਖ ਉੱਚ ਉਚਾਏ,
... ...
ਹੈ ਸਰਦਾਰ ਏ ਕਾਇਨਾਤ ਦਾ,
ਐਪ੍ਰ ਅਸਲੇ ਏਨ ਭੁਲਾਏ।
(ਮੇਰੀਆਂ ਗੁਲਦਾਊਦੀਆਂ ਦੀ ਵਿਦੈਗੀ, ਲ. ਦੇ. ਹਾ. ਪੰਨਾ 83)

(ਅ) ਹੈ ਸਰਦਾਰ ਇਸ ਧਰਾ ਦਾ ਆਦਮੀ ਏ (ਫੁੱਡਿਆ ਤੋਤਾ, ਲ. ਦੇ. ਹਾ. ਪੰਨਾ 192)

132 ਏਸ ਪ੍ਰੇਮ ਨੂੰ ਪਾਇ ਜੋ ਉਚ ਹੋ ਗਏ
—ਪਾਰ ਗਿਰਾਮੀ ਲੋਕ—ਉਹਨਾਂ ਵਿਚ ਬੀ
ਆ ਵਸਦਾ ਹੈ ਪ੍ਰੇਮ ਇਸੇ ਭਾਂਤਿ ਦਾ। (ਰਾ. ਸ੍ਰੁ. ਸ਼ਿੰ. ਪੰਨਾ 131)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ 'ਗੁਰਮੁਖ-ਦਾਤੇ'[133] 'ਦਰਦੀ' ਅਤੇ 'ਦਰਦਮੰਦ'[134] ਆਦਿ ਵੀ ਕਿਹਾ ਹੈ। ਪੈਗ਼ੰਬਰ, ਅਵਤਾਰ ਅਤੇ ਸਿੱਖ ਗੁਰੂ ਸਾਹਿਬਾਨ ਇਸੇ ਸ਼੍ਰੇਣੀ ਵਿੱਚ ਆਉਂਦੇ ਹਨ।[135]

ਦੂਜੀ ਭਾਂਤ ਦੇ ਜੀਵ ਹਨ 'ਸਵਾਰਥ-ਕੁੱਠੇ'[136] 'ਖੁਦਗਰਜ਼',[137] ਅਤੇ ਮਨਮੁਖ ਜਿਹਨਾਂ ਨੂੰ ਭਾਈ ਸਾਹਿਬ ਨੇ 'ਗਉਂ ਦੇ ਬੱਧੇ', 'ਲੋੜ-ਫਸੇ'[138] ਅਤੇ 'ਬੇਦਰਦੇ'[139] ਆਦਿ

---

133 ਨਾਮ ਦਾਨ ਤੇ ਗਯਾਨ ਦੇਣਾ ਦਾਨ ਜੋ
'ਗੁਰਮੁਖ-ਦਾਤੇ'—ਜਾਣ--ਦਾ ਏ ਕੰਮ ਹੈ। (ਰਾ. ਸ੍ਰ. ਸਿੰ., ਪੰਨਾ 132)

134 ਦਰਦੀ ਕਰੇ ਪਿਆਰ ਦਰਦ ਵੰਡਾਂਵਦਾ
ਦਰਦਮੰਦ ਦੀ ਪੀੜ ਦੱਸੇ ਵੰਡਣੀ ;
ਦਰਦੀ ਦਏ ਬਨਾਇ ਦਰਦ ਹਟਾਣ ਨੂੰ,
ਦਰਦਮੰਦ ਜਗ ਵਿਚ ਹਨ ਸੁਖ ਦੇ ਰਹੇ। (ਓਹੀ, ਪੰਨਾ 162-63)

135 (ਓ) 'ਪ੍ਰਭੁ ਹੈ ਦਯਾ ਸਰੂਪ, ਪ੍ਰੇਮੀ ਥੀ ਤਿਹੇ,
'ਮਿਲੇ ਓਸ ਨੂੰ ਏਹ ਵਿਛੜਨ ਨਾ ਕਦੇ,
'ਜਲਤੀ ਪ੍ਰਿਥਵੀ ਦੇਖ ਪਰਉਪਕਾਰ ਨੂੰ
'ਓਥੋਂ ਕਈ ਇਕ ਵਾਰ ਇਥੇ ਆਂਵਦੇ ;
'ਕਰਦੇ ਹਨ ਉਪਕਾਰ ਫਿਰ ਚਲਿ ਜਾਂਵਦੇ।
'ਕਾਰਨ ਕੁਈ ਨ ਹੋਰ ਆਣੇ ਦਾ ਉਨ੍ਹਾਂ
'ਹੋ ਉਪਕਾਰ ਸਰੂਪ ਹਨ ਓ ਆਂਵਦੇ ;
'ਕਰਕੇ ਅਤਿ ਉਪਕਾਰ ਫਿਰ ਟੁਰ ਜਾਂਵਦੇ। (ਓਹੀ, ਪੰਨਾ 212)

(ਅ) 'ਰੱਖੋ ਦ੍ਰਿੜ ਵਿਸ਼ਵਾਸ ਸੱਚੇ ਰੋਬ ਤੇ
... ...
'ਬਿਨਾ ਕਹੇ ਜਗ ਵਿਚ ਨਾਨਕ ਸਤਿਗੁਰੂ
'ਜਿਸਨੇ ਭੇਜਯਾ ਆਪ ਸਾਡੇ ਵਾਸਤੇ,
'ਬਿਨ ਕਹੇ ਜਿਨ ਜੱਗ ਪਯਾਰੇ ਦਸ ਗੁਰੂ
'ਭੇਜੇ ਕਰਨ ਉਪਕਾਰ ਸਾਡੇ ਵਾਸਤੇ :
'ਬਿਨਾ ਕਹੇ ਕਰ ਮੇਰੁ ਸਾਨੂੰ ਰੱਖਿਆ, (ਓਹੀ, ਪੰਨਾ 231)

136 (ਓ) 'ਸ੍ਵਾਰਥ ਕੁਠੇ ਜਾਣ ਤੁਰਦੇ ਓਕਰਾਂ।
'ਉਪਕਾਰੀ ਨੂੰ ਦੁਖ ਥੀ ਹਨ ਦੇਂਵਦੇ। (ਓਹੀ, ਪੰਨਾ 218)

(ਅ) 'ਦੇਣੇ ਸੰਦਾ ਪਯਾਰ ਲੈਣਾ ਤਯਾਗ ਕੇ
'ਕਰਦੇ ਕਦੀ ਨ ਏਹ ਸ੍ਵਾਰਥ ਕੁਠੜੇ। (ਓਹੀ, ਪੰਨਾ 29)

137 'ਖੁਦਗਰਜ਼ੀ ਵਿਚ ਲੋਕ ਵਧਦੇ ਜਾਣ ਜੋ
'ਮਨ ਬੁਧਿ ਉਨ੍ਹਾਂ ਮਲੀਨ ਜਾਂਦੇ ਹੋਂਵਦੇ,
'ਅੰਕੁਰ ਡਿਗਦੇ ਜਾਣ ਸ੍ਵਾਰਥ ਵਿਚ ਓ,— (ਓਹੀ, ਪੰਨਾ 217)

138 'ਗਉਂ ਨੂੰ ਰਖਦੇ ਮੁਖ ਧਰਤੀ ਵਸਦੇ ;
'ਗਉਂ ਦੇ ਬੱਧੇ ਸਭ ਲੀਕਾਂ ਕੱਢਦੇ ;
'ਗਉਂ ਤੋਂ ਖਾਲੀ ਹੋਇ ਜਾਣਨ ਨਾ ਕਿਸੇ ;

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਕਿਹਾ ਹੈ। ਇਕ ਪਾਸੇ, ਭਾਈ ਸਾਹਿਬ ਅਨੁਸਾਰ, ਉਹ ਜੀਵ ਹਨ ਜੋ ਪ੍ਰਭੂ ਦੇ ਵਿਸ਼ਵਾਸੀ ਹਨ, ਕ੍ਰਿਤਘਣ ਅਤੇ ਸ਼ੁਕਰ ਗੁਜ਼ਾਰ ਹਨ ਅਤੇ ਜਿਹਨਾਂ ਨੂੰ 'ਬਿਨਯਵਾਨ'[140] ਕਿਹਾ ਗਿਆ ਹੈ ਅਤੇ ਦੂਜੇ ਪਾਸੇ ਉਹ ਜੀਵ ਹਨ ਜੋ ਅਕ੍ਰਿਤਘਣ ਹਨ ਅਤੇ ਜਿਹਨਾਂ ਨੂੰ 'ਬਿਨਯ-ਹੀਨ'[141] ਅਥਵਾ 'ਬਿਨ ਬਿਨਯ' ਜੀਵ[142] ਕਿਹਾ ਗਿਆ ਹੈ। ਪਹਿਲਿਆਂ ਨੂੰ ਅਸੀਂ

'ਲੋੜ-ਫਸੇ ਨੂੰ ਘੇਰ ਲਾਹਾ ਕੱਢਦੇ ;
'ਗਉਂ-ਫਾਥੇ ਨੂੰ ਖੋਹ ਲਾਭ ਉਠਾਉਂਦੇ,—
'ਕਰਦੇ ਨਹੀਂ ਪਿਆਰ ਗਉਂ ਤੋਂ ਸੱਖਣਾ,
'ਸ੍ਵਾਰਥ ਗਰਜ਼ ਤਿਆਗ ਕਰਦੇ ਨਾਂ ਕਦੀ . (ਗਾ. ਸ਼ੂ. ਸਿੰ., ਪੰਨਾ 29)

139 ਦੁਨੀ ਸੁਹਾਵਾ ਬਾਗ 'ਦਰਦ' 'ਪਿਆਰ' ਦਾ
ਬੇਦਰਦੇ ਇਸ ਵਿਚ ਪੀੜ ਪਸਾਰਦੇ,
... ...
ਬੇਦਰਦੀ ਤਲਵਾਰ ਲਾਵੇ ਫੇਟ ਹੈ
... ...
ਬੇਦਰਦੀ ਦੀ ਅੱਗ ਦਿਲ ਨੂੰ ਫੂਕਦੀ, (ਓਹੀ, ਪੰਨਾ 162-63)

140 ਬਿਨਯਵਾਨ ਇਹ ਬਾਤ ਕਹਿਣੋ ਸੰਗਦਾ,
ਉਹ, ਜਾਣੇ ਹੈ ਚਿੱਤ,—ਰਬ ਕ੍ਰਿਪਾਲ ਹੈ,
ਹਰਦਮ ਕਰਦਾ ਮੇਰੁ ਪਾਪੀ ਪੁੰਨੀਆਂ।
ਅਸੀਂ ਭੁਲੇਖੇ ਵਿਚ ਪਾਪ ਕਮਾਂਵਦੇ,
ਉਹ ਕਢਦਾ ਹੈ ਬਾਰੁ ਅਸਾਂ ਭੁਲੇਖਿਓਂ।
... ...
ਦੋਸੀ ਜਾਣਨ ਆਪ ਨਿਰਬਲ ਆਪ ਨੂੰ,
ਰੱਬ ਨਿਰਦੋਸਾ ਆਖ ਉਸਨੂੰ ਸੇਂਵਦੇ ;
... ...
ਪੁਲ ਬਿਨਤੀ ਦੇ ਰਾਹ ਹਨਗੇ ਪੌਂਚਦੇ,
ਪਹੁੰਚ ਪਰਸਦੇ ਏਹ ਸਦਾ-ਕ੍ਰਿਪਾਲ ਨੂੰ। (ਓਹੀ, ਪੰਨਾ 104)

141 ਬਿਨਯ-ਹੀਨ ਹੈ ਏਹ ਗੱਲ ਬਣਾਂਵਦਾ :—.
'ਸਾਈਂ ਬੜਾ ਕਠੋਰ ਕਿਉਂ ਦੰਡ ਦੇਂਵਦਾ
ਕਿਉਂ ਕੀਤਾ ਉਤਪੱਤ ਸਾਨੂੰ ਓਸਨੇ ;
ਸਾਨੂੰ ਨਾ ਸੀ ਲੋੜ ਪੈਦਾ ਹੋਣ ਦੀ।' (ਓਹੀ, ਪੰਨਾ 103)

142 ਪਰ ਬਿਨ ਬਿਨਯ ਜੁ ਜੀਵ ਵਾਂਜੇ ਮੇਲ ਤੋਂ
ਓਪ੍ਰਾ ਜਾਣਨ ਓਹ ਸਾਈਂ ਆਪਣਾ ;
ਜੀਵ ਪ੍ਰਭੂ ਵਿਚਕਾਰ ਜੋ ਅਪਣੱਤ ਹੈ
ਸਹਿਜੇ ਸਹਿਜ ਔਉਂ ਜਾਂਦੀ ਟੁਟ ਹੈ,
ਮੂਲੋਂ ਓਪ੍ਰਾ ਹੋਇ ਸਾਈਂ ਭਾਸਦਾ।
ਓਪ੍ਰੇ ਕੋਲੋਂ ਨਿੱਤ ਆਵੇ ਸੰਗ ਹੈ ; (ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਮੁਖ ਅਥਵਾ ਭਗਤ ਕਹਿ ਸਕਦੇ ਹਾਂ ਅਤੇ ਦੂਜਿਆਂ ਨੂੰ ਮਨਮੁਖ ਅਥਵਾ ਅਭਗਤ ।

ਇੰਜ ਭਾਵੇਂ ਭਾਈ ਸਾਹਿਬ ਨੇ ਭਗਤੀ ਦੇ ਅਚਾਰੀਆਂ ਵਾਂਗ ਸ਼ਾਸਤ੍ਰੀ ਦ੍ਰਿਸ਼ਟੀ ਤੋਂ ਜੀਵਾਂ ਦੇ ਭੇਦ-ਉਪਭੇਦ ਨਹੀਂ ਕੀਤੇ ਪਰ ਤਾਂ ਵੀ ਸਾਨੂੰ ਉਹਨਾਂ ਦੇ ਕਾਵਿ ਵਿੱਚੋਂ ਜੀਵਾਂ ਦੇ ਭੇਦ ਸਪਸ਼ਟ ਭਾਂਤ ਦ੍ਰਿਸ਼ਟੀਗੋਚਰ ਹੁੰਦੇ ਹਨ ।

ਸੰਗ ਨ ਰਹਿੰਦੀ ਸੰਗ ਵਧਦੀ ਜਾਂਵਦੀ ;
ਵਥੇਕੇ ਡਰ ਬਣ ਜਾਇ ਪਾਪਾਂ ਕਾਰਣੇ ;
... ...
'ਨਿਰਭਉ', ਜਿਸਦਾ ਰੂਪ ਜਾਣ ਡਰਾਵਣਾ
ਆਪੇ ਡਰਦੇ ਜਾਣ, ਸਮਝਣ ਭੇਤ ਨਾ !
... ...
ਡਰ ਫਿਰ ਕਰਦਾ ਕਾਰ ਮਾੜੀ ਹੋਰ ਹੈ !
ਓਪ੍ਰਾ ਸੀ ਜੋ ਰੱਬ ਪਹਿਲਾਂ ਹੋਇਆ,
ਵੈਰੀ ਉਹਨਾਂ ਜੋਗ ਹੁਣ ਉਹ ਭਾਸਦਾ ;
ਜਾਣਨ ਮੋਇਆਂ ਰੱਬ ਨਰਕੇ ਪਾਵਸੀ,
ਜਾਂ ਜੂਨਾਂ ਵਿਚਕਾਰ ਫੇਰੇਗਾ ਅਸਾਂ,
ਜਾਂ ਦੁਖਾਂ ਦਾਂ ਗੇੜ ਕੋਈ ਪਾਵਸੀ ।
ਇਕੁਰ ਛਡ ਅਰਦਾਸ ਡਿਗਦੇ ਜਾਂਵਦੇ । (ਰਾ. ਸੂ. ਸ਼੍ਰੀ., ਪੰਨਾਂ 103-4)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ ਚੌਥਾ : ਮਾਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ

ਮਾਇਆਵਾਦ ਦੇ ਸਿਧਾਂਤ ਦੀ ਆਧਾਰਸ਼ਿਲਾ ਜਿਸ 'ਮਾਇਆ' ਸ਼ਬਦ ਨੂੰ ਮੰਨਿਆਂ ਜਾਂਦਾ ਹੈ ਉਸ ਦੇ ਅਰਥਾਂ ਦੇ ਸਹੀ ਅਤੇ ਸੰਪੂਰਣ ਸਪਸ਼ਟੀਕਰਣ ਲਈ 'ਮਾਇਆ' ਦੇ ਪ੍ਰਯਾਯਵਾਚੀ ਸ਼ਬਦਾਂ ਸੰਬੰਧੀ ਵਿਚਾਰ ਅਤਿ ਲੋੜੀਂਦਾ ਹੈ। ਮਾਇਆ ਦੇ ਸਮੁਚਿਤ ਅਰਥ ਦੇ ਬੋਧਕ ਸ਼ਬਦਾਂ ਵਿਚ ਪ੍ਰਮੁਖ ਹਨ ਅਵਿਦਿਆ,[1] ਅਗਿਆਨ,[2] ਪ੍ਰਕ੍ਰਿਤ,[3] ਅਵਿਅਕਤ[4] ਆਕਾਸ਼,[5] ਅਖੱਰ[6] ਪ੍ਰਧਾਨ[7] ਅਧਿਆਸ[8], ਸ਼ਕਤੀ[9] ਅਤੇ ਉਪਾਧੀ[10] ਆਦਿ।

---

1 ਅਵਿਦਿਆ ਸ਼ਬਦ ਦੀ ਵਰਤੋਂ ਉਪਨਿਸ਼ਦਾਂ ਵਿਚ ਅਗਿਆਨ ਦੇ ਅਰਥਾਂ ਵਿਚ ਕੀਤੀ ਮਿਲਦੀ ਹੈ (ਕਠ ਉਪਨਿਸ਼ਦ, 1-1-5, ਛਾਂਦੋਗਯ ਉਪਨਿਸ਼ਦ, 2-1-10, ਮੁੰਡਕ ਉਪਨਿਸ਼ਦ, 2-1-10)।

2 ਅਗਿਆਨ ਸ਼ਬਦ ਦੀ ਵਰਤੋਂ ਅਵਿਦਿਆ ਅਤੇ ਮਾਇਆ ਦੇ ਲਈ ਭਗਵਦਗੀਤਾ ਵਿਚ ਕੀਤੀ ਗਈ ਹੈ। ਵੇਦਾਂਤਸਾਰ ਦੇ ਪ੍ਰਣੇਤਾ ਸਦਾਨੰਦ ਨੇ ਮਾਇਆ ਵਾਂਗ ਅਗਿਆਨ ਨੂੰ ਵੀ ਅਨਿਰਵਚਨੀਅ ਕਿਹਾ ਹੈ (ਵੇਦਾਂਤਸਾਰ, 6)।

3 ਪ੍ਰਕ੍ਰਿਤੀ ਦੇ ਦੋ ਰੂਪ ਦਰਸ਼ਨ ਦੇ ਖੇਤਰ .ਵਿਚ ਮਿਲਦੇ ਹਨ, ਇਕ ਸਾਂਖ ਦਰਸ਼ਨ ਦੀ ਸੁਤੰਤਰ ਪ੍ਰਕ੍ਰਿਤੀ ਅਤੇ ਦੂਜੀ ਅਦਵੈਤ ਵੇਦਾਂਤ ਦੀ ਪਰਮੇਸ਼ਰ ਅਧੀਨ ਪ੍ਰਕ੍ਰਿਤੀ। ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਪ੍ਰਕਿਰਤੀ ਨੂੰ ਮਾਇਆ ਦਾ ਪ੍ਰਯਾਯਵਾਚੀ ਸਵੀਕਾਰ ਕੀਤਾ ਗਿਆ ਹੈ। ਸ਼ੰਕਰਾਚਾਰੀਆ ਨੇ ਵੀ ਪ੍ਰਕ੍ਰਿਤੀ ਨੂੰ ਮਾਇਆ ਦਾ ਪ੍ਰਯਾਯਵਾਚੀ ਹੀ ਮੰਨਿਆਂ ਹੈ (ਬ੍ਰਹਮਸੂਤਰ, ਸ਼ੰਕਰ ਭਾਸ਼, 2-1-14)

4 ਅਵਿਦਿਆਤਮਕ ਬੀਜ-ਸ਼ਕਤੀ ਨੂੰ ਸ਼ੰਕਰਾਚਾਰੀਆ ਨੇ ਆਪਣੇ ਬ੍ਰਹਮ ਸੂਤਰ ਭਾਸ਼ ਵਿਚ ਅਵਿਅਕਤ ਸ਼ਬਦ ਦੁਆਰਾ ਪ੍ਰਗਟਾਇਆ ਹੈ। ਇੰਜ ਅਵਿਅਕਤ ਸ਼ਬਦ ਬੀਜ-ਸ਼ਕਤੀ ਅਵਿਦਿਆ ਦਾ ਹੀ ਪ੍ਰਯਾਯ ਹੈ (ਬ੍ਰਹਮ ਸੂਤਰ, ਸ਼ੰਕਰ ਭਾਸ਼, 1-4-3)

5 ਅਵਿਦਿਆ ਦੇ ਪ੍ਰਯਾਯ ਅਵਿਅਕਤ ਸ਼ਬਦ ਦਾ ਪ੍ਰਗਟਾਵਾ ਕਿਤੇ ਕਿਤੇ ਆਕਾਸ਼ ਸ਼ਬਦ ਦੇ ਰਾਹੀਂ ਵੀ ਕੀਤਾ ਗਿਆ ਹੈ। ਆਕਾਸ਼ ਪ੍ਰਪੰਚ ਦਾ ਹੇਤੁ ਹੋਣ ਦੇ ਕਾਰਣ ਹੀ ਅਵਿਦਿਆ ਦਾ ਪ੍ਰਯਾਯਵਾਚੀ ਹੈ। (ਬ੍ਰਹਮ ਸੂਤਰ, ਸ਼ੰਕਰ ਭਾਸ਼, 1-4-3)

6 ਸ਼ੰਕਰ ਨੇ ਅਖੱਰ ਨੂੰ ਵੀ ਅਵਿਅਕਤ ਦਾ ਪ੍ਰਯਾਯਵਾਚੀ ਸਵੀਕਾਰ ਕੀਤਾ ਹੈ ਅਤੇ ਅਵਿਦਿਆ ਨੂੰ ਅਖੱਰ ਕਿਹਾ ਹੈ। (ਬ੍ਰਹਮ ਸੂਤਰ, ਸ਼ੰਕਰ ਭਾਸ਼, 1-4-3)

7 ਪ੍ਰਧਾਨ ਨੂੰ ਵੀ ਸ਼ੰਕਰ ਨੇ ਮਾਇਆ ਦੇ ਹੋਰ ਪ੍ਰਯਾਯਵਾਚੀ ਸ਼ਬਦਾਂ ਦੀ ਪ੍ਰਥਾਇ ਵਰਤਿਆ ਹੈ। ਇੰਜ ਪ੍ਰਧਾਨ ਵੀ ਮਾਇਆ ਦਾ ਪ੍ਰਯਾਯਵਾਚੀ ਸ਼ਬਦ ਹੈ (ਬ੍ਰਹਮ ਸੂਤਰ, ਸ਼ੰਕਰ ਭਾਸ਼, 1-2-22)

8 ਅਧਿਆਸ ਨੂੰ ਸ਼ੰਕਰ ਨੇ ਅਵਿਦਿਆ ਦਾ ਹੀ ਪ੍ਰਯਾਯਵਾਚੀ ਮੰਨਿਆਂ ਹੈ।
(ਬ੍ਰਹਮ ਸੂਤਰ, ਸ਼ੰਕਰ ਭਾਸ਼, 1-1-1)

9 ਅਦਵੈਤ ਵੇਦਾਂਤ ਵਿਚ ਮਾਇਆ ਦਾ ਸ਼ਕਤੀ-ਰੂਪ ਵਿਚ ਵਿਵੇਚਨ ਆਮ ਮਿਲਦਾ ਹੈ। ਸ਼ਕਤੀ, ਸ਼ਾਕਤ ਦਰਸ਼ਨ ਦਾ ਮੂਲ ਆਧਾਰ ਹੈ। ਪਰ ਜਿਥੇ ਸ਼ਾਕਤ-ਸ਼ਕਤੀ-ਮਹਾਮਾਯਾ ਚਿੱਤ-ਸਰੂਪ ਹੈ ਉਥੇ ਇਸਦੇ ਉਲਟ ਵੇਦਾਂਤ ਦੀ ਮਾਇਆ ਜੜ੍ਹ-ਰੂਪ ਹੈ। ਸ਼ੰਕਰ ਨੇ ਮਾਇਆ ਦਾ ਪਰਮੇਸ਼ਰ ਦੀ ਸ਼ਕਤੀ ਦੇ ਰੂਪ ਵਿਚ ਜ਼ਿਕਰ ਕੀਤਾ ਹੈ। (ਵਿਵੇਕ ਚੂੜਾਮਣਿ, 108 ; ਬ੍ਰਹਮ ਸੂਤਰ, ਸ਼ੰਕਰ ਭਾਸ਼, 1-4-3, 2-1-14)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੈਦਿਕ ਸਾਹਿਤ ਦੇ ਪ੍ਰਾਚੀਨ ਕੋਸ਼ ਨਿਘੰਟੂ ਵਿੱਚ ਮਾਇਆ ਨੂੰ 'ਪ੍ਰਗਿਆ' ਦੇ ਗਿਆਰਾਂ ਪ੍ਰਯਾਯਾਂ ਦੁਆਰਾ ਸਵੀਕਾਰ ਕੀਤਾ ਗਿਆ ਹੈ ਅਰਥਾਤ 1 ਕੇਤਹਾ 2 ਕੇਤੁਹੁ 3 ਚੇਤਹਾ 4 ਚਿਤ੍ਰਮ 5 ਕੁਤੁਹੁ 6 ਅਸੁਹੁ 7 ਧੀਹੀ 8 ਸ਼ਚੀਹੀ 9 ਮਾਇਆ 10 ਵਯਨਮ ਅਤੇ 11 ਅਭਿਖਿਆ ।[11] ਨਿਰੁਕਤਕਾਰ ਯਾਸਕ ਨੇ ਵੀ ਮਾਇਆ ਦਾ ਅਰਥ ਪ੍ਰਗਿਆ ਹੀ ਕੀਤਾ ਹੈ ।[12] ਰਿਗਵੇਦ ਦੇ ਭਾਸ਼ ਵਿੱਚ ਸਾਯਣ ਦੁਆਰਾ ਮਾਇਆ ਦੇ ਦਿੱਤੇ ਗਏ ਅਨੇਕ ਅਰਥਾਂ ਵਿੱਚੋਂ ਪ੍ਰਮੁਖ ਹਨ ਕਪਟ ਵਿਸ਼ੇਸ਼,[13] ਪ੍ਰਗਿਆ,[14] ਗਿਆਨ,[15] ਕਰਮ-ਵਿਸ਼ਯ-ਵਿਗਿਆਨ,[16] ਕਰਮ,[17] ਸ਼ਕਤੀ[18] ਅਤੇ ਪ੍ਰਭਾ[19] (ਪ੍ਰਕਾਸ਼) । ਇਹਨਾਂ ਅਰਥਾਂ ਵਿੱਚ ਵੀ ਵਧੇਰੇ ਪ੍ਰਮੁਖ ਕਪਟ, ਪ੍ਰਗਿਆ ਅਤੇ ਸ਼ਕਤੀ ਹੀ ਹਨ । ਸਾਯਣ ਦੁਆਰਾ ਮਾਇਆ ਸ਼ਬਦ ਦੀ ਦਿੱਤੀ ਗਈ ਵਿਉਤਪਤੀ ਤੋਂ ਵੀ ਇਸਦਾ ਅਰਥ 'ਪ੍ਰਗਿਆ' ਹੀ ਬਣਦਾ ਹੈ । ਸਾਯਣ ਅਨੁਸਾਰ ਮਾਇਆ ਦੀ ਵਿਉਤਪਤੀ ਮੂਲਕ ਪਰਿਭਾਸ਼ਾ ਹੈ 'ਮਿਮੀਤੇ ਜਾਨੀਤੇ ਕਰਮ, ਮੀਯਤੇ ਅਨਯੇਤਿ ਵਾ ਮਾਯਾ' ਜਿਸਦਾ ਅਰਥ ਹੈ ਕਰਮ-ਵਿਸ਼ਯ-ਗਿਆਨ ।[20] ਮਾਇਆ ਦੇ 'ਸ਼ਕਤੀ' ਅਰਥ ਤੋਂ ਸਾਯਣ ਦਾ ਭਾਵ ਭੌਤਕ ਜਾਂ ਸਰੀਰਕ ਸ਼ਕਤੀ ਨਹੀਂ ਮਾਨਸਿਕ ਜਾਂ ਸੂਖਮ ਸ਼ਕਤੀ ਹੈ ।[21]

ਮਾਇਆ ਦਾ ਸਿਧਾਂਤ ਭਾਰਤੀ ਅਧਿਆਤਮਕ ਖੇਤਰ ਵਿੱਚ ਪ੍ਰਮੁਖ ਵਿਸ਼ੇਸ਼ਤਾ ਰਖਦਾ ਹੈ ਕਿਉਂਕਿ ਰਿਗਵੈਦਿਕ ਕਾਲ ਤੋਂ ਲੈ ਕੇ ਤੰਤਰ ਯੁਗ ਦੇ ਅੰਤ ਤਕ ਕਿਸੇ ਨਾ ਕਿਸੇ ਰੂਪ ਵਿੱਚ ਇਸਦੀ ਪ੍ਰਤਿਸ਼ਠਾ ਬਣੀ ਰਹੀ ਹੈ ।

ਮਾਇਆ ਸ਼ਬਦ ਦੀ ਵਰਤੋਂ ਸਾਨੂੰ ਸਭ ਤੋਂ ਪਹਿਲਾਂ ਵੈਦਿਕ ਸਾਹਿਤ ਵਿੱਚ ਮਿਲਦੀ ਹੈ । ਰਿਗਵੇਦ-ਸੰਹਿਤਾ ਵਿੱਚ ਪਤੰਗ ਰੂਪੀ ਜੀਵਾਤਮਾ ਨੂੰ ਅਸੁਰੀ ਮਾਇਆ ਨਾਲ ਲਿਪਤ ਦਰਸਾਇਆ ਗਿਆ ਹੈ ।[22] ਰਿਗਵੇਦ ਵਿੱਚ ਮਾਇਆ ਦਾ ਵਰਣਨ ਇੰਦਰ ਦੀ

---

10 ਵੇਦਾਂਤ ਦੇ ਗ੍ਰੰਥਾਂ ਵਿਚ ਮਾਇਆ ਅਤੇ ਅਵਿਦਿਆ ਦੇ ਲਈ ਉਪਾਧੀ ਸ਼ਬਦ ਦੀ ਵਰਤੋਂ ਵੀ ਮਿਲਦੀ ਹੈ । ਮਾਇਆ ਬ੍ਰਹਮ ਦੀ ਉਪਾਧੀ ਹੈ (ਪੰਚਦਸ਼ੀ, ਵਿਦਿਆਰਣਯ ਮੁਨੀ, ਤ੍ਰਿਪਤੀਦੀਪ ਪ੍ਰਕਰਣ, ਸਲੋਕ 72) ਇਸੇ ਲਈ ਮਾਇਆ ਅਤੇ ਉਪਾਧੀ ਦੋਵੇਂ ਪ੍ਰਯਾਯਵਾਚੀ ਸ਼ਬਦ ਹਨ ।

11 ਨਿਘੰਟੂ, 3-9, ਸੰਪਾਦਿਤ ਸੀਤਾ ਰਾਮਸ਼ਾਸਤ੍ਰੀ

12 ਨਿਰੁਕਤ, 6-13

13 ਸਾਯਣ ਭਾਸ਼, ਰਿਗਵੇਦ, 1-11-17

14 ਓਹੀ, 1-11-17

15 ਓਹੀ, 6-47-18

16 ਓਹੀ, 3-27-7

17 ਓਹੀ, 3-60-1

18 ਓਹੀ, 4-30-21, 5-30-6

19 ਓਹੀ, 3-61-7

20 ਓਹੀ, ਰਿਗਵੇਦ, 3-37-7

21 ਓਹੀ, 3-53-8

22 ਰਿਗਵੇਦ ਸੰਹਿਤਾ, 10-177-1

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੇਕ-ਰੂਪ-ਧਾਰਣੀ ਸ਼ਕਤੀ ਦੇ ਅਰਥਾਂ ਵਿੱਚ ਕਰਦਿਆਂ ਕਿਹਾ ਹੈ ਕਿ ਮਾਇਆ ਦੁਆਰਾ ਇੰਦਰ ਅਨੇਕ ਰੂਪ ਧਾਰਣ ਕਰਕੇ ਜਜਮਾਨ ਪਾਸ ਜਾਂਦਾ ਹੈ ।[23] ਉਸਨੇ ਆਪਣੇ ਸ਼ਰੀਰ ਨੂੰ ਵਧਾ ਕੇ ਆਪਣੀ ਸ਼ਕਤੀ ਦੁਆਰਾ ਜਿਹਨਾਂ ਸਮਸਤ ਕਾਰਜਾਂ ਨੂੰ ਸੰਪੰਨ ਕੀਤਾ ਹੈ ਉਹ ਸਭ ਮਾਇਆ ਮਾਤਰ ਹਨ ।[24] ਰਿਗਵੇਦ ਵਿੱਚ ਜਗਤ ਦੇ ਲੋਕਾਂ ਪ੍ਰਤੀ ਮਾਇਆ ਸ਼ਬਦ ਦੀ ਵਰਤੋਂ ਕਰਦਿਆਂ ਕਿਹਾ ਗਿਆ ਹੈ ਕਿ ਸਮਸਤ ਮਾਯਾਵੀ ਲੋਕ ਇੰਦਰ ਦੇ ਅਨਿਕ ਪ੍ਰਕਾਰੇ ਕੌਤਕਾਂ ਨੂੰ ਦੇਖਦੇ ਹਨ ।[25] ਮਾਇਆ ਸ਼ਬਦ ਦੀ ਵਰਤੋਂ ਰਿਗਵੇਦ ਵਿੱਚ ਪ੍ਰਗਿਆ ਦੇ ਅਰਥਾਂ ਵਿੱਚ ਅਤੇ ਮਾਯਾਵੀ ਸ਼ਬਦ ਦੀ ਵਰਤੋਂ 'ਪ੍ਰਗਿਆਵਾਨ' ਦੇ ਅਰਥਾਂ ਵਿੱਚ ਵੀ ਕੀਤੀ ਮਿਲਦੀ ਹੈ ।[26] ਰਿਗਵੇਦ ਵਿੱਚ ਮਿਤ੍ਰਾਵਰੁਣ ਦੀ ਸਵਰਗ-ਸਥਿਤ ਮਾਇਆ[27] ਅਤੇ ਮਾਇਆ ਦੁਆਰਾ ਵਰਖਾ ਕਰਨ ਲਈ ਬੇਨਤੀ ਦੇ ਰੂਪ ਵਿੱਚ ਵੀ ਮਾਇਆ ਦਾ ਜ਼ਿਕਰ ਮਿਲਦਾ ਹੈ ।[28] ਰਿਗਵੇਦ ਵਿੱਚ ਇੱਕ ਸਥਾਨ ਤੇ ਵਰੁਣ ਦੀ ਉਸ ਮਾਇਆ-ਸ਼ਕਤੀ ਦਾ ਵੀ ਜ਼ਿਕਰ ਆਉਂਦਾ ਹੈ ਜਿਸ ਦੁਆਰਾ ਉਹ ਸਮਸਤ ਸੰਸਾਰ ਨੂੰ ਧਾਰਣ ਕਰਦਾ ਹੈ ।[29]

ਯਜੁਰ ਸੰਹਿਤਾ ਵਿੱਚ ਵੀ ਮਾਇਆ ਸ਼ਬਦ ਦੀ ਵਰਤੋਂ ਅਨੇਕ ਸਥਲਾਂ ਤੇ ਹੋਈ ਹੈ । ਇਥੇ ਵੀ ਮਾਇਆ ਦਾ 'ਪ੍ਰਗਿਆ' ਅਰਥ ਵੀ ਪ੍ਰਧਾਨ ਹੈ । ਜਿਸ ਅਸੁਰੀ ਮਾਇਆ ਦਾ ਵਰਣਨ ਸਾਨੂੰ ਯਜੁਰਵੇਦ[30] ਵਿੱਚ ਮਿਲਦਾ ਹੈ ਉਸ ਨੂੰ ਯਜੁਰਵੇਦ ਦੇ ਭਾਸ਼ਕਾਰ ਉਵੱਟ ਨੇ ਪ੍ਰਾਣ-ਸੰਬੰਧਨੀ-ਪ੍ਰਗਿਆ ਦਾ ਨਾਮ ਦਿੱਤਾ ਹੈ ।[31] ਪਰ ਮਹੀਧਰ[32] ਨੇ ਇਸਦੇ ਅਰਥ ਕੀਤੇ ਹਨ—ਪ੍ਰਾਣ-ਸੰਬੰਧਨੀ-ਪ੍ਰਗਿਆ ਅਤੇ ਅਚਿੰਤਯ ਰਚਨਾ ਰੂਪ ਵਿਚਿੱਤਰ ਵਸਤੂ । ਦੂਸਰੇ ਅਰਥ ਵਿਚਲੀ ਅਚਿੰਤਯ-ਰੂਪਤਾ ਅਤੇ ਵਿਚਿਤ੍ਰਤਾ ਮਾਇਆ ਦੇ ਪਰਵਰਤੀ-ਕਾਲੀਨ ਅਨਿਵਰਚਨੀਅ ਅਰਥ ਦਾ ਆਧਾਰ ਜਾਪਣੀ ਹੈ । ਯਜੁਰਵੇਦ ਵਿੱਚ ਇਕ ਥਾਂ ਤੇ ਅਗਨੀਦੇਵ ਨੂੰ ਪ੍ਰਾਰਥਨਾ ਕਰਦਿਆਂ ਕਿਹਾ ਗਿਆ ਹੈ ਕਿ ਤੁਸੀਂ ਆਪਣੀ ਅਸੁਰੀ ਮਾਇਆ ਦਾ ਨਾਸ ਨਾ ਕਰਨਾ ।[33] ਮਹੀਧਰ ਨੇ ਯਜੁਰਵੇਦ ਦੇ ਭਾਸ਼ ਵਿੱਚ ਅਸੁਰ ਸ਼ਬਦ ਦਾ ਅਰਥ ਪ੍ਰਾਣੀ ਅਤੇ ਅਸੁਰੀ ਮਾਇਆ ਦਾ ਅਰਥ ਪ੍ਰਾਣੀਆਂ ਦੀ ਪ੍ਰਗਿਆ ਕੀਤਾ ਹੈ ।[34] ਇਸ ਤੋਂ ਛੁਟ ਯਜੁਰਵੇਦ ਵਿੱਚ ਹੋਰਨਾਂ ਥਾਵਾਂ ਤੇ ਵਰਤੇ ਗਏ ਮਾਇਆ ਸ਼ਬਦ ਦਾ ਅਰਥ ਵੀ ਮਹੀਧਰ ਨੇ

23 ਰਿਗਵੇਦ ਸੰਹਿਤਾ, 6-47-18
24 ਓਹੀ, 10-54-2
25 ਓਹੀ, 3-38-9
26 ਓਹੀ, 3-83-3
27 ਓਹੀ, 5-63-4
28 ਓਹੀ, 5-63-3
29 ਓਹੀ, 8-41-3
30 ਯਜੁਰਵੇਦ, 11-69
31 ਓਹੀ, 11-69 ਉਪਰ ਉਵੱਟ ਦਾ ਭਾਸ਼
32 ਓਹੀ, 11-69 ਉਪਰ ਮਹੀਧਰ ਦਾ ਭਾਸ਼
33 ਓਹੀ, 13-44
34 ਓਹੀ, 13-44 ਉਪਰ ਮਹੀਧਰ ਦਾ ਭਾਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਗਿਆ ਅਤੇ ਬੁਧੀ ਹੀ ਕੀਤਾ ਹੈ।[35]

ਅਥਰਵਵੇਦ ਵਿੱਚ ਮਾਇਆ ਦਾ ਵਰਣਨ ਨਿਰਮਾਣ-ਸ਼ਕਤੀ ਦੇ ਰੂਪ ਵਿੱਚ ਮਿਲਦਾ ਹੈ।[36] ਇਸੇ ਵੇਦ ਵਿੱਚ ਇਕ ਥਾਂ ਤੇ ਰੋਗੀ ਅਤੇ ਅਰੋਗ ਇਸਤ੍ਰੀ-ਪੁਰਸ਼ਾਂ ਨੂੰ ਅਸ਼ਵਨੀ ਕੁਮਾਰਾਂ ਦੀ ਮਾਇਆ ਨੂੰ ਧਾਰਣ ਕਰਕੇ ਰਸ ਪੀਣ ਦਾ ਉਪਦੇਸ਼ ਦਿੱਤਾ ਗਿਆ ਹੈ।[37] ਛਲ ਅਤੇ ਕਪਟ ਦੇ ਅਰਥਾਂ ਵਿੱਚ ਵੀ ਮਾਇਆ ਦੀ ਵਰਤੋਂ ਹੋਈ ਹੈ। ਅਥਰਵਵੇਦ ਵਿਚ ਇੰਦਰ ਦੀ ਉਸਤਤ ਕਰਦਿਆਂ ਕਿਹਾ ਗਿਆ ਹੈ ਕਿ ਆਪ ਮਾਯਾਵਾਂ (ਛਲ-ਕਪਟ) ਨਾਲ ਸਵਰਗ ਲੋਕ ਤੇ ਆ'ਉਣਾ ਚਾਹੁਣ ਵਾਲੇ ਅਸੁਰਾਂ ਨੂੰ, ਉਹਨਾਂ ਦੇ ਮੂੰਹ ਮੋੜ ਕੇ, ਹੇਠਾਂ ਡੇਗ ਦਿੰਦੇ ਹਨ।[38] ਸਾਯਣ ਨੇ ਇਸ ਮੰਤਰ ਵਿੱਚ ਵਰਤੇ ਮਾਇਆ ਸ਼ਬਦ ਦਾ ਅਰਥ ਛਲ, ਕਪਟ ਆਦਿ ਕੀਤਾ ਹੈ।[39] ਇਸੇ ਵੇਦ ਵਿੱਚ ਮਾਇਆ ਦਾ ਵਰਣਨ ਇੰਦਰ ਦੀ ਸ਼ਕਤੀ ਦੇ ਅਰਥ ਵਿੱਚ ਵੀ ਮਿਲਦਾ ਹੈ। ਇੰਦਰ ਦੀ ਉਸਤਤ ਦੇ ਪ੍ਰਸੰਗ ਵਿੱਚ ਇੰਦਰ ਨੂੰ ਆਪਣੀ ਮਾਇਆ ਦੁਆਰਾ ਅਸੁਰਾਂ ਨੂੰ ਮਸਲ ਸੁਟਣ ਵਾਲਾ ਕਿਹਾ ਗਿਆ ਹੈ।[40]

ਬ੍ਰਾਹਮਣ ਗ੍ਰੰਥਾਂ ਵਿੱਚ ਵੀ ਮਾਇਆ ਸ਼ਬਦ ਦੀ ਵਰਤੋਂ ਅਨੇਕ ਅਰਥਾਂ ਵਿੱਚ ਕੀਤੀ ਮਿਲਦੀ ਹੈ। ਏਤਰੇਅ ਬ੍ਰਾਹਮਣ ਵਿੱਚ ਮਾਇਆ ਸ਼ਬਦ ਦੀ ਵਰਤੋਂ ਅਦਭੁਤ ਅਤੇ ਇੰਦਰ-ਜਾਲਿਕ ਚਤੁਰਾਈ ਦੇ ਅਰਥ ਵਿੱਚ ਕੀਤੀ ਗਈ ਹੈ।[41] ਤੈਤਰੀਅ ਬ੍ਰਾਹਮਣ ਵਿੱਚ ਮਾਇਆ ਤੋਂ ਭਾਵ ਦੈਵੀ ਸ਼ਕਤੀ ਹੈ।[42] ਸ਼ਤਪਥ ਬ੍ਰਾਹਮਣ ਵਿੱਚ ਵੀ ਮਾਇਆ ਤੋਂ ਭਾਵ ਅਦਭੁਤ ਸ਼ਕਤੀ ਹੈ।[43]

ਰਿਗਵੇਦ ਦੀ ਨਿਆਈਂ ਉਪਨਿਸ਼ਦਾਂ ਵਿੱਚ ਵੀ ਮਾਇਆ ਦਾ ਵਰਣਨ ਇੰਦਰ ਦੀ ਅਨੇਕ-ਰੂਪ-ਧਾਰਣੀ ਰਹੱਸਮਈ ਸ਼ਕਤੀ ਦੇ ਅਰਥ ਵਿੱਚ ਕੀਤਾ ਗਿਆ ਹੈ।[44] ਪ੍ਰਸ਼ਨ ਉਪਨਿਸ਼ਦ ਵਿੱਚ ਮਾਇਆ ਦਾ ਅਰਥ ਆਚਾਰ ਦੀ ਕੁਟਲਤਾ ਹੈ।[45] ਸ਼ਵੇਤਾਸ਼ਵਤਰ ਉਪਨਿਸ਼ਦ ਵਿੱਚ ਮਾਇਆ ਨੂੰ ਪ੍ਰਕ੍ਰਿਤੀ ਅਤੇ ਪਰਮੇਸ਼ਰ ਨੂੰ ਮਾਯੀ ਕਿਹਾ ਗਿਆ ਹੈ।[46] ਇਸ ਉਪਨਿਸ਼ਦ ਵਿੱਚ ਪਰਮਾਤਮਾ ਨੂੰ ਜਾਲਵਾਨ ਵੀ ਕਿਹਾ ਗਿਆ ਹੈ। ਜਾਲ ਤੋਂ

35 ਯਜੁਰਵੇਦ, 23-52 ਉਪਰ ਮਹੀਧਰ ਦਾ ਭਾਸ਼
36 ਅਥਰਵਵੇਦ ਸੰਹਿਤਾ, 8-9-5
37 ਓਹੀ, 2-29-6
38 ਓਹੀ, 20-29-4
39 ਓਹੀ, 20-29-4 ਉਪਰ ਮਹੀਧਰ ਦਾ ਭਾਸ਼
40 ਅਥਰਵਵੇਦ, 20-11-6
41 ਏਤਰੇਅ ਬ੍ਰਾਹਮਣ, 8-23
42 ਤੈਤਰੀਅ ਬ੍ਰਾਹਮਣ, 3-10-8-2
43 ਸ਼ਤਪਥ ਬ੍ਰਾਹਮਣ, 3-2-4-1, 13-5-4-12
44 ਬ੍ਰਿਹਦਾਰਣਯਕ ਉਪਨਿਸ਼ਦ, 2-15-19
45 ਪ੍ਰਸ਼ਨ ਉਪਨਿਸ਼ਦ, 1-16
46 ਸ਼ਵੇਤਾਸ਼ਵਤਰ ਉਪਨਿਸ਼ਦ, 4-10

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਵ ਮਾਇਆ ਹੈ। ਪਰਮੇਸ਼ਰ ਮਾਇਆ ਦੀ ਉਪਾਧੀ ਧਾਰਣ ਕਰ ਕੇ ਹੀ ਆਪਣੀਆਂ ਸ਼ਕਤੀਆਂ ਦੇ ਦੁਆਰਾ ਸ਼ਾਸਨ ਕਰਦਾ ਹੈ।[47] ਇਸੇ ਉਪਨਿਸ਼ਦ ਵਿੱਚ ਵਿਸ਼ਵ-ਮਾਇਆ ਦੀ ਨਵਿਰਤੀ ਦਾ ਵੀ ਜ਼ਿਕਰ ਮਿਲਦਾ ਹੈ।[48] ਨਰਸਿੰਘ ਪੂਰਵਤਾਪਨੀ ਉਪਨਿਸ਼ਦ ਵਿੱਚ ਮਾਇਆ ਸ਼ਬਦ ਦੀ ਵਰਤੋਂ ਸ਼ਕਤੀ ਦੇ ਅਰਥਾਂ ਵਿਚ ਕੀਤੀ ਗਈ ਹੈ।[49] ਇਸੇ ਉਪ-ਨਿਸ਼ਦ ਵਿੱਚ ਇਕ ਹੋਰ ਥਾਂ ਤੇ ਮਾਇਆ ਦਾ ਅਰਥ ਅਵਿਦਿਆ ਵੀ ਲਿਆ ਗਿਆ ਹੈ।[50] ਇਸ ਉਪਨਿਸ਼ਦ ਵਿੱਚ ਜਗਤ ਦੀ ਨਾਇਕਤਾ ਦਾ ਵੀ ਜ਼ਿਕਰ ਹੈ।[51] ਕੈਵਲਯ ਉਪਨਿਸ਼ਦ ਵਿੱਚ ਮਾਇਆ 'ਸ਼ਬਦ ਦੀ ਵਰਤੋਂ ਅਵਿਦਿਆ ਦੇ ਅਰਥਾਂ ਵਿੱਚ ਕੀਤੀ ਗਈ ਹੈ।[52] ਸਰਵਸਾਰ ਉਪਨਿਸ਼ਦ ਵਿਚ ਅਪ੍ਰਤੱਖ ਰੂਪ ਵਿੱਚ ਮਾਇਆ ਦੀ ਅਨਿਰ-ਵਚਨੀਅਤਾ ਦਾ ਸਪਸ਼ਟ ਸੰਕੇਤ ਮਿਲਦਾ ਹੈ।[53] ਰਾਮਪੂਰਵਤਾਪਨੀ ਉਪਨਿਸ਼ਦ ਵਿੱਚ ਰਾਮ ਜੀ ਦੀ ਉਸਤਤ ਕਰਦਿਆਂ ਹੋਇਆਂ ਮਾਇਆ ਸ਼ਬਦ ਦੀ ਵਰਤੋਂ ਅਨੇਕ ਵਾਰ ਕੀਤੀ ਗਈ ਹੈ। ਰਾਮ ਦੀ ਮਾਇਆ ਦਾ ਵਰਣਨ ਕਰਦਿਆਂ ਹੋਇਆਂ ਇਥੇ ਮਾਇਆ ਦੇ ਦੁਆਰਾ ਅਵਿਦਿਆਤਮਿਕਾ ਸ਼ਕਤੀ ਦਾ ਸੰਕੇਤ ਕੀਤਾ ਗਿਆ ਹੈ।[54] ਗੋਪੀ ਚੰਦਨ ਉਪਨਿਸ਼ਦ ਵਿੱਚ ਕ੍ਰਿਸ਼ਣ ਅਤੇ ਗੋਪੀਆਂ ਦੇ ਦੁਆਰਾ ਬ੍ਰਹਮ ਅਤੇ ਮਹਾਮਾਯਾ ਦੀ ਕਲਪਨਾ ਕੀਤੀ ਗਈ ਹੈ।[55] ਇਕ ਹੋਰ ਥਾਂ ਤੇ ਮਾਇਆ-ਪ੍ਰਭਾਵਿਤ ਬ੍ਰਹਮ ਦੀ ਵੀ ਚਰਚਾ ਕੀਤੀ ਗਈ ਹੈ।[56] ਕਠਰੁਦ੍ਰਉਪਨਿਸ਼ਦ ਵਿੱਚ ਸੰਸਾਰ ਨੂੰ ਮਾਇਆ ਆਦਿ ਦੇ ਨਾਮ ਦਿੱਤੇ ਗਏ ਹਨ।[57] ਗੋਪਾਲ-ਉੱਤਰਤਾਪਨੀ ਉਪਨਿਸ਼ਦ ਵਿਚ ਮਾਇਆ ਦਾ ਚਿੰਤਨ ਬ੍ਰਹਮ ਦੀ ਸ਼ਕਤੀ ਦੇ ਰੂਪ ਵਿੱਚ ਮਿਲਦਾ ਹੈ।[58] ਕ੍ਰਿਸ਼ਣ ਉਪਨਿਸ਼ਦ ਵਿੱਚ ਮਾਇਆ ਦੇ ਤ੍ਰੈਗੁਣਾਤਮਿਕ ਰੂਪ ਦਾ ਵਰਣਨ ਕੀਤਾ ਗਿਆ ਹੈ।[59] ਇਸ ਉਪਨਿਸ਼ਦ ਵਿੱਚ ਕ੍ਰਿਸ਼ਣ ਨੂੰ ਗੋਪ ਦੇ ਰੂਪ ਵਿੱਚ ਮਾਇਆ-ਮੁਦਤੀ ਧਾਰਣ ਕਰਨ ਵਾਲਾ ਵੀ ਕਿਹਾ ਗਿਆ ਹੈ।[60]

---

47 ਸ਼ਵੇਤਾਸ਼ਵਰ ਉਪਨਿਸ਼ਦ, 4-10
48 ਓਹੀ, 1-10
49 ਨਰਸਿੰਘ ਪੂਰਵਤਾਪਨੀ ਉਪਨਿਸ਼ਦ, 3-1
50 ਓਹੀ, 5-1
51 ਓਹੀ, 1-1
52 ਕੈਵਲਯ ਉਪਨਿਸ਼ਦ, 1-12, 1-13
53 ਸਰਵਸਾਰ ਉਪਨਿਸ਼ਦ, 4
54 ਰਾਮਪੂਰਵਤਾਪਨੀ ਉਪਨਿਸ਼ਦ, 2-4
55 ਗੋਪੀ ਚੰਦਨ ਉਪਨਿਸ਼ਦ, 2
56 ਓਹੀ, 4
57 ਕਠਰੁਦ੍ਰਉਪਨਿਸ਼ਦ, 10
58 ਗੋਪਾਲ ਉੱਤਰ ਤਾਪਨੀ ਉਪਨਿਸ਼ਦ, 17
59 ਕ੍ਰਿਸ਼ਣ ਉਪਨਿਸ਼ਦ, 4
60 ਓਹੀ, 10

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੀਤਾ ਵਿੱਚ ਅਨੇਕ ਸਥਲਾਂ ਤੇ ਮਾਇਆ ਦਾ ਵਰਣਨ ਕੀਤਾ ਮਿਲਦਾ ਹੈ। ਗੀਤਾ ਅਨੁਸਾਰ ਜਿਸ ਨਿਜ ਸ਼ਕਤੀ ਦੁਆਰਾ ਅਬਿਨਾਸ਼ੀ ਅਤੇ ਅਜਨਮਾ ਬ੍ਰਹਮ ਦ੍ਰਿਸ਼ਟ ਜਗਤ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਮਾਇਆ ਹੈ।[61] ਇਸ ਸ਼ਕਤੀ ਦੀ ਦ੍ਰਿਸ਼ਟ ਜਗਤ ਦੇ ਰੂਪ ਵਿੱਚ ਸਥਾਪਨਾ ਨਾਲ ਬ੍ਰਹਮ ਇਸ ਦੁਆਰਾ ਢਕਿਆ ਜਾਂਦਾ ਹੈ ਜਿਸ ਕਾਰਣ ਜੀਵ ਪਰਦੇ ਰੂਪੀ ਮਾਇਆ ਨੂੰ ਹੀ ਸਭ ਕੁਝ ਸਮਝਣ ਲਗ ਪੈਂਦਾ ਹੈ। ਇਸੇ ਭਾਵਨਾ ਨੂੰ ਗੀਤਾ ਵਿੱਚ ਪ੍ਰਗਟ ਕਰਦਿਆਂ ਕਿਹਾ ਗਿਆ ਹੈ ਕਿ ਬ੍ਰਹਮ ਆਪਣੀ ਯੋਗ-ਮਾਇਆ ਦੁਆਰਾ ਢਕਿਆ ਹੋਣ ਕਾਰਣ ਸਭ ਨੂੰ ਪ੍ਰਤੱਖ ਦਿਖਾਈ ਨਹੀਂ ਦਿੰਦਾ। ਇਹੀ ਕਾਰਣ ਹੈ ਕਿ ਜੀਵ ਅਜਨਮਾ ਅਤੇ ਅਬਿਨਾਸ਼ੀ ਬ੍ਰਹਮ ਤਤ ਨੂੰ ਨਹੀਂ ਜਾਣਦੇ।[62] ਇੰਜ ਗੀਤਾ ਅਨੁਸਾਰ ਮਾਇਆ ਬ੍ਰਹਮ ਦੀ ਅਨਾਦਿ ਸ਼ਕਤੀ ਹੈ[63] ਅਤੇ ਸ੍ਰਿਸ਼ਟੀ-ਕ੍ਰਮ ਵਿੱਚ ਵਿਅਕਤ ਹੋ ਕੇ ਉਹ ਪਾਰਬ੍ਰਹਮ ਤੇ ਪਰਦਾ ਪਾ ਲੈਂਦੀ ਹੈ।

ਗੀਤਾ ਦੀ ਮਾਇਆ ਅਨਾਦਿ ਬੇਸ਼ਕ ਹੈ ਪਰ ਸਾਂਖ ਦੀ ਪ੍ਰਕ੍ਰਿਤੀ ਵਾਂਗ ਉਸ ਨੂੰ ਸੁਤੰਤਰ ਅਤੇ ਸੈਭੰ ਨਹੀਂ ਮੰਨਿਆਂ ਗਿਆ। ਗੀਤਾ ਦੀ ਮਾਇਆ ਉਪਨਿਸ਼ਦਾਂ ਵਾਂਗ ਹੀ ਬ੍ਰਹਮ ਦੀ ਅਧੀਨ-ਸ਼ਕਤੀ ਹੈ ਜੋ ਬ੍ਰਹਮ ਦੀ ਨਿਗਰਾਨੀ ਵਿੱਚ ਸਮਸਤ ਚਰਾਚਰ ਜਗਤ ਦੀ ਸ੍ਰਿਸ਼ਟੀ ਕਰਦੀ ਹੈ।[64] ਭਗਵਾਨ ਕ੍ਰਿਸ਼ਣ ਨੇ ਆਪ ਕਿਹਾ ਹੈ ਕਿ ਪ੍ਰਕ੍ਰਿਤੀ ਸੁਤੰਤਰ ਨਹੀਂ, ਇਹ ਮੇਰੀ ਹੀ ਮਾਇਆ ਹੈ।[65] ਮੇਰੀ ਮਹੱਤ ਬ੍ਰਹਮ ਰੂਪ ਪ੍ਰਕ੍ਰਿਤੀ ਸੰਪੂਰਣ ਭੂਤਾਂ ਦੀ ਯੋਨੀ ਹੈ ਅਤੇ ਮੈਂ ਉਸ ਯੋਨੀ ਵਿਚ ਚੇਤਨ ਰੂਪੀ ਬੀਜ ਦੀ ਸਥਾਪਨਾ ਕਰਦਾ ਹਾਂ। ਇਸ ਜੜ੍ਹ ਚੇਤਨ ਦੇ ਸੰਜੋਗ ਤੋਂ ਹੀ ਸਮਸਤ ਭੂਤਾਂ ਦੀ ਉਤਪਤੀ ਹੁੰਦੀ ਹੈ।[66]

ਗੀਤਾ ਵਿੱਚ ਮਾਇਆ ਨੂੰ ਤ੍ਰੈਗੁਣਾਤਮਿਕ ਕਿਹਾ ਗਿਆ ਹੈ। ਕ੍ਰਿਸ਼ਣ ਭਗਵਾਨ ਨੇ ਅਨੇਕ ਸਥਲਾਂ ਤੇ ਆਪਣੀ ਗੁਣਮਈ ਜਾਂ ਤ੍ਰੈਗੁਣਾਤਮਿਕ ਮਾਇਆ ਦੀ ਚਰਚਾ ਕੀਤੀ ਹੈ। ਤ੍ਰੈਗੁਣਾਤਮਿਕ ਮਾਇਆ ਤੋਂ ਹੀ ਤ੍ਰੈਗੁਣਾਤਮਿਕ ਪਦਾਰਥਾਂ ਦੀ ਉਤਪਤੀ ਹੁੰਦੀ ਹੈ।[67] ਮਾਇਆ ਦੇ ਤ੍ਰੈਗੁਣਾਤਮਿਕ ਰੂਪ ਦੀ ਪ੍ਰਤਿਸ਼ਠਾ ਦੇ ਨਾਲ ਨਾਲ ਗੀਤਾ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪ੍ਰਕ੍ਰਿਤੀ ਜਾਂ ਮਾਇਆ ਤੋਂ ਉਤਪੰਨ ਸਤੋਗੁਣ, ਰਜੋਗੁਣ ਅਤੇ ਤਮੋਗੁਣ ਨਾਮੀ ਤ੍ਰੈਗੁਣ ਅਬਿਨਾਸ਼ੀ ਜੀਵਾਤਮਾ ਨੂੰ ਸਰੀਰ ਵਿੱਚ ਬੰਨ੍ਹਦੇ ਹਨ।[68] ਇਸ ਤੋਂ ਭਾਵ ਇਹ ਕਿ ਗੁਣਾਤਮਿਕ ਮਾਇਆ ਸਤ, ਰਜ ਅਤੇ ਤਮ ਨਾਮਕ ਤਿੰਨ ਗੁਣਾਂ ਨੂੰ ਉਤਪੰਨ ਕਰਕੇ ਜੀਵਾਤਮਾ ਨੂੰ ਸਥੂਲ ਸਰੀਰ ਵਿੱਚ ਬੰਨ੍ਹਦੀ ਹੈ। ਇੰਜ ਇਹ ਮਾਇਆ ਜੀਵਾਤਮਾ ਦੇ

---

61 ਗੀਤਾ ਰਹੱਸ, ਲੋਕਮਾਨ ਬਾਲ ਗੰਗਾਧਰ ਤਿਲਕ, ਪੰਨਾ 274
62 ਭਗਵਦ ਗੀਤਾ, 7/25
63 ਓਹੀ, 13/19
64 ਓਹੀ, 9/10
65 ਓਹੀ, 7/14
66 ਓਹੀ, 14/3
67 ਓਹੀ, 13/19
68 ਓਹੀ, 14/5

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਧਨ ਦਾ ਕਾਰਣ ਸਿੱਧ ਹੁੰਦੀ ਹੈ। ਤ੍ਰੈਗੁਣਾਂ ਤੋਂ ਉਤਪੰਨ ਕਰਮਾਂ ਦੇ ਬੰਧਨ ਵਿੱਚ ਬੰਧੀਜ ਕੇ ਜੀਵਾਤਮਾ ਆਪਣੇ ਨਿੱਤ-ਸ਼ੁੱਧ-ਪ੍ਰਬੁੱਧ ਸਰੂਪ ਨੂੰ ਵਿਸਾਰ ਦਿੰਦੀ ਹੈ। ਇਸ ਪ੍ਰਕਾਰ ਉਸ ਦੀ ਅਗਿਆਨ-ਅਵਸਥਾ ਦਾ ਮੂਲ ਕਾਰਣ ਮਾਇਆ ਜਾਂ ਅਵਿਦਿਆ ਹੀ ਸਿੱਧ ਹੁੰਦਾ ਹੈ। ਇਸੇ ਲਈ ਗੀਤਾ ਵਿਚ ਬ੍ਰਹਮ ਨੂੰ ਪ੍ਰਾਪਤ ਕਰਨ ਲਈ ਤਿੰਨ ਗੁਣਾਂ ਅਰਥਾਤ ਤ੍ਰੈਗੁਣਾਤਮਿਕ ਮਾਇਆ ਨੂੰ ਪਾਰ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ।[69] ਭਗਵਾਨ ਕ੍ਰਿਸ਼ਣ ਨੇ ਆਪ ਕਿਹਾ ਹੈ ਕਿ ਮੇਰੀ ਦੈਵੀ ਅਤੇ ਤ੍ਰੈਗੁਣਮਈ ਮਾਇਆ ਦੁੱਤਰ ਹੈ ਪਰ ਮੇਰਾ ਭਜਨ ਕਰਨ ਵਾਲੇ ਇਸ ਮਾਇਆ ਨੂੰ ਸਹਿਜੇ ਹੀ ਪਾਰ ਕਰ ਲੈਂਦੇ ਹਨ।[70]

ਉਪੱਕਤ ਕਥਿਤ ਗੀਤਾ ਦੀ ਮਾਇਆ ਸੰਬੰਧੀ ਵਿਚਾਰਧਾਰਾ ਤੋਂ ਸਪਸ਼ਟ ਹੈ ਕਿ ਗੀਤਾ ਦੀ ਮਾਇਆ ਉਪਨਿਸ਼ਦਾਂ ਵਾਂਗ ਹੀ ਬ੍ਰਹਮ ਦੀ ਸ੍ਰਿਸ਼ਟੀ-ਉਤਪਾਦਕ-ਕਿਰਿਆ-ਸ਼ਕਤੀ ਹੈ।

ਸਾਂਖ ਦਰਸ਼ਨ ਦੀ ਪ੍ਰਕ੍ਰਿਤੀ ਵੀ ਜਗਤ ਦਾ ਆਦਿ ਅਤੇ ਮੂਲ ਕਾਰਣ ਹੈ। ਪ੍ਰਕ੍ਰਿਤੀ ਦਾ ਆਪਣਾ ਕੋਈ ਕਾਰਣ ਨਹੀਂ ਹੈ। ਜੇਕਰ ਪ੍ਰਕ੍ਰਿਤੀ ਦਾ ਕੋਈ ਕਾਰਣ ਮੰਨ ਲਈਏ ਤਾਂ ਉਸ ਕਾਰਣ ਦਾ ਵੀ ਕੋਈ ਕਾਰਣ ਹੋਵੇਗਾ। ਪਰ ਨਹੀਂ, 'ਅਮੂਲੰ ਮੂਲੰ' ਅਨੁਸਾਰ ਮੂਲ ਕਾਰਣ ਦਾ ਕੋਈ ਮੂਲ ਨਹੀਂ ਹੁੰਦਾ।

ਪਰ ਸਾਂਖ ਦੀ ਇਹ ਪ੍ਰਕ੍ਰਿਤੀ ਹੈ ਕੀ ? ਇਹ ਕੋਈ ਦ੍ਰਵ ਅਰਥਾਤ ਪਦਾਰਥ ਨਹੀਂ। ਇਸ ਲਈ ਸਤ, ਰਜ ਅਤੇ ਤਮ ਇਸ ਦੇ ਗੁਣ ਨਹੀਂ ਹਨ। ਇਹ ਤਾਂ ਤ੍ਰੈਗੁਣਾਂ ਦੀ ਸਮ-ਅਵਸਥਾ ਹੈ। ਜਦੋਂ ਤ੍ਰੈਗੁਣ ਸਮ-ਸ਼ਕਤੀ ਸੰਪੰਨ ਹੁੰਦੇ ਹਨ, ਜਦੋਂ ਇਕ ਗੁਣ ਦੂਜੇ ਦੋ ਗੁਣਾਂ ਉਪਰ ਹਾਵੀ ਨਹੀਂ ਹੁੰਦਾ, ਤਦੋਂ ਇਕ ਵਿਕਾਰਹੀਨ, ਨਿਰਵਿਸ਼ੇਸ਼ ਸਮ-ਅਵਸਥਾ ਦੀ ਸਿਰਜਨਾ ਹੁੰਦੀ ਹੈ। ਤ੍ਰੈਗੁਣਾਂ ਦੀ ਇਹ ਨਿਰਵਿਕਾਰ ਸਮ-ਅਵਸਥਾ ਹੀ ਪ੍ਰਕ੍ਰਿਤੀ ਹੈ।[71] ਇਸ ਤੋਂ ਛੁਟ ਪ੍ਰਕ੍ਰਿਤੀ ਦੀ ਕੋਈ ਵਖਰੀ ਸੱਤਾ ਨਹੀਂ।

ਸਾਂਖ ਦਰਸ਼ਨ ਅਨੁਸਾਰ ਜਗਤ ਦੇ ਮੂਲ ਕਾਰਣ ਦਾ ਨਾਮ ਹੀ ਪ੍ਰਕ੍ਰਿਤੀ ਹੈ। ਕਿਉਂਕਿ ਸਭ ਪਦਾਰਥ ਤ੍ਰੈਗੁਣਾਤਮਿਕ ਅਤੇ ਅਚੇਤਨ ਹਨ ਅਤੇ ਪ੍ਰਕ੍ਰਿਤੀ ਇਹਨਾਂ ਦਾ ਉਪਾਦਾਨ ਕਾਰਣ ਹੈ, ਇਸ ਲਈ ਪ੍ਰਕ੍ਰਿਤੀ ਵੀ ਤ੍ਰੈਗੁਣਾਤਮਿਕ ਅਤੇ ਅਚੇਤਨ ਹੈ। ਭਾਵੇਂ ਜੜ੍ਹ ਪ੍ਰਕ੍ਰਿਤੀ ਦੇ ਵਿਕਾਰ ਜਾਂ ਪਰਿਵਰਤਨ ਤੋਂ ਜਗਤ ਦੀ ਉਤਪਤੀ ਹੋਈ ਹੈ ਪਰ ਤਾਂ ਵੀ ਪ੍ਰਕ੍ਰਿਤੀ ਆਪ ਅਵਿਕ੍ਰਿਤੀ ਹੈ ਅਰਥਾਤ ਇਹ ਕਿਸੇ ਕਾਰਣ ਦਾ ਵਿਕਾਰ ਨਹੀਂ ਹੈ।

ਪ੍ਰਕ੍ਰਿਤੀ ਕਿਉਂਕਿ ਜਗਤ ਦਾ ਮੂਲ ਕਾਰਣ ਹੈ ਇਸ ਲਈ ਇਹ ਨਿਤ, ਸੁਤੰਤਰ ਅਤੇ ਪ੍ਰਧਾਨ ਹੈ।[72] ਪ੍ਰਕ੍ਰਿਤੀ ਅਤਿ ਸੂਖਮ ਹੈ ਅਤੇ ਅਵਿਅਕਤ[73] ਹੋਣ ਕਾਰਣ ਪਰੋਖ

69 ਭਗਵਦ ਗੀਤਾ, 14/20
70 ਓਹੀ, 7/14
71 ਸਾਂਖ ਕਾਰਿਕਾ, ਭੂਮਿਕਾ, ਪੰਨਾ 4
72 ਸਾਂਖ ਕਾਰਿਕਾ 21
73 ਓਹੀ, 10

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ।[74] ਇਸ ਲਈ ਅਸੀਂ ਇਸ ਨੂੰ ਦੇਖ ਨਹੀਂ ਸਕਦੇ।

ਪ੍ਰਕ੍ਰਿਤੀ ਦੇ ਵਿਕਾਰ ਤੋਂ ਸਮਸਤ ਪਦਾਰਥਾਂ ਦੀ ਉਤਪਤੀ ਹੁੰਦੀ ਹੈ ਇਸ ਲਈ ਪ੍ਰਕ੍ਰਿਤੀ ਕਰਮਸ਼ੀਲ ਅਤੇ ਪਰਿਣਾਮਸ਼ੀਲ ਹੈ। ਜਿਸ ਤਰ੍ਹਾਂ ਮਿੱਟੀ ਤੋਂ ਘੜੇ ਦੀ ਉਤਪਤੀ ਹੁੰਦੀ ਹੈ ਅਤੇ ਵਿਨਾਸ਼ ਹੋਣ ਤੇ ਘੜਾ ਮੁੜ ਮਿੱਟੀ ਵਿੱਚ ਹੀ ਵਿਲੀਨ ਹੋ ਜਾਂਦਾ ਹੈ, ਠੀਕ ਉਸੇ ਤਰ੍ਹਾਂ ਜਗਤ ਦੀ ਉਤਪਤੀ ਪ੍ਰਕ੍ਰਿਤੀ ਤੋਂ ਹੁੰਦੀ ਹੈ ਅਤੇ ਪ੍ਰਲੈਕਾਲ ਵਿੱਚ ਉਹ ਪ੍ਰਕ੍ਰਿਤੀ ਵਿੱਚ ਹੀ ਵਿਲੀਨ ਹੋ ਜਾਂਦਾ ਹੈ। ਪ੍ਰਕ੍ਰਿਤੀ ਜਗਤ ਦਾ ਉਪਾਦਾਨ ਕਾਰਣ ਹੈ। ਜਿਸ ਪ੍ਰਕਾਰ ਤਿਲ ਵਿੱਚ ਤੇਲ ਪਹਿਲਾਂ ਤੋਂ ਹੀ ਲੁਪਤ ਅਵਸਥਾ ਵਿੱਚ ਮੌਜੂਦ ਹੁੰਦਾ ਹੈ ਉਸੇ ਤਰ੍ਹਾਂ ਸਮਸਤ ਜਗਤ, ਪ੍ਰਕ੍ਰਿਤੀ ਵਿੱਚ, ਪਹਿਲਾਂ ਤੋਂ ਹੀ ਵਿਦਮਾਨ ਰਹਿੰਦਾ ਹੈ। ਪੁਰਸ਼ ਦੇ ਭੋਗ ਅਤੇ ਬੰਧਨ ਲਈ ਪ੍ਰਕ੍ਰਿਤੀ ਇਸ ਵਿਚਿਤਰ ਜਗਤ-ਜਾਲ ਦਾ ਕ੍ਰਮ ਅਨੁਸਾਰ ਵਿਸਥਾਰ ਕਰਦੀ ਹੈ। ਫੇਰ ਪੁਰਸ਼ ਦੇ ਮੁਕਤ ਹੋਣ ਤੇ ਪ੍ਰਕ੍ਰਿਤੀ ਇਸ ਨੂੰ ਕ੍ਰਮ ਅਨੁਸਾਰ ਆਪਣੇ ਸਰੂਪ ਵਿੱਚ ਖਿੱਚ ਲੈਂਦੀ ਹੈ। ਦੂਜੇ ਸ਼ਬਦਾਂ ਵਿੱਚ ਤ੍ਰੈਗੁਣਾਤਮਿਕ ਪ੍ਰਕ੍ਰਿਤੀ ਜੀਵ ਦੇ ਬੰਧਨ ਦਾ ਵੀ ਕਾਰਣ ਹੈ ਅਤੇ ਮੋਖ[75] ਦਾ ਵੀ।

ਸਾਂਖ ਦੀ ਪ੍ਰਕ੍ਰਿਤੀ ਅਤੇ ਉਪਨਿਸ਼ਦਾਂ ਦੀ ਮਾਇਆ ਵਿੱਚ ਮੌਲਿਕ ਅੰਤਰ ਹੈ। ਸਾਂਖ ਦੀ ਪ੍ਰਕ੍ਰਿਤੀ ਸੁਤੰਤਰ ਹੈ, ਪਰ ਉਪਨਿਸ਼ਦਾਂ ਅਤੇ ਗੀਤਾ ਦੀ ਮਾਇਆ ਦਾ ਕਾਰਣ ਬ੍ਰਹਮ ਹੈ। ਮਾਇਆ ਬ੍ਰਹਮ ਦੀ ਕਿਰਿਆ - ਸ਼ਕਤੀ ਦੇ ਰੂਪ ਵਿੱਚ ਸ੍ਰਿਸ਼ਟੀ ਦੀ ਰਚਨਾ ਕਰਦੀ ਹੈ ਪਰ ਪ੍ਰਕ੍ਰਿਤੀ ਕਿਸੇ ਦੇ ਅਧੀਨ ਨਹੀਂ ਹੈ। ਗੀਤਾ ਦੀ ਮਾਇਆ ਅਤੇ ਸਾਂਖ ਦੀ ਪ੍ਰਕ੍ਰਿਤੀ ਦੋਵੇਂ ਸਮਾਨ ਰੂਪ ਵਿੱਚ ਤ੍ਰੈਗੁਣਾਤਮਿਕ ਹਨ। ਪਰ ਜਿਥੇ ਸਾਂਖ ਦੀ ਤ੍ਰੈਗੁਣਾਤਮਿਕ ਪ੍ਰਕ੍ਰਿਤੀ ਪੁਰਸ਼ ਦੇ ਮੋਖ ਦਾ ਸਾਧਨ ਬਣਦੀ ਹੈ ਉਥੇ ਗੀਤਾ ਦੀ ਮਾਇਆ ਵਿੱਚ ਅਜਿਹੀ ਸਮਰਥਾ ਦਿਖਾਈ ਨਹੀਂ ਦਿੰਦੀ। ਪ੍ਰਕ੍ਰਿਤੀ ਸੁਤੰਤਰ ਅਤੇ ਮਾਇਆ ਪਰਤੰਤਰ ਹੈ। ਇਸ ਲਈ ਸਾਂਖ ਦੀ ਪ੍ਰਕ੍ਰਿਤੀ ਗੀਤਾ ਅਤੇ ਉਪਨਿਸ਼ਦਾਂ ਦੀ ਮਾਇਆ ਤੋਂ ਵਧੇਰੇ ਸਮਰੱਥ ਹੈ।

ਪੁਰਾਣ ਸਾਹਿਤ ਵਿੱਚ ਮਾਇਆ ਸੰਬੰਧੀ ਭਿੰਨ ਭਿੰਨ ਅਭਿਵਿਅਕਤੀਆਂ ਮਿਲਦੀਆਂ ਹਨ। ਵਿਸ਼ਨੂ ਪੁਰਾਣ ਵਿੱਚ ਮਾਇਆ ਸ਼ਬਦ ਅਨੇਕ ਵਾਰ ਵਰਤਿਆ ਗਿਆ ਹੈ। ਬਹੁਤਾ ਕਰਕੇ ਇਸਦੀ ਵਰਤੋਂ ਵਿਸ਼ਨੂ ਦੀ ਮਾਇਆ ਦੇ ਪ੍ਰਥਾਇ ਕੀਤੀ ਗਈ ਹੈ ਜਿਵੇਂ—ਮੋਹਨੀ ਰੂਪਧਾਰੀ ਭਗਵਾਨ ਵਿਸ਼ਨੂ ਆਪਣੀ ਮਾਇਆ ਦੁਆਰਾ ਦਾਨਵਾਂ ਨੂੰ ਮੋਹਿਤ ਕਰਕੇ ਉਹਨਾਂ ਤੋਂ ਕਮੰਡਲ ਲੈ ਕੇ ਦੇਵਤਿਆਂ ਨੂੰ ਦੇ ਦਿੰਦੇ ਹਨ।[76] ਇਸ ਤੋਂ ਛੁਟ ਇਸ ਪੁਰਾਣ ਵਿੱਚ ਇਕ ਥਾਂ ਤੇ ਵਿਸ਼ਨੂ ਦੁਆਰਾ ਮਾਇਆ ਮੋਹ ਉਤਪੰਨ ਕਰਨ ਦਾ ਵੀ ਵਰਣਨ ਮਿਲਦਾ ਹੈ।[77] ਸ੍ਰੀਮਦ ਭਾਗਵਦ ਪੁਰਾਣ ਵਿੱਚ ਮਾਇਆ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਹੈ ਕਿ ਜਿਸ ਵਸਤੂ ਦੇ ਨਾ ਹੋਣ ਤੇ ਵੀ ਉਸਦੇ ਅਸਤਿਤਵ ਦੀ ਪ੍ਰਤੀਤੀ ਹੁੰਦੀ ਹੈ ਅਤੇ ਜੋ ਆਤਮਾ ਵਿੱਚ ਪ੍ਰਤੀਤ ਨਹੀਂ ਹੁੰਦੀ ਉਸ ਨੂੰ ਆਤਮਾ ਦੀ ਮਾਇਆ ਸਮਝਣਾ ਚਾਹੀਦਾ

---

74 ਸਾਂਖਕਾਰਿਕਾ, 8

75 ਓਹੀ, 13,57,58,59,61,64,65 ਅਤੇ 66

76 ਵਿਸ਼ਨੂ ਪੁਰਾਣ, 9-108

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ।[78] ਇਹ ਮਾਇਆ ਆਭਾਸ ਅਤੇ ਅੰਧਕਾਰ ਦੇ ਸਮਾਨ ਹੈ। ਦਸਵੇਂ ਸਕੰਧ ਵਿੱਚ ਭਗਵਾਨ ਦੀ ਮਾਇਆ ਤੋਂ ਮੋਹਿਤ ਹੋਕੇ ਮਨੁੱਖਾਂ ਦੇ ਇਸਤ੍ਰੀ ਪੁਤਰ ਆਦਿ ਵਿੱਚ ਆਸਕਤ ਹੋਣ ਅਤੇ ਦੁਖ ਦੇ ਅਪਾਰ ਸਾਗਰ ਵਿੱਚ ਡੁੱਬਣ ਦਾ ਵਰਣਨ ਮਿਲਦਾ ਹੈ।[79] ਬ੍ਰਹਮਪੁਰਾਣ ਵਿੱਚ ਵੀ ਮਾਇਆ ਦੀ ਵਰਤੋਂ ਭਗਵਾਨ ਦੀ ਮਾਇਆ ਲਈ ਕੀਤੀ ਗਈ ਹੈ। ਮੁਨੀ ਕੰਡੂ ਭਗਵਾਨ ਅਗੇ ਪ੍ਰਾਰਥਨਾ ਕਰਦੇ ਹਨ ਕਿ ਹੇ ਭਗਵਾਨ! ਆਪ ਦੀ ਮਾਇਆ ਤੋਂ ਮੋਹਿਤ ਹੋਇਆ ਮੈਂ ਚਿਰਕਾਲ ਤੋਂ ਭ੍ਰਮ ਵਿੱਚ ਗੁਸਿਆ ਪਿਆ ਹਾਂ। ਮੈਂ ਵਿਸ਼ਯ-ਆਸਕਤ ਮਨ ਵਾਲਾ ਹੋਣ ਦੇ ਕਾਰਣ ਆਪ ਜੀ ਦੀ ਮਾਇਆ ਦਾ ਪਾਰ ਨਹੀਂ ਪਾ ਸਕਦਾ।[80] ਵਾਰਾਹ ਪੁਰਾਣ ਵਿੱਚ ਕਪਿਲ ਅਤੇ ਜੈਗੀਸ਼ਵਯਮੁਨੀ ਦੇ ਮਾਇਆ ਦੁਆਰਾ ਅਨੇਕ ਰੂਪ ਧਾਰਣ ਕਰਨ ਦਾ ਵਰਣਨ ਹੈ। ਇਥੇ ਮਾਇਆ ਸ਼ਬਦ ਦੀ ਵਰਤੋਂ ਵਿਸਮਾਦੀ ਸ਼ਕਤੀ ਦੇ ਲਈ ਕੀਤੀ ਗਈ ਹੈ।[81] ਅਗਨੀ ਪੁਰਾਣ ਵਿੱਚ ਮਾਇਆ ਦਾ ਵਰਣਨ ਭਗਵਤੀ ਦੁਰਗਾ ਦੇ ਨਾਵਾਂ ਪ੍ਰਥਾਇ ਕੀਤਾ ਗਿਆ ਹੈ।[82] ਇਸ ਤੋਂ ਛੁਟ ਇਸੇ ਪੁਰਾਣ ਵਿੱਚ ਅਮਨੁਖੀ ਮਾਇਆ ਦਾ ਵੀ ਵਰਣਨ ਮਿਲਦਾ ਹੈ।[83] ਸ਼ਿਵ ਪੁਰਾਣ ਵਿੱਚ ਸ਼ਕਤੀਮਾਨ ਸ਼ਿਵ ਤੋਂ ਮਾਇਆ ਦੀ ਉਤਪਤੀ ਦਿਖਾਈ ਗਈ ਹੈ।[84] ਇਥੇ ਮਾਇਆ ਸ਼ਬਦ ਦੀ ਵਰਤੋਂ ਸ਼ਿਵ-ਸ਼ਕਤੀ ਦੇ ਰੂਪ ਵਿੱਚ ਕੀਤੀ ਗਈ ਹੈ। ਸਕੰਦ ਪੁਰਾਣ ਵਿੱਚ ਕਪਟ ਦੁਆਰਾ ਬ੍ਰਾਹਮਣ ਦਾ ਰੂਪ ਧਾਰਣ ਕਰਨ ਵਾਲੇ ਗਣੇਸ਼ ਜੀ ਦੀ ਮਾਇਆ ਲਈ ਮਾਇਆ ਸ਼ਬਦ ਦੀ ਵਰਤੋਂ ਹੋਈ ਹੈ। ਗਣੇਸ਼ ਜੀ ਆਪਣੀ ਮਾਇਆ ਨਾਲ ਇਸਤ੍ਰੀਆਂ ਦੇ ਅੰਤਹਪੁਰ ਵਿੱਚ ਪ੍ਰਵੇਸ਼ ਕਰਦੇ ਹਨ। ਇਥੇ ਮਾਇਆ ਦੀ ਵਰਤੋਂ ਰਹੱਸਮਈ ਸ਼ਕਤੀ ਦੇ ਅਰਥਾਂ ਵਿੱਚ ਕੀਤੀ ਪ੍ਰਤੀਤ ਹੁੰਦੀ ਹੈ।[85] ਬ੍ਰਹਮਵੈਵਰਤ ਪੁਰਾਣ ਵਿੱਚ ਭਗਵਤੀ ਦੁਰਗਾ ਨੂੰ ਜਗਤ-ਮੋਹਨੀ ਮਾਇਆ ਦਾ ਨਾਮ ਦਿੱਤਾ ਗਿਆ ਹੈ।[86] ਭਵਿਸ਼ ਪੁਰਾਣ ਵਿੱਚ ਮਹਾਂਦੇਵ ਦੁਆਰਾ ਰਚੀ ਸ਼ਾਬਰੀ[87]-ਮਾਇਆ ਦੀ ਚਰਚਾ ਕੀਤੀ ਗਈ ਹੈ।[88] ਮਹਾਨਾਰਦੀ ਪੁਰਾਣ ਵਿੱਚ ਦੈਂਤਾਂ ਲਈ 'ਮਾਯਿਨਿਹੀ' ਵਿਸ਼ੇਸ਼ਣ ਵਰਤਿਆ ਗਿਆ ਹੈ।[89] ਇਹ ਵੀ ਇਕ ਪ੍ਰਕਾਰ ਦੀ

77 ਵਿਸ਼ਨੂ ਪੁਰਾਣ, 3-17-41
78 ਸ਼੍ਰੀਮਦ ਭਾਗਵਤ ਪੁਰਾਣ, 2-9-33
79 ਓਹੀ, 10-63-40
80 ਬ੍ਰਹਮ ਪੁਰਾਣ, 178-181
81 ਵਾਰਾਹਪੁਰਾਣ, 4-26
82 ਅਗਨੀ ਪੁਰਾਣ, 137-18
83 ਓਹੀ, 241-65
84 ਸ਼ਿਵ ਪੁਰਾਣ, ਵਾਯਵੀਅ ਸੰਹਿਤਾ, ਪੂਰਵ ਭਾਗ, 9-3
85 ਸਕੰਦ ਪੁਰਾਣ, ਕਾਸ਼ੀ ਖੰਡ, 56-31
86 ਬ੍ਰਹਮਵੈਵਰਤ ਪੁਰਾਣ, ਪ੍ਰਕ੍ਰਿਤੀ ਖੰਡ, 66-25
87 ਇਕ ਅਸੁਰ ਦਾ ਨਾਮ ਹੈ।
88 ਭਵਿਸ਼ਯ ਪੁਰਾਣ, ਪ੍ਰਤਿਸਰਗ ਪਰਵ, 23-101,111,112,113
89 ਮਹਾਨਾਰਦੀ ਪੁਰਾਣ, ਪੂਰਵ ਖੰਡ, 10-38

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸੁਰੀ ਮਾਇਆ ਹੈ। ਇਥੇ ਦੈਂਤਾਂ ਦੇ ਦੈਵ-ਰੂਪ ਧਾਰਣ ਦੀ ਕਥਾ ਵੀ ਆਈ ਹੈ। ਮਾਰਕੰਡੇ ਪੁਰਾਣ ਵਿੱਚ ਵਿਸ਼ਨੂ ਦੀ ਮਾਇਆ ਦੇ ਪ੍ਰਥਾਇ ਹੀ ਮਾਇਆ ਸ਼ਬਦ ਦੀ ਵਰਤੋਂ ਮਿਲਦੀ ਹੈ।[90] ਵਾਮਨ ਪੁਰਾਣ ਵਿੱਚ ਵਾਮਨ ਭਗਵਾਨ ਦੀ ਉਸਤਤ ਕਰਦਿਆਂ ਹੋਇਆਂ ਉਹਨਾਂ ਦੇ ਮਾਯਿਕ ਰੂਪ ਦੀ ਚਰਚਾ ਕੀਤੀ ਗਈ ਹੈ।[91] ਇਥੇ ਵੀ ਮਾਇਆ ਸ਼ਬਦ ਦੀ ਵਰਤੋਂ ਭਗਵਾਨ ਦੀ ਯੋਗ-ਮਾਇਆ ਦੇ ਅਰਥਾਂ ਵਿੱਚ ਕੀਤੀ ਗਈ ਹੈ। ਗਰੁੜ ਪੁਰਾਣ ਵਿੱਚ ਮਾਇਆ ਸ਼ਬਦ ਦੀ ਵਰਤੋਂ ਦੇਵ-ਮਾਇਆ ਦੇ ਰੂਪ ਵਿੱਚ ਮਿਲਦੀ ਹੈ।[92] ਇਥੇ ਦੇਵ ਤੋਂ ਬ੍ਰਹਮ ਦਾ ਹੀ ਭਾਵ ਲਿਆ ਪ੍ਰਤੀਤ ਹੁੰਦਾ ਹੈ।[93] ਬ੍ਰਹਮਾਂਡ ਪੁਰਾਣ ਵਿੱਚ ਮਾਇਆ ਸ਼ਬਦ ਨੂੰ ਅਨਾਚਾਰ ਸੂਚਕ ਅਰਥਾਂ ਵਿਚ ਵਰਤਿਆ ਗਿਆ ਹੈ।[94] ਪਦਮ ਪੁਰਾਣ ਵਿੱਚ ਮਾਇਆ ਸ਼ਬਦ ਦੀ ਵਰਤੋਂ ਸੰਸਾਰ ਦੀ ਮੋਹਕ ਸ਼ਕਤੀ ਦੇ ਲਈ ਕੀਤੀ ਗਈ ਹੈ।[95]

ਤੰਤਰ ਸਾਹਿਤ ਵਿੱਚ ਮਾਇਆ ਸ਼ਬਦ ਦੀ ਵਰਤੋਂ ਅਨੇਕ ਸਥਲਾਂ ਤੇ ਹੋਈ ਹੈ। ਸ਼ਿਵ ਸੂਤਰ ਵਿੱਚ ਮਾਇਆ ਦਾ ਚਿਤ੍ਰਣ ਅਵਿਦਿਆ ਦੇ ਰੂਪ ਵਿੱਚ ਕੀਤਾ ਗਿਆ ਹੈ।[96] ਤੰਤਰਾਲੋਕ ਨਾਮੀ ਤੰਤਰ ਸਾਹਿਤ ਦੇ ਵਿਸ਼ਾਲ ਗ੍ਰੰਥ ਵਿੱਚ ਮਾਇਆ ਸ਼ਬਦ ਦੀ ਵਰਤੋਂ ਅਨੇਕ ਵਾਰ ਅਤੇ ਅਨੇਕ ਅਰਥਾ ਵਿੱਚ ਕੀਤੀ ਗਈ ਹੈ। ਇਕ ਥਾਂ ਤੇ ਸੰਸਾਰ ਨੂੰ ਸਵਿਕਲਪ ਹੋਣ ਦੇ ਕਾਰਣ ਮਾਇਆਮਈ ਕਿਹਾ ਗਿਆ ਹੈ।[97] ਇਸ ਗ੍ਰੰਥ ਵਿੱਚ ਮਾਇਆਪਾਸ਼,[98] ਜੀਵਾਂ ਨੂੰ ਭਰਮ ਵਿੱਚ ਪਾਉਣ ਵਾਲੀ ਮਾਇਆ[99] ਦਾ ਵੀ ਵਰਣਨ ਮਿਲਦਾ ਹੈ। ਲਖਸ਼ਮੀ ਤੰਤਰ ਵਿੱਚ ਉੱਜ ਤਾਂ ਮਾਇਆ ਦੇ ਅਨੇਕ ਰੂਪ ਮਿਲਦੇ ਹਨ ਪਰ ਇਹਨਾਂ ਵਿੱਚੋਂ ਮਾਇਆ ਦੇ ਲਖਸ਼ਮੀ,[100] ਸ਼ਕਤੀ[101] ਅਤੇ ਤ੍ਰੈਗੁਣਾਤਮਿਕ[102] ਰੂਪਾਂ ਦੀ ਹੀ ਪ੍ਰਧਾਨਤਾ ਹੈ। ਮਹਾਨਿਰਵਾਣ ਤੰਤਰ ਵਿੱਚ ਰਿਗਵੈਦਿਕ ਇੰਦਰ ਦੀ ਨਿਆਈਂ ਕਾਲੀ ਦੇ ਮਾਇਆ ਦੁਆਰਾ ਅਨੇਕ ਰੂਪ ਧਾਰਣ ਕਰਨ ਦਾ ਵਰਣਨ ਹੈ।[103] ਇਥੇ

90 ਮਾਰਕਡੇ ਪੁਰਾਣ, 82-6
91 ਵਾਮਨ ਪੁਰਾਣ, 30-24,25,26,29
92 ਗਰੁੜ ਪੁਰਾਣ, 49-34
93 ਓਹੀ, 49-6
94 ਬ੍ਰਹਮਾਂਡ ਪੁਰਾਣ, ਪੂਰਵ ਭਾਗ, 19-105
95 ਪਦਮ ਪੁਰਾਣ, ਉੱਤਰ ਖੰਡ, 243-41
96 ਸ਼ਿਵ ਸੂਤਰ, 3-3
97 ਤੰਤ੍ਰਾਲੋਕ, 1-214
98 ਓਹੀ, 4-33
99 ਓਹੀ, 4-38
100 ਲਖਸ਼ਮੀ ਤੰਤਰ, 20-26
101 ਓਹੀ, 6-3
102 ਓਹੀ, 35-10
103 ਮਹਾਨਿਰਵਾਣ ਤੰਤ੍ਰ, 4-34

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਨੂੰ ਆਧਾਰ-ਸ਼ਕਤੀ ਵੀ ਕਿਹਾ ਗਿਆ ਹੈ।[104] ਪਰ ਬਹੁਤਾ ਕਰਕੇ ਇਸ ਤੰਤਰ ਵਿੱਚ ਮਾਇਆ ਸ਼ਬਦ ਦੀ ਵਰਤੋਂ ਬੀਜ-ਮੰਤਰ ਦੇ ਲਈ ਹੀ ਕੀਤੀ ਗਈ ਹੈ।[105] ਬੀਜ-ਮੰਤਰ ਦੇ ਲਈ ਵਰਤੇ ਗਏ ਮਾਇਆ ਸ਼ਬਦ ਅਤੇ ਦਾਰਸ਼ਨਿਕ ਅਰਥਾਂ ਵਿੱਚ ਵਰਤੇ ਗਏ ਮ ਇਆ ਸ਼ਬਦ ਵਿੱਚ ਕੋਈ ਸਮਾਨਤਾ ਨਹੀਂ। ਤੰਤਰ ਸਾਹਿਤ ਦੀ ਸ਼ਕਤੀ ਰੂਪਣੀ ਮਾਇਆ ਅਤੇ ਸ਼ੰਕਰਾਚਾਰੀਆ ਦੀ ਮਾਇਆ-ਸ਼ਕਤੀ ਵਿੱਚ ਵੀ ਭੇਦ ਹੈ। ਜੋ ਮਾਇਆ-ਸ਼ਕਤੀ ਸੰਕਰ ਦਰਸ਼ਨ ਵਿੱਚ ਜੜ੍ਹ ਅਤੇ ਮਿਥਿਆ ਹੈ ਉਹੀ ਤੰਤਰ-ਦਰਸ਼ਨ ਵਿੱਚ ਚਿੱਤ-ਰੂਪਣੀ (ਚੈਤੰਨਯ) ਮਹਾਮਾਯਾ ਹੈ। ਸ਼ੰਕਰ ਦਰਸ਼ਨ ਦੀ ਮਾਇਆ ਦਾ ਅਨਿਰਵਚਨੀਅ ਰੂਪ ਵੀ ਤੰਤਰ-ਦਰਸ਼ਨ ਦੇ ਵਿਪਰੀਤ ਹੈ।[106]

ਬੌਧ ਦਰਸ਼ਨ ਵਿੱਚ ਮਾਇਆ ਦੇ ਭਿੰਨ ਭਿੰਨ ਰੂਪ ਮਿਲਦੇ ਹਨ। ਪ੍ਰਾਚੀਨ ਪਾਲੀ ਬੌਧ-ਲੇਖਾਂ ਵਿੱਚ ਮਾਇਆ ਸ਼ਬਦ ਦੀ ਵਰਤੋਂ ਛਲ ਅਥਵਾ ਕਪਟ ਦੇ ਅਰਥਾਂ ਵਿੱਚ ਮਿਲਦੀ ਹੈ।[107] ਅਸ਼ਵਘੋਸ਼ ਵਿੱਚ ਮਾਇਆ ਦੀ ਵਰਤੋਂ 'ਇੰਦਰ ਜਾਲ' ਦੇ ਅਰਥਾਂ ਵਿੱਚ ਕੀਤੀ ਗਈ ਹੈ। ਮਹਾਯਾਨ ਦਰਸ਼ਨ ਦੀ ਪ੍ਰਮੁਖ ਰਚਨਾ 'ਲੰਕਾਵਤਾਰ ਸੂਤ੍ਰ' ਵਿੱਚ ਮਾਇਆ ਸ਼ਬਦ ਦੀ ਵਰਤੋਂ 'ਅਸੱਤ' ਦੇ ਅਰਥਾਂ ਵਿਚ ਕੀਤੀ ਗਈ ਹੈ।[108] ਇਸੇ ਪ੍ਰਕਰਣ ਵਿੱਚ ਸੰਸਾਰ ਨੂੰ 'ਮਾਇਆ ਸ੍ਵਪਨੋਪਮ' ਵੀ ਕਿਹਾ ਗਿਆ ਹੈ।[109] ਲੰਕਾਵਤ ਰ ਵਿੱਚ ਮਾਇਆ ਦੀ ਸਵਪਨਮਈਤਾ ਦਾ ਵਰਣਨ ਹੀ ਪ੍ਰਮੁਖ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ।[110] ਇਸ ਵਿੱਚ ਮਾਇਆ, ਗੰਧਰਵ ਨਗਰੀ ਅਤੇ ਮ੍ਰਿਗ ਤ੍ਰਿਸ਼ਨਾ ਆਦਿ ਨੂੰ ਇਕ ਹੀ ਸ਼੍ਰੇਣੀ ਵਿੱਚ ਰਖਿਆ ਗਿਆ ਹੈ।[111] ਉਕਤ ਗ੍ਰੰਥ ਵਿੱਚ ਇੰਦਰ-ਜਾਲ-ਰੂਪਣੀ ਮਾਇਆ ਭਰਮ ਆਦਿ ਉਤਪੰਨ ਕਰਨ ਦੀ ਸ਼ਕਤੀ ਨਹੀਂ ਰਖਦੀ ਕਿਉਂਕਿ ਮਿਥਿਆ ਜਗਤ ਦੇ ਸੰਬੰਧ ਵਿੱਚ ਹੋਣ ਵਾਲੇ ਭਰਮਾਂ ਦਾ ਕਾਰਣ ਅਗਿਆਨੀ ਮਨੁਖ ਦਾ ਚਿੱਤਗਤ ਅਥਵਾ ਮਾਨਸਿਕ ਭਰਮ ਹੀ ਹੈ, ਇਸੇ ਲਈ ਗਿਆਨੀ ਪੁਰਸ਼ ਨੂੰ ਭਰਮ ਨਹੀਂ ਹੁੰਦਾ।[112]

ਗੌੜਪਦਾਚਾਰੀਆ[113] ਨੇ ਮਾਇਆਵਾਦ ਦਾ ਪ੍ਰਤਿਪਾਦਨ ਤਿੰਨ ਪ੍ਰਮੁਖ ਸਿਧਾਂਤਾਂ

---

104 ਮਹਾਨਿਰਵਾਣ ਤੰਤਰ, 5-187

105 ਓਹੀ, 5-83,5-119,6-35,9-103

106 ਮਹਾਮਾਯਾ, ਜੇ. ਵੁਡਰੋਫ ਅਤੇ ਪੀ. ਐੱਨ. ਮੁਖਿਓਪਾਧਿਆਇ, ਗਣੇਸ਼ ਐਂਡ ਕੰਪਨੀ, ਮਦਰਾਸ, 1954, ਪੰਨਾ 24

107 ਇੰਡੀਅਨ ਫਿਲਾਸਫੀ, ਦਾਸਗੁਪਤਾ, ਭਾਗ ਪਹਿਲਾ, ਪੰਨਾ 470

108 ਲੰਕਾਵਤਾਰ ਸੂਤਰ, 10-88

109 ਓਹੀ, 10-561

110 ਓਹੀ, 10-443,468,582,2-4,140

111 ਓਹੀ, 10-95,10-443

112 ਸਟਡੀਜ਼ ਇਨ ਦੀ ਲੰਕਾਵਤਾਰਾ ਸੂਤਰਾ, ਡੀ. ਟੀ. ਸੁਜ਼ੂਕੀ, ਪੰਨਾ 121

113 ਅਦਵੈਤ ਵੇਦਾਂਤ ਦੇ ਇਤਿਹਾਸ ਵਿਚ ਅਚਾਰੀਆ ਗੌੜਪਾਦ ਦਾ ਵਿਸ਼ੇਸ਼ ਸਥਾਨ ਹੈ। ਇਹਨਾਂ ਦਾ ਪ੍ਰਮੁਖ ਸਿਧਾਂਤ 'ਅਜਾਤਿਵਾਦ' ਹੈ ਜਿਸ ਅਨੁਸਾਰ ਕੇਵਲ ਅਦਵੈਤ-ਆਤਮਾ ਹੀ ਸਤ ਹੈ। ਅਦਵੈਤ-

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਅੰਤਰਗਤ ਕੀਤਾ ਹੈ ਜੋ ਕਿ ਇਸ ਪ੍ਰਕਾਰ ਹਨ :—

1 ਆਤਮਾ ਆਪਣੀ ਮਾਇਆ ਦੇ ਦੁਆਰਾ ਆਤਮਾ ਵਿੱਚ ਭੇਦਾਂ ਦੀ ਕਲਪਨਾ ਕਰਦੀ ਹੈ।[114] ਆਤਮਾ ਵਿੱਚ ਕਰਤ੍ਰਿਤਵ ਆਦਿ ਦੀ ਵਿਵਸਥਾ ਕਰਨ ਵਾਲੀ ਇਹੀ ਮਾਇਆ ਹੈ।[115]

2. ਮਾਇਆ ਦੇ ਦੁਆਰਾ ਪਰਮਾਰਥਕ ਅਦਵੈਤ ਸੱਤ ਵੀ ਦਵੈਤ-ਅਵਸਥਾ ਵਿੱਚ ਪਰਿਵਰਤਿਤ ਹੋ ਜਾਂਦਾ ਹੈ।[116]

3. ਸਮਸਤ ਦਵੈਤ ਪ੍ਰਪੰਚ ਚਿੱਤ ਦਾ ਹੀ ਵਿਸਤਾਰ ਹੈ।[117]

ਦਵੈਤ ਦੀ ਸਰੂਪ-ਸਥਿਤੀ ਦੇ ਵਿਵੇਚਨ ਲਈ ਗੌੜਪਾਦ ਨੇ ਆਤਮਾ, ਮਾਇਆ ਅਤੇ ਚਿੱਤ, ਇਹਨਾਂ ਤਿੰਨਾਂ ਸੰਬੰਧੀ ਵਿਚਾਰ ਕੀਤਾ ਹੈ ਪਰ ਇਹਨਾਂ ਵਿੱਚੋਂ ਮੁਖ ਸਥਾਨ ਮਾਇਆ ਦਾ ਹੀ ਹੈ। ਗੌੜਪਦਾਚਾਰੀਆ ਨੇ ਸ੍ਰਿਸ਼ਟੀ ਸੰਬੰਧੀ ਸੱਤ ਸਿਧਾਂਤਾਂ[118] ਦਾ ਜ਼ਿਕਰ ਕਰਨ ਉਪ੍ਰੰਤ ਮਾਇਆ ਸੰਬੰਧੀ ਆਪਣੇ ਸਿਧਾਂਤ ਦਾ ਪ੍ਰਤਿਪਾਦਨ ਕਰਦਿਆਂ ਕਿਹਾ ਹੈ ਕਿ ਜਿਸ ਪ੍ਰਕਾਰ ਰੱਸੀ ਵਿੱਚ ਅਗਿਆਨ-ਵਸ ਸਰਪ ਦਾ ਭੁਲੇਖਾ ਪੈ ਜਾਂਦਾ ਹੈ ਉਸੇ ਤਰ੍ਹਾਂ ਆਤਮਾ ਵਿੱਚ ਮਾਇਆ ਦੇ ਕਾਰਣ ਆਕਾਸ਼ ਆਦਿ ਦੀ ਉਤਪਤੀ ਹੁੰਦੀ ਹੈ।[119]

ਸੱਤ ਤੋਂ ਛੁਟ ਕਿਸੇ ਵੀ ਪਦਾਰਥ ਦੀ ਉਤਪਤੀ ਨਹੀਂ ਹੁੰਦੀ (ਮਾਂਡੂਕਯ ਕਾਰਿਕਾ, 3-48)। ਇਸੇ ਲਈ ਇਸ ਸਿਧਾਂਤ ਦਾ ਨਾਮ 'ਅਜਾਤਿਵਾਦ' ਪਿਆ। ਇਸੇ 'ਅਜਾਤਿਵਾਦ' ਦੇ ਸਿਧਾਂਤ ਦੇ ਸਮਰਥਨ ਲਈ ਗੌੜਪਾਦ ਨੇ ਮਾਇਆਵਾਦ ਦੇ ਸਿਧਾਂਤ ਦਾ ਪ੍ਰਤਿਪਾਦਨ ਕੀਤਾ ਹੈ।

114 ਮਾਂਡੂਕਯ ਕਾਰਿਕਾ, 9-12

115 ਮਾਂਡੂਕਯ ਕਾਰਿਕਾ, ਆਨੰਦਗਿਰੀ ਟੀਕਾ, ਪੰਨਾ 417

116 ਮਾਂਡੂਕਯ ਕਾਰਿਕਾ, 3-19

117 ਓਹੀ, 4-42

118 ਪਹਿਲੇ ਸਿਧਾਂਤ ਅਨੁਸਾਰ ਦਵੈਤ ਸ੍ਰਿਸ਼ਟੀ ਈਸ਼ਵਰ ਦੀ ਵਿਕ੍ਰਤੀ (ਸ਼ਕਤੀ) ਦਾ ਫਲ ਹੈ (ਮਾਂਡੂਕਯ ਕਾਰਿਕਾ, 1-7)। ਇਹ ਸਿਧਾਂਤ ਸ੍ਰਿਸ਼ਟੀ ਚਿੰਤਕਾਂ ਦੇ ਅਨੁਕੂਲ ਹੀ ਹੈ ਜਿਹਨਾਂ ਅਨੁਸਾਰ ਪਰਮਾਰਥਕ ਦ੍ਰਿਸ਼ਟੀ ਤੋਂ ਸ੍ਰਿਸ਼ਟੀ ਦਾ ਕੋਈ ਸਥਾਨ ਨਹੀਂ ਹੈ (ਮਾਂਡੂਕਯ ਕਾਰਿਕਾ, 1-7 ਉਪਰ ਸ਼ੰਕਰ ਦਾ ਭਾਸ਼)। ਦੂਜੇ ਸਿਧਾਂਤ ਅਨੁਸਾਰ ਜਗਤ ਦੀ ਸਥਿਤੀ ਸੁਪਨੇ ਦੀ ਨਿਆਈਂ ਹੈ (ਮਾਂਡੂਕਯ ਕਾਰਿਕਾ, 1-7)। ਜਿਸ ਪ੍ਰਕਾਰ ਮਿਥਿਆ ਹੋਣ ਤੇ ਵੀ ਸੁਪਨੇ ਦੇ ਪਦਾਰਥ ਸੱਤ ਪ੍ਰਤੀਤ ਹੁੰਦੇ ਹਨ ਉਸੇ ਤਰ੍ਹਾਂ ਮਿਥਿਆ ਜਗਤ ਵੀ ਮਾਇਆ ਦੇ ਕਾਰਣ ਸੱਤ ਪ੍ਰਤੀਤ ਹੁੰਦਾ ਹੈ। ਤੀਜੇ ਮਤ ਅਨੁਸਾਰ ਸ੍ਰਿਸ਼ਟੀ ਪ੍ਰਭੂ ਦੀ ਇੱਛਾ ਦਾ ਹੀ ਫਲ ਹੈ (ਮਾਂਡੂਕਯ ਕਾਰਿਕਾ, 1-8)। ਚੋਥੇ ਮਤ ਅਨੁਸਾਰ ਕਾਲ-ਚਿੰਤਕ ਭੂਤ-ਸ੍ਰਿਸ਼ਟੀ ਨੂੰ ਕਾਲ ਦੁਆਰਾ ਹੀ ਰਚਿਤ ਮੰਨਦੇ ਹਨ (ਮਾਂਡੂਕਯ ਕਾਰਿਕਾ, 1-8)। ਪੰਜਵੇਂ ਸਿਧਾਂਤ ਅਨੁਸਾਰ ਈਸ਼ਵਰ ਨੇ ਸ੍ਰਿਸ਼ਟੀ ਦੀ ਰਚਨਾ ਆਪਣੇ ਭੋਗ ਲਈ ਕੀਤੀ (ਮਾਂਡੂਕਯ ਕਾਰਿਕਾ, 1-9)। ਛੇਵੇਂ ਮਤ ਦੇ ਅਨਸਾਰ ਸ੍ਰਿਸ਼ਟੀ ਦੀ ਰਚਨਾ ਈਸ਼ਵਰ ਦੀ ਕ੍ਰੀੜਾ-ਮਾਤਰ (ਲੀਲ੍ਹਾ) ਹੈ (ਮਾਂਡੂਕਯ ਕਾਰਿਕਾ, 1-9)। ਇਹਨਾਂ ਛੇਆਂ ਮਤਾਂ ਦੀ ਸਥਾਪਨਾ ਕਰਕੇ ਗੌੜਪਾਦ ਨੇ ਅੰਤ ਵਿਚ ਆਪਣੇ ਮਤ ਦੀ ਸਥਾਪਨਾ ਕੀਤੀ ਜਿਸ ਅਨੁਸਾਰ ਸ੍ਰਿਸ਼ਟੀ ਈਸ਼ਵਰ ਦੀ ਸੁਭਾਵਕ ਰਚਨਾ ਹੈ (ਮਾਂਡੂਕਯ ਕਾਰਿਕਾ, 1-9)।

119 ਮਾਂਡੂਕਯ ਕਾਰਿਕਾ, 1-9, ਆਨੰਦਗਿਰੀ ਟੀਕਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਚਾਰੀਆ ਗੌੜਪਾਦ ;: ਇਆ ਨੂੰ ਅਨਾਦਿ ਅਤੇ ਅਨਿਰਵਚਨੀਅ ਵੀ ਕਿਹਾ ਹੈ। ਮਾਂਡੂਕਯ ਕਾਰਿਕਾ ਵਿੱਚ ਇਕ ਥਾਂ ਤੇ ਉਹਨਾਂ ਕਿਹਾ ਹੈ ਕਿ ਅਨਾਦਿ ਮਾਇਆ ਦੇ ਦੁਆਰਾ ਸੁੱਤਾ ਹੋਇਆ ਜੀਵ ਜਦੋਂ ਜਾਗਦਾ ਹੈ ਤਾਂ ਉਸਨੂੰ ਅਦਵੈਤ ਦੀ ਸੋਝੀ ਹੁੰਦੀ ਹੈ।[120] ਅਨਿਰਵਚਨੀਅਤਾ ਸੰਬੰਧੀ ਗੌੜਪਾਦ ਦਾ ਕਥਨ ਹੈ ਕਿ ਮਾਇਕ ਜਗਤ ਚਿੰਤਨ ਦਾ ਵਿਸ਼ਾ ਨਾ ਹੋਣ ਦੇ ਕਾਰਣ ਅਚਿੰਤਯ ਹੈ।[121] ਗੌੜਪਾਦ ਦਾ ਇਹ ਵਿਚਾਰ, ਕਿ ਜਗਤ ਦਾ ਕਾਰਜ-ਕਾਰਣਤਵ ਨਾ ਸੱਤ ਹੈ ਅਤੇ ਨਾ ਹੀ ਅਸੱਤ,[122] ਵੀ ਮਾਇਆ ਦੀ ਅਨਿਰਵਚਨੀਅਤਾ ਦਾ ਸੂਚਕ ਹੈ।

ਸ਼ੰਕਰਾਚਾਰੀਆ ਨੇ ਮਾਇਆ ਦੇ ਲਈ ਅਵਿਦਿਆ ਸ਼ਬਦ ਦੀ ਵਰਤੋਂ ਕੀਤੀ ਹੈ। ਸ਼ੰਕਰ ਦੀਆਂ ਰਚਨਾਵਾਂ ਵਿੱਚ ਮਾਇਆ ਅਤੇ ਅਵਿਦਿਆ ਦਾ ਭੇਦ ਸਪਸ਼ਟ ਨਹੀਂ ਹੈ। ਬ੍ਰਹਮ ਸੂਤਰਾਂ ਦੇ ਭਾਸ਼ ਵਿੱਚ ਸ਼ੰਕਰ ਨੇ ਮਾਇਆ ਦੇ ਅਰਥਾਂ ਵਿੱਚ ਹੀ ਅਵਿਦਿਆ ਦਾ ਪ੍ਰਯੋਗ ਕੀਤਾ ਹੈ।[123]

ਸ਼ੰਕਰ ਦੀ ਮਾਇਆ ਪਰਮੇਸ਼ਰ ਦੀ ਸ਼ਕਤੀ ਦਾ ਰੂਪ ਹੈ।[124] ਇਹ ਅਵਿਅਕਤ, ਅਨਾਦਿ ਅਤੇ ਤ੍ਰੈਗੁਣਾਤਮਿਕ ਹੈ। ਮਾਇਆ-ਸ਼ਕਤੀ ਦੇ ਕਾਰਣ ਹੀ ਬ੍ਰਹਮ ਜਗਤ ਦਾ ਕਾਰਣ ਹੈ। ਸਮਸਤ ਪ੍ਰਪੰਚ ਰੂਪ ਜਗਤ ਤ੍ਰੈਗੁਣਾਤਮਿਕ ਮਾਇਆ ਦਾ ਪਰਿਣਾਮ ਹੈ। ਪਰ ਸ਼ੰਕਰ ਦੀ ਮਾਇਆ ਪਰਮਾਰਥ ਵਿੱਚ ਅਸੱਤ ਹੋਣ ਦੇ ਕਾਰਣ ਨਾ ਤਾਂ ਤ੍ਰਿੰਕ੍ਰਿਕਾਂ ਦੀ ਮਹਾਮਾਯਾ-ਸ਼ਕਤੀ ਹੈ ਅਤੇ ਨਾ ਹੀ ਈਸ਼ਵਰ ਦੇ ਅਧੀਨ ਹੋਣ ਦੇ ਕਾਰਣ ਸਾਂਖ ਦੀ 'ਪ੍ਰਕ੍ਰਿਤੀ' ਹੈ। ਭਾਵੇਂ ਸ਼ੰਕਰ ਨੇ ਵੀ 'ਈਸ਼ਵਰਸਯ ਮਾਇਆ ਸ਼ਕਤੀ ਪ੍ਰਕ੍ਰਿਤਿਹਿ' ਕਹਿਕੇ ਮਾਇਆ ਨੂੰ ਪ੍ਰਕ੍ਰਿਤੀ ਦਾ ਰੂਪ ਦਰਸਾਇਆ ਹੈ ਪਰ ਸ਼ੰਕਰ ਦਰਸ਼ਨ ਦੀ ਮਾਇਆ ਰੂਪੀ ਪ੍ਰਕ੍ਰਿਤੀ ਵਿੱਚ ਸਾਂਖ ਦਰਸ਼ਨ ਦੀ 'ਪ੍ਰਕ੍ਰਿਤੀ' ਵਾਂਗ ਸੁਤੰਤਰ ਤੌਰ ਤੇ ਕਰਤ੍ਰਿਤਵ ਆਦਿ ਦੀ ਸਮਰੱਥਾ ਨਹੀਂ ਹੈ। ਸ਼ੰਕਰ ਨੇ ਮਾਇਆ ਨੂੰ ਬੀਜ-ਸ਼ਕਤੀ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ।[125] ਅਨਾਦਿ ਮਾਇਆ ਦੇ ਦੁਆਰਾ ਉਤਪੰਨ ਹੋਣ ਦੇ ਕਾਰਣ ਜਗਤ ਵੀ ਅਨਾਦਿ ਹੀ ਹੈ।

ਮਾਇਆ, ਸ਼ੰਕਰ ਅਨੁਸਾਰ, ਅਨਿਰਵਚਨੀਅ ਹੈ, ਇਹ ਨਾ ਸੱਤ ਹੈ ਅਤੇ ਨਾ ਅਸਤ। ਜੇ ਇਹ ਸੱਤ ਹੁੰਦੀ ਤਾਂ ਬ੍ਰਹਮ-ਗਿਆਨ ਦੀ ਪ੍ਰਾਪਤੀ ਤੋਂ ਬਾਅਦ ਇਸਦਾ ਵਿਨਾਸ਼ ਉਸੇ ਤਰ੍ਹਾਂ ਨਾ ਹੁੰਦਾ ਜਿਸ ਤਰ੍ਹਾਂ ਕਿ ਜਾਦੂਗਰ ਦੇ ਦੁਆਰਾ ਬਣਾਏ ਗਏ ਜਾਦੂ-ਬਿਰਖ ਆਦਿ ਦਾ ਹੁੰਦਾ ਹੈ।[126] ਪਰ ਇਸਦੇ ਉਲਟ ਮਾਇਆ ਨੂੰ ਅਸੱਤ ਵੀ ਨਹੀਂ ਕਿਹਾ

120 ਮਾਂਡੂਕਯ ਕਾਰਿਕਾ, 1-16
121 ਓਹੀ, 4-41
122 ਓਹੀ, 4-40
123 ਬ੍ਰਹਮ ਸੂਤਰ, ਸ਼ੰਕਰ ਭਾਸ਼, 2-1-14, 2-1-18
124 ਵਿਵੇਕ ਚੂੜਾਮਣਿ, 108
125 ਬ੍ਰਹਮ ਸੂਤਰ, ਸ਼ੰਕਰ ਭਾਸ਼, 1-4-3
126 ਇੰਡੀਅਨ ਫਿਲਾਸਫੀ, ਰਾਧਾ ਕ੍ਰਿਸ਼ਨਨ, ਦੂਜਾ ਭਾਗ, ਪੰਨਾ 569

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਸਕਦਾ। ਜੇ ਇਹ ਅਸੱਤ ਹੋਵੇ ਤਾਂ ਇਸਦੀ ਪ੍ਰਤੀਤੀ ਕਦਾਚਿਤ ਨਾ ਹੋ ਸਕੇ। ਵਿਵਹਾਰਕ ਜਗਤ ਦੀ ਪ੍ਰਤੀਤੀ, ਜੋ ਮਾਇਆ ਦੇ ਕਾਰਣ ਹੁੰਦੀ ਹੈ, ਇਸਦੀ ਸੱਤਤਾ ਨੂੰ ਸਿੱਧ ਕਰਦੀ ਹੈ। ਇੰਜ ਮਾਇਆ ਪਰਮਾਰਥਕ ਅਸੱਤ ਅਤੇ ਲੌਕਿਕ ਸੱਤ ਤੋਂ ਵਿਲੱਖਣ ਹੋਣ ਕਾਰਣ ਅਨੁਭਵ-ਰੂਪ ਵਿੱਚ ਸੱਤ ਹੈ। ਸ਼ੰਕਰ ਅਨੁਸਾਰ ਮਾਇਆ ਨਾ ਸੱਤ-ਰੂਪ ਹੈ, ਨਾ ਅਸੱਤ-ਰੂਪ, ਨਾ ਸੱਤ-ਅਸੱਤ-ਰੂਪ; ਉਹ ਨਾ ਭਿੰਨ ਹੈ, ਨਾ ਅਭਿੰਨ ਅਤੇ ਨਾ ਹੀ ਭਿੰਨ-ਅਭਿੰਨ-ਰੂਪ। ਮਾਇਆ ਨਾ ਅੰਗ ਸਹਿਤ ਹੈ, ਨਾ ਅੰਗ-ਰਹਿਤ ਅਤੇ ਨਾ ਹੀ ਸਅੰਗ-ਅਨੰਗ ਹੈ। ਇਹ ਸਭ ਕੁਝ ਨਾ ਹੋਣ ਕਰਕੇ ਮਾਇਆ ਅਤਿਅੰਤ ਵਿਲੱਖਣ ਹੈ ਅਤੇ ਇਸੇ ਲਈ ਅਨਿਰਵਚਨੀਅ ਹੈ।[127]

ਬੰਧਨ ਅਤੇ ਮੋਖ ਦੀ ਕਾਰਣ ਭੂਤ ਮਾਇਆ ਅਗਿਆਨ ਦੀ ਜਨਨੀ ਹੈ। ਅਗਿਆਨੀ ਪੁਰਸ਼ ਮਾਇਆ ਦੇ ਬੰਧਨ ਵਿੱਚ ਫਸੇ ਰਹਿਣ ਕਾਰਣ ਮੁਕਤ ਨਹੀਂ ਹੋ ਸਕਦੇ। ਵਾਸਤਵ ਵਿੱਚ ਮਾਇਆ ਦੇ ਮਿਥਿਆਤਵ ਦਾ ਗਿਆਨ ਹੋਣ ਉਪ੍ਰੰਤ ਬੰਧਨ ਅਤੇ ਮੋਖ ਦਾ ਪ੍ਰਸ਼ਨ ਹੀ ਨਹੀਂ ਉਠਦਾ। ਸ਼ੰਕਰ ਅਨੁਸਾਰ ਮਿਥਿਆ ਅਭਿਮਾਨ ਦੇ ਕਾਰਣ ਹੀ ਬੰਧਨ-ਉਤਪਤ ਦੁਖਾਂ ਦੀ ਸੱਤਾ ਜਾਂ ਹੋਂਦ ਹੈ।[128]

ਮਾਇਆਵਾਦ ਦੇ ਸਿਧਾਂਤ ਅਨੁਸਾਰ ਬ੍ਰਹਮ ਦੇ ਦੋ ਰੂਪ ਹਨ—ਸਗੁਣ ਅਤੇ ਨਿਰਗੁਣ। ਮਾਇਆ ਵਿਸ਼ਿਸ਼ਟ ਬ੍ਰਹਮ ਸਗੁਣ ਹੈ ਅਤੇ ਮਾਇਆ ਦੀ ਉਪਾਧੀ ਤੋਂ ਰਹਿਤ ਬ੍ਰਹਮ ਨਿਰਗੁਣ ਹੈ। ਸਗੁਣ ਬ੍ਰਹਮ ਨੂੰ ਹੀ ਈਸ਼ਵਰ ਕਹਿੰਦੇ ਹਨ। ਇਕ ਹੀ ਈਸ਼ਵਰ, ਮਾਇਆ ਦੇ ਦੁਆਰਾ, ਮਾਯਾਵੀ ਹੋਣ ਦੇ ਕਾਰਣ ਅਨੇਕ ਰੂਪਾਂ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ।[129]

ਮਾਇਆਵਾਦ ਦੇ ਅਨੁਸਾਰ ਜਗਤ ਵਿਗਿਆਨਵਾਦੀ ਦਿਸ਼ਟੀਕੋਣ ਦੇ ਅਨੁਰੂਪ ਵਿਗਿਆਨ ਅਥਵਾ ਸੁਪਨਾ ਨਹੀਂ ਹੈ। ਇਸ ਲਈ ਮਾਇਆਵਾਦੀ ਸ਼ੰਕਰਾਚਾਰੀਆ ਨੇ ਜਗਤ ਨੂੰ ਸੁਪਨਾ ਸਿਧ ਕਰਨ ਵਾਲੇ ਵਿਗਿਆਨਵਾਦੀ[130] ਦੇ ਮਤ ਦਾ ਆਪਣੇ ਬ੍ਰਹਮ-ਸੂਤਰ ਦੇ ਭਾਸ਼ ਵਿੱਚ ਖੰਡਨ[131] ਕਰਦਿਆਂ ਹੋਇਆਂ ਜੰਗਤ ਦੀ ਵਿਵਹਾਰਕ ਸੱਤਾ ਦੀ ਸਥਾਪਨਾ ਕੀਤੀ ਹੈ।

ਸ਼ੰਕਰਾਚਾਰੀਆ ਅਨੁਸਾਰ ਮਾਇਆ ਇੰਦਰਜਾਲ ਦੇ ਸਮਾਨ ਹੈ। ਸ਼ੰਕਰ ਨੇ ਈਸ਼ਵਰ ਦੇ ਲਈ 'ਮਾਯਾਵੀ' ਉਪਮਾਨ ਦੀ ਵਰਤੋਂ ਕੀਤੀ ਹੈ। ਜਿਸ ਤਰ੍ਹਾਂ ਜਾਦੂਗਰ 'ਇੰਦਰਜਾਲ' ਦੀ ਰਚਨਾ ਕਰਦਾ ਹੈ ਉਸੇ ਤਰ੍ਹਾਂ ਮਾਯਾਵੀ ਪਰਮੇਸ਼ਰ ਵੀ ਆਪਣੀ ਮਾਇਆ ਦੇ ਦੁਆਰਾ ਜਗਤ ਦੀ ਸ੍ਰਿਸ਼ਟੀ ਕਰਦਾ ਹੈ। ਸ਼ੰਕਰ ਅਨੁਸਾਰ ਜਿਵੇਂ ਜਾਦੂਗਰ ਆਪਣੀ ਮਾਇਆ ਅਥਵਾ ਇੰਦਰਜਾਲ ਤੋਂ ਬੇਲਾਗ ਰਹਿੰਦਾ ਹੈ ਤਿਵੇਂ ਹੀ ਪਰਮਾਤਮਾ

127 ਵਿਵੇਕ ਚੂੜਾਮਣਿ, 109
128 ਬ੍ਰਹਮ ਸੂਤਰ, ਸ਼ੰਕਰ ਭਾਸ਼, 2-3-36
129 ਬ੍ਰਹਮ ਸੂਤਰ, ਸ਼ੰਕਰ ਭਾਸ਼, 1-3-19
130 ਬ੍ਰਹਮ ਸੂਤਰ, ਸ਼ੰਕਰ ਭਾਸ਼, 2-2-24
131 ਓਹੀ, 2-2-30

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਸੰਸਾਰ-ਮਾਇਆ ਤੋਂ ਅਛੂਤਾ ਰਹਿੰਦਾ ਹੈ।[132]

ਦਖਣ ਦੇ ਵੈਸ਼ਣਵ ਆਲਵਾਰਾਂ ਨੇ ਦੋ ਤਰ੍ਹਾਂ ਦੀ ਮਾਇਆ ਦੀ ਚਰਚਾ ਕੀਤੀ ਹੈ। ਉਹਨਾਂ ਅਨੁਸਾਰ ਇਕ ਭਗਵਾਨ ਦੀ ਸ਼ਕਤੀ-ਰੂਪ ਮਾਇਆ ਹੈ ਜੋ ਸ੍ਰਿਸ਼ਟੀ ਅਥਵਾ ਜਗਤ ਰਚਨਾ ਦਾ ਕਾਰਣ ਹੈ ਅਤੇ ਦੂਜੀ ਉਹ ਮਾਇਆ ਹੈ ਜਿਸਦੇ ਅਧੀਨ ਕੇਵਲ ਜੀਵ ਹਨ, ਭਗਵਾਨ ਨਹੀਂ। ਇਸ ਮਾਇਆ ਕਾਰਣ ਜੀਵ ਸੰਸਾਰ ਵਿੱਚ ਖਚਿਤ ਰਹਿੰਦਾ ਹੈ। ਇਹ ਮਾਇਆ ਭਗਵਾਨ ਦੀ ਸ਼ਕਤੀ-ਰੂਪ ਮਾਇਆ ਤੋਂ ਭਿੰਨ ਹੈ। ਪਰਵਰਤੀ ਅਚਾਰੀਆ (ਵਲਭ ਆਦਿ) ਨੇ ਆਲਵਾਰਾਂ ਦੀ ਮਾਇਆ ਦੇ ਇਹਨਾਂ ਦੋਹਾਂ ਭੇਦਾਂ ਨੂੰ 'ਵਿਦਿਆ ਮਾਇਆ' ਅਤੇ 'ਅਵਿਦਿਆ ਮਾਇਆ' ਦੇ ਨਾਮ ਦਿੱਤੇ ਹਨ। ਆਲਵਾਰ ਭਗਤਾਂ ਨੇ ਕੁਝ ਪਦਿਆਂ, ਵਿਸ਼ੇਸ਼ ਕਰਕੇ ਸ੍ਰਿਸ਼ਟੀ ਵਿਕਾਸ ਦੇ ਪ੍ਰਸੰਗ ਵਿੱਚ, ਭਗਵਾਨ ਦੀ ਸ਼ਕਤੀ ਰੂਪ ਮਾਇਆ ਦਾ ਜ਼ਿਕਰ ਕੀਤਾ ਹੈ। ਬਹੁਤੇ ਆਲਵਾਰਾਂ ਨੇ ਭਗਵਾਨ ਨੂੰ ਅਨੇਕ ਸਥਲਾਂ ਤੇ 'ਮਾਯਨ' ਅਰਥਾਤ ਮਾਇਆਮਈ ਕਹਿਕੇ ਭਗਤੀ ਭਾਵ ਨਾਲ ਸੰਬੋਧਨ ਕੀਤਾ ਹੈ।[133]

ਨੰਮ ਆਲਵਾਰ ਅਨੁਸਾਰ ਜਦੋਂ ਨਾ ਕੋਈ ਜਗਤ ਸੀ, ਨਾ ਕੋਈ ਜੀਵ ਸੀ ਤਦੋਂ ਬ੍ਰਹਮ ਨੇ ਆਪਣੀ ਸ਼ਕਤੀ-ਰੂਪ ਮਾਇਆ ਤੋਂ ਪ੍ਰੇਰਿਤ ਹੋਕੇ ਸ੍ਰਿਸ਼ਟੀ ਦੇ ਵਿਕਾਸ ਲਈ ਪਹਿਲਾਂ ਬ੍ਰਹਮਾ ਦੀ ਉਤਪਤੀ ਕੀਤੀ ਜਿਸਨੇ ਅਗੋਂ ਸਮਸਤ ਜਗਤ ਅਤੇ ਜੀਵ ਦੀ ਸਿਰਜਨਾ ਬ੍ਰਹਮ ਦੇ ਆਦੇਸ਼ ਅਨੁਸਾਰ ਕੀਤੀ। ਇਹੀ 'ਮਾਇਆ-ਯੁਕਤ ਆਦਿ ਦੇਵ ਮੇਰੇ ਸੁਆਮੀ ਹਨ।[134] ਤਿਰੁਮਲਿਸ਼ੈ ਆਲਵਾਰ ਕਹਿੰਦੇ ਹਨ— ਹੇ ਭਗਵਾਨ ਤੁਸੀਂ ਆਦਿ ਦੇਵ ਦੇ ਰੂਪ ਵਿੱਚ, ਜੋਤਿ-ਰੂਪ ਵਿੱਚ, ਆਕਾਸ਼ ਅਤੇ ਪ੍ਰਿਥਵੀ ਦੇ ਰੂਪ ਵਿੱਚ, ਪਤਾ ਨਹੀਂ ਕਿੰਨੇ ਹੀ ਰੂਪਾਂ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਹੋ। ਇਹ ਕੈਸੀ ਹੈ ਤੁਹਾਡੀ ਮਾਇਆ।[135]

ਆਲਵਾਰ ਭਗਤਾਂ ਨੇ ਜਿਸ ਦੂਜੀ ਮਾਇਆ ਦੀ ਚਰਚਾ ਕੀਤੀ ਹੈ ਉਹ ਜੀਵਾਂ ਨੂੰ ਭਰਮ ਵਿੱਚ ਪਾਉਣ ਵਾਲੀ ਹੈ। ਇਹੀ ਮਾਇਆ ਜੀਵ ਨੂੰ ਲੌਕਿਕ ਵਿਸ਼ਯਾਂ ਵਿੱਚ ਫਸਾਕੇ ਉਸ ਨੂੰ ਅਗਿਆਨ ਵਿੱਚ ਸੁਟਦੀ ਹੈ। ਇਸੇ ਨੂੰ ਵਲਭ ਨੇ 'ਅਵਿਦਿਆ ਮਾਇਆ' ਅਤੇ ਹੋਰਨਾਂ ਨੇ ਅਗਿਆਨ, ਭਰਮ, ਸੁਪਨਾ ਆਦਿ ਦੇ ਨਾਮ ਦਿੱਤੇ ਹਨ।[136]

ਅਚਾਰੀਆ ਰਾਮਾਨੁਜ ਨੇ ਸ਼ੰਕਰਾਚਾਰੀਆ ਦੇ ਮਾਇਆਵਾਦ ਦਾ ਖੰਡਨ ਕਰਦਿਆਂ ਹੋਇਆਂ ਮਾਇਕ ਜਗਤ ਨੂੰ ਸ਼ੰਕਰ ਵਾਂਗ ਮਿਥਿਆ ਨਾ ਮੰਨਕੇ ਸੱਤ ਸਵੀਕਾਰ ਕੀਤਾ ਹੈ। ਰਾਮਾਨੁਜ ਦੇ ਦਰਸ਼ਨ ਵਿੱਚ ਮਾਯਾਵੀ ਈਸ਼ਵਰ ਅਤੇ ਨਿਰਗੁਣ ਬ੍ਰਹਮ ਦੋ ਵੱਖੋ ਵੱਖਰੇ ਤਤ ਨਹੀਂ ਹਨ ਸਗੋਂ ਸਗੁਣ ਬ੍ਰਹਮ ਹੀ ਇਕ ਮੁਖ ਤਤ ਹੈ।

ਰਾਮਾਨੁਜ ਨੇ ਮਾਇਆ ਨੂੰ ਈਸ਼ਵਰ ਦੀ ਸ੍ਰਿਸ਼ਟੀ ਰਚਨਾ ਦੀ ਵਿਚਿਤਰ[137] ਅਤੇ

---

132 ਬ੍ਰਹਮ ਸੂਤਰ, 2-1-9

133 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ 61

134 ਤਿਰੁਵਾਚਿਰਿਯਮ, 4

135 ਤਿਰੁਚੰਤਵਿਰੁਤਮ, 34

136 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ 61

137 ਸ਼੍ਰੀ ਭਾਸ਼, 3-2-3

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਚਿੰਤਯ[138] ਸ਼ਕਤੀ ਕਿਹਾ ਹੈ। ਈਸ਼ਵਰ ਜਗਤ ਦੀ ਸਿਰਜਣਾ ਆਪਣੀ ਮਾਇਆ ਕਾਰਣ ਹੀ ਕਰਦਾ ਹੈ। ਇਹ ਮਾਇਆ ਸਤ, ਰਜ ਅਤੇ ਤਮ ਆਦਿ ਗੁਣਾਂ ਤੋਂ ਬਣੀ ਹੈ। ਵਿਕਾਰਾਂ ਨੂੰ ਉਤਪੰਨ ਕਰਨ ਕਾਰਣ ਪ੍ਰਕ੍ਰਿਤੀ, ਸਮਿਅਕ ਗਿਆਨ (ਵਿਦਿਆ) ਦੀ ਪ੍ਰਾਪਤੀ ਵਿੱਚ ਬਾਧਕ ਸਿੱਧ ਹੋਣ ਕਾਰਣ ਅਵਿਦਿਆ ਅਤੇ ਅਨੇਕ-ਰੂਪ ਜਗਤ ਦਾ ਨਿਰਮਾਣ ਕਰਨ ਕਾਰਣ ਇਸ ਨੂੰ ਮਇਆ ਕਹਿੰਦੇ ਹਨ।[139] ਕਿਤੇ ਕਿਤੇ ਰਾਮਾਨੁਜ ਨੇ ਮਾਇਆ ਦਾ ਅਰਥ 'ਕੂਟ ਯੁਕਤੀ'[140] ਵੀ ਕੀਤਾ ਹੈ।

ਮਧਵਾਚਾਰੀਆ ਦੀ ਦਵੈਤਵਾਦੀ ਧਾਰਣਾ ਅਨੁਸਾਰ ਮਾਇਆ ਈਸ਼ਵਰ ਦੀ ਸ਼ਕਤੀ ਹੈ ਜੋ ਇਕ ਪਾਸੇ ਤਾਂ ਈਸ਼ਵਰ ਨੂੰ ਸ੍ਰਿਸ਼ਟੀ-ਸਿਰਜਨ ਵਿੱਚ ਸਹਾਇਤਾ ਦਿੰਦੀ ਹੈ ਅਤੇ ਦੂਜੇ ਪਾਸੇ ਜੀਵਾਂ ਉਪਰ ਅਗਿਆਨ ਅਤੇ ਅਵਿਦਿਆ ਦਾ ਪਰਦਾ ਪਾ ਦਿੰਦੀ ਹੈ। ਇਸ ਸਿਧਾਂਤ ਅਨੁਸਾਰ ਮਾਇਆ ਪ੍ਰਭੂ ਦੀ ਅਚਿੰਤਯ ਸ਼ਕਤੀ ਹੈ ਜਿਸ ਦੁਆਰਾ ਨਾ ਕੇਵਲ ਸੰਸਾਰ ਦੀ ਸਿਰਜਨਾ ਹੁੰਦੀ ਹੈ ਸਗੋਂ ਪਾਲਨਾ ਅਤੇ ਸੰਘਾਰ ਵੀ ਹੁੰਦਾ ਹੈ।[141] ਆਪਣੇ ਪੂਰਣ ਪ੍ਰਗਯ ਦਰਸ਼ਨ (ਬ੍ਰਹਮ ਸੂਤਰ ਭਾਸ਼) ਵਿੱਚ ਆਚਾਰੀਆ ਮਧਵ ਨੇ ਮਾਇਆ ਸ਼ਬਦ ਦਾ ਅਰਥ ਸੁਪਨਾ ਵੀ ਕੀਤਾ ਹੈ।[142] ਦਵੈਤਵਾਦੀ ਮਧਵਾਚਾਰੀਆ ਨੇ ਤਾਂ ਪਰਮਾਤਮਾ ਦੀ ਸ਼ਕਤੀ ਦੀ ਵੀ ਪਰਮਾਤਮਾ ਤੋਂ ਭਿੰਨ ਕਲਪਨਾ ਕੀਤੀ ਹੈ।[143]

ਨਿੰਮਬਾਰਕਾਚਾਰੀਆ ਦਾ ਮਾਇਆ ਸੰਬੰਧੀ ਦ੍ਰਿਸ਼ਟੀਕੋਣ ਰਾਮਾਨੁਜ ਦੇ ਹੀ ਸਮਾਨ ਹੈ। ਨਿੰਮਬਾਰਕ ਨੇ ਵੀ ਮਾਇਆ ਨੂੰ ਅਸਚਰਜ-ਵਾਚੀ ਮੰਨਿਆਂ ਹੈ।[144] ਆਚਾਰੀਆ ਨਿੰਮਬਾਰਕ ਦਾ ਕਥਨ ਹੈ ਕਿ ਸਤ-ਸੰਕਲਪ, ਸਰਵਗ ਪਰਮੇਸ਼ਰ ਹੀ ਸੁਪਨੇ ਵਿੱਚ ਦਿਖਾਈ ਦੇਣ ਵਾਲੇ ਰਥ ਆਦਿ ਦਾ ਨਿਰਮਾਤਾ ਹੈ। ਈਸ਼ਵਰ ਦੀ ਇਹ ਮਾਇਕ ਸ੍ਰਿਸ਼ਟੀ ਅਤਿਅੰਤ ਅਸਚਰਜ-ਜਨਕ ਹੈ। ਇਸ ਸ੍ਰਿਸ਼ਟੀ ਦਾ ਨਿਰਮਾਣ-ਕਰਤਾ ਬੱਧ ਜੀਵ ਨਹੀਂ ਹੈ ਕਿਉਂਕਿ ਬੱਧ-ਅਵਸਥਾ ਵਿੱਚ ਜੀਵਾਂ ਦੇ ਸਤ-ਸੰਕਲਪ ਆਦਿ ਦੇ ਗੁਣ ਪ੍ਰਕਾਸ਼ਿਤ ਨਹੀਂ ਹੁੰਦੇ। ਨਿੰਮਬਾਰਕ ਦਰਸ਼ਨ ਵਿੱਚ ਮਾਇਆ ਦਾ ਵਿਵਰਣ ਪ੍ਰਧਾਨ ਅਥਵਾ ਤ੍ਰੈਗੁਣਾਤਮਿਕ ਪ੍ਰਕ੍ਰਿਤੀ ਦੇ ਅਰਥਾਂ ਵਿੱਚ ਹੀ ਮਿਲਦਾ ਹੈ।[145] ਆਚਾਰੀਆ ਨਿੰਮਬਾਰਕ ਦਾ ਕਥਨ ਹੈ ਕਿ ਗੁਣਮਈ ਪ੍ਰਕ੍ਰਿਤੀ-ਰੂਪਣੀ ਅਨਾਦਿ ਮਾਇਆ ਦੇ ਲਗਾਉ ਦੇ ਕਾਰਣ ਜੀਵ ਦਾ ਧਰਮਗਤ ਗਿਆਨ ਸੰਕੁਚਿਤ ਹੋ ਜਾਂਦਾ ਹੈ।[146] ਸਪਸ਼ਟ ਹੈ ਕਿ ਸ਼ੰਕਰ ਦਰਸ਼ਨ ਵਿੱਚ ਜਿਸ ਮਿਥਿਆ ਮਾਇਆ

---

138 ਸ਼੍ਰੀ ਭਾਸ਼, 3-2-3

139 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ 60

140 ਗੀਤਾ ਉਪਰ ਰਾਮਾਨੁਜ ਦਾ ਭਾਸ਼, 7-15

141 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ 60

142 ਪੂਰਨ ਪ੍ਰਗਯ ਦਰਸ਼ਨ, 3-2-3

143 ਮਧਵਸਿਧਾਂਤ ਸਾਰ, ਪਦਮਨਾਭ ਪੰਨਾ 26

144 ਵੇਦਾਂਤ ਪਾਰਿਜਾਤ ਸੋਰਭ, ਨਿੰਮਬਾਰਕਾਚਾਰੀਆ, 3-2-3

145 ਦਸ਼ ਸ਼ਲੋਕੀ, ਨਿੰਮਬਾਰਕਾਚਾਰੀਆ, 3

146 ਓਹੀ, ਨਿੰਮਬਾਰਕਾਚਾਰੀਆ, 2

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਅਰਥ ਵਿੱਚ ਮਾਇਆ ਸ਼ਬਦ ਦੀ ਵਰਤੋਂ ਹੋਈ ਹੈ, ਨਿੰਮਬਾਰਕ-ਦਰਸ਼ਨ ਵਿੱਚ ਉਸਦੀ ਅਣਹੋਂਦ ਹੈ।

ਵਲਭਾਚਾਰੀਆ ਦੇ ਸ਼ੁਧਾਦਵੈਤ ਅਨੁਸਾਰ ਮਾਇਕ ਜਗਤ ਸ਼ੰਕਰ ਦੇ ਮਾਇਆਵਾਦ ਦੇ ਅਨੁਰੂਪ ਮਿਥਿਆ ਨਾ ਹੋਕੇ ਸੱਤ ਹੈ। ਅਚਾਰੀਆ ਵਲਭ ਮਾਇਆ ਦੇ ਮਿਥਿਆਤਵ ਪ੍ਰਤਿਪਾਦਕ ਦ੍ਰਿਸ਼ਟੀਕੋਣ ਤੋਂ ਪੂਰਣ ਭਾਂਤ ਅਸਹਿਸਤ ਹਨ। ਉਹਨਾਂ ਅਨੁਸਾਰ ਮਾਇਆ ਬ੍ਰਹਮ ਦੀ ਅਨਿਖੜਵੀਂ ਸ਼ਕਤੀ ਹੈ। ਨਾਮ-ਰੂਪਾਤਮਕ ਜਗਤ ਬ੍ਰਹਮ ਦਾ ਕਾਰਜ-ਰੂਪ ਹੈ ਅਤੇ ਪ੍ਰਕ੍ਰਿਤੀ ਉਸਦਾ ਅੰਸ਼ ਹੈ। ਇਸ ਲਈ ਇਸ ਸਿਧਾਂਤ ਦੇ ਅਨੁਸਾਰ ਬ੍ਰਹਮ ਅਤੇ ਉਸਦੀ ਸ਼ਕਤੀ, ਮਾਇਆ, ਵਿੱਚ ਆਪਸੀ ਭੇਦ ਅਸਵੀਕਾਰ ਕੀਤਾ ਗਿਆ ਹੈ। 'ਮਮ ਮਾਇਆ' ਆਦਿ ਵਾਕਾਂ ਤੋਂ ਭਗਵਾਨ ਅਤੇ ਉਸਦੀ ਮਾਇਆ ਦੇ ਅਭਿੰਨਤਵ ਦਾ ਹੀ ਸੰਕੇਤ ਮਿਲਦਾ ਹੈ। ਸਪਸ਼ਟ ਹੈ ਕਿ ਵਲਭ ਦੀ ਮਾਇਆ ਸ਼ੰਕਰ ਦੀ ਅਵਿਦਿਆਤਮਕ ਮਿਥਿਆ-ਮਾਇਆ ਤੋਂ ਭਿੰਨ ਹੈ।

ਚੈਤੰਨਯ ਮਹਾਂਪ੍ਰਭੂ ਦੇ ਮਤ ਅਨੁਸਾਰ ਮਾਇਆ ਮਿਥਿਆ ਅਤੇ ਬਾਧਕ ਸ਼ਕਤੀ ਨਹੀਂ ਸਗੋਂ ਭਗਵਾਨ ਦੀ ਅਚਿੰਤਯ ਸ਼ਕਤੀ ਹੈ। ਸ੍ਰਿਸ਼ਟੀ ਅਗਿਆਨ ਦਾ ਨਹੀਂ ਸਗੋਂ ਈਸ਼ਵਰ ਦੀ ਅਚਿੰਤਯ ਸ਼ਕਤੀ ਦਾ ਹੀ ਕਰਮ (ਕਰਮ ਫਲ) ਹੈ। ਪਰਮਾਤਮਾ ਜਗਤ ਦਾ ਨਮਿੱਤ ਕਾਰਣ (ਕਰਤਾ) ਹੈ ਅਤੇ ਆਪਣੀਆਂ ਸ਼ਕਤੀਆਂ ਨਾਲ ਯੁਕਤ ਹੋਣ ਕਰਕੇ ਉਪਾਦਾਨ (ਸਾਮਗਰੀ ਜਿਸ ਤੋਂ ਵਸਤੂ ਬਣਦੀ ਹੈ—ਉਪਕਰਣ) ਕਾਰਣ ਵੀ। ਈਸ਼ਵਰ ਆਪਣੀ ਅਚਿੰਤਯ ਸ਼ਕਤੀ ਤੋਂ ਹੀ ਆਤਮ-ਉਤਪਾਦਨ ਦੁਆਰਾ ਜਗਤ ਦੀ ਸ੍ਰਿਸ਼ਟੀ ਅਤੇ ਨਿਯੰਤ੍ਰਣ ਕਰਦਾ ਹੈ।[147]

ਨਾਥ ਸੰਪ੍ਰਦਾਇ ਵਿੱਚ ਮਾਇਆ ਤੱਤ ਦਾ 'ਸ਼ਕਤੀ' ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ। ਨਾਥ ਮਤ ਦੇ ਅਨੁਸਾਰ ਪਰਮ ਸ਼ਿਵ ਨੂੰ ਜਦ ਸ੍ਰਿਸ਼ਟੀ ਰਚਣ ਦੀ ਇੱਛਾ ਹੁੰਦੀ ਹੈ ਤਾਂ ਇੱਛਾ-ਯੁਕਤ ਹੋਣ ਦੇ ਕਾਰਣ ਉਸ ਨੂੰ ਸਗੁਣ ਸ਼ਿਵ ਕਿਹਾ ਜਾਂਦਾ ਹੈ। ਪਰਮ ਸ਼ਿਵ ਦੀ ਇਹ ਸ੍ਰਿਸ਼ਟੀ ਰਚਣ ਦੀ ਇੱਛਾ ਹੀ ਸ਼ਕਤੀ ਹੈ।[148] ਇਹ ਸ਼ਕਤੀ-ਪੰਜ ਅਵਸਥਾਵਾਂ ਵਿੱਚੋਂ ਗੁਜ਼ਰਦੀ ਹੋਈ ਪਰਫੁਲਤ ਹੁੰਦੀ ਹੈ। ਇਹ ਅਵਸਥਾਵਾਂ ਹਨ—ਨਿਜ, ਪਰ, ਅਪਰ, ਸੂਖਮ ਅਤੇ ਕੁੰਡਲੀ।[149] ਇਹ ਸ਼ਕਤੀ ਕੁੰਡਲੀ ਜਾਂ ਕੁੰਡਲਨੀ ਦੇ ਰੂਪ ਵਿੱਚ ਸਮਸਤ ਵਿਸ਼ਵ ਵਿੱਚ ਵਿਆਪਕ ਹੈ ਅਤੇ ਸ੍ਰਿਸ਼ਟੀ-ਚੱਕਰ ਨੂੰ ਅਗਾਂਹ ਤੋਰਨ ਲਈ ਕ੍ਰਮ ਅਨੁਸਾਰ ਸਥੂਲਤਾ ਵਲ ਵਧਦੀ ਚਲੀ ਜਾਂਦੀ ਹੈ। ਜਗਤ ਇਸੇ ਸ਼ਕਤੀ ਦਾ ਪਰਿਣਾਮ ਹੈ ਕਿਉਂਕਿ ਇਹੀ ਸ਼ਕਤੀ ਜਗਤ-ਰੂਪ ਵਿੱਚ ਪਰਿਣਤ ਹੁੰਦੀ ਹੈ।[150] ਇਸੇ ਤੱਥ ਨੂੰ ਸਾਧਨਾਪਰਕ ਭਾਸ਼ਾ ਵਿੱਚ ਪ੍ਰਗਟਾਉਂਦਿਆਂ ਸਿੱਧ ਯੋਗੀਆਂ ਨੇ ਕਿਹਾ ਹੈ ਕਿ ਕੁੰਡਲਨੀ

147 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ 61

148 ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ ਦਵੇਦੀ, ਪੰਨਾ 103

149 ਸਿੱਧ ਸਿਧਾਂਤ ਸੰਗ੍ਰਹਿ, 1/13

150 ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ ਦਵੇਦੀ, ਪੰਨਾ 104

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਕਤੀ ਤ੍ਰਿਭੁਵਨ ਦੀ ਜਨਨੀ ਹੈ। ਇਹ ਜਗਤ ਸ਼ਕਤੀ ਰੂਪ ਹੈ। ਤ੍ਰੈਗੁਣ ਰੂਪ ਕੁੰਡਲਨੀ ਸ਼ਕਤੀ ਨੇ ਹੀ ਬ੍ਰਹਮਾ, ਵਿਸ਼ਨੂ ਅਤੇ ਰੁਦਰ ਨੂੰ ਉਤਪੰਨ ਕੀਤਾ ਹੈ।[151]

ਇੰਜ ਨਾਥ ਸੰਪ੍ਰਦਾਇ ਦੀ ਸ਼ਕਤੀ, ਗੀਤਾ ਦੀ ਮਾਇਆ ਅਤੇ ਸਾਂਖ ਦੀ ਪ੍ਰਕ੍ਰਿਤੀ ਵਾਂਗ ਹੀ ਤ੍ਰੈਗੁਣਾਤਮਿਕ ਹੈ। ਗੋਰਖ ਅਨੁਸਾਰ ਉਤਪਤੀ ਕਰਨ ਵਾਲੀ ਮ ਇਆ ਨੇ ਹੀ ਸਤ, ਰਜ ਅਤੇ ਤਮ ਦੇ ਪ੍ਰਤੀਕ ਬ੍ਰਹਮਾ, ਵਿਸ਼ਨੂ ਅਤੇ ਮਹੇਸ਼ ਨੂੰ ਉਤਪੰਨ ਕੀਤਾ ਹੈ।[152] ਤ੍ਰੈਗੁਣਾਂ ਕਾਰਣ ਹੀ ਜੀਵ ਬੰਧਨ ਵਿੱਚ ਪੈਂਦਾ ਹੈ ਅਤੇ ਤ੍ਰੈਗੁਣਾਤਮਿਕ ਮਾਇਆ ਦਾ ਯਥਾਰਥ ਰੂਪ ਸਮਝ ਲੈਣ ਤੇ ਉਹ ਬੰਧਨ ਮੁਕਤ ਹੋ ਜਾਂਦਾ ਹੈ। ਜੀਵ ਨੂੰ ਬੰਧਨ ਵਿੱਚ ਪਾਉਣ ਵਾਲਾ ਤੱਤ, ਗਿਆਨ ਦੇ ਦੁਆਰਾ ਉਸਦੇ ਮੋਖ ਦਾ ਸਾਧਨ ਬਣ ਜਾਂਦਾ ਹੈ। ਇਸ ਤੱਥ ਨੂੰ ਦ੍ਰਿਸ਼ਟੀ ਵਿੱਚ ਰਖਦਿਆਂ ਗੋਰਖ ਨੇ 'ਯੋਗ ਮ ਰਤੰਡ' ਵਿੱਚ ਕਿਹਾ ਹੈ ਕਿ ਕੁੰਡਲਨੀ-ਸ਼ਕਤੀ ਰੂਪ ਮਾਇਆ ਮੂੜ੍ਹ ਦੇ ਬੰਧਨ ਦਾ ਕਾਰਣ ਹੈ ਪਰ ਯੋਗੀਆਂ ਲਈ ਮੁਕਤੀ ਪ੍ਰਦਾਇਣੀ ਹੈ।[153] ਸਾਂਖ ਦੀ ਪ੍ਰਕ੍ਰਿਤੀ ਵੀ ਪੁਰਸ਼ ਦੇ ਬੰਧਨ ਅਤੇ ਮੋਖ ਦਾ ਕਾਰਣ ਹੈ ਪਰ ਸਾਂਖ ਅਤੇ ਨਾਥ ਸੰਪ੍ਰਦਾਇ ਦੀ ਇਸ ਧਾਰਣਾ ਵਿੱਚ ਅੰਤਰ ਇਹ ਹੈ ਕਿ ਜਿਥੇ ਸਾਂਖ ਦੀ ਪ੍ਰਕ੍ਰਿਤੀ ਜੜ੍ਹ ਹੈ ਉਥੇ ਨਾਥ ਸੰਪ੍ਰਦਾਇ ਦੀ ਸ਼ਕਤੀ ਸ਼ਿਵ ਰੂਪ ਚੇਤਨ ਬ੍ਰਹਮ ਦਾ ਅੰਸ਼ ਹੋਣ ਦੇ ਕਾਰਣ ਆਪ ਵੀ ਚੇਤਨ ਹੈ।[154] ਇਹੀ ਭੇਦ ਵੇਦਾਂਤ ਦੀ ਮਾਇਆ ਅਤੇ ਨਾਥ ਮਤ ਦੀ ਸ਼ਕਤੀ ਵਿਚਾਲੇ ਹੈ। ਵੇਦਾਂਤ ਦੀ ਮਾਇਆ ਜੜ ਸੁਭਾਉ ਵਾਲੀ ਹੈ ਅਤੇ ਨਾਥ ਮਤ ਦੀ ਸ਼ਕਤੀ ਚੇਤਨ ਹੈ। ਨਾਥ ਸੰਪ੍ਰਦਾਇ ਵਿੱਚ ਧਰਮੀ ਅਤੇ ਧਰਮ ਦੇ ਅਭੇਦ ਸਿਧਾਂਤ ਦੇ ਅਨੁਸਾਰ ਚੇਤਨ ਬ੍ਰਹਮ ਦੀ ਸ਼ਕਤੀ ਵੀ ਚੇਤਨ ਮੰਨੀ ਗਈ ਹੈ।

ਨਾਥ ਸੰਪ੍ਰਦਾਇ ਦੀਆਂ ਸਾਧਨਾਪਰਕ ਰਚਨਾਵਾਂ ਵਿੱਚ ਸ਼ਕਤੀ ਰੂਪ ਮਾਇਆ ਦਾ ਪ੍ਰਤਿਪਾਦਨ ਵੇਲ ਦੇ ਰੂਪ ਵਿੱਚ ਕੀਤਾ ਗਿਆ ਹੈ। ਗੋਰਖਵਾਣੀ ਵਿੱਚ ਮਾਇਆ ਰੂਪੀ ਵੇਲ ਦਾ ਵਰਣਨ ਕਰਦਿਆਂ ਕਿਹਾ ਗਿਆ ਹੈ ਕਿ ਮਾਇਆ ਰੂਪ ਵੇਲ ਚਹੁੰ ਪਾਸੀਂ ਫੈਲ ਗਈ ਹੈ। ਉਹ ਪ੍ਰਫੁਲਤ ਹੋ ਗਈ ਹੈ ਅਤੇ ਉਸਦੇ ਨਾਲ ਮੁਕਤੀ ਰੂਪ ਫਲ ਲਗ ਗਏ ਹਨ। ਇਸ ਵੇਲ ਦੇ ਪ੍ਰਕਾਸ਼ ਅਥਵਾ ਵਿਸਤਾਰ ਤੋਂ ਹੀ ਸ੍ਰਿਸ਼ਟੀ ਹੋਈ। ਇਸ ਵੇਲ ਦਾ ਮੂਲ ਨਹੀਂ ਹੈ ਪਰ ਫੇਰ ਵੀ ਇਹ ਆਕਾਸ਼ ਤਕ ਅਪੜ ਗਈ ਹੈ। ਇਸ ਮਾਇਆ ਰੂਪੀ ਵੇਲ ਦੇ ਕਾਰਣ ਬ੍ਰਹਮ-ਅਨੁਭੂਤੀ ਤੇ ਪਰਦਾ ਪੈ ਗਿਆ ਹੈ।[155]

ਗੋਰਖਬਾਣੀ ਵਿੱਚ ਮਾਇਆ ਰੂਪ ਸ਼ਕਤੀ ਦੀਆਂ ਹੋਰ ਵੀ ਅਨੇਕਾਂ ਵਿਸ਼ੇਸ਼ਤਾਵਾਂ ਮਿਲਦੀਆਂ ਹਨ ਜਿਵੇਂ 'ਮਾਇਆ ਨਾਨਾ ਰੂਪਾਂ ਵਿੱਚ ਅਨਿਕ-ਪ੍ਰਕਾਰੀ ਦ੍ਰਿਸ਼ਟੀਗਤ ਹੁੰਦੀ

---

151 ਨਾਥ ਸਿਧੋਂ ਕੀ ਬਾਨੀਆਂ, ਪੰਨਾ 69

152 ਗੋਰਖਬਾਨੀ, ਪੀਤਾਂਬਰ ਦੱਤ ਬੜਥਵਾਲ, ਪੰਨਾ 92-93

153 ਯੋਗ ਮਾਰਤੰਡ, ਸਲੋਕ 45

154 ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 112

155 ਗੋਰਖਬਾਨੀ, ਪੀਤਾਂਬਰ ਦੱਤ ਬੜਥਵਾਲ, ਪੰਨਾ 118-119

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ,[156] 'ਇਹ ਸਰਪਣੀ ਹੈ ਜਿਸਨੇ ਤ੍ਰਿਭਵਣ ਨੂੰ ਡਸਿਆ ਹੋਇਆ ਹੈ,'[157] 'ਇਸ ਨੇ ਆਪਣੇ ਇਸਤ੍ਰੀ-ਰੂਪ ਦੁਆਰਾ ਦੇਵਤਿਆਂ ਨੂੰ ਛਲ ਲਿਆ ਹੈ'[158] ਆਦਿ ।

ਗੁਰਮਤ ਕਾਵਿ ਵਿੱਚ ਮਾਇਆ ਨੂੰ ਤ੍ਰੈਗੁਣਾਤਮਿਕ ਮੰਨਿਆਂ ਗਿਆ ਹੈ ਕਿਉਂਕਿ ਮਾਇਆ ਦੁਆਰਾ ਹੀ ਤ੍ਰੈਗੁਣਾਂ ਦੀ ਉਤਪਤੀ ਹੋਈ ਹੈ ।[159] ਪਰ ਮਾਇਆ ਦੀ ਆਪਣੀ ਉਤਪਤੀ ਦਾ ਕਾਰਣ ਬ੍ਰਹਮ ਹੀ ਹੈ ।[160] ਮਾਇਆ ਸੈਭੰ ਨਹੀਂ, ਸੁਤੰਤਰ ਨਹੀਂ, ਪਰਤੰਤਰ ਹੈ, ਬ੍ਰਹਮ-ਆਧੀਨ ਹੈ ਕਿਉਂਕਿ ਉਸੇ ਦੇ ਹੁਕਮ[161] ਤੋਂ ਇਸਦੀ ਸਿਰਜਨਾ ਹੋਈ ।[162]

ਗੁਰਮਤ ਅਨੁਸਾਰ ਮਾਇਆ ਬ੍ਰਹਮ ਦੀ ਉਹ ਸ਼ਕਤੀ ਹੈ ਜਿਸ ਤੋਂ ਸ੍ਰਿਸ਼ਟੀ ਦੀ ਸਿਰਜਨਾ ਹੁੰਦੀ ਹੈ । ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਵੀ ਇਸੇ ਤੋਂ ਉਤਪੰਨ ਹੁੰਦੇ ਹਨ ।[163] ਇਸੇ ਲਈ ਇਹ ਤ੍ਰੈਦੇਵ ਮਾਇਆ ਦੇ ਤ੍ਰੈਗੁਣ ਬੰਧਨਾਂ ਵਿੱਚ ਜਕੜੇ ਪਏ ਹਨ ਅਤੇ ਮੁਕਤੀ ਤੋਂ ਦੂਰ ਹਨ ।[164] ਬ੍ਰਹਮਾ, ਵਿਸ਼ਨੂ, ਸ਼ਿਵ ਹੀ[165] ਨਹੀਂ ਹੋਰ ਵੀ ਅਨੇਕ ਦੇਵੀ ਦੇਵਤੇ ਇਸ ਮਾਇਆ ਦੇ ਬੰਧਨ ਵਿੱਚ ਬੱਝੇ ਪਏ ਹਨ ।[166]

ਮਾਇਆ ਬ੍ਰਹਮ ਦੀ ਸ਼ਕਤੀ ਹੈ । ਗੁਰੂ ਅਮਰਦਾਸ ਜੀ ਅਨੁਸਾਰ ਸ਼ਿਵ (ਪਰਮਾਤਮਾ) ਨੇ ਆਪਣੀ ਸ਼ਕਤੀ (ਮਾਇਆ) ਮਿਟਾ ਦਿੱਤੀ ਜਿਸ ਨਾਲ ਸਾਰਾ ਅਗਿਆਨ ਰੂਪੀ ਅੰਧਕਾਰ ਸਮਾਪਤ ਹੋ ਗਿਆ ।[167] ਗੁਰੂ ਰਾਮਦਾਸ ਜੀ ਨੇ ਵੀ ਮਾਇਆ ਨੂੰ ਪਰਮਾਤਮਾ ਦੀ ਸ਼ਕਤੀ[168] ਕਿਹਾ ਹੈ ।

---

156 ਗੋਰਖਬਾਨੀ, ਪੀਤਾਂਬਰ ਦੱਤ ਬੜਥਵਾਲ, ਪੰਨਾ 137

157 ਓਹੀ, ਪੰਨਾ 139

158 ਓਹੀ, ਪੰਨਾ 139

159 ਮਾਇਆ ਮਾਈ ਤ੍ਰੈਗੁਣ ਪਰਸੂਤਿ ਜਮਾਇਆ । (ਮਾਰੂ ਮ. ੩)

160 ਤ੍ਰੈਗੁਣ ਆਪਿ ਸਿਰਜਿਅਨ ਮਾਇਆ ਮੋਹ ਵਧਾਇਆ । (ਸਾਰੰਗ ਮ. ੧)

161 ਨਿਰੰਕਾਰ ਆਕਾਰ ਉਪਾਇਆ ।
ਮਾਇਆ ਮੋਹੁ ਹੁਕਮਿ ਬਣਾਇਆ । (ਮਾਰੂ ਸੋਲਹੇ ਮ. ੩)

162 (ੳ) ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ । (ਸਿਰੀ ਰਾਗ ਮ. ੩)
(ਅ) ਧੁਰ ਕੀ ਭੇਜੀ ਆਈ ਆਮਰਿ । (ਆਸਾ ਮ. ੫)
(ੲ) ਐਸੀ ਇਸਤ੍ਰੀ ਇਕ ਰਾਮ ਉਪਾਈ । (ਆਸਾ ਮ. ੫)

163 (ੳ) ਬ੍ਰਹਮਾ ਬਿਸਨ ਮਹੇਸ ਉਪਾਏ ਮਾਇਆ ਮੋਹ ਵਧਾਇਆ । (ਮਾਰੂ ਮ ੧)
(ਅ) ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ।
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਇ ਦੀਬਾਣੁ । (ਜਪੁਜੀ)

164 ਬ੍ਰਹਮਾ ਬਿਸਨ ਮਹੇਸੁ ਵੀਚਾਰੀ ਤ੍ਰੈਗੁਣ ਬਧਕ ਮੁਕਤਿ ਨਿਗਾਰੀ । (ਮਾਰੂ ਮ. ੧)

165 ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ।
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ।
ਕਿਸਨੁ ਸਦਾ ਅਵਤਾਰੀ ਰੁਧਾ ਕਿਤੁ ਲਗਿ ਤਰੈ ਸੰਸਾਰਾ । (ਵਡਹੰਸ ਮ. ੩)
(ਗਉੜੀ ਮ. ੧)

166 ਮਾਇਆ ਮੋਹੈ ਦੇਵੀ ਸਭ ਦੇਵਾ । (ਗਉੜੀ ਬੈਰਾਗਣਿ ਮ. ੩)

167 ਸ਼ਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ । (ਰਾਮਕਲੀ ਆਨੰਦੁ ਮ. ੩)

168 ਸਿਵਸਕਤਿ ਆਪਿ ਉਪਾਇਕੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਹਮ ਦੀ ਸ਼ਕਤੀ ਅਤੇ ਸ੍ਰਿਸ਼ਟੀ-ਉਤਪਤੀ ਦਾ ਕਾਰਣ ਹੋਣ ਕਰਕੇ ਮਾਇਆ ਨੂੰ ਕੁਦਰਤ ਦਾ ਵੀ ਨਾਮ ਦਿੱਤਾ ਗਿਆ ਹੈ।[169] ਅਨੰਤਤਾ ਇਸ ਮਾਇਆ ਜਾਂ ਕੁਦਰਤ ਦਾ ਇਕ ਵਿਸ਼ੇਸ਼ ਲੱਛਣ ਹੈ। ਇਸ ਅਨੰਤਤਾ ਦਾ ਵਿਵਰਣ ਗੁਰੂ ਨਾਨਕ ਦੇਵ ਜੀ ਨੇ ਇਉਂ ਕੀਤਾ ਹੈ—ਜੋ ਕੁਝ ਦਿਸਦਾ ਹੈ, ਜੋ ਕੁਝ ਸੁਣੀਂਦਾ ਹੈ, ਉਸੇ ਦੀ ਕੁਦਰਤ ਹੈ। ਸੰਸਾਰ, ਜੋ ਦੁਖਾਂ ਦਾ ਮੂਲ ਮੰਨਿਆਂ ਜਾਂਦਾ ਹੈ, ਉਸੇ ਦੀ ਕੁਦਰਤ ਦਾ ਪਰਿਣਾਮ ਹੈ। ਆਕਾਸ਼ ਅਤੇ ਪਾਤਾਲ ਵਿਚਾਲੇ ਵੀ ਉਸੇ ਦੀ ਕੁਦਰਤ ਵਿਦਮਾਨ ਹੈ। ਵੇਦ, ਪੁਰਾਣ, ਕਤੇਬ ਅਤੇ ਸਮਸਤ ਵਿਚਾਰ ਉਸੇ ਦੀ ਕੁਦਰਤ ਦੇ ਅੰਤਰਗਤ ਹਨ। ਜੀਵਾਂ ਦੇ ਖਾਣ ਪੀਣ ਅਤੇ ਪਹਿਨਣ ਵਿੱਚ, ਸੰਸਾਰ ਦੇ ਸਮਸਤ ਪਿਆਰ-ਰੂਪਾਂ ਵਿੱਚ, ਜਾਤਾਂ ਜਿਨਸਾਂ, ਰੰਗਾਂ, ਸਮਸਤ ਜੀਵਾਂ ਵਿੱਚ ਸੰਸਾਰ ਦੀ ਚੰਗਿਆਈ ਬੁਰਿਆਈ, ਮਾਣ ਅਭਿਮਾਣ ਵਿੱਚ, ਪਵਣ, ਪਾਣੀ, ਅਗਨੀ, ਧਰਤੀ ਆਦਿ ਪੰਜ ਭੂਤਾਂ ਵਿੱਚ, ਗੱਲ ਕੀ ਜਿੱਥੋਂ ਤੀਕ ਦ੍ਰਿਸ਼ਟੀ ਜਾਂਦੀ ਹੈ ਉਥੋਂ ਤੀਕ ਪਰਮਾਤਮਾ ਦੀ ਹੀ ਕੁਦਰਤ ਦੇ ਦਰਸ਼ਨ ਹੁੰਦੇ ਹਨ। ਪ੍ਰਭੂ ਆਪਣੀ ਕੁਦਰਤ ਨੂੰ ਆਪਣੇ ਅਧੀਨ ਰਖਕੇ ਉਸਦੀ ਸੰਭਾਲ ਕਰ ਰਿਹਾ ਹੈ।[170] ਉਸਦੀ ਕੁਦਰਤ, ਸ਼ਕਤੀ, ਤਾਕਤ, ਪ੍ਰਕਿਰਤੀ ਜਾਂ ਮਾਇਆ ਦਾ ਵਿਚਾਰ ਨਹੀਂ ਹੋ ਸਕਦਾ। ਕੇਵਲ ਵਿਸਮਾਦੀ ਅਵਸਥਾ ਅਧੀਨ ਉਸ ਤੋਂ ਬਲਿਹਾਰੇ ਜਾਇਆ ਜਾ ਸਕਦਾ ਹੈ।[171] ਆਪਣੀ ਕੁਦਰਤ ਦੀ ਅਨੰਤਤਾ ਤਾਂ ਪਰਮਾਤਮਾ ਆਪ ਹੀ ਜਾਣਦਾ ਹੈ।[172]

ਮਾਇਆ ਨੂੰ ਗੁਰੂ ਸਾਹਿਬਾਨ ਨੇ ਅਨੇਕ ਰੂਪਕਾਂ ਦੁਆਰਾ ਪ੍ਰਤਿਪਾਦਿਤ ਕੀਤਾ ਹੈ। ਗੁਰੂ ਨਾਨਕ ਅਨੁਸਾਰ ਮਾਇਆ ਇਕ ਅਜਿਹੀ ਸੱਸ ਹੈ ਜੋ ਜੀਵ ਰੂਪੀ ਵਿਆਹੁਤਾ ਨਾਰ ਨੂੰ ਆਪਣੇ ਘਰ ਅਰਥਾਤ ਆਤਮ ਸੁਖ ਵਿੱਚ ਰਹਿਣ ਨਹੀਂ ਦਿੰਦੀ। ਇਹ ਜੀਵ ਰੂਪੀ ਨਾਰ ਨੂੰ ਪਰਮਾਤਮਾ ਰੂਪੀ ਪ੍ਰੀਤਮ ਨਾਲ ਮਿਲਣ ਨਹੀਂ ਦਿੰਦੀ।[173] ਗੁਰੂ ਅਰਜਨ ਦੇਵ ਜੀ ਅਨੁਸਾਰ ਮਾਇਆ ਇਕ ਅਜਿਹੀ ਇਸਤ੍ਰੀ ਹੈ ਜਿਸਦੇ ਮੱਥੇ ਤੇ ਤਿਉੜੀ ਹੈ, ਇਸਦੀ ਦ੍ਰਿਸ਼ਟੀ ਬੜੀ ਕਰੂਰ ਹੈ, ਜ਼ਬਾਨ ਰੁੱਖੀ ਹੈ, ਸਦਾ ਕੌੜੇ ਬੋਲ ਬੋਲਦੀ, ਨਿੱਤ ਭੁੱਖੀ ਰਹਿੰਦੀ ਅਤੇ ਆਪਣੇ ਪ੍ਰੀਤਮ ਨੂੰ ਹਮੇਸ਼ ਦੂਰ ਸਮਝਦੀ ਹੈ। ਪ੍ਰਭੂ ਨੇ ਇਕ ਅਜਿਹੀ ਇਸਤ੍ਰੀ ਬਣਾਈ ਹੈ ਜਿਸਨੇ ਸਾਰੇ ਜਗ ਨੂੰ ਖਾ ਲਿਆ ਹੈ। ਇਥੋਂ ਤੀਕ ਕਿ ਬ੍ਰਹਮਾ, ਵਿਸ਼ਨੂ, ਸ਼ਿਵ ਵੀ ਇਸਦੇ ਪ੍ਰਭਾਵ ਤੋਂ ਨਹੀਂ ਬਚ ਸਕੇ।[174] ਇਕ ਹੋਰ ਥਾਂ ਤੇ ਮਾਇਆ ਦੀ ਮੋਹਣੀ

---

169 ਆਪਣੀ ਕੁਦਰਤਿ ਆਪੈ ਜਾਣੈ। (ਸਿਰੀ ਰਾਗ ਮ. ੧)

170 ਕੁਦਰੰਤਿ ਦਿਸੈ ਕੁਦਰਤਿ ਸੁਣੀਐ...ਵਰਤੈ ਤਾਕੋ ਤਾਕੁ। (ਆਸਾ ਮ. ੧)

171 ਕੁਦਰਤਿ ਕਵਣ ਕਹਾ ਵੀਚਾਰ। ਵਾਰਿਆ ਨਾ ਜਾਵਾ ਏਕ ਵਾਰ। (ਜਪੁਜੀ)

172 (ੳ) ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ। (ਸਿਰੀ ਰਾਗ ਮ. ੧)

(ਅ) ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ। (ਰਾਮਕਲੀ ਮ. ੧)

173 ਸਾਸੁ ਬੁਰੀ ਘਰਿ ਵਾਸ ਨ ਦੇਵੈ। ਪਿਰ ਸਿਉ ਮਿਲਣ ਨ ਦੇਇ ਬੁਰੀ। (ਸਿਰੀ ਰਾਗ ਮ. ੧)

174 ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ, ਬੋਲੈ ਕਉੜਾ ਜਿਹਬਾ ਕੀ ਫੂੜਿ।
ਸਦਾ ਭੂਖੀ ਪਿਰੁ ਜਾਨੈ ਦੂਰਿ ਐਸੀ ਇਸਤ੍ਰੀ ਇਕ ਰਾਮ ਉਪਾਈ।
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ। ਰਹਾਉ।
ਪਾਇ ਠਗਉਲੀ ਸਭੁ ਜਗੁ ਜੋਹਿਆ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ..... (ਆਸਾ ਮ. ੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਕਤੀ[175] ਦਾ ਵਰਣਨ ਕਰਦਿਆਂ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮਾਇਆ ਇਕ ਅਜਿਹੀ ਸੁੰਦਰ ਨਾਰੀ ਹੈ ਜੋ ਮਨ ਨੂੰ ਮੋਹ ਲੈਂਦੀ ਹੈ। ਘਾਟ-ਬਾਟ ਅਤੇ ਹਰੇਕ ਘਰ ਵਿੱਚ ਬਣੀ ਠਣੀ ਵਿਖਾਈ ਦਿੰਦੀ ਹੈ ਅਤੇ ਤਨ, ਮਨ ਨੂੰ ਅਤਿ ਮਿੱਠੀ ਅਤੇ ਪਿਆਰੀ ਲਗਦੀ ਹੈ।[176] ਗੁਰੂ ਨਾਨਕ ਦੇਵ ਜੀ ਨੇ ਮਾਇਆ ਨੂੰ ਵਿਭਚਾਰਣ ਜਾਂ ਕਾਮਣਿਆਰੀ ਨਾਰ ਦੇ ਰੂਪਕ ਦੁਆਰਾ ਵੀ ਪ੍ਰਤਿਪਾਦਿਤ ਕੀਤਾ ਹੈ।[177]

ਮਾਇਆ ਲਈ ਜਾਲ ਦੇ ਰੂਪਕ ਦੀ ਵੀ ਵਰਤੋਂ ਕੀਤੀ ਗਈ ਹੈ। ਗੁਰੂ ਨਾਨਕ ਅਨੁਸਾਰ ਮਾਇਆ ਦਾ ਜਾਲ ਖਾਈ ਦੀ ਨਿਆਈਂ ਹੈ, ਤ੍ਰਿਸ਼ਣਾ ਰੂਪੀ ਪਾਣੀ ਵਿੱਚ ਜੀਵ ਨੇ ਘਰ ਬਣਾਇਆ ਹੋਇਆ ਹੈ।[178] ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਪਸ਼ੂ, ਪੰਛੀ ਜਾਲ ਵਿੱਚ ਪੈਕੇ ਵੀ ਕ੍ਰੀੜਾ ਕਰਦੇ ਰਹਿੰਦੇ ਹਨ ਉਸੇ ਤਰ੍ਹਾਂ ਮਨੁੱਖ ਰੂਪੀ ਪਸ਼ੂ ਪੰਛੀ ਵੀ ਮਾਇਆ ਰੂਪੀ ਜਾਲ ਵਿੱਚ ਫਸਕੇ ਨਿਕਲਣ ਦਾ ਜਤਨ ਨਹੀਂ ਕਰਦੇ ਅਤੇ ਨਾ ਹੀ ਇਹ ਜਾਣਦੇ ਹਨ ਕਿ ਉਹਨਾਂ ਦੇ ਸਿਰ ਉਪਰ ਕਾਲ ਮੰਡਲਾ ਰਿਹਾ ਹੈ।[179] ਇਕ ਹੋਰ ਥਾਂ ਤੇ ਗੁਰੂ ਸਾਹਿਬ ਕਹਿੰਦੇ ਹਨ ਕਿ ਮਾਇਆ-ਜਾਲ ਫੈਲਿਆ ਹੋਇਆ ਹੈ। ਉਸਦੇ ਅੰਤਰਗਤ ਵਿਸ਼ਯ-ਰੂਪੀ ਚਾਰਾ ਰਖਿਆ ਪਿਆ ਹੈ। ਤ੍ਰਿਸ਼ਣਾ-ਵਸ ਜੀਵ ਰੂਪੀ ਪੰਛੀ ਇਸ ਮਾਇਆ ਰੂਪੀ ਜਾਲ ਵਿੱਚ ਵਿਸ਼ਯ-ਸੁਖ ਰੂਪੀ ਚਾਰੇ ਦੇ ਲੋਭ ਵਿੱਚ ਫਸ ਜਾਂਦਾ ਹੈ ਅਤੇ ਉਸਤੋਂ ਮੁਕਤ ਨਹੀਂ ਹੋ ਸਕਦਾ।[180]

ਮਾਇਆ ਨੂੰ ਭਰਮ ਦੀ ਦੀਵਾਰ ਅਤੇ ਅਗਿਆਨ ਦਾ ਜੰਗਲ ਵੀ ਦਰਸਾਇਆ ਗਿਆ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਕਮਲਾ ਅਰਥਾਤ ਮਾਇਆ ਭਰਮ ਦੀ ਦੀਵਾਰ ਹੈ। ਇਹ ਤੀਖਣ ਨਸ਼ਾ ਹੈ ਜਿਸ ਕਾਰਣ ਉਮਰ ਵਿਅਰਥ ਬੀਤਦੀ ਜਾਂਦੀ ਹੈ। ਮਾਇਆ ਸਘਣਾ ਅਤੇ ਡਰਾਉਣ ਜੰਗਲ ਹੈ ਜਿਸ ਵਿੱਚ ਚੋਰ ਮਨ ਘਰ ਨੂੰ ਹੀ ਲੁਟੀ ਜਾਂਦਾ ਹੈ ਅਰਥਾਤ ਅਗਿਆਨ ਦੇ ਅੰਨ੍ਹੇਰੇ ਵਿੱਚ ਮਨ ਆਪਣੇ ਹੀ ਗੁਣ ਗੰਵਾਈ ਜਾਂਦਾ ਹੈ। ਇੰਜ ਹਰੇਕ ਦਿਨ ਉਮਰ ਨੂੰ ਘਟਾਈ ਜਾਂਦਾ ਹੈ।[181]

---

175 ਮੋਹਨੀ ਮੋਹ ਲੀਏ ਤ੍ਰੈਗੁਨੀਆ ਲੋਭਿ ਵਿਆਪੀ ਝੂਠੀ ਦੁਨੀਆ। (ਮਾਰੂ ਮ. ੫)

176 ਐਸੀ ਸੁੰਦਰਿ ਮਨ ਕਉ ਮੋਹੈ ਬਾਟਿ ਘਾਰਿ ਗ੍ਰਿਹਿ ਬਨਿ ਬਨਿ ਜੋਹੈ।
ਮਨਿ ਤਨਿ ਲਾਗੈ ਹੋਇ ਕੈ ਮੀਠੀ ਗੁਰ ਪ੍ਰਸਾਦਿ ਮੈ ਖੋਟੀ ਡੀਠੀ। (ਆਸਾ ਮ. ੫)

177 ਮਾਇਆ ਮੋਹੁ ਧਰਕਟੀ ਨਾਰਿ। ਭੂੰਡੀ ਕਾਮਣਿ ਕਾਮਣਿਆਰਿ। (ਬਿਲਾਵਲ ਮ. ੧)

178 ਮਾਇਆ ਜਾਲੁ ਖਾਈ ਪਾਣੀ ਘਰੁ ਬਾਧਿਆ। (ਰਾਮਕਲੀ ਮ. ੧)

179 ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ।
ਓਤੈ ਸਾਥਿ ਮਨੁਖ ਹੈ ਫਾਥਾ ਮਾਇਆ ਜਾਲਿ। (ਸਿਰੀ ਰਾਗ ਮ. ੫)

180 ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ।
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਇ ਮਾਇ। (ਸਿਰੀ ਰਾਗ ਮ. ੫)

181 ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ
ਤੀਖਣ ਮਦ ਬਿਪ੍ਰੀਤਿ ਹੇ, ਅਵਧ ਅਕਾਰਥ ਜਾਤ।
ਗਹਬਰ ਬਨ ਘੋਰ ਗਹਬਰ ਬਨ ਘੋਰ ਹੇ
ਗ੍ਰਿਹ ਮੂਸਤ ਮਨ ਚੋਰ ਹੇ ਦਿਨ ਕਰੋ ਅਨਦਿਨੁ ਖਾਤ। (ਆਸਾ ਮ. ੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਲਈ ਇਕ ਅਜਿਹੇ ਵਿਸ਼ਾਲ ਸਰੋਵਰ ਦਾ ਵੀ ਰੂਪਕ ਵਰਤਿਆ ਗਿਆ ਹੈ ਜਿਸ ਵਿੱਚੋਂ ਤਰ ਕੇ ਬਾਹਰ ਨਿਕਲਣਾ ਅਤਿ ਕਠਿਨ ਹੈ।[182]

ਮਾਇਆ ਲਈ ਸਰਪਣੀ ਜਾਂ ਨਾਗਣੀ ਦੇ ਰੂਪਕ ਦੀ ਵੀ ਵਰਤੋਂ ਕੀਤੀ ਗਈ ਹੈ। ਗੁਰੂ ਨਾਨਕ ਅਨੁਸਾਰ ਮਾਇਆ ਰੂਪੀ ਸਰਪਣੀ ਨੇ ਜੀਵ ਨੂੰ ਆਪਣੇ ਵਸ ਵਿੱਚ ਕੀਤਾ ਹੋਇਆ ਹੈ।[183] ਗੁਰੂ ਅਮਰਦਾਸ ਜੀ ਅਨੁਸਾਰ ਮਾਇਆ ਨਾਗਣੀ ਦਾ ਰੂਪ ਧਾਰਣ ਕਰਕੇ ਸਮਸਤ ਜਗਤ ਨੂੰ ਲਿਪਟੀ ਪਈ ਹੈ। ਜੋ ਜੋ ਇਸਦੀ ਸੇਵਾ ਕਰਦੇ ਹਨ ਉਹਨਾਂ ਨੂੰ ਇਹ ਖਾ ਜਾਂਦੀ ਹੈ।[184]

ਗੁਰੂ ਸਾਹਿਬ ਅਨੁਸਾਰ ਮਾਇਆ-ਮੋਹ ਭਵਜਲ ਦਾਂ ਨਿਆਈਂ ਹੈ।[185] ਮਾਇਆ ਰੂਪੀ ਜ਼ਹਿਰ ਮਨ-ਸਰਪ ਨੂੰ ਚੰਮੜਿਆ ਹੋਇਆ ਹੈ।[186]

ਮਾਇਆ ਅਨਿਕ-ਪ੍ਰਕਾਰੀ ਅਤੇ ਬਹੁ-ਰੰਗੀ ਹੈ।[187] ਇਹ ਅਨੇਕ ਰੂਪ ਧਾਰਣੀ ਹੈ। ਕਿਤੇ ਤਾਂ ਇਹ ਹਰਖ ਸੋਗ ਦੇ ਰੂਪ ਵਿੱਚ ਵਿਆਪਤ ਹੋ ਰਹੀ ਹੈ ਅਤੇ ਕਿਤੇ ਨਰਕ ਸੁਰਗ ਅਤੇ ਅਵਤਾਰਾਂ ਦੇ ਰੂਪ ਵਿੱਚ ਰਮ ਰਹੀ ਹੈ। ਪੁਤਰ, ਇਸਤ੍ਰੀ ਅਤੇ ਮੋਹ ਦੇ ਰੂਪ ਵਿੱਚ ਉਹੀ ਰਾਜ ਕਰ ਰਹੀ ਹੈ।[188] ਹਾਥੀ, ਘੋੜੇ ਅਤੇ ਸੁੰਦਰ ਵਸਤੂਆਂ ਵਿੱਚ ਉਸੇ ਦਾ ਸਾਮਰਾਜ ਹੈ। ਰੂਪ ਅਤੇ ਜੋਬਨ ਦੇ ਮਤਵਾਲੇਪਨ ਵਿੱਚ ਉਸੇ ਦਾ ਨਿਵਾਸ ਹੈ। ਅਮੀਰ, ਗਰੀਬ ਵਿੱਚ ਵੀ ਉਹੀ ਵਿਆਪ ਰਹੀ ਹੈ। ਸੁੰਦਰ ਸੇਜਾਂ, ਮਹਿਲਾਂ ਅਤੇ ਅਨੇਕ ਪ੍ਰਕਾਰ ਦੇ ਸ਼ਿੰਗਾਰਾਂ ਵਿੱਚ ਮਾਇਆ ਦਾ ਹੀ ਰੂਪ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਪੰਜ ਦੂਤਾਂ ਅਰਥਾਤ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦਾ ਰੂਪ ਧਾਰਣ ਕਰਕੇ ਅਗਿਆਨ ਦੇ ਅੰਧੇਰੇ ਵਿੱਚ ਮਾਇਆ ਹੀ ਵਿਚਰ ਰਹੀ ਹੈ। ਗ੍ਰਿਹਸਤੀਆਂ ਅਤੇ ਉਦਾਸੀਆਂ ਵਿੱਚ, ਰਹਿਣੀ-ਬਹਿਣੀ, ਕੰਮ-ਕਾਰ ਅਤੇ ਜ਼ਾਤ-ਪਾਤ ਦੇ ਵਖੇਵਿਆਂ ਵਿੱਚ ਮਾਇਆ ਹੀ ਕਰਮਸ਼ੀਲ ਹੈ। ਗੱਲ ਕੀ, ਪ੍ਰਭੂ ਦੇ ਪ੍ਰੇਮੀ ਭਗਤਾਂ ਤੋਂ ਛੁਟ[139] ਸਮਸਤ ਸੰਸਾਰ ਮਾਇਆ ਦੇ ਜੰਜਾਲ ਵਿੱਚ ਗ੍ਰਸਿਤ

---

182 ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰ ਤਰਿਆ ਜਾਇ। (ਗਉੜੀ ਮ. ੩)

183 ਇਉ ਸਰਪਨਿ ਕੈ ਵਸਿ ਜੀਅੜਾ। (ਸਿਰੀ ਰਾਗ ਮ. ੧)

184 ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ। (ਗੂਜਰੀ ਮ. ੩)

185 ਮਾਇਆ ਮੋਹ ਭਵਜਲ ਹੈ। (ਰਾਮਕਲੀ ਮ. ੧)

186 ਮਾਇਆ ਬਿਖੁ ਭੁਇਅੰਗਮ ਨਾਲੇ। (ਮਾਰੂ ਮ. ੧)

187 ਮਾਇਆ ਮਮਤਾ ਹੈ ਬਹੁਰੰਗੀ। (ਪ੍ਰਭਾਤੀ ਮ. ੧)

188 (ੳ) ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰਿ ਨਾਰਿ।
ਧਨ ਜੋਬਨਿ ਜਗ ਠਗਿਆ ਲਬਿ ਲੋਭਿ ਅਹੰਕਾਰਿ। ਸਿਰੀ ਰਾਗ ਮ. ੧)

(ਅ) ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ।
ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ। (ਤੁਖਾਰੀ ਮ. ੧)

189 ਬਿਆਪਤ ਹਰਖ ਸੋਗ ਬਿਸਥਾਰ। ਬਿਆਪਤ ਸੁਰਗ ਨਰਕ ਅਵਤਾਰ।
ਬਿਆਪਤ ਧਨ ਨਿਰਧਨ ਪੇਖਿ ਸੋਭਾ। ਮੂਲੁ ਬਿਆਧੀ ਬਿਆਪਸਿ ਲੋਭਾ।

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

} ।[190] ਮਾਇਆ ਦਾ ਇੰਨਾ ਦਬਦਬਾ ਉਸਦੀ ਮੋਹਣੀ ਸ਼ਕਤੀ ਕਾਰਣ ਹੈ। ਇਸ ਦੀ ਪਰਬਲਤਾ ਨੂੰ ਗੁਰੂ ਸਾਹਿਬ ਨੇ ਥਾਂ ਥਾਂ ਦਰਸਾਇਆ ਹੈ ।[191]

ਮਾਇਆ ਦੁਖਾਂ ਦੀ ਖਾਣ ਹੈ। ਇਸ ਵਿੱਚ ਸੰਲਗਨ ਹੋਣ ਦੇ ਨਤੀਜੇ ਵਜੋਂ ਅਨੇਕ ਕਸ਼ਟਾਂ ਨੂੰ ਝੱਲਣਾ ਪੈਂਦਾ ਹੈ। ਗੁਰੂ ਅਮਰਦਾਸ ਜੀ ਅਨੁਸਾਰ ਮਾਇਆ-ਲਿਪਤ ਜੀਵ ਵਿਸ਼ਟਾ ਦੇ ਉਸ ਕੀੜੇ ਸਮਾਨ ਹੈ ਜੋ ਵਿਸ਼ਟਾ ਵਿੱਚ ਰਹਿੰਦਾ ਹੋਇਆ ਵਿਸ਼ਟਾ ਵਿੱਚ ਹੀ

ਮਾਇਆ ਬਿਆਪਤ ਬਹੁ ਪਰਕਾਰੀ। ਸੰਤ ਜੀਵਹਿ ਪ੍ਰਭ ਓਟ ਤੁਮਾਰੀ। ੧। ਰਹਾਉ।
ਬਿਆਪਤ ਅਹੰਬੁਧਿ ਕਾ ਮਾਤਾ। ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ।
ਬਿਆਪਤ ਹਸਤਿ ਘੋੜੇ ਅਰੁ ਬਸਤਾ। ਬਿਆਪਤ ਰੂਪ ਜੋਬਨ ਮਦ ਮਸਤਾ।
ਬਿਆਪਤ ਭੂਮਿ ਰੰਕ ਅਰ ਰੰਗ। ਬਿਆਪਤ ਗੀਤ ਨਾਦ ਸੁਣਿ ਸੰਗ।
ਬਿਆਪਤ ਸੇਜ ਮਹਲ ਸੀਗਾਰ। ਪੰਚ ਦੂਤ ਬਿਆਪਤ ਅੰਧਿਕਾਰ।
ਬਿਆਪਤ ਕਰਮ ਕਰੈ ਹਉ ਫਾਸਾ। ਬਿਆਪਤਿ ਗਿਰਸਤ ਬਿਆਪਤ ਉਦਾਸਾ।
ਆਚਾਰ ਬਿਉਹਾਰ ਬਿਆਪਤ ਇਹ ਜਾਤਿ। ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ।
(ਗਉੜੀ ਗੁਆਰੇਰੀ ਮ. ੫)

190 (ੳ) ਮਾਇਆ ਮੋਹਿ ਜਗੁ ਬਾਧਾ ਜਮਕਾਲਿ। (ਆਸਾ ਮ. ੧)
(ਅ) ਮਾਇਆ ਮੋਹੇ ਦੇਤਹਿ ਨਾਹੀ ਅਹਿਲਾ ਜਨਮ ਗਵਾਵਹੇ। (ਵਡਹੰਸ ਮ. ੧)
(ੲ) ਮਾਇਆ ਮਗਨੁ ਅਹਿਨਿਸਿ ਮਗੁ ਜੋਹੈ। ਨਾਮੁ ਨ ਲੇਵੈ ਮਰੈ ਬਿਖੁ ਖਾਈ। (ਸੋਰਠ ਮ. ੧)
(ਸ) ਮਨ ਭੂਲੇ ਮਾਇਆ ਘਰਿ ਜਾਇ। (ਗਉੜੀ ਗੁਆਰੇਰੀ ਮ. ੧)
(ਹ) ਮਾਇਆ ਮੋਹ ਸਰਬ ਜੰਜਾਲਾ (ਗਉੜੀ ਗੁਆਰੇਰੀ ਮ. ੧)
(ਕ) ਮਾਇਆ ਲਾਗੀ ਭਰਮ ਭੁਲਾਣੀ। (ਸੂਹੀ ਮ. ੧)
(ਖ) ਭਸਮ ਚੜਾਇ ਕਰਹਿ ਪਾਖੰਡੁ। ਮਾਇਆ ਮੋਹੁ ਸਹਹਿ ਜਮ ਡੰਡੁ। (ਰਾਮਕਲੀ ਮ. ੧)
(ਗ) ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ।
ਹੰਸ ਚਲੈ ਉਠਿ ਭੂਮਣੋ ਮਾਇਆ ਭੂਲੀ ਆਥਿ। (ਰਾਮਕਲੀ ਮ. ੧)
(ਘ) ਮਾਇਆ ਮਮਤਾ ਪਵਹਿ ਖਿਆਲੀ। (ਮਾਰੂ ਮ. ੧)
(ਙ) ਮਾਇਆ ਮਮਤਾ ਛੋਡੀ ਨ ਜਾਈ। (ਮਾਰੂ ਮ. ੧)
(ਚ) ਮਾਇਆ ਮੋਹੁ ਪਸਰਿਆ ਪਾਸਾਰਾ। (ਮਾਰੂ ਮ. ੧)
(ਛ) ਸਾਕਤ ਮਾਇਆ ਕਉ ਬਹੁ ਧਾਵਹਿ। ਨਾਮੁ ਵਿਸਾਰਿ ਕਹਾ ਸੁਖੁ ਪਾਵਹਿ। (ਮਾਰੂ ਮ. ੧)
(ਜ) ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ।
ਮੂਰਖ ਆਪੁ ਗਣਾਇਦਾ ਬੂਝਿ ਨ ਸਕੈ ਕਾਰ।
ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ। (ਪ੍ਰਭਾਤੀ ਮ. ੧)

191 (ੳ) ਮਾਇਆ ਮੋਹਿ ਸਗਲ ਜਗੁ ਛਾਇਆ। ਕਾਮਣਿ ਦੇਖਿ ਕਾਮਿ ਲੋਭਾਇਆ।
ਸੁਤ ਕੰਚਨ ਸਿਉ ਹੇਤੁ ਵਧਾਇਆ। (ਪ੍ਰਭਾਤੀ ਅਸ਼ਟਪਦੀਆ ਮ. ੧)
(ਅ) ਤ੍ਰੈਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰਾ। (ਸ਼੍ਰੀ ਰਾਗ ਮ. ੩)
(ੲ) ਤ੍ਰੈਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰਾ। (ਮਲਾਰ ਮ. ੩)
(ਸ) ਤਿਹੀ ਗੁਣੀ ਤ੍ਰਿਭਵਣ ਵਿਆਪਿਆ। (ਸੋਰਠਿ ਮ. ੩)
(ਹ) ਤ੍ਰਿਹ ਗੁਣ ਮਹਿ ਵਰਤੈ ਸੰਸਾਰਾ। ਨਰਕ ਸੁਰਗ ਫਿਰਿ ਫਿਰਿ ਅਉਤਾਰਾ। (ਆਸਾ ਮ. ੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਾ ਜਾਂਦਾ ਹੈ।[192] ਉਹਨਾਂ ਅਨੁਸਾਰ ਮਾਇਆ ਬਿਨਾ ਦੰਦਾਂ ਦੇ ਜਗਤ ਨੂੰ ਖਾ ਜਾਂਦੀ ਹੈ।[193] ਮਾਇਆ-ਮੋਹ 'ਅੰਧ-ਕੂਪ' ਹੈ, ਇਹ ਪਰਮਾਤਮਾ ਅਤੇ ਜੀਵ ਵਿੱਚ ਇਕ ਪਰਦਾ ਹੈ ਜਿਸ ਕਾਰਣ ਜੀਵ ਪਰਮਾਤਮਾ ਨੂੰ ਵਿਸਾਰੀ ਰਖਦਾ ਹੈ।[194] ਇੰਜ ਮਾਇਆ ਵਿੱਚ ਖਚਿਤ ਹੋਣ ਦੇ ਨਤੀਜੇ ਬੜੇ ਭਿਆਨਕ ਹਨ। ਮਾਇਆ ਕਾਰਣ ਉਪਜੇ ਦੁਖਾਂ ਨੂੰ ਜਦੋਂ ਭੋਗਣਾ ਪੈਂਦਾ ਹੈ ਤਾਂ ਜੀਵ ਅਤਿਅੰਤ ਦੁਖੀ ਹੋਕੇ ਬਿਲਲਾਂਦੇ ਹਨ।[195]

ਗੁਰੂ ਸਾਹਿਬਾਨ ਨੇ ਮਾਇਆ ਦੀ ਛਿਨ ਭੰਗਰਤਾ ਵਲ ਵੀ ਸੰਕੇਤ ਕੀਤਾ ਹੈ। ਮਾਇਆ ਦੇ ਰਾਗ ਰੰਗ, ਉਸਦੀ ਚਮਕ ਦਮਕ ਸਭ ਬਦਲਾਂ ਦੀ ਛਾਇਆ ਵਾਂਗ ਥੋੜ੍ਹ-ਚਿਰੀ ਅਤੇ ਨਾਸ਼ਮਾਨ ਹੈ।[196] ਮਾਇਆ ਨੂੰ ਗੁਰੂ ਅਰਜਨ ਦੇਵ ਜੀ ਨੇ ਇਕ ਸਵਾਂਗਿਨੀ, ਜਾਦੂਗਰਨੀ ਕਿਹਾ ਹੈ ਜੋ ਜਾਦੂ ਦੀ ਰਚਨਾ ਰਚਕੇ ਮਨ ਨੂੰ ਰੀਝਾਂਦੀ ਹੈ ਪਰ ਯਥਾਰਥ ਅਤੇ ਗਿਆਨ ਦੀ ਸੋਝੀ ਹੋਣ ਅਤੇ ਜਾਦੂ ਦੇ ਨਸ਼ੇ ਦੇ ਟੁਟ ਜਾਣ ਤੇ ਦਰਸ਼ਕ ਦੇ ਮਨ ਨੂੰ ਪਛਤਾਵਾ ਹੁੰਦਾ ਹੈ।[197]

ਮਾਇਆ ਦੀ ਸਮਸਤ ਰਚਨਾ ਧੋਖਾ ਹੈ।[198] ਇਸਦੇ ਰੂਪ, ਰਸ, ਗੰਧ ਆਦਿ ਸਭ ਨਾਸ਼ਮਾਨ ਹਨ। ਮਾਇਆ ਦੇ ਸਮਸਤ ਪ੍ਰਪੰਚ—ਕਨਕ, ਕਾਮਨੀ—ਸਭ ਛਲ ਪੂਰਣ ਹਨ, ਬਿਰਖ ਦੀ ਛਾਇਆ ਸਮਾਨ ਹਨ।[199]

ਗੁਰੂ ਸਾਹਿਬਾਨ ਅਨੁਸਾਰ ਮਾਇਆ ਤੋਂ ਛੁਟਕਾਰਾ ਪਾਉਣਾ ਜਾਂ ਉਸ ਨੂੰ ਕਾਬੂ ਵਿੱਚ ਰਖਣਾ ਅਤਿ ਕਠਨ ਹੈ।[200] ਇਸ ਪ੍ਰਤੀ ਤਿਆਗ ਦੀ ਭਾਵਨਾ ਹੀ ਇਸ ਨੂੰ ਜਿਤ ਸਕਦੀ ਹੈ।[201] ਦੂਜੇ, ਸਾਧ ਸੰਗਤਿ ਅਰਥਾਤ ਸੰਤਾਂ ਦਾ ਸੰਗ ਅਤੇ ਉਹਨਾਂ ਦੀ ਚਰਨ-

---

192 ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ।
ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ।
ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸਟਾ ਮਾਂਹਿ ਸਮਾਈ। (ਵਡਹੰਸ ਮ. ੩)

193 ਮਹਾ ਮੋਹ ਅੰਧ ਕੂਪ ਪਰਿਆ। ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ। (ਬਿਲਾਵਲ ਮ. ੫)

194 ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ। (ਸੋਰਠ ਕੀ ਵਾਰ ਮ. ੩)

195 ਮਾਇਆ ਝੂਠੁ ਰੁਦਨੁ ਕੇਤੇ ਬਿਲਲਾਹਾਂ ਰਾਮ। (ਬਿਹਾਗੜਾ ਮ. ੫)

196 ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ। (ਮਾਰੂ ਮ. ੫)

197 ਤ੍ਰਿਬਿਧਿ ਮਾਇਆ ਰਹੀ ਬਿਆਪਿ। ਜੋ ਲਪਟਾਨੋ ਤਿਸੁ ਦੂਖ ਸੰਤਾਪ।
... ...
ਸਵਾਂਗੀ ਸਿਉ ਜੋ ਮਨੁ ਰੀਝਾਵੈ। ਸਵਾਂਗਿ ਉਤਾਰਿਐ ਫਿਰਿ ਪਛਤਾਵੈ। (ਭੈਰਉ ਮ. ੫)

198 ਬਾਬਾ ਮਾਇਆ ਰਚਨਾ ਧੋਹੁ। (ਸਿਰੀ ਰਾਗ ਮ. ੧)

199 ਰੂਪ ਰੰਗ ਸੁਗੰਧ ਭੋਗ ਤਿਆਗਿ ਚਲੇ ਮਾਇਆ ਛਲੇ ਕਨਿਕ ਕਾਮਿਨੀ। ੧। ਰਹਾਉ।
ਭੰਡਾਰ ਦਰਬ ਅਰਥ ਖਰਬ ਪੇਖਿ ਲੀਲਾ ਮਨੁ ਸਧਾਰੈ ਨਹ ਸੰਗਿ ਗਾਮਨੀ।
ਸੁਤ ਕਲਤ੍ਰ ਭ੍ਰਾਤ ਮੀਤ ਉਰਝਿ ਪਰਿਓ ਭਰਮਿ ਮੋਹਿਓ ਇਹ ਬਿਰਖ ਛਾਮਨੀ। (ਰਾਮਕਲੀ ਮ. ੫)

200 ਦੁਤਰ ਅੰਧ ਬਿਖਮ ਇਹ ਮਾਇਆ। (ਆਸਾ ਮ. ੫)

201 ਗਹੁ ਕਰਿ ਪਕਰੀ ਨ ਆਈ ਹਾਥਿ। ਪ੍ਰੀਤਿ ਕਰੀ ਚਾਲੀ ਨਹੀ ਸਾਥਿ।
ਕਹੁ ਨਾਨਕ ਜਉ ਤਿਆਗਿ ਦਈ। ਤਬ ਓਹ ਚਰਣੀ ਆਇ ਪਈ। (ਰਾਮਕਲੀ ਮ. ੫)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੂੜ ਦੀ ਪ੍ਰਾਪਤੀ ਇਸ ਤੋਂ ਛੁਟਕਾਰਾ ਦਿਵਾ ਸਕਦੀ ਹੈ।[202] ਪਰ ਸੰਤਾਂ ਦੀ ਸੰਗਤਿ ਪ੍ਰਭੂ ਦੀ ਕਿਰਪਾ ਦੁਆਰਾ ਹੀ ਮਿਲਦੀ ਹੈ।[203] ਸਾਧੂ ਪੁਰਸ਼ਾਂ ਦੀ ਸੰਗਤਿ ਉਪਰ ਮਾਇਆ ਦਾ ਕੋਈ ਵਸ ਨਹੀਂ ਚਲਦਾ[204] ਕਿਉਂਕਿ ਸੰਤ-ਭਗਤਾ ਦੀ ਤਾਂ ਇਹ ਦਾਸੀ ਹੈ।[205] ਗੁਰਮੁਖ-ਮਾਂਦਰੀ ਆਪਣੀ ਕਲਾ ਦੁਆਰਾ ਮਾਇਆ-ਸਰਪਣੀ ਨੂੰ ਵਸ ਵਿੱਚ ਕਰਕੇ ਆਪਣੇ ਪੈਰਾਂ ਵਿੱਚ ਲਿਆ ਬਿਠਾਲਦਾ ਹੈ।[206] ਮਾਇਆ ਤੋਂ ਮੁਕਤੀ-ਪ੍ਰਾਪਤੀ ਦਾ ਸਰਵਸ੍ਰੇਸ਼ਠ ਸਾਧਨ ਪ੍ਰਭੂ ਦੀ ਪ੍ਰੇਮਾ-ਭਗਤੀ ਹੈ ਜਿਸ ਵਿੱਚ ਪ੍ਰਭੂ ਦਾ ਨਾਮ,[207] ਉਸਦੀ ਸ਼ਰਣ[208] ਅਤੇ ਗੁਰੂ ਦਾ ਸ਼ਬਦ[209] ਵਿਸ਼ੇਸ਼ ਮਹੱਤਵ ਰਖਦੇ ਹਨ।

ਮਾਇਆ ਸੰਬੰਧੀ ਭਾਈ ਸਾਹਿਬ ਦੇ ਕਾਵਿ ਵਿੱਚ ਸਾਨੂੰ ਬਹੁਤੀਆਂ ਉਕਤੀਆਂ ਉਪਲਬਧ ਨਹੀਂ ਹੋਈਆਂ। ਇਸ ਦਾ ਕਾਰਣ ਸ਼ਾਇਦ ਇਹ ਹੈ ਕਿ ਆਪ ਸਿਖ ਗੁਰੂਆਂ ਸਮਾਨ ਮਾਇਆ-ਮਿਥਿਆ-ਵਾਦ ਦੇ ਵਿਰੋਧੀ ਸਨ ਅਤੇ 'ਜਗਤ ਮਿਥਿਆ' ਤੋਂ ਵਿਪਰੀਤ 'ਜਗਤ-ਸੱਤੇ' ਦੇ ਧਾਰਣੀ ਸਨ। ਦੂਜੇ, ਕਿਉਂਕਿ ਉਹਨਾਂ ਨੇ ਇਸ ਸਿਧਾਂਤ ਪ੍ਰਤੀ ਖੰਡਨਾਤਮਕ ਪ੍ਰਵਿਰਤੀ ਨੂੰ ਆਧਾਰ ਨਹੀਂ ਬਣਾਇਆ, ਇਸ ਲਈ ਉਹਨਾਂ ਦੇ ਕਾਵ ਵਿੱਚ ਮਾਇਆ-ਵਾਦ ਦੀਆਂ ਵਿਰੋਧੀ ਉਕਤੀਆਂ ਵੀ ਕਾਫੀ ਮਾਤਰਾ ਵਿੱਚ ਸਾਨੂੰ ਨਹੀਂ ਮਿਲਦੀਆਂ ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਉਹਨਾਂ ਦੇ ਕਾਵਿ ਵਿੱਚ ਮਾਇਆ ਸ਼ਬਦ ਦੀ ਵਰਤੋਂ ਕੀਤੀ ਹੀ ਨਹੀਂ ਗਈ।

ਭਾਈ ਸਾਹਿਬ ਅਨੁਸਾਰ ਮਾਇਆ ਆਵਰਣ ਹੈ, ਪਰਦੇ[210] ਦੀ ਨਿਆਈਂ ਹੈ।

---

202 ਸੰਤਨ ਕੋ ਬੰਧਨ ਕਾਟੇ ਹਰਿਰਾਇ। ਤਾਕਉ ਕਹਾ ਬਿਆਪੈ ਮਾਇ।
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ। ਤਾਕੈ ਨਿਕਟਿ ਨ ਆਵੈ ਮਾਈ। (ਗਉੜੀ ਗੁਆਰੇਰੀ ਮ. ੫)

203 (ੳ) ਏ ਸਾਜਨ ਕਛੁ ਕਹਹੁ ਉਪਾਇਆ। ਜਾ ਤੇ ਤਰਉ ਬਿਖਮ ਇਹ ਮਾਇਆ।
(ਗਉੜੀ ਬਾਵਨ ਅਖਰੀ, ਮ. ੫)

(ਅ) ਕਰਿ ਕਿਰਪਾ ਸਤਸੰਗਿ ਮਿਲਾਏ। ਨਾਨਕ ਤਾਕੈ ਨਿਕਟਿ ਨ ਮਾਇ।
(ਗਉੜੀ ਗੁਆਰੇਰੀ, ਮ. ੫)

204 ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇਆ।
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ। (ਗੂਜਰੀ ਮ. ੫)

205 ਮਾਇਆ ਦਾਸੀ ਭਗਤਾਂ ਕੀ ਕਾਰ ਕਮਾਵੈ। (ਗਉੜੀ ਗੁਆਰੇਰੀ ਮ. ੩)

206 ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ। (ਗੂਜਰੀ ਕੀ ਵਾਰ ਮ. ੩)

207 ਹਰਿ ਜਪਿ ਮਾਇਆ ਬੰਧਨ ਛੂਟੇ। (ਗੂਜਰੀ ਮ. ੫)

208 ਪ੍ਰਭ ਕੀ ਓਟ ਗਹੀ ਤਉ ਛੂਟੇ। ਧਨਾਸਰੀ ਮ. ੫)

209 ਮਾਇਆ ਮੋਹੁ ਗੁਰ ਸਬਦਿ ਜਲਾਏ; (ਆਸਾ ਮ. ੧)

210 ਰਬ-ਚਰਨਾਂ ਤੋਂ ਦੂਰ ਦਿਲ ਮਨੁਖ ਦਾ
ਵਿਚ ਇਨ੍ਹਾਂ ਵਿਚਕਾਰ ਪਈ ਅਮੇਟਵੀਂ,
ਏਡਾ ਪਾੜਾ ਕੌਣ ? ਮੇਲੇ, ਵਿੱਚ ਹੋ।
... ...
ਪਰਦਾ ਹੈ ਵਿਚਕਾਰ ਸਾਡੇ ਰੱਬ ਦੇ। (ਰਾਣਾ ਸੁਰਤ ਸਿੰਘ, ਪੰਨਾ 102-3)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵਾਤਮਾ ਅਤੇ ਪਰਮਾਤਮਾ ਵਿਚਾਲੇ ਇਹ 'ਵਿਥ ਅਮੇਟਵੀਂ' ਜਾਂ ਪਾੜ ਹੈ ਜਿਸ ਨੂੰ ਅਰਦਾਸ ਜਾਂ ਬਿਨੈ[211] ਅਤੇ ਪ੍ਰੇਮ-ਸਾਧਨ[212] ਦੁਆਰਾ ਹੀ ਮਿਟਾਇਆ ਜਾ ਸਕਦਾ ਹੈ।

ਮਾਇਆ, ਭਾਈ ਸਾਹਿਬ ਅਨੁਸਾਰ, ਪ੍ਰਭੂ ਦੀ ਕਲਾ ਹੈ ਜਿਸ ਨੂੰ ਧਾਰਕੇ ਉਹ (ਨਿਰਗੁਣ ਸਰਗੁਣ ਰੂਪ ਬ੍ਰਹਮ) ਕਲਾਧਾਰ (ਮਾਯਾਵੀ, ਛਲੀਆ, ਜਾਦੂਗਰ, ਬਾਜ਼ੀਗਰ) ਸੰਸਾਰ ਨੂੰ ਮੋਹ ਰਿਹਾ ਹੈ।[213]

ਭਾਈ ਸਾਹਿਬ ਨੇ ਮਾਇਆ-ਜਾਲ ਨੂੰ ਭਰਮ ਦਾ ਜਾਲ[214] ਮੰਨਿਆਂ ਹੈ ਜੋ ਅਰਦਾਸ ਦੇ ਸਾਧਨ ਨਾਲ ਪਾਟ ਜਾਂਦਾ ਹੈ।[215]

ਮਾਇਆ ਸ਼ਬਦ ਦੀ ਵਰਤੋਂ 'ਮਾਯਕ ਖੇਡ' ਦੇ ਰੂਪ ਵਿੱਚ ਵੀ ਭਾਈ ਸਾਹਿਬ ਨੇ ਕੀਤੀ ਹੈ। ਉਹਨਾਂ ਅਨੁਸਾਰ ਵਰਤਮਾਨ, ਭੂਤ ਅਤੇ ਭਵਿਖਤ ਕਾਲ ਦੀ ਇਹ ਵੰਡ 'ਮਾਯਕ ਖੇਡ' ਹੀ ਹੈ। ਕਾਲ ਦੀ ਇਹ ਮਾਯਕ ਖੇਡ ਸੱਚੇ ਦਿਲਾਂ ਵਿਚਾਲੇ ਪਰਦਾ ਨਹੀਂ ਤਾਣ ਸਕਦੀ, ਸੱਚ ਨੂੰ ਜੋ ਕਿ ਸੱਚ ਹੀ ਰਹਿੰਦਾ ਹੈ, ਤ੍ਰੈਕਾਲ ਤੀਕ ਸੱਚ ਰਹਿੰਦਾ ਹੈ, ਝੂਠਾ ਸਿੱਧ ਨਹੀਂ ਕਰ ਸਕਦੀ। ਵਰਤਮਾਨ ਦਾ ਸੱਚ, ਭੂਤ ਦਾ ਸੱਚ ਬਣ ਜਾਂਦਾ ਹੈ ਅਤੇ ਭਵਿਖਤ ਕਾਲ ਲਈ ਬੋਲਿਆ ਸੱਚ ਵਰਤਮਾਨ ਕਾਲ ਦਾ ਸੱਚ ਹੋ ਨਿਬੜਦਾ ਹੈ। ਇੰਜ ਸੱਚ, ਸੱਚ

---

211 (ੳ) ਜੀਵ ਪ੍ਰਭੂ ਦੀ ਅੰਸ ਸਯਾਣੇ ਆਖਦੇ।
ਪਰ ਪ੍ਰਭੂ ਇਸ ਵਿਚਕਾਰ ਵਿਥ ਅਮੇਟਵੀਂ!
ਮਾਯਾ ਪਰਦਾ ਦੂਰ ਦਿਲ ਤੋਂ ਤੂੰ ਕਰੇਂ।
ਸਾਈਂ ਚਰਨਾਂ ਵਿਚ ਕਰਦੀ ਜਾ ਖੜਾ। (ਰਾ. ਸ੍ਰ. ਸਿੰ., ਪੰਨਾ 185-86)

(ਅ) ਹੁਣ ਜੇ ਕਰਿ ਅਰਦਾਸ ਉਨ੍ਹੂੰ ਧਿਆਈਏ—
ਵਿੱਥ ਜੁ ਭੁਲ ਸਰੂਪ ਤਦ ਮਿਟ ਜਾਏਗੀ।
... ...
ਪਿਤਾ ਪੁਤ ਦਾ ਮੇਲ ਮਾਨੋਂ ਹੋਂਵਦਾ
ਕਰੀਏ ਜਦ ਅਰਦਾਸ ਨਾਲ ਪਿਆਰ ਦੇ। (ਰਾ. ਸ੍ਰ. ਸਿੰ., ਪੰਨਾ 187)

212 (ੳ) ਪ੍ਰੇਮ ਅਨੇ ਇਕ ਤਾਰ, ਜੋ ਦੋ ਪ੍ਰੇਮੀਆਂ
ਵਿੱਥਾਂ ਟੱਪ ਮਿਲਾਇ ਰਖਦੀ ਹੈ ਸਦਾ। (ਰਾ. ਸ੍ਰ. ਸਿੰ., ਪੰਨਾ 11)

(ਅ) ਪੂਰਨ ਪ੍ਰੇਮ ਪ੍ਰਕਾਸ਼ ਉਨ੍ਹਾਂ ਵਿਚ ਹੈ
ਰਖੇ ਉਨ੍ਹਾਂ ਮਿਲਾਇ ਨਾਲ ਅਕਾਲ ਦੇ;
ਵਿੱਥ ਨ ਰੱਖੇ ਕੋਇ ਦੋਹਾਂ ਵਿੱਚ ਹੈ:
ਇਹ 'ਅਧਯਾਤਮ ਪ੍ਰੇਮ' 'ਪ੍ਰੇਮ ਰੁਹਾਨਵੀ।' (ਰਾ. ਸ੍ਰ. ਸਿੰ., ਪੰਨਾ 131)

213 ਸਰਗੁਣ ਨਿਰਗੁਣ ਰੂਪ ਹੈ ਨਿਰੰਕਾਰ ਜੋ
—ਕਲਾਧਾਰ ਸੰਸਾਰ ਨੂੰ ਮੁਹ ਜੋ ਰਿਹਾ। (ਰਾ. ਸ੍ਰ. ਸਿੰ., ਪੰਨਾ 185)

214 ਇਕੁਰ ਮਾਯਾ-ਜਾਲ ਸਾਰਾ ਪਾਟਦਾ; (ਰਾ. ਸ੍ਰ. ਸਿੰ., ਪੰਨਾ 104)

215 ਦੇਖੋ ਰਾਣਾ ਸੂਰਤ ਸਿੰਘ, ਪੰਨਾ 104

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਰਹਿੰਦਾ ਹੈ ਅਤੇ ਕਾਲ ਦੀ ਮਾਯਕ-ਖੇਡ ਦਾ ਉਸ ਉਪਰ ਕੋਈ ਅਸਰ ਨਹੀਂ ਹੁੰਦਾ ।[216]

ਝੂਠ ਅਤੇ ਫਰੇਬ ਦੇ ਅਰਥਾਂ ਵਿੱਚ ਵੀ ਭਾਈ ਸਾਹਿਬ ਦੇ ਕਾਵਿ ਵਿੱਚ ਮਾਇਆ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ । ਜਦੋਂ ਆਪ ਆਤਮਾ ਬਾਰੇ ਗੱਲ ਕਰਦੇ ਇਹ ਕਹਿੰਦੇ ਹਨ ਕਿ ਆਤਮਾ ਜੜ੍ਹ ਨਹੀਂ, ਅਨਾਤਮ ਨਹੀਂ, ਦੇਹ ਨਹੀਂ, ਮਾਦਾ ਪ੍ਰਕ੍ਰਿਤੀ ਨਹੀਂ, ਮਾਇਆ ਨਹੀਂ, ਸਗੋਂ ਸਾਈਂ ਦੀ ਅੰਸ਼ ਹੈ, ਰੂਹ ਹੈ ਜਾਂ ਆਤਮਾ ਹੈ ਤਾਂ 'ਮਾਯਾ ਮੈਂ ਨਹੀਂ' ਦਾ ਅਰਥ 'ਝੂਠ ਮੈਂ ਨਹੀਂ' 'ਫ਼ਰੇਬ ਮੈਂ ਨਹੀਂ' 'ਹੋਂਦ ਰਹਿਤ ਮੈਂ ਨਹੀਂ' ਹੀ ਉਜਾਗਰ ਹੁੰਦਾ ਹੈ ।[217]

ਮਾਇਆ ਸ਼ਬਦ ਦੀ ਵਰਤੋਂ ਭਾਈ ਸਾਹਿਬ ਨੇ ਇਕ ਥਾਂਵੇਂ ਸੰਸਾਰਕ ਖਲਜਗਣਾ ਆਦਿ ਦੇ ਅਰਥਾਂ ਵਿੱਚ ਵੀ ਕੀਤੀ ਹੈ । ਉਹਨਾਂ ਨੇ ਮਾਇਆ-ਜਗਤ ਵਲੋਂ ਮਨ ਮੋੜਨ ਅਤੇ ਨਾਮ ਦਾ ਜਾਪ ਕਰਨ ਦੀ ਪ੍ਰੇਰਨਾ ਦਿੱਤੀ ਹੈ ।[218]

---

216 ਵਰਤਮਾਨ ਤੇ ਭੂਤ ਭਵਿਖਤ ਕਾਲ ਦੀ
ਵੰਡ, ਨ ਪਰਦਾ ਪਾਇ ਸੱਚੇ ਹੈ ਦਿਲਾਂ ।
ਵੰਡ ਕਾਲ ਦੀ ਏਹ ਮਾਯਕ ਖੇਡ ਹੈ,
ਜਿਥੇ ਸੱਚ ਪ੍ਰਕਾਸ਼ ਵਸਦਾ ਸੱਚ ਹੈ
ਕੋਈ ਮਾਯਕ ਖੇਡ ਪਰਦਾ ਹੈ ਨਹੀਂ ।
ਕਈ ਇਕ ਸਯਾਣੇ ਲੋਕ ਹਨ ਇਉਂ ਆਖਦੇ
ਅਨਚੀਜਾ ਜੇ ਕਾਲ ਹੈ ਕੁਛ ਚੀਜ਼ ਨਾ,
ਅਨਚੀਜਾ ਜੇ ਕਾਲ ਤਾਂ ਏ ਸੱਤਿ ਨੂੰ
—ਜੇ ਸਚ ਮੁਚ ਹੈ ਸੱਤਿ ਸੱਤਾ ਵਾਲੜਾ—
ਕੀਕੁਰ ਅੰਧਾ ਝੂਠ ਕਰ ਹੈ ਸੱਕਦਾ ?
ਜੋ ਹੈ ਸਚ ਇਕ ਕਾਲ ਸੱਚ ਤ੍ਰਿਕਾਲ ਹੈ ।
ਵਰਤਮਾਨ ਦਾ ਬੋਲ ਸੱਚ ਜੁ ਬੋਲਦਾ ;
—ਵਰਤਮਾਨ ਹੀ ਭੂਤ ਬਣ ਹੈ ਜਾਂਵਦਾ—
ਉਸਦਾ ਬੋਲਯਾ ਸੱਚ ਵਰਤੰਮਾਨ ਦਾ
ਭੂਤਕਾਲ ਦਾ ਸੱਤਿ ਆਪੇ ਹੈ ਬਣੇ ।
ਜੋ ਕੁਝ ਬੋਲੇ ਉਹ ਭ੍ਰਿਖੱਤ ਕਾਲ ਦਾ
ਬੋਲੇ ਸਹਿਜ ਸੁਭਾਵ ਸੱਚ ਸੁਭਾਵ ਤੋਂ,
ਜਦੋਂ ਭਵਿੱਖਤ ਕਾਲ ਵ੍ਰਤਮਾਂ ਹੋਵਸੀ
ਸੱਚ ਜਾਇਗਾ ਹੋਇ, ਝੂਠ ਨਾ ਹੋਵਸੀ (ਰਾ. ਸ਼ੂ.

217 'ਜੜ੍ਹ ਨ ਅਨਾਤਮ, ਦੇਹ, ਮਾਯਾ ਮੈਂ ਨਹੀ,
'ਮਾਦਾ ਪ੍ਰਕ੍ਰਿਤਿ ਨਾਹਿ ਇਸ ਤੋਂ ਵੱਖ ਹਾਂ,
'ਮੈਂ ਹਾਂ ਸਾਂਈਂ ਅੰਸ਼ ਰੂਹ ਜਾਂ ਆਤਮਾ (ਰਾ. ਸ਼ੂ.

218 ਰਟੁ ਨਾਮ ਜਪੰਦੀ ਤੂੰ, ਮਨ ਮਾਯਾ ਵਲੋਂ ਮੋੜਕੇ ।
(ਰਾਣੀ ਪੰਜਾਬ ਕੌਰ ਕਲਗੀਆਂ ਵਾਲੇ ਦੇ ਵਿਯੋਗ ਵਿਚ, ਕੰ. ਕ., ਪੰਨਾ 13)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਦੀ ਸੁਭਾਵਕ ਪ੍ਰਵਿਰਤੀ ਦਾ ਵਿਵੇਚਨ ਕਰਦਿਆਂ ਹੋਇਆਂ ਭਾਈ ਸਾਹਿਬ ਨੇ ਕਿਹਾ ਹੈ ਕਿ ਮਾਇਆ ਦਾ ਸੁਭਾਉ 'ਲੈਣਾ' ਹੈ, 'ਦੇਣਾ' ਨਹੀਂ। 'ਦੇਣਾ-ਦਾਨ' ਸੁਭਾਉ ਤਾਂ ਪਰਮਾਤਮਾ ਦਾ ਹੈ। ਪਰ ਕਿਉਂਕਿ ਆਤਮਾ ਪਰਮਾਤਮਾ ਦੀ ਅੰਸ਼ ਹੈ ਇਸ ਲਈ ਇਸ ਵਿੱਚ ਪਰਮਾਤਮ-ਗੁਣਾਂ ਦਾ ਪ੍ਰਵੇਸ਼ ਅਤਿ ਸੁਭਾਵਕ ਹੈ। ਇਸੇ ਲਈ ਸਵੱਛ ਅਤੇ ਸੁਰਜੀਤ ਆਤਮਾ ਵਿਚ 'ਦੇਣ' ਦਾ ਸੁਭਾਉ ਜਾਗ੍ਰਤ ਹੁੰਦਾ ਹੈ ਪਰ ਜੋ ਜੀਵ 'ਮਾਯਾ ਵੇੜ੍ਹਿਆ' ਹੈ ਉਹ ਸਦਾ 'ਲੈਣੇ ਸੰਦੀ ਕਾਰ ਕਰਦਾ' ਹੈ। ਇੰਜ 'ਮਾਯਾ-ਵੇੜ੍ਹਿਆ' ਜੀਵ ਹਉਮੈ ਕੁਠਾ ਹੈ ਅਤੇ ਸਵੱਛ, ਸੁਰਜੀਤ ਅਤੇ ਪਰਮ ਤਮਾ ਦੀ ਅੰਸ਼ ਜੀਵਾਤਮਾ ਹਉਮੈ-ਹੀਨ, ਗਰਜ਼-ਵਿਹੀਨ, ਵਾਸ਼ਨਾ-ਰਹਿਤ ਅਤੇ ਨਿਸ਼ਕਾਮ ਹੈ।[219]

---

219 'ਜੋ ਆਤਮ ਸੁਰਜੀਤ ਹੈ ਵੇ ਹੋਇਆ
'ਉਹ ਜਾਣੇ ਹੈ ਏਹ :—ਮੇਰਾ ਕੁਝ ਨਾ
'ਨਾਂ ਦੌਲਤ ਨਾਂ ਮਾਲ ਮਹਿਲ ਨ ਮਾੜੀਆਂ,
'ਨਾਂ ਧੀਆਂ ਨਾਂ ਪੁਤ ਸੱਜਣ ਸਾਕ ਨਾ
'ਦੇਹ ਤੇ ਇਦ੍ਹੇ ਸੰਬੰਧ ਮੇਰੇ ਹੈਨ ਨਾ
'ਐਸੇ ਗੁਰਮੁਖ ਲੋਕ ਕਰਦੇ ਦਾਨ ਜੋ
'ਹੁੰਦਾ ਸਹਜ ਸੁਭਾਵ ਜਿਵੇਂ ਗੁਲਾਬ ਤੋਂ
'ਖੁਸ਼ਬੋਈ ਦਾ ਦਾਨ ਆਪੇ ਹੋ ਰਿਹਾ।
'ਲੈਣਾਂ' ਅਹੇ ਸੁਭਾਵ 'ਮਾਯਾ' ਦਾ ਸੁਣੋ :—
'ਦੇਣਾ ਦਾਨ' ਸੁਭਾਵ ਹੈ ਪਰਮਾਤਮਾਂ ;
'ਪਰਮਾਤਮਾ ਦੀ ਅੰਸ਼ ਹੈ ਏ ਆਤਮਾਂ।
'ਜੋ ਉਸਨੇ ਹੈ ਦਾਨ ਦਿੱਤਾ ਸੋਹਿਣਾ ;
'ਅੰਸ਼ ਵਿਚ ਉਹ ਭਾਵ ਬੀ ਮੌਜੂਦ ਹੈ।
'ਜਦੋਂ ਆਤਮਾ ਸ਼ੁਧ ਹੈ ਹੋ ਜਾਂਵਦੀ
'ਦੇਣ ਸੁਭਾਵ ਹੈ ਆਪ ਉਸ ਵਿਚ ਜਾਗਦਾ।
'ਜੋ ਹੋਵੇ ਇਨਸਾਨ ਮਾਯਾ ਵੇੜ੍ਹਿਆ
'ਤੇ ਗੁਰਮੁਖ-ਇਸ਼ਨਾਨ ਕੀਤਾ ਨਾ ਜਿਨ੍ਹੇ
'ਲੈਣੇ ਸੰਦੀ ਕਾਰ ਕਰਦਾ ਓ ਸਦਾ।
'ਜਿਤਨੇ ਦੁਨੀਆਂ ਦਾਰ, ਦੇਣ ਨ ਜਾਣਦੇ !
'ਜੋ ਦੇਂਦੇ ਵਿਸ ਆਣ ਮੈਲੇ ਆਤਮੀ
'ਉਹ ਦੇਂਦੇ ਨਹਿੰ ਮੂਲ ਕਰਦੇ ਸੌਦੜੇ
'ਹੋਰ ਵਾਸ਼ਨਾ ਧਾਰ ਦਹਿ ਗੁਣ ਲੈਣ ਦੀ ;
'ਯਾ ਕੁਝ ਹੋਰ ਪ੍ਰਕਾਰ ਇੱਛਾ ਧਾਰ ਕੇ ?
'ਪਰ ਜੋ ਹਉਂ ਤੋਂ ਉਂਠ ਉੱਚੇ ਹੋਂਵਦੇ,
'ਆਤਮ ਉਨ੍ਹਾਂ ਸੁਭਾਵ ਹੈ ਵੇ ਜਾਗਦਾ,
'ਦੇਣ ਸੁਭਾ ਉਨ ਵਿੱਚ ਵਧਦਾ ਜਾਂਵਦਾ।

(ਬਾਕੀ ਅਗਲੇ ਪਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਇਆ ਸ਼ਬਦ ਦੀ ਵਰਤੋਂ ਭਾਈ ਸਾਹਿਬ ਨੇ ਸ਼ੁਧ, ਪਰਮ ਪਵਿਤਰ, ਘਟ ਘਟ ਵਿੱਚ ਵਿਆਪਕ, ਅਨੰਤ ਨਿਰੰਜਨ, ਨਿਰਵਿਕਾਰ, ਨਿਰਮੈਲ, ਦਵੰਦ ਰਹਿਤ ਸਤਿਗੁਰੂ ਰੂਪੀ ਪਰਮਾਤਮਾ ਅਤੇ ਮਾਯਾਮੱਤੀ ਅਰਥਾਤ ਪਾਪਣ, ਮਤਿਹੀਨ, ਮੂਲੋਂ ਮੈਲੀ, ਮੰਦ, ਮਨ ਦੀ ਉੱਚੀ, ਮਤਿ ਦੀ ਨੀਵੀਂ, ਨੀਚ, ਮੂੜ੍ਹ, ਅਧਮ ਅਜਾਣ, ਖੋਟੀ, ਮਾੜੀ, ਲੂੰ ਲੂੰ ਅਉਗਣਾਂ ਨਾਲ ਭਰਭੂਰ, ਰਾਜ-ਰੂਪ ਜੀਵਾਤਮਾ ਦਾ ਅੰਤਰ ਸਪਸ਼ਟ ਕਰਨ ਲਈ ਵੀ ਕੀਤੀ ਹੈ।[220]

ਮਾਇਆਵਾਦ ਦੇ ਅਨੁਸਾਰ ਜਗਤ ਮਿਥਿਆ ਹੈ, ਮਾਇਆ-ਕ੍ਰਿਤ ਹੈ, ਝੂਠ ਦਾ ਪਸਾਰਾ ਹੈ। ਇਹ ਤ੍ਰੈਕਾਲਿਕ-ਅਸੱਤ ਹੈ। ਪਰ ਭਾਈ ਸਾਹਿਬ ਨੇ ਇਸ ਮਿਥਿਆਵਾਦ ਦਾ ਪ੍ਰਮਾਣ-ਯੁਕਤ ਖੰਡਨ ਕੀਤਾ ਹੈ। ਉਹਨਾਂ ਅਨੁਸਾਰ ਜੇ ਮੰਨ ਲਈਏ ਕਿ ਸ੍ਰਿਸ਼ਟੀ ਮੂਲੋਂ ਹੀ ਮਿਥਿਆ ਹੈ, ਨਾ ਭੂਤ ਵਿੱਚ ਸੀ, ਨਾ ਵਰਤਮਾਨ ਵਿੱਚ ਹੈ ਅਤੇ ਨਾ ਹੀ ਭਵਿੱਖ ਵਿੱਚ ਹੋਵੇਗੀ ਤਾਂ ਇਸਦਾ ਮਤਲਬ ਇਹ ਹੈ ਕਿ ਅਜਿਹਾ ਕਥਨ ਵੀ ਆਪਣੇ ਆਪ ਵਿੱਚ ਮਿਥਿਆ ਹੈ, ਇਸ ਦਾ ਕਥਨ-ਕਰਤਾ ਵੀ ਮਿਥਿਆ ਹੈ, ਅਜਿਹਾ ਗਿਆਨ ਵੀ ਮਿਥਿਆ ਹੈ ਅਤੇ ਇਸ ਦਾ ਗਿਆਤਾ ਵੀ ਮਿਥਿਆ ਹੈ। ਭਾਈ ਸਾਹਿਬ ਅਨੁਸਾਰ ਵਾਸਤਵਿਕਤਾ ਇਹ ਹੈ ਕਿ ਜਗਤ ਦਾ ਕਰਤਾ ਆਦਿ ਜੁਗਾਦੀ ਸੱਚ ਹੈ, ਤ੍ਰੈਕਾਲਾਂ ਵਿਚ ਸੱਤ ਅਤੇ ਸਥਿਰ ਰਹਿੰਦਾ ਹੈ, ਉਸਦੀ ਰਚਿਤ ਸਮਸਤ ਸ੍ਰਿਸ਼ਟੀ ਵੀ ਸੱਤ ਹੈ—ਜੀਵ-ਸ੍ਰਿਸ਼ਟੀ ਵੀ ਅਤੇ ਪ੍ਰਾਕ੍ਰਿਤ ਅਥਵਾ ਜੜ੍ਹ-ਜਗਤ-ਸ੍ਰਿਸ਼ਟੀ ਵੀ।[221]

'ਪਹਿਲਾਂ ਕਰਦੇ ਦਾਨ ਫ਼ਰਜ਼ ਸ਼ਿਆਣ ਕੇ
'ਫਿਰ ਕਰਦੇ ਹਨ ਦਾਨ ਸੇਵਾ ਜਾਣਕੇ
ਫਿਰ ਕਰਦੇ ਹਨ ਦਾਨ ਗਰਜ਼ ਨਾਂ ਰੱਖਕੇ
'ਕਹੀਏ ਜੋ ਨਿਸ਼ਕਾਮ ਜਾਂ ਨਿਰਵਾਸ਼ਨਾ। (ਰਾਣਾ ਸੂਰਤ ਸਿੰਘ, ਪੰਨਾ 206)

220 'ਹੇ ਸਤਿਗੁਰੂ ਤੂੰ ਸ਼ੁਧ ਪਰਮ ਪਵਿਤਰੰ,
'ਘਟ ਘਟ ਵਯਾਪਕ ਪੂਰ' 'ਨੰਤ ਨਿਰੰਜਨੰ',
'ਨਿਰ ਵਿਕਾਰ, ਨਿਰਮੈਲ, ਰਹਿਤ ਦਵੰਦ ਤੋਂ
'ਮੈਂ ਪਾਪਣ ਮਤਿ ਹੀਨ ਮਾਯਾ ਮੱਤੀਆਂ,
'ਮੂਲੋਂ ਮੈਲੀ, ਮੰਦ, ਮਨ ਦੀ ਉੱਚੀਆਂ,
'ਮਤਿ ਦੀ ਨੀਵੀਂ, ਨੀਚ, ਕਰਮੋਂ, ਮੂੜ ਹਾਂ,
... ...
'ਹਾਂ ਮੈਂ ਅਧਮ, ਅਜਾਨ, ਖੋਟੀ, ਮਾੜੀਆਂ,
'ਲੂੰ ਲੂੰ ਔਗੁਣ ਨਾਲ ਹਾਂ ਭਰਪੂਰ ਮੈਂ। (ਰਾ. ਸੁ. ਨਿੰ, ਪੰਨਾ 115)

221 'ਅੱਖਰਾਂ ਪਾਸੋਂ ਬੁਧਿ ਪਾਈ ਪੰਡਿਤਾਂ ;
... ...
'ਮੈਨੂੰ ਆਖੇ 'ਝੂਠ ਦੁਨੀਆਂ ਝੂਠ ਹੈ,
''ਰਚੀ ਬਣੀ ਹੈ ਨਾਹਿੰ ਮੂਲੋਂ ਮਿਥਿਆ,
''ਤ੍ਰੈਂਨੇ ਕਾਲ ਅੱਸਤਿ ਹੋਈ ਹੋਇ ਨਾ।
... ... (ਬਾਕੀ ਅਗਲੇ ਪੈਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਝੂਠਾ ਹੈ ਜੇ ਜੱਗ ਹੋ ਪਯਾ ਝੂਠੜਾ ;
''ਤੂੰ ਬੀ ਸੱਚਾ ਨਾਹਿੰ ਵਿਚ ਇਸ ਜੱਗ ਦੇ ।
'ਤੇਰਾ ਬੀ ਜੋ ਗਯਾਨ ਝੂਠਾ ਹੋਵਸੀ ।
'ਸਭਦੀ ਕਹਿਣੀ ਝੂਠ ਜੇ ਤੂੰ ਦਸਦਾ
'ਤੇਰੀ ਕਹਿਣੀ ਝੂਠ ਆਪੇ ਹੋ ਗਈ ।
... ...
'ਰੱਬ ਸੱਚ ਹੈ ਸੱਚ ਤਿੰਨੇ ਕਾਲ ਹੀ
'ਉਹ ਹੈ ਬੰਦਾ—ਰਬ ਉਹ ਬੀ ਸੱਚ ਹੈ ।
'ਨਿਹਚਲ ਤੇ ਅਬਿਨਾਸ਼ ਵਾਙੂ ਰਬ ਦੇ । (ਰਾ. ਸ੍ਰ. ਸਿੰ., ਪੰਨਾ 138-39)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਇ ਪੰਜਵਾਂ : ਮੁਕਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਕਤੀ

ਮੁਕਤੀ ਸ਼ਬਦ ਮੁਚ ਧਾਤੂ ਤੋਂ 'ਕਤਿਨ' ਪ੍ਰਤਯਯ ਲਗਾਕੇ ਬਣਿਆਂ ਹੈ ਜਿਸਦਾ ਅਰਥ ਹੈ 'ਛੁਟਕਾਰਾ ਪਾਉਣਾ।' ਭਾਰਤੀ ਦਰਸ਼ਨ ਵਿੱਚ ਮੁਕਤੀ ਦੇ ਲਈ ਅਨੇਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਹਰੇਕ ਮਤ-ਮਤਾਂਤਰ ਵਿੱਚ ਇਸਦੀ ਪਰਿਭਾਸ਼ਾ ਭਿੰਨ ਭਿੰਨ ਰੂਪਾਂ ਵਿੱਚ ਕੀਤੀ ਗਈ ਹੈ।

ਚਾਰਵਾਕ ਮਤ ਦੇ ਅਨੁਸਾਰ ਆਤਮਾ ਅਤੇ ਪਰਲੋਕ ਦੀ ਸੱਤਾ ਨਹੀਂ ਹੈ, ਇਸ ਲਈ ਸਰੀਰ ਦਾ ਨਾਸ਼ ਹੀ ਮੁਕਤੀ ਹੈ।[1]

ਬੌਧ ਦਰਸ਼ਨ ਵਿੱਚ ਮੁਕਤੀ ਦੇ ਲਈ ਨਿਰਵਾਣ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਨਿਰਵਾਣ ਦਾ ਅਰਥ ਹੈ 'ਬੁਝ ਜਾਣਾ।' ਕੁਝ ਦਾਰਸ਼ਨਿਕਾਂ ਦੇ ਮਤ ਵਿੱਚ ਦੀਪਕ ਦੇ ਸਮਾਨ ਚੇਤਨ ਦਾ ਨਾਸ਼ ਹੋ ਜਾਣਾ ਹੀ ਨਿਰਵਾਣ ਹੈ। ਪਰ ਕੁਝ ਕੁ ਦੇ ਅਨੁਸਾਰ ਰਾਗ, ਦਵੈਖ ਅਤੇ ਅਵਿਦਿਆ ਆਦਿ ਦਾ ਨਾਸ਼ ਹੀ ਨਿਰਵਾਣ ਹੈ। ਨਿਰਵਾਣ ਵਿੱਚ ਦੁਖਾਂ ਦਾ ਨਾਸ਼ ਹੋ ਜਾਂਦਾ ਹੈ, ਇਸ ਲਈ ਬੌਧ ਦਾਰਸ਼ਨਿਕਾਂ ਨੇ ਦੁਖ-ਨਿਰੋਧ ਦੀ ਅਵਸਥਾ ਨੂੰ ਹੀ ਨਿਰਵਾਣ ਕਿਹਾ ਹੈ।

ਜੈਨ ਦਰਸ਼ਨ ਵਿੱਚ ਮੁਕਤੀ ਦੇ ਲਈ ਮੋਖ਼ਸ਼ ਅਤੇ ਕੈਵਲਯ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਉਥੇ ਮੋਖ ਦਾ ਅਰਥ ਹੈ 'ਕਰਮ ਪੁਦਗਲਾਂ' (ਸਰੀਰਕ ਕਰਮਾਂ ਦੇ ਬੰਧਨ) ਤੋਂ ਆਤਮਾ ਦਾ ਛੁਟਕਾਰਾ। ਜੀਵ ਆਦਿ ਕਾਲ ਤੋਂ ਹੀ ਕਰਮ ਦੇ ਬੰਧਨਾਂ ਵਿੱਚ ਜਕੜਿਆ ਰਹਿੰਦਾ ਹੈ, ਉਸ ਤੋਂ ਛੁਟਕਾਰਾ ਪਾਉਣਾ ਹੀ ਮੋਖ਼ਸ਼ ਹੈ।[2]

ਨਿਆਇ ਵੈਸ਼ੇਸ਼ਿਕ ਦੇ ਸੂਤਰ ਅਤੇ ਭਾਸ਼ ਵਿੱਚ ਮੁਕਤੀ ਦੇ ਲਈ ਨਿਸ਼੍ਰੇਯਸ, ਮੋਖ਼ਸ਼ ਅਤੇ ਅਪਵਰਗ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਨਿਆਇ ਸੂਤਰ ਵਿੱਚ ਦੁਖ ਦੇ ਸੰਪੂਰਣ ਵਿਨਾਸ਼ ਨੂੰ ਅਪਵਰਗ ਕਿਹਾ ਗਿਆ ਹੈ,[3] ਅਰਥਾਤ ਦੁਖ ਅਤੇ ਉਸਦੇ ਸਾਧਨ—ਵਰਤਮਾਨ ਜਨਮ ਤੋਂ ਨਵਿਰਤੀ ਅਤੇ ਹੋਰ ਜਨਮ ਦੀ ਅਨਉਤਪਤੀ। ਉੱਤਰ ਵੈਸ਼ੇਸ਼ਿਕ ਦੇ ਗ੍ਰੰਥਾਂ ਅਨੁਸਾਰ ਆਤਮਾ ਦੇ ਨੌਂ ਗੁਣਾਂ ਅਰਥਾਤ ਬੁੱਧੀ, ਸੁਖ, ਦੁਖ, ਇੱਛਾ, ਦਵੈਖ, ਜਤਨ, ਧਰਮ, ਅਧਰਮ ਅਤੇ ਸੰਸਕਾਰ ਦਾ ਮੂਲੋਂ ਹੀ ਵਿਨਾਸ਼ ਅਪਵਰਗ ਹੈ।[4]

ਸਾਂਖ-ਯੋਗ ਵਿੱਚ ਮੁਕਤੀ ਜਾਂ ਮੋਖ ਦੇ ਲਈ ਸਾਧਾਰਣ ਤੌਰ ਤੇ ਕੈਵਲਯ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਸਾਂਖ-ਯੋਗ ਦੇ ਅਨੁਸਾਰ ਵਿਵੇਕ ਦੇ ਪ੍ਰਕਾਸ਼ਿਤ ਹੋਣ ਤੇ ਪੁਰਸ਼

---

1 ਸਰਵ ਦਰਸ਼ਨ ਸੰਗ੍ਰਹਿ (ਚਾਰਵਾਕ ਦਰਸ਼ਨ), ਪੰਨਾ 9

2 'ਕ੍ਰਿਤ ਸਨਕਰਮਖ਼ਸ਼ਯੋ ਮੋਖ਼ਸ਼ਾ', ਤਤਵਾਰਥ ਸੂਤਰ, 10/2-3

3 ਨਿਆਇ ਸੂਤਰ, ਵਾਤਸਯਾਯਨ ਭਾਸ਼, 1/1/22

4 ਨਿਆਇ ਮੰਜਰੀ, ਜਯੰਤ ਭਟ, ਪੰਨਾ 77 ਅਤੇ ਨਿਆਇ ਕੰਦਲੀ, ਸ਼੍ਰੀਧਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਆਪ ਨੂੰ ਪ੍ਰਕ੍ਰਿਤੀ ਤੋਂ ਵੱਖ ਸਮਝਣ ਲਗ ਪੈਂਦਾ ਹੈ। ਉਦੋਂ ਉਹ 'ਕੈਵਲਯ' ਦੀ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਯੋਗ-ਸੂਤਰ ਵਿੱਚ ਕਿਹਾ ਗਿਆ ਹੈ ਕਿ ਚਿੱਤ ਸ਼ਕਤੀ ਜਾਂ ਪੁਰਸ਼ ਦੀ ਆਪਣੇ ਨਿਰਮਲ ਚੈਤੰਨ ਵਿੱਚ ਸਥਿਤੀ ਹੀ ਕੈਵਲਯ ਹੈ।[5]

ਭਟ ਮੀਮਾਂਸਕਾਂ ਨੇ ਪ੍ਰਪੰਚ-ਸੰਬੰਧ-ਵਿਹੀਨਤਾ ਨੂੰ ਹੀ ਮੋਖ ਦਾ ਨਾਮ ਦਿੱਤਾ ਹੈ।[6] 'ਭੋਗ ਦਾ ਅਧਾਰ ਸਰੀਰ, ਭੋਗ ਦੇ ਸਾਧਨ ਇੰਦਰੀਆਂ ਅਤੇ ਮਨ ਅਤੇ ਭੋਗ ਦੇ ਵਿਸ਼ਯ ਆਦਿ, ਇਹ ਤਿੰਨ ਪ੍ਰਕਾਰ ਦੇ ਪ੍ਰਪੰਚ ਹਨ। ਇਹਨਾਂ ਦੇ ਨਾਲ ਪੁਰਸ਼ ਦਾ ਸੰਬੰਧ ਹੀ ਬੰਧਨ ਹੈ। ਇਸ ਬੰਧਨ ਦੀ ਪੂਰਣ ਭਾਂਤ ਸਮਾਪਤੀ ਹੀ ਮੋਖ ਅਖਵਾਉਂਦੀ ਹੈ।

ਅਦਵੈਤ ਵੇਦਾਂਤ ਵਿੱਚ ਮੁਕਤੀ ਦਾ ਸਰੂਪ ਦਰਸਾਂਦਿਆਂ ਕਿਹਾ ਗਿਆ ਹੈ ਕਿ ਆਤਮਾ ਸੁਭਾਵ ਤੋਂ ਹੀ ਮੁਕਤ ਹੈ।[7] ਇਸ ਲਈ ਮੁਕਤੀ ਪ੍ਰਾਪਤ ਕਰਨ ਯੋਗ ਨਹੀਂ ਹੈ। ਪਰ ਫੇਰ ਵੀ ਜੀਵ ਅਗਿਆਨ-ਵਸ ਉਸਨੂੰ ਬਾਹਰ ਢੂੰਡਦਾ ਫਿਰਦਾ ਹੈ। ਇਸਦੇ ਸਰੂਪ ਨੂੰ ਸਮਝਾਉਣ ਲਈ ਵੇਦਾਂਤੀ ਗਲੇ ਦੇ ਹਾਰ ਦੀ ਉਦਾਹਰਣ ਦਿੰਦਿਆਂ ਕਹਿੰਦੇ ਹਨ ਕਿ ਜਿਵੇਂ ਕੋਈ ਮਨੁੱਖ ਗਲੇ ਵਿੱਚ ਸੋਨੇ ਦਾ ਹਾਰ ਪਾਈ ਉਸਨੂੰ ਹੋਰਥੇ ਢੂੰਡਦਾ ਫਿਰੇ ਅਤੇ ਕਿਸੇ ਜਾਣਕਾਰ ਦੁਆਰਾ ਪਤਾ ਚਲਣ ਤੇ ਕਿ ਹਾਰ ਤਾਂ ਉਸਦੇ ਆਪਣੇ ਹੀ ਗਲੇ ਵਿੱਚ ਪਾਇਆ ਪਿਆ ਹੈ, ਉਸਨੂੰ ਹਾਰ ਦੀ ਸਹੀ ਸਥਿਤੀ ਦਾ ਗਿਆਨ ਹੋ ਜਾਂਦਾ ਹੈ, ਇੰਜ ਹੀ ਜੀਵ, ਗੁਰੂ ਦੇ ਉਪਦੇਸ਼ ਦੁਆਰਾ ਅਗਿਆਨ ਅਤੇ ਭਰਮ ਦੀ ਨਵਿਰਤੀ ਹੋਣ ਕਾਰਣ ਵਿਵੇਕ ਦੀ ਉਤਪਤੀ ਹੋਣ ਤੇ, ਸੁਭਾਵਕ ਹੀ ਮੁਕਤੀ ਦਾ ਅਨੁਭਵ ਕਰ ਲੈਂਦਾ ਹੈ।[8]

ਮੁਕਤੀ ਦੀਆਂ ਉਪ੍ਰੋਕਤ ਪਰਿਭਾਸ਼ਾਵਾਂ ਨੂੰ ਦ੍ਰਿਸ਼ਟੀ ਵਿੱਚ ਰਖਦਿਆਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਭਿੰਨ ਭਿੰਨ ਦਰਸ਼ਨਾਂ ਵਿੱਚ ਮੁਕਤੀ ਦਾ ਆਪੋ ਆਪਣੇ ਮੰਤਵਾਂ ਨੂੰ ਮੁਖ ਰਖਕੇ ਨਿਰੂਪਣ ਕੀਤਾ ਗਿਆ ਹੈ। ਇਸਤੋਂ ਛੁਟ ਮੁਕਤੀ ਦੇ ਕੁਝ ਹੋਰ ਸਰੂਪਾਂ ਵਲ ਵੀ ਸੰਕੇਤ ਕੀਤਾ ਗਿਆ ਹੈ ਜਿਵੇਂ 'ਅਪਰ ਮੁਕਤੀ', 'ਪਰਾ-ਮੁਕਤੀ' 'ਜੀਵਨ-ਮੁਕਤੀ' ਅਤੇ 'ਵਿਦੇਹ-ਮੁਕਤੀ' ਆਦਿ।

ਦਰਸ਼ਨ ਗ੍ਰੰਥਾਂ ਵਿੱਚ ਜੀਵਨ-ਮੁਕਤੀ ਦੀ ਅਵਸਥਾ ਦਾ ਵਰਣਨ ਪ੍ਰਸੰਗ-ਵਸ ਕੀਤਾ ਗਿਆ ਹੈ। ਮੋਖ ਦੇ ਇਛਕ (ਸਾਧਕ) ਦੀ ਸਾਧਨਾ ਦੀ ਚਰਮ (ਸਿਖ਼ਰੀ) ਅਵਸਥਾ ਦਾ ਨਿਰੂਪਣ ਕਰਦਿਆਂ ਹੋਇਆਂ ਹੀ ਜੀਵਨ-ਮੁਕਤੀ ਦੀ ਅਵਸਥਾ ਦਾ ਨਿਰੂਪਣ ਕੀਤਾ ਗਿਆ ਹੈ। ਦੁਖਾਂ ਦੀ ਨਵਿਰਤੀ ਦੇ ਰੂਪ ਵਿੱਚ ਅਥਵਾ ਨਿੱਤ-ਆਨੰਦ ਦੀ ਅਨੁਭੂਤੀ ਦੇ ਰੂਪ ਵਿੱਚ ਜੋ ਮੁਕਤੀ ਦਾ ਵਰਣਨ ਭਾਰਤੀ ਦਾਰਸ਼ਨਿਕਾਂ ਨੇ ਕੀਤਾ ਹੈ ਉਸਦੀ ਵਰਤਮਾਨ ਜੀਵਨ ਵਿੱਚ ਸਾਖਿਆਤ ਅਨੁਭੂਤੀ ਹੀ ਜੀਵਨ-ਮੁਕਤੀ ਹੈ। ਇਸੇ ਮੁਕਤੀ ਦੁਆਰਾ ਮਾਨਵ ਦਾ ਲੌਕਿਕ ਅਤੇ ਪਾਰਲੌਕਿਕ ਕਲਿਆਣ ਸੰਭਵ ਹੈ।

---

5 ਯੋਗਸੂਤਰ, 4/34, ਵਿਆਸ ਭਾਸ਼ ਅਤੇ ਵਾਚਸਪਤੀ ਮਿਸ਼੍ਰ ਕ੍ਰਿਤ ਤਤਵ ਵੈਸ਼ਾਰਦੀ ਟੀਕਾ ਸਹਿਤ, ਸੰਪਾਦਿਤ ਪੰਡਤ ਜੀਵਾਨੰਦ ਵਿਦਿਆਸਾਗਰ।

6 ਸ਼ਾਸਤ੍ਰ ਦੀਪਕਾ, ਪਾਰਥਸਾਰਥੀ ਮਿਸ਼੍ਰ, ਪੰਨਾ 358

7 ਪੰਚਦਸ਼ੀ, ਵਿਦਿਆਰਣਯ ਮੁਨੀ, ਚਿਤ੍ਰ ਦੀ ਪ੍ਰਕਰਣ, 35

8 ਭਾਰਤੀ ਦਰਸ਼ਨ, ਦੱਤਾ ਅਤੇ ਚੈਟਰਜੀ, ਪੰਨਾ 266

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵਨ-ਮੁਕਤੀ ਦੀ ਧਾਰਣਾ ਦੇ ਉਦਭਵ ਸੰਬੰਧੀ ਦੋ ਮਤ ਮਿਲਦੇ ਹਨ।[9] ਪਹਿਲੇ ਅਨੁਸਾਰ ਇਸ ਪਵਿਤਰ ਪਰਿਭਾਸ਼ਾ ਦਾ ਉਦਭਵ ਪਵਨ-ਅਹਾਰੀ, ਬਸਤ੍ਰਹੀਨ, ਇਕਾਂਤਸੇਵੀ (ਵਿਰਕਤ), ਜਨ-ਸਾਧਾਰਣ ਤੋਂ ਉਤਾਂਹ ਉਠੇ ਹੋਏ ਤਪਸਵੀਆਂ ਨਾਲ ਸੰਬੰਧ ਰਖਣ ਵਾਲੀਆਂ ਕਲਪਨਾਵਾਂ ਵਿੱਚ ਪ੍ਰਾਪਤ ਹੁੰਦਾ ਹੈ ਅਤੇ ਦੂਜੇ ਮਤ ਅਨੁਸਾਰ ਇਸ ਪਰਿਭਾਸ਼ਾ ਦਾ ਉਦਭਵ ਆਤਮਾ ਅਤੇ ਬ੍ਰਹਮ ਦੀ ਇਕ-ਰੂਪਤਾ ਅਤੇ ਨਿਰਵਾਣ ਨਾਲ ਸੰਬੰਧਤ ਸਿਧਾਂਤਾਂ ਵਿੱਚ ਮਿਲਦਾ ਹੈ।[10]

ਜੀਵਨ-ਮੁਕਤੀ ਸ਼ਬਦ ਦੀ ਉਤਪਤੀ 'ਜੀਵਤੋ ਮੁਕਤਿਹਿ' ਕੀਤੀ ਗਈ ਹੈ। ਜੀਵਤ ਅਵਸਥਾ ਵਿੱਚ ਹੀ ਬੰਧਨ ਤੋਂ ਨਵਿਰਤੀ-ਪ੍ਰਾਪਤੀ ਅਤੇ ਜੀਵਤ ਪੁਰਸ਼ ਦੇ ਕਰਤ੍ਰਿਤਵ ਅਤੇ ਭੋਗਤ੍ਰਿਤਵ ਤੋਂ ਉਪਜਣ ਵਾਲੇ ਸੁਖ-ਦੁਖ ਆਦਿ 'ਕਲੇਸ਼ਾਂ ਦੀ ਨਵਿਰਤੀ[11] ਨੂੰ ਜੀਵਨ-ਮੁਕਤੀ ਕਹਿੰਦੇ ਹਨ। ਵਾਮਨ ਸ਼ਿਵਰਾਮ ਆਪਟੇ ਨੇ ਜੀਵਨ-ਮੁਕਤੀ ਸ਼ਬਦ ਦਾ ਅਰਥ 'ਇਸੇ ਜੀਵਨ ਵਿੱਚ ਪਰਮ ਮੋਖ ਦੀ ਪ੍ਰਾਪਤੀ' ਕੀਤਾ ਹੈ।[12] ਸ਼ਬਦ ਸਾਗਰ ਕੋਸ਼ ਵਿੱਚ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਆਤਮ ਗਿਆਨ ਦੀ ਪ੍ਰਾਪਤੀ ਅਤੇ ਪੁਨਰ ਜਨਮ ਤੋਂ ਨਵਿਰਤੀ ਨੂੰ ਹੀ ਜੀਵਨ-ਮੁਕਤੀ ਕਿਹਾ ਗਿਆ ਹੈ।[13] ਮੋਨੀਅਰ ਵਿਲੀਅਮ ਨੇ ਜੀਵਨ-ਮੁਕਤੀ ਦਾ ਅਰਥ 'ਜੀਵਤ ਰਹਿੰਦਿਆਂ ਹੋਇਆਂ ਮੁਕਤੀ ਦੀ ਪ੍ਰਾਪਤੀ' ਕੀਤਾ ਹੈ।[14]

ਜਿਸ ਤਰ੍ਹਾਂ ਜੀਵਨ-ਮੁਕਤੀ ਸ਼ਬਦ ਅਤੇ ਇਸਦੇ ਅਰਥਾਂ ਸੰਬੰਧੀ ਸ਼ਬਦ ਕੋਸ਼ਾਂ ਵਿੱਚ ਭਾਂਤੋ ਭਾਂਤੀ ਵਿਚਾਰ ਪ੍ਰਗਟਾਏ ਗਏ ਹਨ ਉਸੇ ਤਰ੍ਹਾਂ ਜੀਵਨ-ਮੁਕਤ ਸ਼ਬਦ ਅਤੇ ਇਸਦੇ ਸਰੂਪ ਸੰਬੰਧੀ ਵੀ ਸ਼ਬਦ ਕੋਸ਼ਾਂ ਅਤੇ ਵਿਸ਼ਵ ਕੋਸ਼ਾਂ ਵਿੱਚ ਵਿਚਾਰ ਕੀਤੀ ਗਈ ਹੈ। ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ ਵਿੱਚ ਜੀਵਨ-ਮੁਕਤ ਦਾ ਵਿਵਰਣ ਦਿੰਦਿਆਂ ਹੋਇਆਂ ਦਸਿਆ ਹੈ ਕਿ ਜੀਵਨ-ਮੁਕਤ ਦਾ ਅਰਥ 'ਸੰਸਾਰ ਵਿੱਚ ਰਹਿੰਦਿਆਂ ਹੋਇਆਂ ਮੁਕਤ' ਹੈ। ਮੁਕਤੀ ਦਾ ਭਾਵ ਪੁਨਰ ਜਨਮ ਦਾ ਅੰਤ ਅਤੇ ਬ੍ਰਹਮ ਦੀ ਪ੍ਰਾਪਤੀ ਜਾਂ ਨਿਰਵਾਣ ਵਿੱਚ ਪ੍ਰਵੇਸ਼ ਸਮਝਣਾ ਚਾਹੀਦਾ ਹੈ। ਇਸ ਸੰਸਾਰ ਵਿੱਚ ਓਹੀ ਪੁਰਸ਼ ਮੁਕਤ ਹੈ ਜਿਸਨੇ ਮੁਕਤੀ ਦੀਆਂ ਸਾਰੀਆਂ ਪਰਿਸਥਿਤੀਆ ਦਾ ਅਨੁਭਵ ਕਰ ਲਿਆ ਹੈ। ਇਸ ਸੰਸਾਰ ਵਿੱਚ ਉਹ ਆਪਣੇ ਜੀਵਨ ਦੀ ਸਿਖਰੀ ਅਵਸਥਾ ਵਿੱਚ ਵਿਚਰ ਰਿਹਾ ਹੈ।[15]

---

9 ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ, ਭਾਗ ਸੱਤਵਾਂ, 'ਜੀਵਨ-ਮੁਕਤੀ' ਵਾਲਾ ਲੇਖ, ਪੰਨਾ 363-64

10 ਓਹੀ, ਪੰਨਾ 363-64

11 ਵਾਚਸਪਤੀ ਸ਼ਬਦ ਕੋਸ਼, ਭਾਗ ਚੌਥਾ, ਪੰਨਾ 3133

12 ਸੰਸਕ੍ਰਿਤ-ਹਿੰਦੀ ਸ਼ਬਦ ਕੋਸ਼, ਵਾਮਨ ਸ਼ਿਵਰਾਮ ਆਪਟੇ, ਪੰਨਾ 407

13 ਸ਼ਬਦ ਸਾਗਰ, ਸੰਸਕ੍ਰਿਤ-ਅੰਗ੍ਰੇਜ਼ੀ ਕੋਸ਼, ਪੰਨਾ 29।

14 ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ, ਐਮ. ਮੋਨੀਅਰ ਵਿਲੀਅਮ, ਪੰਨਾ 423

15 ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ, ਭਾਗ ਸੱਤਵਾਂ, 'ਜੀਵਨ-ਮੁਕਤੀ' ਵਾਲਾ ਲੇਖ, ਪੰਨਾ 363-64

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਚਸਪਤੀ ਕੋਸ਼ ਵਿੱਚ ਜੀਵਨ ਮੁਕਤ ਦੀ ਵਿਉਤਪਤੀ ਕਰਦਿਆਂ ਹੋਇਆਂ ਕਿਹਾ ਗਿਆ ਹੈ ਕਿ ਜੀਵਤ ਰਹਿੰਦਿਆਂ ਮੁਕਤ ਹੋ ਜਾਣ ਵਾਲਾ ਜੀਵਨ-ਮੁਕਤ ਅਖਵਾਉਂਦਾ ਹੈ।[16] ਵੇਦਾਂਤ ਦੇ ਅਨੁਸਾਰ ਜੀਵਨ ਮੁਕਤ ਦੀ ਪਰਿਭਾਸ਼ਾ ਕਰਦਿਆਂ ਹੋਇਆਂ ਸ਼ਬਦ ਕਲਪਦਰੁਮ ਅਤੇ ਵਾਚਸਪਤੀ ਸ਼ਬਦ ਕੋਸ਼ ਵਿੱਚ ਇਹੀ ਦਰਸਾਇਆ ਗਿਆ ਹੈ ਕਿ ਜੀਵ ਦੇ ਸਰੂਪ ਦਾ ਗਿਆਨ ਹੋਣ ਤੇ ਉਸ ਗਿਆਨ ਦੁਆਰਾ ਜੀਵ ਦੇ ਸਰੂਪ ਸੰਬੰਧੀ ਅਗਿਆਨ ਦਾ ਨਾਸ਼ ਹੋ ਜਾਂਦਾ ਹੈ ਅਤੇ ਫਿਰ ਅਗਿਆਨ ਦੇ ਕਰਮ ਅਰਥਾਤ ਸੰਚਿਤ ਕਰਮ ਅਤੇ ਸੰਸਾ ਆਦਿ ਨਾਸ਼ ਹੋ ਜਾਂਦੇ ਹਨ। ਫਲਸਰੂਪ ਇਸ ਪ੍ਰਕਾਰ ਦੇ ਬੰਧਨਾ ਤੋਂ ਰਹਿਤ ਬ੍ਰਹਮ-ਨਿਸ਼ਠ ਪੁਰਸ਼ ਹੀ ਜੀਵਨ-ਮੁਕਤ ਅਖਵਾਉਂਦਾ ਹੈ। ਅਵਿਦਿਆ ਦਾ ਨਾਸ਼ ਹੋਣ ਤੇ ਜੀਵਨ-ਮੁਕਤ ਪੂਰਵ ਸੰਸਕਾਰ ਦੇ ਅਨੁਸਾਰ ਅਜਿਹੇ ਵੀ ਕਰਮ ਕਰਦਾ ਰਹਿੰਦਾ ਹੈ ਜਿਹਨਾਂ ਦਾ ਤਤਵ-ਗਿਆਨ ਨਾਲ ਕੋਈ ਵਿਰੋਧ ਨਹੀਂ ਹੁੰਦਾ। ਪ੍ਰਾਰਬਧ ਕਰਮ ਦਾ ਫਲ ਵੀ ਉਹ ਭੋਗਦਾ ਰਹਿੰਦਾ ਹੈ ਪਰ ਫੇਰ ਵੀ ਬੱਧ-ਜੀਵਾਂ ਦੇ ਟਾਕਰੇ ਤੇ ਉਸਦੀ ਅਵਸਥਾ ਭਿੰਨ ਹੁੰਦੀ ਹੈ। ਉਸਨੂੰ ਕਰਮ ਫਲ ਭੋਗਦਿਆਂ ਹੋਇਆਂ 'ਇਹ ਸਭ ਅਸੱਤ ਹਨ', ਇਸ ਪ੍ਰਕਾਰ ਦਾ ਪ੍ਰਤੱਖ ਗਿਆਨ ਹੁੰਦਾ ਹੈ ਜੋ ਕਿ ਸੰਸਾਰ-ਬਧ ਜੀਵਾਂ ਨੂੰ ਕਦੀ ਨਹੀਂ ਹੋ ਸਕਦਾ। ਜਿਵੇਂ ਕੋਈ ਇੰਦਰਜਾਲ ਦਿਖਾਣ ਵਾਲਾ ਨਿਸ਼ਚਿਤ ਰੂਪ ਨਾਲ ਜਾਣਦਾ ਹੈ ਕਿ ਉਹ ਜੋ ਇੰਦਰਜਾਲ ਦਿਖਾ ਰਿਹਾ ਹੈ ਉਹ ਸੱਤ ਨਹੀਂ ਹੈ, ਉਵੇਂ ਹੀ ਬ੍ਰਹਮ ਗਿਆਨੀ ਪੁਰਸ਼ ਵੀ ਸੰਸਾਰ ਵਿੱਚ ਹੋਣ ਵਾਲੀਆਂ ਸਮਸਤ ਘਰਨਾਵਾਂ ਨੂੰ ਅਸੱਤ ਸਮਝਦਾ ਹੈ। ਅਜਿਹੀ ਅਵਸਥਾ ਵਿੱਚ ਜੀਵਨ-ਮੁਕਤ ਪੁਰਸ਼ ਸਭ ਕੁਝ ਦੇਖਦਿਆਂ ਹੋਇਆਂ ਵੀ, ਸਭ ਕੁਝ ਸੁਣਦਿਆਂ ਹੋਇਆਂ ਵੀ, ਵਾਸਤਵ ਵਿੱਚ ਨਾ ਤਾਂ ਦੇਖਦਾ ਹੈ ਅਤੇ ਨਾ ਹੀ ਸੁਣਦਾ ਹੈ।[17]

ਸ਼ਬਦ ਸਾਗਰ ਵਿੱਚ ਜੀਵਨ-ਮੁਕਤ ਦੀ ਪਰਿਭਾਸ਼ਾ ਕਰਦਿਆਂ ਹੋਇਆਂ ਕਿਹਾ ਗਿਆ ਹੈ ਕਿ ਬ੍ਰਹਮ ਗਿਆਨ ਦੁਆਰਾ ਪਵਿੱਤਰ ਹੋਇਆ ਅਤੇ ਇਸੇ ਜੀਵਨ ਵਿੱਚ ਪੁਨਰ ਜਨਮ ਤੋਂ ਮੁਕਤ ਪੁਰਸ਼ ਜੀਵਨ-ਮੁਕਤ ਅਖਵਾਉਂਦਾ ਹੈ।[18] ਅਰਨੈਸਟ ਵੁਡ ਨੇ ਵੀ ਆਪਣੀ ਡਿਕਸ਼ਨਰੀ ਵਿੱਚ ਜੀਵਨ-ਮੁਕਤ ਦੀ ਅਜਿਹੀ ਹੀ ਪਰਿਭਾਸ਼ਾ ਦਿੱਤੀ ਹੈ।[19]

ਸੰਖੇਪ ਵਿੱਚ ਤੱਤ ਗਿਆਨ ਦੀ ਪ੍ਰਾਪਤੀ ਹੋਣ ਤੇ ਆਤਮਾ ਮੁਕਤ ਹੋ ਜਾਂਦੀ ਹੈ ਪਰ ਪ੍ਰਾਰਬਧ ਕਰਮਾ ਦੇ ਭੋਗ ਲਈ ਕੁਝ ਸਮੇਂ ਤੀਕ ਸਰੀਰ ਵਿੱਚ ਹੀ ਵਿਦਮਾਨ ਰਹਿੰਦੀ ਹੈ। ਇੰਜ ਇਹ ਸਦੇਹ-ਮੁਕਤੀ ਦੀ ਅਵਸਥਾ ਹੀ ਜੀਵਨ-ਮੁਕਤੀ ਕਹੀ ਜਾਂਦੀ ਹੈ ਅਤੇ ਇਸ ਅਵਸਥਾ ਦਾ ਧਾਰਣੀ ਪੁਰਸ਼ ਹੀ ਜੀਵਨ-ਮੁਕਤ ਅਖਵਾਉਂਦਾ ਹੈ। ਜਦੋਂ ਜੀਵਨ-ਮੁਕਤ ਸਰੀਰ ਨੂੰ ਤਿਆਗਕੇ ਮੁਕਤ ਅਵਸਥਾ ਦਾ ਧਾਰਣੀ ਹੁੰਦਾ ਹੈ ਤਦੋਂ ਉਹ ਵਿਦੇਹ-ਮੁਕਤੀ ਦੀ ਅਵਸਥਾ ਅਖਵਾਉਂਦੀ ਹੈ।

---

16 ਵਾਚਸਪਤੀ ਸੰਸਕ੍ਰਿਤ ਸ਼ਬਦ ਕੋਸ਼, ਭਾਗ ਚੌਥਾ, ਪੰਨਾ 3129

17 ਸ਼ਬਦ ਕਲਪਦਰੁਮ, ਰਾਜਾ ਰਾਧਾਕਾਂਤ ਦੇਵ, ਪੰਨਾ 540 ਅਤੇ ਵਾਚਸਪਤੀ ਸੰਸਕ੍ਰਿਤ ਸ਼ਬਦ ਕੋਸ਼, ਪੰਨਾ 3129-32

18 ਸ਼ਬਦ ਸਾਗਰ, ਸੰਸਕ੍ਰਿਤ ਅੰਗ੍ਰੇਜ਼ੀ ਸ਼ਬਦ ਕੋਸ਼, ਸ੍ਰੀ ਜੀਵਾਨੰਦ ਵਿਦਿਆ-ਸਾਗਰ, ਪੰਨਾ 291

19 ਵੇਦਾਂਤਾ ਡਿਕਸ਼ਨਰੀ, ਅਰਨੈਸਟ ਵੁਡ, ਪੰਨਾ 93-94

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਚਸਪਤੀ ਸ਼ਬਦ-ਕੋਸ਼ ਵਿੱਚ ਵਿਦੇਹ ਸ਼ਬਦ ਦਾ ਅਰਥ ਹੈ 'ਜਿਸਦਾ ਦੇਹ ਨਾਲੋਂ ਸੰਬੰਧ ਟੁਟ ਗਿਆ ਹੈ' ।[20] ਇੰਜ ਵਿਦੇਹ-ਮੁਕਤੀ ਉਹ ਅਵਸਥਾ ਹੈ ਜਿਸ ਵਿੱਚ ਪ੍ਰਾਰਬਧ ਕਰਮਾਂ ਦੇ ਭੋਗ ਉਪ੍ਰੰਤ ਜੀਵਨ-ਮੁਕਤ ਦਾ ਦੇਹ-ਪਾਤ (ਦੇਹ-ਅੰਤ) ਹੋ ਜਾਂਦਾ ਹੈ ।

ਉਪਨਿਸ਼ਦਾਂ ਦੇ 'ਵਿਮੁਕਤਸ਼ਚ ਵਿਮੁਚਯਤੇ'[21] ਜਿਹੇ ਬਚਨ ਜੀਵਨ-ਮੁਕਤੀ ਅਤੇ ਪਰਮ-ਮੁਕਤੀ ਦਾ ਅੰਤਰ ਸਪਸ਼ਟ ਕਰਦੇ ਹਨ । ਭਾਵ ਇਹ ਕਿ ਭਾਵੇਂ ਕਾਮ ਆਦਿ ਦ੍ਰਿਸ਼ਟ ਬੰਧਨਾਂ ਦੁਆਰਾ ਜੀਵਨ-ਮੁਕਤ ਦਸ਼ਾ ਵਿੱਚ ਵੀ ਪੁਰਸ਼ ਮੁਕਤ ਹੋ ਜਾਂਦਾ ਹੈ ਪਰ ਸਰੀਰ ਤਿਆਗਕੇ ਉਹ ਵਿਸ਼ੇਸ਼ ਤੌਰ ਤੇ ਮੁਕਤ ਹੋ ਜਾਂਦਾ ਹੈ । ਇਸ ਦਸ਼ਾ ਵਿੱਚ ਨਾ ਪ੍ਰਾਰਬਧ ਕਰਮਾਂ ਦਾ ਭੋਗਣਾ ਬਾਕੀ ਰਹਿ ਜਾਂਦਾ ਹੈ ਅਤੇ ਨਾ ਹੀ ਸਰੀਰ ਆਦਿ ਦਾ ਬੰਧਨ । ਇਹ ਪਰਮ-ਮੁਕਤੀ ਦੀ ਅਵਸਥਾ ਹੈ । ਅਨੇਕ ਭਾਰਤੀ ਦਰਸ਼ਨ ਸੰਪ੍ਰਦਾਵਾਂ ਵਿੱਚ 'ਦ੍ਰਵਯ ਮੋਖਸ਼', 'ਨਿਰੁਪਵਿਸ਼ੇਸ਼-ਨਿਰਵਾਣ' 'ਮੋਖਸ਼', 'ਕੈਵਲਯ' ਆਦਿ ਨਾਮਾ ਦੁਆਰਾ ਇਸ ਅਵਸਥਾ ਦਾ ਨਿਰੂਪਣ ਕੀਤਾ ਗਿਆ ਹੈ । 'ਲਘੂਯੋਗਵਾਸ਼ਿਸ਼ਠ' ਵਿੱਚ ਵੀ ਇਸ ਮਤ ਦੀ ਪੁਸ਼ਟੀ ਕਰਦਿਆਂ ਕਿਹਾ ਗਿਆ ਹੈ ਕਿ ਜਿਵੇਂ ਗਤੀਮਾਨ ਵਾਯੂ ਸਥਿਰ ਅਵਸਥਾ ਨੂੰ ਪ੍ਰਾਪਤ ਹੁੰਦੀ ਹੈ ਉਸੇ ਤਰ੍ਹਾਂ ਹੀ ਜੀਵਨ-ਮੁਕਤ ਪੁਰਸ਼ ਆਪਣੇ ਸਰੀਰ ਦੇ ਕਾਲ ਵਸ ਹੋਣ ਤੇ ਜੀਵਨ-ਮੁਕਤ ਅਵਸਥਾ ਨੂੰ ਤਿਆਗਕੇ ਵਿਦੇਹ-ਮੁਕਤ-ਪਦ ਵਿੱਚ ਪ੍ਰਵੇਸ਼ ਕਰਦਾ ਹੈ[22] ਅਰਥਾਤ ਵਿਦੇਹ-ਮੁਕਤ-ਪਦ ਦਾ ਧਾਰਨੀ ਬਣਦਾ ਹੈ ।

ਸਪਸ਼ਟ ਹੈ ਕਿ ਵਰਤਮਾਨ ਸਰੀਰ ਦੇ ਪਤਨ ਹੋਣ ਤੇ ਵਿਦੇਹ-ਮੁਕਤੀ ਮਿਲਦੀ ਹੈ ਜਿਵੇਂ ਕਿ ਛਾਂਦੋਗਯ ਉਪਨਿਸ਼ਦ ਵਿੱਚ ਵੀ ਕਿਹਾ ਗਿਆ ਹੈ ਕਿ ਗਿਆਨਵਾਨ ਪੁਰਸ਼ ਨੂੰ ਤਦ ਤੀਕ ਵਿਦੇਹ-ਮੁਕਤੀ ਮਿਲਣ ਵਿੱਚ ਦੇਰ ਹੈ ਜਦ ਤੀਕ ਵਰਤਮਾਨ ਦੇਹ ਤੋਂ ਉਹ ਛੁਟਕਾਰਾ ਨਹੀਂ ਪਾ ਲੈਂਦਾ ।[23] ਇਸੇ ਕਥਨ ਦਾ ਸਮਰਥਨ ਕਰਦਿਆਂ ਹੋਇਆਂ ਅਚਾਰੀਆ ਸ਼ੰਕਰ ਨੇ 'ਵਾਕਯਵ੍ਰਿਤੀ' ਵਿੱਚ ਕਿਹਾ ਹੈ ਕਿ ਸਾਧਕ ਜਦ ਕੁਝ ਸਮੇਂ ਦੇ ਲਈ ਪ੍ਰਾਰਬਧ ਕਰਮ ਦੇ ਸੰਸਕਾਰ ਤੋਂ ਜੀਵਨ-ਮੁਕਤ ਹੁੰਦਾ ਹੈ ਤਦ ਪ੍ਰਾਰਬਧ ਕਰਮ ਨਾਸ਼ ਹੋਣ ਤੇ, ਪੁਨਰਾਵ੍ਰਿਤੀ (ਕੀਤੇ ਕਰਮਾਂ ਨੂੰ ਦੁਬਾਰਾ ਕਰਨ ਦੀ ਕਿਰਿਆ) ਰਹਿਤ, ਸਰਬੋਤਮ ਆਨੰਦ-ਸਰੂਪ, ਸਰਵ-ਉਤਕ੍ਰਿਸ਼ਟ ਵਿਸ਼ਨੂਪਦ ਰੂਪੀ ਕੈਵਲਯਪਦ ਨੂੰ ਪ੍ਰਾਪਤ ਹੋ ਜਾਂਦਾ ਹੈ ।[24]

ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਜੀਵਨ-ਮੁਕਤ ਦੀ ਮੌਤ ਉਪ੍ਰੰਤ ਹੀ ਉਸਨੂੰ ਵਿਦੇਹ-ਮੁਕਤੀ ਮਿਲਦੀ ਹੈ । 'ਵਿਦੇਹ-ਮੁਕਤੀ' ਪਦ ਵਿੱਚ 'ਦੇਹ' ਸ਼ਬਦ ਤੋਂ 'ਸਕਲ ਦੇਹ' ਦਾ ਭਾਵ ਲਿਆ ਜਾਂਦਾ ਹੈ ਅਤੇ ਸਕਲ ਦੇਹ ਦੀ ਨਵਿਰਤੀ ਮੌਤ-ਉਪ੍ਰੰਤ ਹੀ ਹੁੰਦੀ ਹੈ ।[25] ਇੰਜ ਲਗਭਗ ਸਭਨਾ ਦਾਰਸ਼ਨਿਕਾਂ ਨੇ ਮੌਤ-ਉਪ੍ਰੰਤ ਦੀ ਮੁਕਤੀ-ਅਵਸਥਾ

---

20 ਵਾਚਸਪਤੀ ਸ਼ਬਦ ਕੋਸ਼, ਭਾਗ ਛੇਵਾਂ, ਪੰਨਾ 4900

21 ਕਠਉਪਨਿਸ਼ਦ, 5/1

22 ਲਘੂਯੋਗ ਵਾਸ਼ਿਸ਼ਠ, 5/98

23 ਛਾਂਦੋਗਯ ਉਪਨਿਸ਼ਦ, 6/14/2

24 ਵਾਕਯਵ੍ਰਿਤੀ, ਸ਼ੰਕਰਾਚਾਰੀਆ, ਸੰਪਾਦਕ ਐਚ. ਆਰ. ਭਾਰਵਤ, ਪੰਨਾ 52-53

25 ਜੀਵਨ ਮੁਕਤੀ ਵਿਵੇਕ, ਵਿਦਿਆਰਣਯ ਮੁਨੀ, ਪੰਨਾ 44

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਵਿਦੇਹ-ਮੁਕਤੀ ਜਾਂ ਪਰਮ-ਮੁਕਤੀ ਮੰਨਿਆਂ ਹੈ ਅਤੇ ਇਸ ਜੀਵਨ ਵਿੱਚ ਮੁਕਤੀ-ਪ੍ਰਾਪਤੀ ਨੂੰ ਜੀਵਨ-ਮੁਕਤੀ ਕਿਹਾ ਹੈ ।

ਜੀਵਨ-ਮੁਕਤੀ ਅਤੇ ਵਿਦੇਹ-ਮੁਕਤੀ ਤੋਂ ਛੁਟ ਭਾਰਤੀ ਦਾਰਸ਼ਨਿਕ ਸੰਪ੍ਰਦਾਵਾਂ ਵਿੱਚ ਹੋਰ ਵੀ ਅਨੇਕ ਪ੍ਰਕਾਰ ਦੀਆਂ ਮੁਕਤੀਆਂ ਦਾ ਜ਼ਿਕਰ ਮਿਲਦਾ ਹੈ ਜਿਵੇਂ :—ਕ੍ਰਮ-ਮੁਕਤੀ, ਸਦਯੋ-ਮੁਕਤੀ, ਸਾਯੁਜਯ, ਸਾਰੂਪਯ, ਸਾਲੋਕਯ ਅਤੇ ਸਾਮੀਪਯ ਆਦਿ ।

'ਕ੍ਰਮ-ਮੁਕਤੀ' ਦਾ ਅਰਥ ਹੈ ਕ੍ਰਮ ਦੁਆਰਾ ਮੁਕਤੀ ਪ੍ਰਾਪਤ ਕਰਨਾ । ਜੋ ਸਾਧਕ ਸਗੁਣ ਉਪਾਸਨਾ ਵਿੱਚ ਲੀਨ ਰਹਿੰਦੇ ਹਨ ਉਹਨਾਂ ਨੂੰ ਇਸ ਲੋਕ ਵਿੱਚ ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ । ਉਹ 'ਦੇਵਯਾਨ'[26] ਆਦਿ ਮਾਰਗਾਂ ਦੁਆਰਾ ਕਾਰਜ-ਬ੍ਰਹਮ (ਹਿਰਣੈ ਗਰਭ) ਆਦਿ ਨੂੰ ਪ੍ਰਾਪਤ ਹੁੰਦੇ ਹਨ ਅਤੇ ਬ੍ਰਹਮ ਗਿਆਨ ਪ੍ਰਾਪਤ ਕਰਕੇ ਪਰਮ-ਬ੍ਰਹਮ ਦੀ ਪ੍ਰਾਪਤੀ ਕਰ ਲੈਂਦੇ ਹਨ । ਕਿਉਂਕਿ ਅਜਿਹੇ ਸਾਧਕਾਂ ਨੂੰ ਬ੍ਰਹਮ-ਪ੍ਰਾਪਤੀ ਕ੍ਰਮਿਕ-ਰੂਪ ਵਿੱਚ ਹੁੰਦੀ ਹੈ ਇਸ ਲਈ ਇਸਨੂੰ ਕ੍ਰਮ-ਮੁਕਤੀ ਕਹਿੰਦੇ ਹਨ ।[27]

'ਸਦਯੋ-ਮੁਕਤੀ' ਦਾ ਅਰਥ ਹੈ 'ਆਤਮ ਗਿਆਨ ਤੋਂ ਉਪ੍ਰੰਤ ਤੁਰੰਤ ਮੋਖ ਦੀ ਪ੍ਰਾਪਤੀ' । ਸ਼ੰਕਰ ਨੇ ਗੀਤਾ ਭਾਸ਼ ਵਿੱਚ ਕਿਹਾ ਹੈ ਕਿ 'ਯਥਾਰਥ ਗਿਆਨ ਦੇ ਵਿਸ਼ਵਾਸੀ ਸੰਨਿਆਸੀਆਂ ਲਈ ਸਦਯੋ-ਮੁਕਤੀ ਕਥਿਤ ਹੈ' ।[28] ਅਜਿਹੇ ਸੰਨਿਆਸੀਆਂ ਦਾ ਵਰਣਨ ਕਰਦਿਆਂ ਹੋਇਆਂ ਗੀਤਾ ਵਿੱਚ ਕਿਹਾ ਗਿਆ ਹੈ 'ਜੋ ਆਪਣੇ ਆਪ ਵਿੱਚ ਸੁਖੀ ਹੈ ਅਤੇ ਜੋ ਅੰਤਰ-ਆਤਮਾ ਵਿੱਚ ਰਮਣ ਕਰਨ ਵਾਲਾ ਹੈ ਅਤੇ ਅੰਤਰ-ਆਤਮਾ ਹੀ ਜਿਸਦੀ ਜੋਤਿ ਹੈ, ਉਹ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ । ਉਸਦੇ ਪਾਪ ਨਸ਼ਟ ਹੋ ਜਾਂਦੇ ਹਨ, ਸ਼ੰਕੇ ਦਾ ਵਿਨਾਸ਼ ਹੋ ਜਾਂਦਾ ਹੈ । ਉਹ ਸਮਸਤ ਪ੍ਰਾਣੀਆਂ ਦੇ ਹਿਤ ਪ੍ਰਤੀ ਤਤਪਰ ਰਹਿੰਦਾ ਹੈ । ਉਹ ਇਸ ਜੀਵਨ ਵਿੱਚ ਵੀ ਅਤੇ ਮਰਨ ਉਪ੍ਰੰਤ ਵੀ ਮੁਕਤ ਹੋ ਜਾਂਦਾ ਹੈ ।[29]

ਸ਼ੰਕਰ ਦੇ ਇਸ ਵਿਵੇਚਨ ਤੋਂ ਪ੍ਰਤੀਤ ਹੁੰਦਾ ਹੈ ਕਿ ਵੇਦਾਂਤ ਦੇ ਅਨੁਸਾਰ ਬੰਧਨ ਭਰਮ ਦੀ ਉਪਜ ਹੈ । ਜਦ ਬੰਧਨ ਦੀ ਨਵਿਰਤੀ ਹੋ ਜਾਂਦੀ ਹੈ ਤਦ ਬ੍ਰਹਮ-ਰੂਪਤਾ ਦੀ ਪ੍ਰਾਪਤੀ ਜਾਂ ਮੁਕਤੀ ਹੋ ਜਾਂਦੀ ਹੈ । 'ਸਦਯੋ-ਮੁਕਤੀ' ਸ਼ਬਦ ਇਸੇ ਮੰਤਵ ਉਪਰ ਬਲ ਦਿੰਦਾ ਹੈ । ਸਦਯੋ-ਮੁਕਤੀ ਦੀ ਅਵਸਥਾ ਵਿੱਚ ਜੀਵਨ-ਮੁਕਤੀ ਅਤੇ ਵਿਦੇਹ-ਮੁਕਤੀ ਦੋਵੇਂ ਅਵਸਥਾਵਾਂ ਸ਼ਾਮਿਲ ਹਨ ।

ਸ਼ਿਵ ਮਹਾਪੁਰਾਣ ਵਿੱਚ ਮੁਕਤੀ ਚਾਰ ਪ੍ਰਕਾਰ ਦੀ ਦਸੀ ਗਈ ਹੈ—ਸਾਰੂਪ, ਸਾਲੋਕ,

---

26 ਜੋ ਪੰਚ-ਅਗਨੀ ਵਿਦਿਆ ਨੂੰ ਜਾਣਦੇ ਹਨ ਅਤੇ ਜੰਗਲ ਵਿੱਚ ਜਾਕੇ ਸ਼ਰਧਾ ਨਾਲ ਤਪ ਵਿੱਚ ਰਤ ਰਹਿੰਦੇ ਹਨ ਉਹ ਮੌਤ ਤੋਂ ਬਾਅਦ ਜੋਤਿ ਨੂੰ, ਜੋਤਿ ਤੋਂ ਦਿਨ ਨੂੰ, ਦਿਨ ਤੋਂ ਸ਼ੁਕਲ ਪੱਖ ਨੂੰ, ਸ਼ੁਕਲ ਪਖ ਤੋਂ ਉਤਰਾਇਣ ਦੇ ਛੇ ਮਹੀਨਿਆਂ ਨੂੰ, ਉਹਨਾਂ ਤੋਂ ਸਾਲ ਨੂੰ ਪ੍ਰਾਪਤ ਹੁੰਦੇ ਹਨ । ਇੰਜ ਉੱਤਰੋਤਰ ਵਧਦੇ ਹੋਏ ਦੰਚ ਨੂੰ ਪ੍ਰਾਪਤ ਹੋਕੇ ਅੰਤ ਵਿਚ ਬ੍ਰਹਮ ਲੋਕ ਵਿਚ ਪਜ ਜਾਂਦੇ ਹਨ । ਇਸੇ ਨੂੰ ਦੇਵਯਾਨ ਮਾਰਗ ਕਿਹਾ ਜਾਂਦਾ ਹੈ (ਛਾਂਦੋਗਯ ਉਪਨਿਸ਼ਦ, 5/4-9, 5/10/12, 4/15/6)

27 ਬ੍ਰਹਮ ਸੂਤਰ, ਸ਼ੰਕਰ ਭਾਸ਼, 4/3/10

28 ਭਗਵਦ ਗੀਤਾ, ਸ਼ੰਕਰ ਭਾਸ਼, ਪੰਨਾ 162

29 ਭਗਵਦ ਗੀਤਾ, ਸ਼ੰਕਰ ਭਾਸ਼, 5/24-26

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਨਿੱਧ ਅਤੇ ਸਾਯੁਜ।[30] ਪਰ ਸ੍ਰੀਮਦ ਭਾਗਵਤ ਪੁਰਾਣ ਵਿੱਚ ਮੁਕਤੀ ਦੇ ਪੰਜ ਪ੍ਰਕਾਰ ਦਿੱਤੇ ਗਏ ਹਨ ਜਿਵੇਂ ਸਾਲੋਕ, ਸਾਰਸ਼ਟੀ, ਸਾਮੀਪ, ਸਾਰੂਪ ਅਤੇ ਸਾਯੁਜ।[31] ਭਗਵਾਨ ਦੇ ਨਿਤ ਧਾਮ ਵਿੱਚ ਨਿਵਾਸ ਕਰਨ ਨੂੰ ਸਾਲੋਕ ਮੁਕਤੀ, ਭਗਵਾਨ ਦੇ ਸਮਾਨ ਐਸ਼ਵਰਜ ਭੋਗ ਕਰਨ ਨੂੰ ਸਾਰਸ਼ਟੀ ਮੁਕਤੀ, ਭਗਵਾਨ ਦੀ ਨਿੱਤ-ਸਮੀਪਤਾ ਨੂੰ ਸਾਮੀਪ ਮੁਕਤੀ ਅਤੇ ਭਗਵਾਨ ਵਰਗਾ ਰੂਪ ਧਾਰਣ ਕਰਨ ਨੂੰ ਸਾਰੂਪ ਮੁਕਤੀ ਕਹਿੰਦੇ ਹਨ। ਭਗਵਾਨ ਦੇ ਸਰੂਪ ਵਿੱਚ ਸਮਾ ਜਾਣਾ ਸਾਯੁਜ ਮੁਕਤੀ ਹੈ।

ਉਪ੍ਰੋਕਤ ਪੰਜਾਂ ਮੁਕਤੀਆਂ ਵਿੱਚੋਂ ਪਹਿਲੀਆਂ ਚਹੁੰਆਂ ਨੂੰ ਅਸੀਂ ਜੀਵਨ-ਮੁਕਤੀ ਦੀਆਂ ਅਵਸਥਾਵਾਂ ਕਹਿ ਸਕਦੇ ਹਾਂ ਕਿਉਂਕਿ ਸਾਧਕ ਇਹਨਾਂ ਦਾ ਅਨੁਭਵ ਇਸੇ ਜੀਵਨ ਵਿੱਚ ਕਰ ਲੈਂਦਾ ਹੈ। ਸਾਯੁਜ-ਮੁਕਤੀ ਮੌਤ ਉਪ੍ਰੰਤ ਮਿਲਦੀ ਹੈ, ਇਸ ਲਈ ਇਸ ਮੁਕਤੀ ਨੂੰ ਅਸੀਂ ਵਿਦੇਹ-ਮੁਕਤੀ ਕਹਿ ਸਕਦੇ ਹਾਂ।

ਸੰਖੇਪ ਵਿੱਚ ਮੁਖ ਤੌਰ ਤੇ ਤਿੰਨ ਹੀ ਮੁਕਤੀਆਂ ਮੰਨੀਆਂ ਜਾਂਦੀਆਂ ਹਨ—ਕ੍ਰਮ-ਮੁਕਤੀ, ਜੀਵਨ-ਮੁਕਤੀ ਅਤੇ ਵਿਦੇਹ-ਮੁਕਤੀ। ਬਾਕੀ ਦੀਆਂ ਮੁਕਤੀਆਂ ਇਹਨਾਂ ਤਿੰਨਾਂ ਦੇ ਅੰਤਰਗਤ ਹੀ ਆ ਜਾਂਦੀਆਂ ਹਨ।

ਉਪਨਿਸ਼ਦਾਂ ਵਿੱਚ ਮੁਕਤੀ ਦਾ ਜਿਕਰ ਅਨੇਕ ਪ੍ਰਕਾਰ ਨਾਲ ਭਿੰਨ ਭਿੰਨ ਸਥਲਾਂ ਤੇ ਕੀਤਾ ਗਿਆ ਹੈ। ਉਪਨਿਸ਼ਦ ਸਾਹਿਤ ਕਿਉਂਕਿ ਕਿਸੇ ਸਮੇਂ ਵਿਸ਼ੇਸ਼ ਦੀ ਰਚਨਾ ਨਹੀਂ ਇਸ ਲਈ ਕੁਝ ਉਪਨਿਸ਼ਦ ਪ੍ਰਾਚੀਨ[32] ਅਤੇ ਕੁਝ ਅਰਵਾਚੀਨ[33] ਹਨ। ਪ੍ਰਾਚੀਨ ਉਪ-ਨਿਸ਼ਦਾਂ ਵਿੱਚ ਬਹੁਤੀ ਥਾਈਂ ਪਰਮਪਦ ਜਾਂ ਬ੍ਰਹਮ-ਰੂਪ-ਪ੍ਰਾਪਤੀ ਦਾ ਹੀ ਵਰਣਨ ਮਿਲਦਾ ਹੈ ਜਿਸਨੂੰ ਬਾਅਦ ਵਿੱਚ ਵਿਦੇਹ-ਮੁਕਤੀ ਦੇ ਨਾਮ ਨਾਲ ਪੁਕਾਰਿਆ ਗਿਆ ਹੈ। ਫਿਰ ਵੀ ਮੁਕਤੀ-ਵਰਣਨ ਦੇ ਸੰਦਰਭਾਂ ਵਿੱਚ ਕੁਝ ਅਜਿਹੇ ਸੰਕੇਤ ਮਿਲਦੇ ਹਨ ਜਿਹਨਾਂ ਵਿੱਚ ਜੀਵਨ-ਮੁਕਤੀ ਦਾ ਅੰਸ਼ ਮੌਜੂਦ ਹੈ। ਇਸੇ ਆਧਾਰ ਤੇ ਪਛਮੀ ਅਤੇ ਭਾਰਤੀ ਵਿਦਵਾਨਾਂ ਨੇ ਉਪਨਿਸ਼ਦਾਂ ਵਿੱਚ ਜੀਵਨ-ਮੁਕਤੀ ਨੂੰ ਸਵੀਕਾਰ ਕੀਤਾ ਹੈ।[34]

---

30 ਸ਼ਿਵ ਮਹਾਪੁਰਾਣ, ਮੁਕਤੀ ਨਿਰੂਪਣ, 3

31 ਸ੍ਰੀਮਦ ਭਾਗਵਤ, 3/29/13

32 ਮੋਟੇ ਤੌਰ ਤੇ ਇਹਨਾਂ ਦੇ ਨਾਮ ਹਨ—ਬ੍ਰਹਿਦਾਰਣਯਕ, ਛਾਂਦੋਗਯ, ਈਸ਼ਾਵਾਸਯ, ਤੈਤਰੀਅ, ਪ੍ਰਸ਼ਨ, ਸ਼ਵੇਤਾਸ਼ਵਤਰ ਆਦਿ।

33 ਇਹਨਾਂ ਦੇ ਨਾਮ ਹਨ—ਮੁਕਤਿਕ ਉਪਨਿਸ਼ਦ, ਮਹਾ ਉਪਨਿਸ਼ਦ, ਸੰਨਿਆਸ ਉਪਨਿਸ਼ਦ, ਸ਼ੁਕ੍ਰ ਰਹੱਸਯ ਉਪਨਿਸ਼ਦ, ਜਾਬਾਲ ਦਰਸ਼ਨ ਉਪਨਿਸ਼ਦ, ਮੰਡਲ ਬ੍ਰਾਹਮਣ ਉਪਨਿਸ਼ਦ, ਸ਼ਾਟਯਾਯਨੀ ਉਪਨਿਸ਼ਦ, ਨਿਰਵਾਣ ਉਪਨਿਸ਼ਦ, ਨਰਸਿੰਘ ਪੂਰਵਤਾਪਨੀ ਉਪਨਿਸ਼ਦ ਆਦਿ।

34 ਦਾਸਗੁਪਤਾ ਅਨੁਸਾਰ 'ਸਾਧਕ ਦੇ ਹਿਰਦੇ ਵਿੱਚ ਸੰਪੂਰਣ ਕਾਮਨਾਵਾਂ ਦੀ ਨਵਿਰਤੀ ਹੋ ਜਾਣ ਤੇ ਇਸੇ ਜੀਵਨ ਵਿਚ ਉਹ ਬ੍ਰਹਮ ਨੂੰ ਪ੍ਰਾਪਤ ਕਰ ਲੈਂਦਾ ਹੈ।
(ਹਿਸਟਰੀ ਆਫ ਇੰਡੀਅਨ ਫਿਲਾਸਫੀ, ਐਸ. ਐਨ. ਦਾਸਗੁਪਤਾ, ਭਾਗ ਪਹਿਲਾ, ਪੰਨਾ 155)

ਡਾ. ਜਾਦੂਨਾਥ ਸਿਨਹਾ ਵੀ ਉਪਨਿਸ਼ਦਾਂ ਦੇ ਆਧਾਰ ਤੇ ਜੀਵਨ ਮੁਕਤੀ ਦੀ ਸੰਭਾਵਨਾ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਨਿਸ਼ਦਾਂ ਵਿੱਚ ਜੀਵਨ-ਮੁਕਤੀ ਦੀ ਧਾਰਣਾ ਦੇ ਸਪਸ਼ਟੀਕਰਣ ਹਿਤ ਇਥੇ ਅਸੀਂ ਪਹਿਲਾਂ ਪ੍ਰਾਚੀਨ ਉਪਨਿਸ਼ਦਾਂ ਵਿੱਚੋਂ ਕੁਝ ਉਕਤੀਆਂ ਦਿਆਂਗੇ।

ਬ੍ਰਿਹਦਾਰਣਯਕ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਜੋ ਅਕਾਮ, ਨਿਸ਼ਕਾਮ ਹੁੰਦਾ ਹੈ ਉਹ ਬ੍ਰਹਮਮਈ ਰਹਿਕੇ ਹੀ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ।[35] ਇਸੇ ਉਪਨਿਸ਼ਦ ਵਿੱਚ ਇਕ ਹੋਰ ਥਾਂ ਤੇ ਯਾਗਵਲਕ ਰਾਜਾ ਜਨਕ ਨੂੰ ਉਪਦੇਸ਼ ਦਿੰਦਿਆਂ ਕਹਿੰਦੇ ਹਨ ਕਿ ਜਿਸ ਸਮੇਂ ਹਿਰਦੇ ਵਿਚਲੀਆਂ ਸਮਸਤ ਕਾਮਨਾਵਾਂ ਦਾ ਨਾਸ਼ ਹੋ ਜਾਂਦਾ ਹੈ ਉਸ ਸਮੇਂ ਇਹ ਮਰਣਚਾਰ ਅਮ੍ਰਿਤ ਹੋ ਜਾਂਦਾ ਹੈ ਅਤੇ ਇਸ ਸਰੀਰ ਵਿੱਚ ਉਸਨੂੰ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ।[36]

ਮੁੰਡਕ ਉਪਨਿਸ਼ਦ ਵਿੱਚ 'ਬ੍ਰਹਮ ਵੇਦ ਬ੍ਰਹਮੈਵ ਭਵਤਿ'[37] ਦੁਆਰਾ ਇਹੀ ਪ੍ਰਤਿਪਾਦਿਤ ਕੀਤਾ ਗਿਆ ਹੈ ਕਿ ਬ੍ਰਹਮਵੇਤਾ ਇਸੇ ਲੋਕ ਵਿੱਚ ਰਹਿੰਦਿਆਂ ਹੋਇਆਂ ਬ੍ਰਹਮ

ਸਵੀਕਾਰ ਕਰਦਿਆਂ ਕਹਿੰਦੇ ਹਨ—'ਜੋ ਸੰਪੂਰਣ ਇਛਾਵਾਂ ਤੋਂ ਨਵਿਰਤ ਹੋ ਜਾਂਦਾ ਹੈ ਉਹ ਇਸੇ ਜੀਵਨ ਵਿਚ ਅਮਰ-ਤਵ ਪ੍ਰਾਪਤ ਕਰ ਲੈਂਦਾ ਹੈ।'

(ਆਉਟਲਾਈਨ ਆਫ ਇੰਡੀਅਨ ਫਿਲਾਸਫੀ, ਜਾਦੂ ਨਾਥ ਸਿਨਹਾ, ਪੰਨਾ 37)

ਦੱਤਾ ਅਤੇ ਚੈਟਰਜੀ ਕਠ ਉਪਨਿਸ਼ਦ ਦੇ ਆਧਾਰ ਤੇ ਜੀਵਨ-ਮੁਕਤੀ ਦੀ ਅਵਸਥਾ ਸੰਬੰਧੀ ਕਹਿੰਦੇ ਹਨ--'ਜਦੋਂ ਮਨੁਖ ਦਾ ਹਿਰਦਾ ਪੂਰਣ ਭਾਂਤ ਨਿਸ਼ਕਾਮ ਜਾਂ ਵਾਸ਼ਨਾ ਰਹਿਤ ਹੋ ਜਾਂਦਾ ਹੈ ਉਦੋਂ ਉਹ ਇਸੇ ਜੀਵਨ ਵਿਚ ਬ੍ਰਹਮ ਵਿਚ ਲੀਨ ਹੋਕੇ ਅਮਰ-ਤਵ ਨੂੰ ਪ੍ਰਾਪਤ ਕਰ ਲੈਂਦਾ ਹੈ।

(ਇੰਡੀਅਨ ਫਿਲਾਸਫੀ, ਦੱਤਾ ਅਤੇ ਚੈਟਰਜੀ, ਪੰਨਾ 360)

ਕੀਥ ਨੇ ਕਿਹਾ ਹੈ 'ਆਤਮ-ਤਤਵ-ਸਾਖਿਆਤਕਾਰ ਦੁਆਰਾ ਇਸੇ ਜੀਵਨ ਵਿਚ ਮੁਕਤੀ ਪ੍ਰਾਪਤ ਹੋ ਸਕਦੀ ਹੈ।'

(ਰਿਲੀਜਨ ਐਂਡ ਫਿਲਾਸਫੀ ਆਫ ਦੀ ਵੇਦਾ ਐਂਡ ਉਪਨਿਸ਼ਦਜ਼, ਕੀਥ, ਪੰਨਾ 582)

ਹਿਰਿਯੰਨਾ ਕਠ ਉਪਨਿਸ਼ਦ ਦੀ ਉਦਾਹਰਣ ਦਿੰਦਿਆਂ ਕਹਿੰਦੇ ਹਨ ਕਿ ਜਦੋਂ ਹਿਰਦੇ ਵਿਚ ਸੰਪੂਰਣ ਕਾਮਨਾਵਾਂ ਦੀ ਨਵਿਰਤੀ ਹੋ ਜਾਵੇ ਉਦੋਂ ਮਨੁਖ ਅਮਰ ਹੋ ਜਾਂਦਾ ਹੈ ਅਤੇ ਇਥੇ ਹੀ (ਇਸੇ ਜੀਵਨ ਵਿਚ) ਪੂਰਣਤਾ ਪ੍ਰਾਪਤ ਕਰ ਲੈਂਦਾ ਹੈ। ਅਜਿਹੇ ਮਨੁਖ ਨੂੰ ਜੀਵਨ-ਮੁਕਤ ਕਿਹਾ ਜਾਂਦਾ ਹੈ।

(ਫੋਰਵਰਡ ਟੂ ਦੀ ਉਪਨਿਸ਼ਦਜ਼, ਐਮ. ਹਿਰਿਯੰਨਾ, ਪੰਨਾ XII)

ਡਾ. ਹਯੂਮ ਨੇ ਵੀ ਮੁੰਡਕ ਉਪਨਿਸ਼ਦ ਦੇ ਆਧਾਰ ਤੇ ਇਸੇ ਜੀਵਨ ਵਿਚ ਮੁਕਤੀ-ਪ੍ਰਾਪਤੀ ਨੂੰ ਸਵੀਕਾਰ ਕੀਤਾ ਹੈ।

(ਦੀ ਥਰਟੀਨ ਪ੍ਰਿੰਸੀਪਲ ਉਪਨਿਸ਼ਦਜ਼, ਆਰ. ਈ. ਹਯੂਮ, ਪੰਨਾ 371)

ਇਹਨਾਂ ਤੋਂ ਛੁਟ ਹੋਰ ਵੀ ਅਨੇਕਾਂ ਦਾਰਸ਼ਨਿਕਾਂ ਨੇ ਪ੍ਰਾਚੀਨ ਉਪਨਿਸ਼ਦਾਂ ਨੂੰ ਆਧਾਰ ਮੰਨ ਕੇ ਜੀਵਨ ਵਿਚ ਮੁਕਤੀ ਦੀ ਸੰਭਾਵਨਾ ਨੂੰ ਸਵੀਕਾਰ ਕੀਤਾ ਹੈ ਜਿਵੇਂ ਉਮੇਸ਼ ਮਿਸ਼੍ਰ, ਹਿਸਟਰੀ ਆਫ ਇੰਡੀਅਨ ਫਿਲਾਸਫੀ, ਪੰਨਾ 114-15 ਅਤੇ ਐਮ. ਪੀ. ਪੰਡਿਤ, ਦੀ ਉਪਨਿਸ਼ਦਜ਼, ਗੇਟ ਵੇ ਆਫ ਨਾਲਿਜ, ਪੰਨਾ 46।

35 ਬ੍ਰਿਹਦਾਰਣਯਕ ਉਪਨਿਸ਼ਦ, 4/4/6

36 ਓਹੀ, 4/4/7

37 ਮੁੰਡਕ ਉਪਨਿਸ਼ਦ, 2/3/15

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋ ਜਾਂਦਾ ਹੈ।

ਕਠਉਪਨਿਸ਼ਦ ਵਿੱਚ ਵੀ ਜੀਵਨ-ਮੁਕਤੀ ਦਾ ਵਰਣਨ ਕੀਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜਿਸ ਸਮੇਂ ਜੀਵ ਦੀਆਂ ਸੰਪੂਰਣ ਕਾਮਨਾਵਾਂ ਛੁਟ ਜਾਂਦੀਆਂ ਹਨ, ਉਸ ਸਮੇਂ ਉਹ ਮਰਣ ਧਰਮਾ ਪ੍ਰਾਣੀ ਅਮਰ ਹੋ ਜਾਂਦਾ ਹੈ ਅਤੇ ਇਸ ਸਰੀਰ ਵਿੱਚ ਹੀ ਬ੍ਰਹਮ ਭਾਵ ਨੂੰ ਪ੍ਰਾਪਤ ਹੋ ਜਾਂਦਾ ਹੈ।[38] ਇਥੇ ਵੀ ਨਿਸ਼ਕਾਮ ਪੁਰਸ਼ ਦੇ ਆਤਮ ਗਿਆਨ ਦੁਆਰਾ ਇਸ ਸਰੀਰ ਵਿੱਚ ਰਹਿੰਦਿਆਂ ਹੋਇਆਂ ਬ੍ਰਹਮ-ਪ੍ਰਾਪਤੀ ਦੀ ਚਰਚਾ ਕੀਤੀ ਗਈ ਹੈ। ਕਠ ਉਪਨਿਸ਼ਦ ਵਿੱਚ ਇਕ ਹੋਰ ਥਾਂ ਤੇ ਕਿਹਾ ਗਿਆ ਹੈ ਕਿ ਇਸ ਜੀਵਨ ਵਿੱਚ ਹੀ ਹਿਰਦੇ ਦੀਆਂ ਸੰਪੂਰਣ ਗ੍ਰੰਥੀਆਂ ਅਰਥਾਤ ਦ੍ਰਿੜ੍ਹ ਬੰਧਨ ਰੂਪ ਅਵਿਦਿਆ-ਜਨਿਤ ਪ੍ਰਤੀਤੀਆਂ ਦਾ ਗਿਆਨ ਦੁਆਰਾ ਵਿਨਾਸ਼ ਹੋ ਜਾਣ ਦੇ ਨਾਲ ਮਰਣਹਾਰ ਪੁਰਸ਼ ਅਮਰ ਹੋ ਜਾਂਦਾ ਹੈ।[39]

ਛਾਂਦੋਗਯ ਉਪਨਿਸ਼ਦ ਵਿੱਚ ਵੀ ਅਨੇਕ ਥਾਈਂ ਜੀਵਨ-ਮੁਕਤੀ ਦੀ ਅਵਸਥਾ ਦਾ ਵਰਣਨ ਮਿਲਦਾ ਹੈ। ਉਦਾਹਰਣ ਦੇ ਤੌਰ ਤੇ ਕਮਲ-ਪੱਤਰ ਜਿਵੇਂ ਪਾਣੀ ਵਿੱਚ ਰਹਿੰਦਿਆਂ ਹੋਇਆਂ ਵੀ ਨਿਰਲੇਪ ਰਹਿੰਦਾ ਹੈ ਉਸੇ ਤਰ੍ਹਾਂ ਗਿਆਨੀ ਪੁਰਸ਼ ਪਾਪ ਕਰਮਾਂ ਤੋਂ ਨਿਰਲੇਪ ਰਹਿੰਦਾ ਹੈ।[40] ਇਸੇ ਉਪਨਿਸ਼ਦ ਵਿੱਚ ਇਕ ਹੋਰ ਥਾਂ ਤੇ ਜੀਵਨ-ਮੁਕਤ ਪੁਰਸ਼ ਦੇ ਸੰਬੰਧ ਵਿੱਚ ਕਿਹਾ ਗਿਆ ਹੈ ਕਿ ਜਨ ਸਮੂਹਾਂ ਵਿੱਚ ਰਹਿਕੇ ਵੀ ਉਸ ਨੂੰ ਆਪਣੇ ਸਰੀਰ ਦੀ ਸੁਧ ਬੁਧ ਨਹੀਂ ਰਹਿੰਦੀ। ਜਿਵੇਂ ਭਾਰ ਢੋਣ ਵਿੱਚ ਲਗਾਏ ਗਏ ਘੋੜੇ, ਖੋਤੇ ਆਦਿ ਪ੍ਰਭੂ ਦੀ ਆਗਿਆ ਨਾਲ ਭਾਰ ਢੋਣ ਵਿੱਚ ਲਗੇ ਰਹਿੰਦੇ ਹਨ ਉਸੇ ਤਰ੍ਹਾਂ ਪਰਮਾਤਮਾ ਦੁਆਰਾ ਨਿਯੋਜਿਤ ਮੁਕਤ ਆਤਮਾ ਵੀ ਸਰੀਰ ਨੂੰ ਚਲਾਂਦੀ ਰਹਿੰਦੀ ਹੈ, ਉਸਨੂੰ ਸਰੀਰ ਦੀ ਕੋਈ ਸੁਧ ਬੁਧ ਨਹੀਂ ਰਹਿੰਦੀ।[41]

ਈਸ਼ਾਵਾਸ ਉਪਨਿਸ਼ਦ ਵਿੱਚ ਜੀਵਨ-ਮੁਕਤ ਵਲ ਇਸ ਪ੍ਰਕਾਰ ਸੰਕੇਤ ਕੀਤਾ ਗਿਆ ਹੈ—ਜਿਸ ਸਮੇਂ ਗਿਆਨੀ ਪੁਰਸ਼ ਦੇ ਲਈ ਸਭ ਭੂਤ ਆਤਮਾ ਰੂਪ ਹੋ ਗਏ ਉਸ ਸਮੇਂ ਇੱਕਤਵ-ਦ੍ਰਸ਼ਟਾ ਉਸ ਵਿਦਵਾਨ ਲਈ ਕਾਹਦਾ ਸ਼ੋਕ ਅਤੇ ਕਾਹਦਾ ਮੋਹ।[42]

ਪ੍ਰਾਚੀਨ ਉਪਨਿਸ਼ਦਾਂ ਦੀਆਂ ਉਪ੍ਰੋਕਤ ਉਕਤੀਆਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਭਾਵੇਂ ਇਹਨਾਂ ਵਿਚ ਜੀਵਨ-ਮੁਕਤੀ ਜਾਂ ਜੀਵਨ-ਮੁਕਤ ਆਦਿ ਸ਼ਬਦਾਂ ਦੀ ਵਰਤੋਂ ਨਹੀਂ ਮਿਲਦੀ ਪਰ ਫੇਰ ਵੀ ਇਹਨਾਂ ਵਿਚਲੇ ਤਤ-ਗਿਆਨੀਆਂ ਦੇ ਆਚਰਣ ਜੀਵਨ-ਮੁਕਤ ਦੇ ਆਚਰਣ ਨਾਲ ਸਮਾਨਤਾ ਰਖਦੇ ਹਨ। ਇਸ ਲਈ ਇਸ ਸਿੱਟੇ ਤੇ ਪੁੱਜਣਾ ਅਤਿ ਕਥਨੀ ਨਹੀਂ ਹੋਵੇਗੀ ਕਿ ਵੈਦਿਕ ਰਿਸ਼ੀਆਂ ਨੇ ਇਕ ਅਜਿਹੀ ਅਵਸਥਾ

38 ਕਠ ਉਪਨਿਸ਼ਦ, 2/3/14
39 ਓਹੀ, 2/3/15
40 ਛਾਂਦੋਗਯ ਉਪਨਿਸ਼ਦ, 4/4/23
41 ਓਹੀ, 8/11/3
42 ਈਸ਼ਾਵਾਸ ਉਪਨਿਸ਼ਦ, 7

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਅਨੁਭਵ ਕੀਤਾ ਹੈ ਜੋ ਬਾਅਦ ਵਿਚ ਜੀਵਨ-ਮੁਕਤੀ ਦੀ ਦਸ਼ਾ ਦੇ ਰੂਪ ਵਿੱਚ ਪ੍ਰਸਿਧ ਹੋਈ ।

ਅਰਵਾਚੀਨ ਉਪਨਿਸ਼ਦਾਂ ਵਿੱਚ ਜੀਵਨ-ਮੁਕਤੀ ਦਾ ਵਿਸਥਾਰ ਪੂਰਬਕ ਵਿਵੇਚਨ ਕੀਤਾ ਗਿਆ ਹੈ । ਇਥੇ ਜੀਵਨ-ਮੁਕਤੀ ਅਤੇ ਜੀਵਨ-ਮੁਕਤ ਆਦਿ ਸ਼ਬਦਾਂ ਦੀ ਵਰਤੋਂ ਵੀ ਕੀਤੀ ਮਿਲਦੀ ਹੈ ।

ਮੁਕਤਿਕ ਉਪਨਿਸ਼ਦ ਵਿੱਚ ਜੀਵਨ-ਮੁਕਤੀ ਦਾ ਵਿਸ਼ਲੇਸਣ ਕਰਦਿਆਂ ਹੋਇਆਂ ਕਿਹਾ ਗਿਆ ਹੈ ਕਿ ਉਹ ਗਿਆਨੀ ਪੁਰਸ਼ ਜੀਵਨ-ਮੁਕਤ ਅਖਵਾਉਂਦਾ ਹੈ ਜੋ ਪ੍ਰਾਰਬਧ ਕਰਮਾਂ ਦੇ ਭੋਗ ਤੀਕ ਜੀਵਤ ਰਹਿੰਦਾ ਹੈ ।[43] ਮਹਾ ਉਪਨਿਸ਼ਦ ਵਿੱਚ ਜੀਵਨ-ਮੁਕਤ ਦਾ ਵਿਸਤ੍ਰਿਤ ਵਰਣਨ ਮਿਲਦਾ ਹੈ ।[44] ਸੰਨਿਆਸ ਉਪਨਿਸ਼ਦ ਵਿੱਚ ਜੀਵਨ-ਮੁਕਤ ਪੁਰਸ਼ ਦੀਆਂ ਵਾਸਨਾਵਾਂ ਦੇ ਨਾਸ਼ ਅਤੇ ਕਰਮ ਵਿੱਚ ਨਾ ਲਿਪਤ ਹੋਣ ਦਾ ਵਰਣਨ ਮਿਲਦਾ ਹੈ ।[45] ਅਧਿਆਤਮਕ ਉਪਨਿਸ਼ਦ ਵਿੱਚ ਜੀਵਨ-ਮੁਕਤੀ ਦਾ ਸਰੂਪ ਦਰਸਾਂਦਿਆਂ ਹੋਇਆਂ ਕਿਹਾ ਗਿਆ ਹੈ ਕਿ ਵਾਸ਼ਨਾ-ਵਿਨਾਸ਼ ਹੀ ਮੋਖ ਹੈ ਅਤੇ ਉਸੇ ਨੂੰ ਜੀਵਨ-ਮੁਕਤੀ ਮੰਨਿਆਂ ਗਿਆ ਹੈ ।[46] ਅਖਸ਼ਯ ਉਪਨਿਸ਼ਦ ਵਿੱਚ ਤੱਤ ਗਿਆਨ ਦੁਆਰਾ ਜੀਵਨ-ਮੁਕਤੀ ਦੀ ਪ੍ਰਾਪਤੀ ਦਾ ਕਥਨ ਕੀਤਾ ਗਿਆ ਹੈ ।[47] ਯੋਗ-ਤਤਵ ਉਪਨਿਸ਼ਦ ਵਿੱਚ ਕਿਹਾ ਗਿਆ ਹੈ ਕਿ ਵਾਯੂ ਦਾ ਨਿਰੋਧ ਕਰਕੇ ਸੂਝਵਾਨ ਪੁਰਸ਼ ਜੀਵਨ-ਮੁਕਤ ਹੋ ਜਾਂਦਾ ਹੈ ।[48] ਸ਼ੁਕ ਰਹੱਸਯ ਉਪਨਿਸ਼ਦ ਵਿੱਚ ਬ੍ਰਹਮ ਦਾ ਚਿੰਤਨ ਕਰਨ ਨਾਲ ਜੀਵਨ-ਮੁਕਤ ਹੋਣ ਦਾ ਵਰਣਨ ਮਿਲਦਾ ਹੈ ।[49] ਜਾਬਾਲ ਦਰਸ਼ਨ ਉਪਨਿਸ਼ਦ ਵਿੱਚ ਅਸ਼ਟਾਂਗ ਯੋਗ ਦੁਆਰਾ ਜੀਵਨ-ਮੁਕਤੀ ਦੀ ਪ੍ਰਾਪਤੀ ਦਾ ਵਰਣਨ ਕੀਤਾ ਗਿਆ ਹੈ ।[50] ਮੰਡਲ ਬ੍ਰਾਹਮਣ ਉਪਨਿਸ਼ਦ ਵਿੱਚ ਜੀਵਨ-ਮੁਕਤ ਦੀ ਸਥਿਤੀ ਦਾ ਵਰਣਨ ਕਰਦਿਆਂ ਕਿਹਾ ਗਿਆ ਹੈ—ਉਹ ਯੋਗੀ ਰੂਪ ਪਰਮਾਤਮਾ ਆਕਾਸ਼ ਵਿੱਚ ਬਿੰਦੂ ਸਥਾਪਨ ਕਰਕੇ ਸ਼ੁਧ, ਅਦਵੈਤ, ਜੜ੍ਹਤ-ਰਹਿਤ ਅਤੇ ਸਹਿਜ ਸਥਿਤੀ ਰੂਪ ਯੋਗ ਨਿੰਦ੍ਰਾ ਵਿੱਚ ਅਖੰਡ ਪਦ ਦਾ ਅਨੁਸਰਣ ਕਰਕੇ ਜੀਵਨ-ਮੁਕਤ ਹੋ ਜਾਂਦਾ ਹੈ ।[51] ਸ਼ਾਟਯਾਯਨੀ ਉਪਨਿਸ਼ਦ ਵਿੱਚ ਜੀਵਨ-ਮੁਕਤ ਦਾ ਵਰਣਨ ਕਰਦਿਆਂ ਹੋਇਆਂ ਕਿਹਾ ਗਿਆ ਹੈ – ਜੋ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਨੂੰ ਪਾਰ ਕਰਕੇ ਮਾਨ ਅਪਮਾਨ, ਨਿੰਦਾ, ਪ੍ਰਸੰਸਾ ਨੂੰ ਤਿਆਗ ਕੇ ਬਿਰਖ ਸਮਾਨ ਸਥਿਤ ਰਹਿੰਦੇ

---

51 ਮੰਡਲ ਬ੍ਰਾਹਮਣ ਉਪਨਿਸ਼ਦ, 2/5
43 ਮੁਕਤਿਕ ਉਪਨਿਸ਼ਦ, 1.42
44 ਮਹਾ ਉਪਨਿਸ਼ਦ, 2.54-56
45 ਸੰਨਿਆਸ ਉਪਨਿਸ਼ਦ, ਮੰਤਰ 59
46 ਅਧਿਆਤਮ ਉਪਨਿਸ਼ਦ, ਮੰਤਰ 12
47 ਅਖਸ਼ਯ ਉਪਨਿਸ਼ਦ, 2.1
48 ਯੋਗਤਤਵ ਉਪਨਿਸ਼ਦ, ਮੰਤਰ 106
49 ਸ਼ੁਕ ਰਹੱਸਯ ਉਪਨਿਸ਼ਦ, 1/17
50 ਜਾਬਾਲ ਦਰਸ਼ਨ ਉਪਨਿਸ਼ਦ, 1/3

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਨ ਅਤੇ ਛੇੜਨ ਆਦਿ ਤੇ ਵੀ ਕੁਝ ਨਹੀਂ ਬੋਲਦੇ ਉਹ ਵਿਦਵਾਨ ਇਸ ਸੰਸਾਰ ਵਿੱਚ ਹੀ ਅਮ੍ਰਿਤ ਪ੍ਰਾਪਤ ਕਰ ਲੈਂਦੇ ਹਨ।[52] ਨਿਰਵਾਣ ਉਪਨਿਸ਼ਦ ਵਿੱਚ ਦੂਜਿਆਂ ਦੀ ਨਿੰਦਾ ਤੋਂ ਰਹਿਤ ਸੰਨਿਆਸੀ ਨੂੰ ਜੀਵਨ-ਮੁਕਤ ਕਿਹਾ ਗਿਆ ਹੈ।[53] ਨਰਸਿੰਘ ਪੂਰਵਤਾਪਨੀ ਉਪਨਿਸ਼ਦ ਵਿੱਚ ਮੰਤਰਾਂ ਦੇ ਜਾਪ ਦੁਆਰਾ ਇਸ ਜੀਵਨ ਵਿੱਚ ਹੀ ਮੁਕਤੀ-ਪ੍ਰਾਪਤੀ ਦੀ ਗੱਲ ਕਹੀ ਗਈ ਹੈ।[54]

ਸਮੁੱਚੇ ਤੌਰ ਤੇ ਉਪਨਿਸ਼ਦਾਂ ਦੇ ਆਧਾਰ ਤੇ ਜੀਵਨ-ਮੁਕਤੀ ਦੇ ਸਰੂਪ ਸੰਬੰਧੀ ਹੇਠ ਲਿਖੇ ਤਥਾਂ ਦਾ ਬੋਧ ਹੁੰਦਾ ਹੈ :—

(ਓ) ਹਿਰਦੇ ਗ੍ਰੰਥੀਆਂ ਦਾ ਵਿਨਾਸ਼—ਅਰਥਾਤ ਜਦ ਹਿਰਦੇ ਦੀਆਂ ਸੰਪੂਰਣ ਗ੍ਰੰਥੀਆਂ ਭਲੀ ਭਾਂਤ ਖੁਲ੍ਹ ਜਾਂਦੀਆਂ ਹਨ ਤਦ ਉਹ ਮਰਣ ਧਰਮਾ (ਮਰਣਹਾਰ) ਇਸ ਸਰੀਰ ਦੇ ਰਹਿੰਦਿਆਂ ਵੀ ਅਮਰ ਹੋ ਜਾਂਦਾ ਹੈ।[55] ਇਥੇ ਗ੍ਰੰਥੀਆਂ ਤੋਂ ਭਾਵ ਕਾਮਨਾ, ਆਸਕਤੀ, ਬੰਧਨ ਆਦਿ ਹਨ ਜਿਹਨਾਂ ਦੁਆਰਾ ਜੀਵਾਤਮਾ ਆਪਣੇ ਆਪ ਨੂੰ ਸਰੀਰ ਨਾਲ ਬੱਝਿਆ ਸਮਝਦਾ ਹੈ। ਇਹ ਅਗਿਆਨ ਰੂਪ ਗ੍ਰੰਥੀਆਂ ਹੀ ਆਤਮਾ ਦੇ ਸ਼ੁਧ ਸਰੂਪ ਨੂੰ ਢਕ ਲੈਂਦੀਆਂ ਹਨ ਅਤੇ ਇਹਨਾਂ ਦੇ ਨਾਸ਼ ਹੋਣ ਤੇ ਜੀਵ ਆਪਣੇ ਸ਼ੁਧ ਸਰੂਪ ਨੂੰ ਪਹਿਚਾਣ ਲੈਂਦਾ ਹੈ।[56]

(ਅ) ਸੰਚਿਤ ਅਤੇ ਕ੍ਰਿਆਮਾਣ ਕਰਮਾਂ ਦਾ ਵਿਨਾਸ਼ ਅਰਥਾਤ ਤਤ ਗਿਆਨ ਪ੍ਰਾਪਤ ਹੋਣ ਤੇ ਸਾਧਕ ਦੇ ਸੰਚਿਤ ਅਤੇ ਕ੍ਰਿਆਮਾਣ ਦੋਵੇਂ ਭਾਂਤ ਦੇ ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਉਹ ਇਸ ਸੰਸਾਰ ਵਿੱਚ ਪ੍ਰਾਰਬਧ ਕਰਮਾਂ ਦੇ ਕਾਰਣ ਰਹਿੰਦਾ ਹੈ ਜਿਵੇਂ ਕਿ ਨਾਦ ਬਿੰਦ ਉਪਨਿਸ਼ਦ ਵਿੱਚ ਕਿਹਾ ਗਿਆ ਹੈ 'ਜਦ ਆਤਮ ਗਿਆਨ ਹੋ ਜਾਂਦਾ ਹੈ ਤਦ ਵੀ ਪ੍ਰਾਰਬਧ ਦਾ ਨਾਸ਼ ਨਹੀਂ ਹੁੰਦਾ'।[57] ਅਧਿਆਤਮ ਉਪਨਿਸ਼ਦ ਵਿੱਚ ਪ੍ਰਾਰਬਧ ਕਰਮਾ ਦੀ ਸਥਿਤੀ ਦੇ ਸੰਬੰਧ ਵਿੱਚ ਅਤਿ ਸੁੰਦਰ ਦ੍ਰਿਸ਼ਟਾਂਤ ਦੁਆਰਾ ਵਰਣਨ ਕਰਦਿਆਂ ਕਿਹਾ ਗਿਆ ਹੈ ਕਿ ਜਿਵੇਂ ਲਖਸ਼ ਨੂੰ ਸਨਮੁਖ ਰਖਕੇ ਛਡਿਆ ਹੋਇਆ ਤੀਰ ਲਖਸ਼ ਨੂੰ ਵਿੰਨ੍ਹਣ ਤੋਂ ਬਿਨਾ ਨਹੀਂ ਰਹਿ ਸਕਦਾ ਉਸੇ ਤਰ੍ਹਾਂ ਹੀ ਗਿਆਨ ਦੇ ਪ੍ਰਕਾਸ਼ਤ ਹੋਣ ਤੋਂ ਪਹਿਲਾਂ ਜਿਸ ਕਰਮ ਦਾ ਫਲ ਆਰੰਭ ਹੋ ਚੁਕਾ ਹੁੰਦਾ ਹੈ ਉਹ (ਪ੍ਰਾਰਬਧ) ਕਰਮ ਗਿਆਨ ਦਾ ਪ੍ਰਕਾਸ਼ ਹੋਣ ਦੇ ਬਾਅਦ ਵੀ ਆਪਣਾ ਫਲ ਦਿੱਤੇ ਬਗ਼ੈਰ ਨਹੀਂ ਰਹਿੰਦਾ। ਸ਼ੇਰ ਸਮਝ ਕੇ ਛਡਿਆ ਤੀਰ, ਤੀਰ

---

52 ਸ਼ਾਟਯਾਯਨੀ ਉਪਨਿਸ਼ਦ, 18

53 ਨਿਰਵਾਣ ਉਪਨਿਸ਼ਦ, ਬੰਬਈ ਸੰਸਕਰਣ, ਪੰਨਾ 346

54 ਨਰਸਿੰਘ ਪੂਰਵਤਾਪਨੀ ਉਪਨਿਸ਼ਦ, ਪੰਜਵਾਂ ਚਰਣ

55 (ਓ) ਕਠਉਪਨਿਸ਼ਦ, 2/3/15, 2/3/14

(ਅ) ਦੀ ਛਾਂਦੋਗਯ ਉਪਨਿਸ਼ਦ: ਦੀ ਕੋਂਟਰੀ ਆਫ ਸ਼ੰਕਰਾ, ਅਨੁਵਾਦਿਤ ਗੰਗਾ ਨਾਥ ਝਾ, ਪੰਨਾ 411

56 ਲਾਈਟਸ ਆਨ ਦੀ ਉਪਨਿਸ਼ਦਜ਼, ਟੀ ਵੀ. ਕਾਪਾਲੀ ਸ਼ਾਸਤ੍ਰੀ, ਪੰਨਾ 10-11

57 ਨਾਦਬਿੰਦ ਉਪਨਿਸ਼ਦ, 22

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛਡਣ ਉਪ੍ਰੰਤ 'ਇਹ ਸ਼ੇਰ ਨਹੀਂ, ਗਾਂ ਹੈ' ਦਾ ਬੋਧ ਹੋ ਜਾਣ ਤੇ ਵੀ ਰੁਕ ਨਹੀਂ ਸਕਦਾ ਸਗੋਂ ਲਖ਼ਸ਼ ਨੂੰ ਵਿੰਨ੍ਹ ਸੁਟਦਾ ਹੈ। ਇਸੇ ਤਰ੍ਹਾਂ ਪ੍ਰਾਰਬਧ ਕਰਮ, ਗਿਆਨ ਹੋਣ ਤੋਂ ਬਾਅਦ ਵੀ ਆਪਣਾ ਫਲ ਦਿੰਦੇ ਹਨ।[58]

ਸੋ ਸਪਸ਼ਟ ਹੈ ਕਿ ਤਤ ਗਿਆਨ ਦੁਆਰਾ ਪ੍ਰਾਰਬਧ ਕਰਮਾਂ ਦਾ ਨਾਸ਼ ਨਹੀਂ ਹੁੰਦਾ ਸਗੋਂ ਕੇਵਲ ਸੰਚਿਤ ਅਤੇ ਕਿਰਿਆਮਾਣ ਦਾ ਹੀ ਨਾਸ਼ ਹੁੰਦਾ ਹੈ।

ਉਪਨਿਸ਼ਦਾਂ ਵਿੱਚ ਤਤ-ਗਿਆਨ ਨੂੰ ਜੀਵਨ-ਮੁਕਤੀ ਦਾ ਪ੍ਰਮੁਖ ਸਾਧਨ ਮੰਨਿਆਂ ਗਿਆ ਹੈ।[59] ਆਤਮ-ਸਾਖਿਆਤਮਕਾਰ ਹੀ ਤਤ-ਗਿਆਨ ਹੈ। ਇਹੀ ਉਪਨਿਸ਼ਦਾਂ ਦਾ ਪ੍ਰਮੁਖ ਲਖ਼ਸ ਹੈ। ਇਸਦੀ ਪ੍ਰਾਪਤੀ ਵਿੱਚ ਸ੍ਰਵਣ, ਮਨਨ ਅਤੇ ਨਿਦਿਆਸਨ ਸਹਾਇਕ ਹਨ। ਅਰਥਾਤ 'ਅਹਮ ਬ੍ਰਹਮਾਸਮੀ', 'ਤਤਵਮਸਿ', 'ਅਯਮ ਆਤਮਾ ਬ੍ਰਹਮ' ਆਦਿ ਮਹਾਂਵਾਕਾਂ ਦਾ ਗੁਰੂ ਦੁਆਰਾ ਸ੍ਰਵਣ ਕਰਕੇ ਮਨਨ ਨਿਦਿਆਸਨ ਨਾਲ ਸਾਧਕ ਨਿਰਵਿਕਾਰ, ਸ਼ੁਧ, ਸਾਖ਼ਸ਼ੀ ਆਤਮਾ ਨੂੰ ਜਾਣ ਲੈਂਦਾ ਹੈ। ਇੰਜ ਆਤਮ ਗਿਆਨ ਦੁਆਰਾ ਸਾਧਕ ਮੁਕਤ ਹੋ ਜਾਂਦਾ ਹੈ। ਇਸ ਆਤਮ ਗਿਆਨ ਦੀ ਪ੍ਰਾਪਤੀ ਦੇ ਅਨੇਕ ਸਾਧਨਾਂ ਦਾ, ਉਪਨਿਸ਼ਦਾਂ ਵਿੱਚ ਵਰਣਨ ਮਿਲਦਾ ਹੈ ਜਿਵੇਂ :—

(ੳ) ਅੰਤਰ ਲਖ਼ਸ਼ ਦੁਆਰਾ—ਜੀਵ ਨੂੰ ਪੰਝੀਵਾਂ ਤਤ ਸਮਝਿਆ ਜਾਂਦਾ ਹੈ। ਆਪਣੇ ਪੰਝੀ ਕਲਪਿਤ ਤਤਾਂ ਨੂੰ ਛਡਕੇ ਜੀਵ ਜਦੋਂ ਇਹ ਨਿਸ਼ਚਾ ਕਰ ਲੈਂਦਾ ਹੈ ਕਿ 'ਮੈਂ ਛਬੀਵਾਂ (ਤਤ) ਪਰਮਾਤਮਾ ਹਾਂ' ਤਦੋਂ ਉਹ ਜੀਵਨ-ਮੁਕਤ ਹੋ ਜਾਂਦਾ ਹੈ। ਇੰਜ ਅੰਤਰ ਲਖ਼ਸ਼ ਦੁਆਰਾ ਵੀ ਜੀਵਨ-ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।[60]

(ਅ) ਅਜਪਾ ਗਾਇਤ੍ਰੀ ਦੁਆਰਾ—ਇਹ ਜੀਵ (ਪ੍ਰਾਣ, ਵਾਯੂ) 'ਹ' ਧੁਨੀ ਨਾਲ ਬਾਹਰ ਜਾਂਦਾ ਹੈ ਅਤੇ 'ਸ' ਧੁਨੀ ਨਾਲ ਅੰਦਰ ਆਉਂਦਾ ਹੈ ਅਤੇ ਇਸ ਤਰ੍ਹਾਂ ਸਦਾ 'ਹੰਸ ਹੰਸ' ਮੰਤਰ ਦਾ ਜਾਪ ਕਰਦਾ ਰਹਿੰਦਾ ਹੈ। ਇੰਜ ਦਿਨ ਰਾਤ ਵਿੱਚ ਇਹ ਜੀਵ ਇੱਕੀ ਹਜ਼ਾਰ ਛੇ ਸੌ ਮੰਤਰ ਜਾਪਦਾ ਹੈ। ਇਸ ਦਾ ਨਾਮ ਗਾਇਤ੍ਰੀ ਹੈ ਜੋ ਯੋਗੀ ਦੇ ਲਈ ਮੁਕਤੀ ਪ੍ਰਦਾਇਕ ਹੈ ਅਤੇ ਜਿਸ ਦੇ ਸੰਕਲਪ ਮਾਤਰ ਨਾਲ ਹੀ ਸਮਸਤ ਪਾਪਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ।[61]

(ੲ) ਪਰਾ ਵਿਦਿਆ ਦੁਆਰਾ—ਪਰਾ ਅਤੇ ਅਪਰਾ ਨਾਮ ਦੀਆਂ ਦੋ ਵਿਦਿਆਵਾਂ ਦਾ ਜਿਕਰ ਉਪਨਿਸ਼ਦਾਂ ਵਿੱਚ ਆਇਆ ਹੈ। ਜਿਸ ਦੇ ਦੁਆਰਾ ਆਤਮ ਗਿਆਨ ਹੁੰਦਾ ਹੈ ਉਹ ਪਰਾ ਵਿਦਿਆ ਅਖਵਾਉਂਦੀ ਹੈ। ਇਸ ਵਿਦਿਆ ਦੁਆਰਾ ਗਿਆਨੀ ਪੁਰਸ਼ ਪਰਮਾਤਮਾ ਦਾ ਸਾਖਿਆਤਕਾਰ ਕਰ ਲੈਂਦਾ ਹੈ।[62]

(ਸ) ਅਸ਼ਟਾਂਗ ਯੋਗ ਦੁਆਰਾ—ਅਰਥਾਤ ਯਮ, ਨਿਯਮ, ਆਸਨ, ਪ੍ਰਾਣਾਯਾਮ,

---

58 ਅਧਿਆਤਮ ਉਪਨਿਸ਼ਦ, 53-54
59 ਬ੍ਰਹਿਦਾਰਣਯਕ ਉਪਨਿਸ਼ਦ, 2/4/5
60 ਮੁੰਡਕ ਉਪਨਿਸ਼ਦ, 1/4
61 ਯੋਗ ਚੂੜਾਮਣਿ ਉਪਨਿਸ਼ਦ, 31.32
62 ਰੁਦਰ ਹਿਰਦੈ ਉਪਨਿਸ਼ਦ, ਮੰਤਰ 28-32

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਤਿਆਹਾਰ, ਧਿਆਨ, ਧਾਰਣਾ ਅਤੇ ਸਮਾਧੀ ਦੁਆਰਾ ਅਭਿਆਸ ਕਰਦਿਆਂ ਹੋਇਆਂ ਸਾਧਕ ਜਦੋਂ ਸਮਾਧੀ ਦੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ ਤਾਂ ਉਹ ਗਿਆਨੀ ਪੁਰਸ਼ ਸਮਸਤ ਪ੍ਰਾਣੀਆਂ ਨੂੰ ਆਪਣੇ ਵਿੱਚ ਹੀ ਦੇਖਦਾ ਹੈ ਅਤੇ ਆਪਣੇ ਆਪ ਨੂੰ ਸਭ ਪ੍ਰਾਣੀਆਂ ਵਿੱਚ ਸਥਿਤ ਦੇਖਦਾ ਹੋਇਆ ਸਾਖਿਆਤ ਬ੍ਰਹਮ ਹੋ ਨਿਬੜਦਾ ਹੈ।[63] ਯੋਗਤਤਵ ਉਪਨਿਸ਼ਦ ਵਿੱਚ ਯੋਗ ਦੁਆਰਾ ਜੀਵਨ-ਮੁਕਤੀ ਦੀ ਪ੍ਰਾਪਤੀ ਸੰਬੰਧੀ ਕਿਹਾ ਗਿਆ ਹੈ ਕਿ ਯੋਗ ਦਾ ਗਿਆਤਾ ਬਾਰਾਂ ਦਿਨਾਂ ਵਿੱਚ ਹੀ ਸਮਾਧੀ ਸਿੱਧ ਕਰਕੇ ਜੀਵਨ-ਮੁਕਤ ਹੋ ਜਾਂਦਾ ਹੈ।[64]

ਗੱਲ ਕੀ, ਉਪਨਿਸ਼ਦਾਂ ਅਨੁਸਾਰ ਜੀਵਨ-ਮੁਕਤੀ ਦਾ ਸਾਖਿਆਤ ਸਾਧਨ ਤਤ-ਗਿਆਨ ਹੈ ਪਰ ਵਿਦਿਆ ਅਤੇ ਗਾਇਤ੍ਰੀ ਜਾਪ ਆਦਿ ਆਤਮ-ਗਿਆਨ ਪ੍ਰਾਪਤੀ ਦੇ ਸਾਧਨ ਮਾਤਰ ਹਨ। ਮੁਕਤਿਕ ਉਪਨਿਸ਼ਦ ਵਿੱਚ ਤਤ-ਗਿਆਨ, ਮਨੋ-ਨਾਸ਼ (ਅਰਥਾਤ ਸੰਕਲਪਾਂ ਦ ਨਾਸ਼) ਅਤੇ ਵਾਸਨਾ-ਨਾਸ਼ ਨੂੰ ਬ੍ਰਹਮ-ਪ੍ਰਾਪਤੀ ਦਾ ਸਾਧਨ ਦਰਸਾਇਆ ਗਿਆ ਹੈ।[65]

ਭਗਵਦ ਗੀਤਾ ਅਨੁਸਾਰ ਜਿਹਨਾਂ ਸਾਧਕਾਂ ਦਾ ਮਨ ਸਮ-ਅਵਸਥਾ ਵਿੱਚ ਸਥਿਰ ਹੋ ਜਾਂਦਾ ਹੈ ਉਹ ਇਸੇ ਲੋਕ ਵਿੱਚ ਰਹਿੰਦਿਆਂ ਹੋਇਆਂ ਮ੍ਰਿਤੂ-ਲੋਕ ਨੂੰ ਜਿੱਤ ਲੈਂ ਹਨ। ਬ੍ਰਹਮ ਨਿਰਦੋਸ਼ ਅਤੇ ਸਮ ਹੈ ਇਸ ਲਈ ਸਮ-ਬੁਧੀ ਪੁਰਸ਼ ਬ੍ਰਹਮ ਵਿੱਚ ਸਦ-ਸਥਿਰ ਹੋ ਜਾਂਦੇ ਹਨ।[66] ਗਿਆਨ ਦੁਆਰਾ ਸਮ-ਅਵਸਥਾ ਪ੍ਰਾਪਤ ਅਥਵਾ ਜੀਵਨ-ਮੁਕਤ ਦੀ ਹੀ ਦਸ਼ਾ ਦਾ ਇਹ ਵਰਣਨ ਹੈ। ਅਜਿਹੇ ਪੁਰਸ਼ ਨੂੰ ਮੋਖ ਪ੍ਰਾਪਤੀ ਲਈ ਮਰਕੇ ਕਿਸੇ ਹੋਰ ਲੋਕ ਵਿੱਚ ਜਾਣ ਦੀ ਲੋੜ ਨਹੀਂ ਪੈਂਦੀ, ਉਹ ਇਸੇ ਲੋਕ ਵਿੱਚ ਜਨਮ ਮਰਣ ਦਾ ਵਿਜੇਤਾ ਹੋ ਨਿਬੜਦਾ ਹੈ।[67]

ਗੀਤਾ ਦੀ ਜੀਵਨ-ਮੁਕਤੀ ਦੀ ਧਾਰਣਾ ਉਪਨਿਸ਼ਦਾਂ ਵਾਂਗ ਹੀ ਗਿਆਨ ਤੇ ਆਧਾਰਤ ਹੈ। ਗੀਤਾ ਕਥਨ ਹੈ ਕਿ ਜਦੋਂ ਕੂਤਾਂ ਦੀ ਪ੍ਰਥਕਤਾ (ਭਿੰਨਤਾ) ਜਾਂ ਨਾਨਾ-ਤਵ ਇਕ-ਰੂਪ ਦਿਖਾਈ ਦੇਣ ਲਗ ਪਵੇ ਅਤੇ ਇਸ ਇੱਕਤਵ-ਭਾਵਨਾ ਨਾਲ ਹੀ ਸਮਸਤ ਵਿਸਥਾਰ ਦ੍ਰਿਸ਼ਟੀਗਤ ਹੋਵੇ ਤਦੋਂ ਬ੍ਰਹਮ ਪ੍ਰਾਪਤ ਹੋ ਜਾਂਦਾ ਹੈ।[68] ਵਾਸਤਵ ਵਿੱਚ ਭੇਦ ਵਿੱਚ ਅਭੇਦ ਦੀ ਗਿਆਨ-ਦ੍ਰਿਸ਼ਟੀ ਹੀ ਜੀਵ ਦੀ ਬ੍ਰਾਹਮੀ-ਸਥਿਤੀ ਹੈ। ਇਹੀ ਆਤਮ-ਗਿਆਨ ਦੀ ਉਤਕ੍ਰਿਸ਼ਟ ਅਵਸਥਾ ਹੈ। ਇਸ ਨੂੰ ਪ੍ਰਾਪਤ ਕਰਕੇ ਪੁਰਸ਼ ਇਸੇ ਲੋਕ ਵਿੱਚ ਬ੍ਰਹਮਮਈ ਅਥਵਾ ਜੀਵਨ-ਮੁਕਤ ਹੋ ਜਾਂਦਾ ਹੈ।

---

63 ਜਾਬਾਲ ਦਰਸ਼ਨ ਉਪਨਿਸ਼ਦ, 10/10

64 ਯੋਗਤਤਵ ਉਪਨਿਸ਼ਦ, 106

65 ਮੁਕਤਿਕ ਉਪਨਿਸ਼ਦ, 2/12-13

66 ਸ਼੍ਰੀਮਦ ਭਗਵਦ ਗੀਤਾ, 5/19

67 ਗੀਤਾ ਰਹੱਸ, ਲੋਕਮਾਨ ਬਾਲ ਗੰਗਾਧਰ ਤਿਲਕ, ਪੰਨਾ 314

68 ਸ਼੍ਰੀਮਦ ਭਗਵਦ ਗੀਤਾ, 13/30

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੀਤਾ ਵਿੱਚ ਜੀਵਨ-ਮੁਕਤਾਂ ਦੇ ਲਛਣਾਂ ਦਾ ਵੀ ਸਵਿਸਥਾਰ ਵਰਣਨ ਕੀਤਾ ਗਿਆ ਹੈ। ਗੀਤਾ ਦਾ 'ਸਥਿਤ ਪ੍ਰਗਯ'[69] ਤ੍ਰੈਗੁਣਾਤੀਤ[70] ਜਾਂ ਬ੍ਰਹਮਨਿਸ਼ਠ[71] ਪੁਰਸ਼ ਵਾਸਤਵ ਵਿੱਚ ਜੀਵਨ-ਮੁਕਤ ਪੁਰਸ਼ ਹੀ ਹੈ। ਜੀਵਨ-ਮੁਕਤ ਪੁਰਸ਼ਾਂ ਦਾ ਵਰਣਨ ਕਰਦਿਆਂ ਹੋਇਆਂ ਕਿਹਾ ਗਿਆ ਹੈ ਕਿ ਜਿਹਨਾਂ ਰਿਸ਼ੀਆਂ ਦੀ ਦਵੰਦ-ਬੁਧੀ ਛੁਟ ਗਈ ਹੈ, ਜਿਹੜਾਂ ਦੇ ਪਾਪ ਨਸ਼ਟ ਹੋ ਗਏ ਹਨ ਅਤੇ ਜੋ ਆਤਮ ਸੰਜਮ ਦੁਆਰਾ ਸਭ ਪ੍ਰਾਣੀਆਂ ਦਾ ਹਿਤ ਕਰਨ ਵਿੱਚ ਸੰਲਗਨ ਰਹਿੰਦੇ ਹਨ ਉਹਨਾਂ ਨੂੰ ਬ੍ਰਹਮ-ਨਿਰਵਾਣ-ਰੂਪ ਮੋਖ ਦੀ ਪ੍ਰਾਪਤੀ ਹੋ ਜਾਂਦੀ ਹੈ।[72] ਕਾਮ, ਕ੍ਰੋਧ ਰਹਿਤ ਆਤਮ-ਸੰਜਮੀ ਅਤੇ ਗਿਆਨ-ਸੰਪੰਨ ਸਾਧਕਾਂ ਨੂੰ ਬ੍ਰਹਮ-ਨਿਰਵਾਣ ਦੀ ਪ੍ਰਾਪਤੀ ਹੋ ਜਾਂਦੀ ਹੈ।[73] ਜਿਸਨੇ ਇੰਦ੍ਰੀਆਂ, ਮਨ ਅਤੇ ਬੁਧੀ ਦਾ ਸੰਜਮ ਕਰ ਲਿਆ ਹੈ ਅਤੇ ਜਿਸਦੇ ਭੈਅ, ਇੱਛਾ ਅਤੇ ਕ੍ਰੋਧ ਦਾ ਨਾਸ਼ ਹੋ ਗਿਆ ਹੈ ਉਹ ਮੁਨੀ ਸਦ-ਮੁਕਤ ਹੈ।[74] ਜੀਵਨ-ਮੁਕਤ ਪੁਰਸ਼ ਦੇ ਇਹਨਾਂ ਲੱਛਣਾਂ ਤੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਗੀਤਾਕਾਰ ਦੀ ਦ੍ਰਿਸ਼ਟੀ ਵਿੱਚ ਸਮ-ਬੁਧੀ ਪੁਰਸ਼ ਦਾ ਗਿਆਨ ਦੁਆਰਾ ਅਵਿਦਿਆ-ਜਨਿਤ ਪ੍ਰਤੀਤੀਆਂ ਨੂੰ ਨਸ਼ਟ ਕਰਕੇ ਬ੍ਰਹਮ-ਯੁਕਤ ਹੋਣਾ ਹੀ ਜੀਵਨ-ਮੁਕਤ ਹੋਣਾ ਹੈ।

ਸਾਂਖ ਮਤ ਵਿੱਚ ਮੁਕਤੀ ਦੋ ਪ੍ਰਕਾਰ[75] ਦੀ ਮੰਨੀ ਗਈ ਹੈ—ਜੀਵਨ-ਮੁਕਤੀ[76] ਅਤੇ

---

69 ਸ਼੍ਰੀਮਦ ਭਗਵਦ ਗੀਤਾ, 2/55, 15/5

70 ਓਹੀ, 14/23

71 ਓਹੀ, 5/19

72 ਓਹੀ, 5/25

73 ਓਹੀ, 5/26

74 ਓਹੀ, 5/28

75 ਡਾ. ਜਾਦੂ ਨਾਥ ਸਿਨਹਾ ਲਿਖਦੇ ਹਨ ਕਿ ਸਾਂਖ ਵਿਚ ਮੁਕਤੀ ਦੋ ਪ੍ਰਕਾਰ ਦੀ ਦਸੀ ਗਈ ਹੈ ਅਰਥਾਤ ਜੀਵਨ-ਮੁਕਤੀ ਅਤੇ ਵਿਦੇਹ-ਮੁਕਤੀ। ਪਹਿਲੀ ਵਿਚ ਸੰਸਕਾਰਾਂ ਦੇ ਪ੍ਰਭਾਵ ਕਾਰਣ ਸਰੀਰ ਦੀ ਸਥਿਤੀ ਬਣੀ ਰਹਿੰਦੀ ਹੈ। ਸੰਸਕਾਰਾਂ ਦੀ ਸਮਾਪਤੀ ਹੋ ਜਾਣ ਤੇ ਜਦੋਂ ਸਰੀਰ ਨਸ਼ਟ ਹੋ ਜਾਂਦਾ ਹੈ ਤਾਂ ਉਸਨੂੰ ਵਿਦੇਹ-ਮਕਤੀ ਕਹਿੰਦੇ ਹਨ।

(ਹਿਸਟਰੀ ਆਫ ਇੰਡੀਅਨ ਫਿਲਾਸਫੀ, ਜਾਦੂ ਨਾਥ ਸਿਨਹਾ, ਭਾਗ ਦੂਜਾ, ਪੰਨਾ 81-82)

ਡਾ. ਅਨਿਮਾ ਸੇਨ ਗੁਪਤ ਨੇ ਵੀ ਇਸੇ ਵਿਚਾਰ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਸਾਂਖ ਸੂਤਰ ਵਿਚ ਦੋ ਪ੍ਰਕਾਰ ਦੀ ਮੁਕਤੀ ਦਾ ਵਰਣਨ ਮਿਲਦਾ ਹੈ—ਜੀਵਨ-ਮੁਕਤੀ ਅਤੇ ਵਿਦੇਹ-ਮੁਕਤੀ। ਸਰੀਰ, ਮਨ ਆਦਿ ਦੇ ਰਹਿੰਦਿਆਂ ਹੋਇਆਂ ਮੁਕਤ ਹੋਣ ਦੀ ਅਵਸਥਾ ਜੀਵਨ-ਮੁਕਤੀ ਕਹੀ ਜਾਂਦੀ ਹੈ।

(ਦੀ ਐਵੋਲਿਊਸ਼ਨ ਆਫ ਸਾਂਖਿਆ ਸਕੂਲ ਆਫ ਥਾਟ, ਅਨਿਮਾ ਸੇਨ ਗੁਪਤ, ਪੰਨਾ 50)

76 ਡਾ. ਦਾਸਗੁਪਤ ਨੇ ਸਾਂਖ ਵਿਚ ਜੀਵਨ-ਮੁਕਤੀ ਦਾ ਨਿਰੂਪਣ ਕਰਦਿਆਂ ਹੋਇਆਂ ਕਿਹਾ ਹੈ ਕਿ ਸਮਿਅਕ ਗਿਆਨ ਦੀ ਪ੍ਰਾਪਤੀ ਦੇ ਫਲ ਸਰੂਪ ਉਹ ਸੰਚਿਤ ਕਰਮ ਜਿਹਨਾਂ ਦੇ ਫਲ ਦਾ ਸਮਾਂ ਨਿਸ਼ਚਿਤ ਨਹੀਂ ਹੈ, ਕਿਸੇ ਭੋਗ ਦਾ ਜਦੋਂ ਕਾਰਣ ਨਹੀਂ ਬਣਦੇ ਉਦੋਂ ਸਰੀਰ ਦੀ ਸਥਿਤੀ ਅਵਿਦਿਆ ਦੇ ਕਾਰਣ ਉਸੇ ਤਰ੍ਹਾਂ ਦੀ ਹੁੰਦੀ ਹੈ ਜਿਸ ਤਰ੍ਹਾਂ ਦੀ ਭ੍ਰਮਣ ਦੇ ਸੰਸਕਾਰ ਨਾਲ ਘੁਮਿਆਰ ਦੇ ਚਾਕ ਦੀ ਹੁੰਦੀ ਹੈ ਅਤੇ ਉਹ ਕਿੰਨੀ ਦੇਰ ਘੁੰਮਦਾ ਰਹਿੰਦਾ ਹੈ।

(ਹਿਸਟਰੀ ਆਫ ਇੰਡੀਅਨ ਫਿਲਾਸਫੀ, ਐਸ. ਐਨ. ਦਾਸਗੁਪਤ, ਭਾਗ ਦੂਜਾ ਪੰਨਾ 249-50)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਦੇਹ-ਮੁਕਤੀ ।

ਸਾਂਖ ਕਾਰਿਕਾ ਵਿੱਚ ਜੀਵਨ-ਮੁਕਤੀ ਸ਼ਬਦ ਦੀ ਭਾਵੇਂ ਵਰਤੋਂ ਨਹੀਂ ਕੀਤੀ ਗਈ ਪਰ ਫੇਰ ਵੀ ਇਸ ਅਵਸਥਾ ਦਾ ਸਪਸ਼ਟ ਭਾਂਤ ਵਰਣਨ ਜ਼ਰੂਰ ਮਿਲਦਾ ਹੈ ਜਿਵੇਂ— ਸਮਿਅਕ ਗਿਆਨ ਦੀ ਪ੍ਰਾਪਤੀ ਹੋਣ ਤੇ ਸੰਚਿਤ ਧਰਮ-ਅਧਰਮ ਆਦਿ, ਸੁਖ ਦੁਖ ਆਦਿ ਫਲ ਦੀ ਉਤਪਤੀ ਦੇ ਕਾਰਣ ਬਣਨ ਦੇ ਯੋਗ ਨਹੀਂ ਰਹਿ ਜਾਂਦੇ ਪਰ ਫੇਰ ਵੀ ਕੁਝ ਬਚ ਰਹੇ ਸੰਸਕਾਰਾਂ ਦੇ ਕਾਰਣ ਸਾਧਕ ਉਸੇ ਤਰ੍ਹਾਂ ਸਰੀਰ ਧਾਰਣ ਕਰੀ ਰਖਦਾ ਹੈ ਜਿਸ ਤਰ੍ਹਾਂ ਦੰਡ (ਸੋਟੀ) ਦੀ ਸਹਾਇਤਾ ਨਾਲ ਚਲਾਇਆ ਗਿਆ ਘੁਮਿਆਰ ਦਾ ਚਕ, ਦੰਡ-ਚਾਲਨ ਨਾ ਹੋਣ ਤੇ ਵੀ ਪੂਰਵ-ਉਤਪੰਨ ਵੇਗ ਨਾਮਕ ਸੰਸਕਾਰ ਕਾਰਣ ਘੁੰਮਦਾ ਰਹਿੰਦਾ ਹੈ ।[77] ਇਸ ਕਥਨ ਤੋਂ ਹੇਠ ਲਿਖੀਆਂ ਗੱਲਾਂ ਸਪਸ਼ਟ ਹੁੰਦੀਆਂ ਹਨ :—

(ਓ) ਸਾਧਕ ਨੂੰ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ ।

(ਅ) ਤੱਤ ਗਿਆਨ ਹੋ ਜਾਣ ਦੇ ਕਾਰਣ ਜੋ ਸੰਚਿਤ ਧਰਮ, ਅਧਰਮ ਹਨ ਉਹ ਫਲ ਦੇ ਉਤਪਾਦਕ ਨਹੀਂ ਰਹਿ ਜਾਂਦੇ ।

(ਏ) ਪਰ ਅਜਿਹੇ ਕੁਝ ਸੰਸਕਾਰ ਬਚ ਰਹਿੰਦੇ ਹਨ ਜਿਹਨਾਂ ਕਾਰਣ ਸਰੀਰ ਦੀ ਸਥਿਤੀ ਬਣੀ ਰਹਿੰਦੀ ਹੈ ।

(ਸ) ਘੁਮਿਆਰ ਦੇ ਚਕ ਦੇ ਸਮਾਨ ਪੂਰਵ-ਅਰਜਿਤ ਸੰਸਕਾਰਾਂ ਦੇ ਸਹਾਰੇ ਸਰੀਰ ਚਲਦਾ ਰਹਿੰਦਾ ਹੈ ।

ਸਾਂਖ ਕਾਰਿਕਾ ਦੀ ਅਗਲੀ ਕਾਰਿਕਾ ਵਿੱਚ ਕਿਹਾ ਗਿਆ ਹੈ ਕਿ ਜਦੋਂ ਸਰੀਰ-ਪਾਤ (ਦੇਹ-ਅੰਤ) ਹੋ ਜਾਂਦਾ ਹੈ ਤਦ ਸਾਧਕ ਅਤਿਅੰਤਕ ਕੈਵਲਯ ਨੂੰ ਪ੍ਰਾਪਤ ਹੁੰਦਾ ਹੈ ।[78] ਇਥੇ ਅਤਿਅੰਤਕ ਕੈਵਲਯ ਸ਼ਬਦ ਮੁਕਤੀ ਜਾਂ ਪਰਾ-ਮੁਕਤੀ (ਪਰਾ ਕੈਵਲਯ) ਦਾ ਸੂਚਕ ਹੈ । ਇਸ ਤੋਂ ਪ੍ਰਗਟ ਹੁੰਦਾ ਹੈ ਕਿ ਦੇਹ-ਪਾਤ ਤੋਂ ਪਹਿਲੀ ਅਵਸਥਾ ਵੀ ਕੈਵਲਯ ਕਹੀ ਜਾ ਸਕਦੀ ਹੈ, ਭਾਵੇਂ ਅਤਿਅੰਤਕ ਕੈਵਲਯ ਨਹੀਂ । ਇਸ ਅਵਸਥਾ ਨੂੰ ਜੀਵਨ-ਮੁਕਤੀ ਦੀ ਅਵਸਥਾ ਹੀ ਸਮਝਣਾ ਚਾਹੀਦਾ ਹੈ ।

ਸਾਂਖ ਸੂਤਰ ਦੀ ਵਿਆਖਿਆ ਕਰਦਿਆਂ ਹੋਇਆਂ ਵਿਗਿਆਨ ਭਿਖ਼ਸ਼ੂ ਨੇ ਪ੍ਰਵਚਨ ਭਾਸ਼ ਵਿੱਚ ਸਾਧਕ ਦੀਆਂ ਤਿੰਨ ਅਵਸਥਾਵਾਂ ਦਸੀਆਂ ਹਨ[79]—ਮੰਦ ਵਿਵੇਕ ਦੀ ਅਵਸਥਾ, ਮਧ ਵਿਵੇਕ ਦੀ ਅਵਸਥਾ ਅਤੇ ਵਿਵੇਕ ਨਿਸ਼ਪਤੀ ਦੀ ਅਵਸਥਾ । ਮੰਦ ਵਿਵੇਕ ਦੀ ਅਵਸਥਾ ਉਹ ਅਵਸਥਾ ਹੈ ਜਦੋਂ ਸਾਧਕ ਸ੍ਰਵਣ, ਮਨਨ, ਧਿਆਨ ਆਦਿ ਦਾ ਅਭਿਆਸ ਕਰ ਲੈਂਦਾ ਹੈ ਪਰ ਆਤਮ-ਸਾਖਿਆਤਕਾਰ ਨਹੀਂ ਕਰ ਸਕਦਾ ।[80] ਇਹ ਤੱਤ-ਗਿਆਨ ਦੀ ਨੀਵੀਂ ਪੱਧਰ ਹੈ । ਤੱਤ-ਗਿਆਨ ਦੀ ਚਰਮ ਸੀਮਾ ਹੀ ਵਿਵੇਕ-ਨਿਸ਼ਪਤੀ ਦੀ ਅਵਸਥਾ

77 ਸਾਂਖ ਕਾਰਿਕਾ, 67

78 ਸਾਂਖ ਕਾਰਿਕਾ, 68

79 ਸਾਂਖ ਸੂਤਰ, ਪ੍ਰਵਚਨ ਭਾਸ਼, ਵਿਗਿਆਨ ਭਿਖ਼ਸ਼ੂ, 3/77

80 ਓਹੀ, 3/77

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਜਿਸ ਵਿੱਚ ਸਾਧਕ ਪੂਰਣ ਭਾਂਤ 'ਅਸਮ-ਪ੍ਰਗਿਆਤ' ਸਮਾਧੀ ਦੀ ਸਿੱਧੀ ਕਰ ਲੈਂਦਾ ਹੈ। ਇਸ ਅਵਸਥਾ ਦਾ ਧਾਰਣੀ ਸਾਧਕ ਭੋਗ-ਕਰਮ ਤੋਂ ਨਵਿਰਤ ਹੋ ਜਾਂਦਾ ਹੈ।[81] ਮੰਦ ਵਿਵੇਕ ਅਤੇ ਵਿਵੇਕ ਨਿਸ਼ਪਤੀ ਦੇ ਵਿਚਕਾਰ ਦੀ ਅਵਸਥਾ ਮਧ ਵਿਵੇਕ ਦੀ ਅਵਸਥਾ ਹੈ। ਇਸ ਵਿੱਚ ਸਾਧਕ 'ਸਮ-ਪ੍ਰਗਿਆਤ' ਸਮਾਧੀ ਦੁਆਰਾ ਆਤਮ ਸਾਖਿਆਤਕਾਰ ਕਰ ਚੁਕਾ ਹੁੰਦਾ ਹੈ। ਭਾਵੇਂ ਇਸ ਅਵਸਥਾ ਦਾ ਧਾਰਣੀ ਸਾਧਕ ਸਮਝਦਾ ਹੈ ਕਿ ਦੁਖ ਸੁਖ ਆਤਮਾ ਵਿੱਚ ਨਹੀਂ ਹਨ ਸਗੋਂ ਬੁੱਧੀ ਵਿੱਚ ਹਨ ਪਰ ਫੇਰ ਵੀ ਪ੍ਰਾਰਬਧ ਕਰਮਾਂ ਕਾਰਣ ਦੁਖ ਸੁਖ ਹੁੰਦੇ ਹੀ ਹਨ। ਸੁਖ ਦੁਖ ਦੀ ਸੱਤਾ ਸਹਿਤ ਬੁਧੀ ਦਾ ਪ੍ਰਤਿਬਿੰਬ ਪੁਰਸ਼ ਵਿੱਚ ਪੈਂਦਾ ਹੈ, ਇਹੀ ਦੁਖ-ਸੁਖ ਦਾ ਭੋਗ ਹੈ।[82] ਇਸ ਅਵਸਥਾ ਦੇ ਧਾਰਣੀ ਮਧ ਵਿਵੇਕੀ ਪੁਰਸ਼ ਨੂੰ ਜੀਵਨ-ਮੁਕਤ ਕਹਿੰਦੇ ਹਨ।[83] ਇਸ ਅਵਸਥਾ ਵਿਚ ਚਕ-ਭ੍ਰਮਣ ਦੇ ਸਮਾਨ ਮਧ ਵਿਵੇਕੀ ਸਾਧਕ ਸਰੀਰ ਧਾਰਣ ਕਰੀ ਰਖਦਾ ਹੈ।[84] ਅਨਿਰੁੱਧ ਵ੍ਰਿਤੀ ਵਿੱਚ ਵੀ ਇਸ ਅਵਸਥਾ ਨੂੰ ਜੀਵਨ-ਮੁਕਤੀ ਦਾ ਨਾਮ ਦਿੱਤਾ ਗਿਆ ਹੈ।[85]

ਵਾਚਸਪਤੀ ਮਿਸ਼੍ਰ ਨੇ ਸਾਂਖ ਤਤ ਕੌਮੁਦੀ ਵਿੱਚ ਜੀਵਨ-ਮੁਕਤੀ ਦੀ ਅਵਸਥਾ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ—ਤਤ ਗਿਆਨ ਦੇ ਉਪਜਣ ਤੇ ਅਨਾਦਿ ਕਾਲ ਤੋਂ ਸੰਚਿਤ ਕਰਮ-ਰਾਸ਼ੀ ਸੜ ਚੁਕੇ ਬੀਜ ਦੇ ਸਮਾਨ ਹੋ ਜਾਂਦੀ ਹੈ, ਉਹ ਜਾਤਿ, ਆਯੂ ਅਤੇ ਸੁਖ-ਦੁਖ ਦੇ ਭੋਗ-ਫਲ ਨੂੰ ਉਤਪੰਨ ਨਹੀਂ ਕਰਦੀ। ਜਿਸ ਤਰ੍ਹਾਂ ਧਰਤੀ ਵਿੱਚ ਜਲ ਬਚ ਰਹਿਣ ਤੇ ਹੀ ਉਸ ਵਿੱਚ ਪਏ ਹੋਏ ਬੀਜ ਅੰਕੁਰਿਤ ਹੁੰਦੇ ਹਨ, ਉਸੇ ਤਰ੍ਹਾਂ ਬੁਧੀ ਰੂਪੀ ਧਰਤੀ ਵਿੱਚ ਅਵਿਦਿਆ ਆਦਿ ਕਲੇਸ਼ਾਂ ਦੇ ਬਚ ਰਹਿਣ ਤੇ ਹੀ ਕਰਮ ਫਲ ਦਿੰਦੇ ਹਨ ਅਤੇ ਜਿਸ ਤਰ੍ਹਾਂ ਪ੍ਰਚੰਡ ਗਰਮੀ ਦੁਆਰਾ ਸਮਸਤ ਜਲ ਸੁਕ ਜਾਣ ਤੇ ਊਸਰ ਹੋਈ ਧਰਤੀ ਵਿੱਚ ਬੀਜ ਨਹੀਂ ਫੁਟਦੇ, ਉਸੇ ਤਰ੍ਹਾਂ ਤੱਤ-ਗਿਆਨ ਦੁਆਰਾ ਬੁੱਧੀ-ਗਤ ਅਵਿਦਿਆ ਆਦਿ ਸਮਸਤ ਕਲੇਸ਼ਾਂ ਦੇ ਨਸ਼ਟ ਹੋ ਜਾਣ ਤੇ ਕਰਮ ਕਿਸੇ ਫਲ ਨੂੰ ਉਤਪੰਨ ਨਹੀਂ ਕਰਦੇ। ਇਸ ਲਈ ਤੱਤ-ਗਿਆਨ ਦੇ ਉਪਜਣ ਤੇ ਸਾਧਕ ਸੰਸਕਾਰਾਂ ਦੇ ਕਾਰਣ ਸਥਿਤ ਰਹਿੰਦਾ ਹੈ, ਉਸੇ ਤਰ੍ਹਾਂ ਜਿਸ ਤਰ੍ਹਾਂ ਘੁਮਿਆਰ ਦੇ ਦੰਡ-ਚਾਲਨ ਕਰਮ ਦੇ ਰੁਕ ਜਾਣ ਤੇ ਵੀ ਚਕ ਪੂਰਵ-ਵੇਗ ਦੁਆਰਾ ਚਲਦਾ ਰਹਿੰਦਾ ਹੈ ਅਤੇ ਸਮਾ ਆਉਣ ਤੇ ਵੇਗ ਨਸ਼ਟ ਹੋ ਜਾਣ ਨਾਲ ਹੀ ਰੁਕਦਾ ਹੈ। ਸਰੀਰ ਨੂੰ ਸਥਿਤ ਰਖਣ ਵਿੱਚ ਉਹ ਧਰਮ ਅਤੇ ਅਧਰਮ ਰੂਪੀ ਸੰਸਕਾਰ ਸਾਧਨ ਸਿੱਧ ਹੁੰਦੇ ਹਨ ਜਿਹਨਾਂ ਨੇ ਫਲ ਦੇਣਾ ਆਰੰਭ ਕਰ ਦਿੱਤਾ ਹੈ।

ਦੂਜੇ ਸ਼ਬਦਾਂ ਵਿੱਚ ਸਾਂਖ ਦੀ ਮੋਖ ਧਾਰਣਾ ਇਸ ਪ੍ਰਕਾਰ ਹੈ—ਪੁਰਸ਼ ਸੁਭਾਵਕ ਤੌਰ ਤੇ ਅਸੰਗ ਅਤੇ ਮੁਕਤ ਹੈ ਪਰ ਅਵਿਵੇਕ ਦੇ ਕਾਰਣ ਉਸਦਾ ਪ੍ਰਕਿਰਤੀ ਦੇ ਨਾਲ ਸੰਜੋਗ

---

81 ਸਾਂਖ ਸੂਤਰ, ਪ੍ਰਵਚਨ ਭਾਸ਼, ਵਿਗਿਆਨ ਭਿਖ਼ਸ਼ੂ, 3/77
82 ਓਹੀ, 3/77
83 ਓਹੀ, 3/78
84 ਓਹੀ, 3/82
85 ਸਾਂਖ ਸੂਤਰ, ਅਨਿਰੁਧ ਵ੍ਰਿਤੀ, 3/78

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੁੜ ਜਾਂਦਾ ਹੈ। ਇਸ ਨਾਲ ਪ੍ਰਕਿਰਤੀ ਕਾਰਣ ਉਪਜੇ ਦੁਖ ਦਾ ਜੋ ਪ੍ਰਤਿਬਿੰਬ ਪੁਰਸ਼ ਵਿੱਚ ਪੈਂਦਾ ਹੈ ਉਹੀ ਹੈ ਪੁਰਸ਼ ਦੇ ਲਈ ਦੁਖ ਭੋਗ ਅਰਥਾਤ ਸੰਸਾਰ। ਇੰਜ ਸੰਸਾਰ ਦਾ ਮੂਲ ਕਾਰਣ ਅਵਿਵੇਕ ਹੈ। ਪ੍ਰਕਿਰਤੀ-ਪੁਰਸ਼ ਦਾ ਪਰਸਪਰ ਵਿਯੋਗ ਹੋਣਾ ਜਾਂ ਪ੍ਰਕਿਰਤੀ ਤੋਂ ਪੁਰਸ਼ ਦੀ ਵੱਖਰੀ ਸਥਿਤੀ ਹੀ ਕੈਵਲਯ ਜਾਂ ਮੋਖਸ਼ ਹੈ। ਬੰਧਨ-ਮੋਖਸ਼ ਵਾਸਤਵ ਵਿੱਚ ਪ੍ਰਕਿਰਤੀ ਦੇ ਹੀ ਧਰਮ ਹਨ, ਪੁਰਸ਼ ਦੇ ਨਹੀਂ। ਪੁਰਸ਼ ਨਾ ਤਾਂ ਬੰਧਨ ਦਾ ਅਨੁਭਵ ਕਰਦਾ ਹੈ, ਨਾ ਹੀ ਮੁਕਤੀ ਦਾ ਅਤੇ ਨਾ ਹੀ ਸੰਸਾਰ ਦਾ। ਪੁਰਸ਼ ਦੀ ਮੁਕਤੀ ਤੋਂ ਭਾਵ ਹੈ ਕਿ ਉਹ ਆਪਣੀ ਸੁਤੰਤਰ, ਅਸੰਗ, ਕੇਵਲ-ਦਸ਼ਾ ਨੂੰ ਪ੍ਰਾਪਤ ਕਰ ਲੈਂਦਾ ਹੈ। ਪੁਰਸ਼ ਸਰੀਰ ਅਤੇ ਮਨ ਤੋਂ ਉਪਰ ਹੈ, ਪ੍ਰਾਕਿਰਤ ਬੰਧਨਾਂ ਤੋਂ ਮੁਕਤ ਹੋਣ ਵਾਲਾ ਅਮਰਣ-ਧਰਮਾ (ਅਮਰਣਹਾਰ), ਅਪਰਿਵਰਤਨਸ਼ੀਲ, ਨਿੱਤ, ਸੱਤ ਪਦਾਰਥ ਹੈ, ਇਹ ਜਾਣ ਲੈਣਾ ਹੀ ਪੁਰਸ਼ ਦਾ ਕਰਤਵ ਹੈ। ਇਸ ਦਸ਼ਾ ਵਿੱਚ ਉਸ ਨੂੰ ਇਹ ਨਿਸ਼ਚਿਤ ਗਿਆਨ ਹੋ ਜਾਂਦਾ ਹੈ ਕਿ 'ਮੇਰੇ ਵਿੱਚ ਕਿਸੇ ਪ੍ਰਕਾਰ ਦੀ ਕਿਰਿਆ ਦਾ ਸੰਬੰਧ ਨਹੀਂ ਹੈ, ਮੈਂ ਸੁਭਾਵਕ ਹੀ ਨਿਸ਼ਕ੍ਰਿਅ ਹਾਂ (ਨਾਸਮਿ), ਕਿਰਿਆ ਦੀ ਅਣਹੋਂਦ ਕਾਰਣ ਮੇਰੇ ਵਿੱਚ ਕਿਸੇ ਪ੍ਰਕਾਰ ਦਾ ਵੀ ਕਰਤ੍ਰਿਤਵ ਨਹੀਂ ਹੈ (ਨਾਹਮ੍) ਅਤੇ ਮੈਂ ਅਸੰਗ ਹਾਂ ਅਰਥਾਤ ਮੇਰਾ ਕਿਸੇ ਨਾਲ ਸਵੈ ਸੰਬੰਧ ਨਹੀਂ ਹੈ (ਨਮੇ)।', ਅਜਿਹੀ ਮੁਕਤ ਅਵਸਥਾ ਦੀ ਪ੍ਰਾਪਤੀ ਸਾਂਖ ਮਤ ਅਨੁਸਾਰ ਹਰੇਕ ਮਨੁਖ ਇਸੇ ਜੀਵਨ ਵਿੱਚ ਕਰ ਸਕਦਾ ਹੈ। ਵਿਵੇਕ-ਗਿਆਨ ਹੋ ਜਾਣ ਤੇ ਇਸੇ ਜਨਮ ਵਿੱਚ ਮਨੁੱਖ ਜਿਸ ਮੁਕਤੀ ਦਾ ਅਨੁਭਵ ਕਰਦਾ ਹੈ, ਉਹ ਜੀਵਨ ਮੁਕਤੀ ਅਖਵਾਉਂਦੀ ਹੈ। ਇਸ ਦਸ਼ਾ ਵਿੱਚ ਮਨੁਖ ਕਰਮ-ਵਪਾਰ ਤੋਂ ਮੁਕਤ ਨਹੀਂ ਹੁੰਦਾ ਪਰ ਇਸ ਅਵਸਥਾ ਵਿੱਚ ਕਰਮ, ਬੰਧਨ ਨਹੀਂ ਉਪਜਾਉਂਦੇ ਅਤੇ ਪ੍ਰਾਰਬਧ ਕਰਮ ਬਚੇ ਰਹਿੰਦੇ ਹਨ। ਸਰੀਰ ਦੇ ਨਾਸ਼ ਹੋਣ ਤੇ ਪ੍ਰਾਪਤ ਇਸ ਮੁਕਤੀ ਨੂੰ ਵਿਦੇਹ-ਮੁਕਤੀ ਕਹਿੰਦੇ ਹਨ।

ਬੋਧ ਦਰਸ਼ਨ ਵਿੱਚ ਮੁਕਤੀ ਦੇ ਪ੍ਰਥਾਇ ਨਿਰਵਾਣ (ਨਿੱਬਾਨ) ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਬੁਧ ਨੇ ਦੁਖ-ਨਿਰੋਧ ਦੇ ਰੂਪ ਵਿੱਚ ਨਿਰਵਾਣ ਦਾ ਜ਼ਿਕਰ ਕੀਤਾ ਸੀ। ਬੋਧ ਦਰਸ਼ਨ ਸੰਬੰਧੀ ਪਾਲੀ ਅਤੇ ਸੰਸਕ੍ਰਿਤ ਗ੍ਰੰਥਾਂ ਵਿੱਚ ਵੀ ਨਿਰਵਾਣ ਦਾ ਅਨੇਕ ਸਥਲਾਂ ਤੇ ਵਰਣਨ ਕੀਤਾ ਗਿਆ ਹੈ। ਧੱਮਪਦ ਵਿੱਚ ਨਿਰਵਾਣ ਨੂੰ ਪਰਮ ਸੁਖ ਦੀ ਅਵਸਥਾ ਕਿਹਾ ਗਿਆ ਹੈ।[86] 'ਸੰਯੁਕਤ ਨਿਕਾਇ' ਵਿੱਚ ਇਸ ਨੂੰ ਰਾਗ, ਦਵੈਖ ਅਤੇ ਮੋਹ ਦਾ ਨਾਸ਼ ਕਿਹਾ ਗਿਆ ਹੈ।[87] 'ਮਾਧਯਮਿਕ ਕਾਰਿਕਾ' ਵਿੱਚ ਵੀ ਨਿਰਵਾਣ ਦਾ ਵਿਸਤ੍ਰਿਤ ਵਿਵੇਚਨ ਮਿਲਦਾ ਹੈ।[88] ਬਸੁ ਬੰਧੁ ਨੇ ਵੀ 'ਅਭਿਧਰਮ ਕੋਸ਼' ਵਿੱਚ ਨਿਰਵਾਣ-ਨਿਰੂਪਣ ਕਰਦਿਆਂ ਕਿਹਾ ਹੈ ਕਿ ਵਿਸ਼ੁਧ ਗਿਆਨ ਦੇ ਸਹਾਰੇ ਸੰਸਾਰਕ ਧਰਮਾਂ ਅਤੇ ਸੰਸਕਾਰਾਂ ਦੇ ਨਾਸ਼ ਹੋ ਜਾਣ ਦੀ ਦਸ਼ਾ ਨੂੰ ਨਿਰਵਾਣ ਕਹਿੰਦੇ ਹਨ।[89]

---

86 ਨਿੱਬਾਨਮ ਪਰਮਂ ਸੁਖਂ, ਧੱਮਪਦ, 15/8

87 ਸੰਯੁਕਤ ਨਿਕਾਇ, ਭਾਗ ਤੀਜਾ, ਭਿਖਸ਼ੂ ਜਗਦੀਪ ਕਾਸ਼ਯਪ ਦੁਆਰਾ ਸੰਪਾਦਿਤ, ਪੰਨਾ 223

88 ਮਾਧਯਮਿਕ ਕਾਰਿਕਾ, ਨਾਗਾਰਜੁਨ, ਐਮ. ਪੂਸਨ ਦੁਆਰਾ ਸੰਪਾਦਿਤ, ਪੰਨਾ 519-20

89 ਅਭਿਧਰਮ ਕੋਸ਼, ਬਸੁ ਬੰਧੁ, ਪੰਨਾ 18

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਵਾਣ ਸ਼ਬਦ ਦੀ ਵਿਉਤਪਤੀ ਨਿਰ ਉਪਸਰਗ ਪੂਰਬਕ 'ਵਾ' ਧਾਤੂ ਨਾਲ 'ਕਤ' ਪ੍ਰਤਯਯ ਲਗਾਕੇ ਕੀਤੀ ਜਾਂਦੀ ਹੈ। ਇਸਦਾ ਕੋਸ਼ਾਰਥ ਹੈ 'ਫੂਕ ਮਾਰਕੇ ਬੁਝਾਇਆ ਹੋਇਆ।[90] ਜਿਸ ਤਰ੍ਹਾਂ ਤੇਲ ਅਤੇ ਬੱਤੀ ਦੇ ਖ਼ਤਮ ਹੋਣ ਤੇ ਦੀਪਕ ਆਪਣੇ ਆਪ ਸ਼ਾਂਤ ਹੋ ਜਾਂਦਾ ਹੈ, ਉਸੇ ਤਰ੍ਹਾਂ ਤ੍ਰਿਸ਼ਨਾ ਆਦਿ ਕਲੇਸ਼ਾਂ ਦੇ ਸ਼ਾਂਤ ਹੋ ਜਾਣ ਤੇ ਇਹ ਭੌਤਿਕ ਸਰੀਰ ਆਪਣੀ ਸਿਖਰੀ ਅਤੇ ਅੰਤਿਮ ਅਵਸਥਾ ਤੇ ਪੁਜ ਜਾਂਦਾ ਹੈ। ਇਸ ਅਵਸਥਾ ਨੂੰ ਨਿਰਵਾਣ ਕਿਹਾ ਜਾਂਦਾ ਹੈ।[91] ਇਕ ਹੋਰ ਕੋਸ਼ ਵਿੱਚ ਨਿਰਵਾਣ ਦਾ ਅਰਥ ਬੌਧ ਸਾਧਨਾ ਦੀ ਸਿਖਰੀ-ਅਵਸਥਾ ਅਥਵਾ ਜੀਵਨ ਦੀ ਸੀਮਾ-ਬੱਧਤਾ ਤੋਂ ਨਵਿਰਤੀ ਦਸਿਆ ਗਿਆ ਹੈ।[92] ਕੋਸ਼ਕਾਰ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਨਿਰਵਾਣ ਵਰਤਮਾਨ ਜਨਮ ਵਿੱਚ ਹੀ ਪ੍ਰਾਪਤ ਹੋ ਸਕਦਾ ਹੈ। ਤ੍ਰਿਸ਼ਨਾ ਦਾ ਪਰਿਣਾਮ (ਫਲ) ਹੀ ਪੁਨਰ ਜਨਮ ਦਾ ਕਾਰਣ ਹੈ, ਇਸ ਲਈ ਸੰਪੂਰਣ ਤ੍ਰਿਸ਼ਨਾਵਾਂ ਦਾ ਅੰਤ ਹੋਣ ਤੇ ਪੁਨਰ ਜਨਮ ਤੋਂ ਨਵਿਰਤੀ ਪ੍ਰਾਪਤ ਹੁੰਦੀ ਹੈ। ਇੰਜ ਨਿਰਵਾਣ ਸੱਤ ਦੀ ਭਾਵਨਾ, ਪਵਿਤਰ ਜੀਵਨ ਅਤੇ ਆਤਮ-ਭਾਵਨਾ ਦੇ ਵਿਕਾਸ ਦੁਆਰਾ ਇਸੇ ਜੀਵਨ ਵਿੱਚ ਪ੍ਰਾਪਤ ਅਵਸਥਾ ਦਾ ਨਾਮ ਹੈ।[93] ਚਾਈਲਡਰਸ ਨੇ ਦਸਿਆ ਹੈ ਕਿ ਨਿਰਵਾਣ ਦਾ ਅਰਥ ਜੀਵਨ ਤੋਂ ਮੁਕਤੀ ਨਹੀਂ ਹੈ, ਨਿਰਵਾਣ ਪਰਮ ਸੁਖ ਦੀ ਅਵਸਥਾ ਹੈ ਜੋ ਤ੍ਰਿਸ਼ਨਾਵਾਂ ਦੇ ਖ਼ਤਮ ਹੋਣ ਤੇ ਮਨੁਖ ਨੂੰ ਪ੍ਰਾਪਤ ਹੁੰਦੀ ਹੈ। ਇਸ ਅਵਸਥਾ ਵਿੱਚ ਮਨੁਖ ਸੰਤ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਸ ਨੂੰ ਅਰਹਤ ਅਥਵਾ ਜੀਵਨ-ਮੁਕਤ ਦੀ ਅਵਸਥਾ ਕਹਿੰਦੇ ਹਨ।[94]

ਸੋਜਨ ਅਨੁਸਾਰ ਬੁਧ ਦਰਸ਼ਨ ਵਿੱਚ ਦੋ ਪ੍ਰਕਾਰ ਦੇ ਨਿਰਵਾਣ ਦਾ ਜ਼ਿਕਰ ਮਿਲਦਾ ਹੈ।[95] ਟੀ. ਆਰ. ਵੀ. ਮੂਰਤੀ ਨੇ ਇਸੇ ਮਤ ਦੀ ਪੁਸ਼ਟੀ ਕਰਦਿਆਂ ਬੌਧ ਦਰਸ਼ਨ ਅਨੁਸਾਰ ਦੋ ਪ੍ਰਕਾਰ ਦੇ ਨਿਰਵਾਣ ਅਰਥਾਤ ਸੋਪਧਿਸ਼ੇਸ਼ ਅਤੇ ਨਿਰੁਪਧਿਸ਼ੇਸ਼ ਜਾਂ ਪਰਿ-ਨਿਰਵਾਣ ਦਾ ਵਰਣਨ ਕੀਤਾ ਹੈ। ਉਹਨਾਂ ਅਨੁਸਾਰ ਅਗਿਆਨ ਅਤੇ ਰਾਗ ਦਵੈਖ ਆਦਿ ਤੋਂ ਨਵਿਰਤੀ ਹੀ ਸੋਪਧਿਸ਼ੇਸ਼ ਨਿਰਵਾਣ ਹੈ। ਇਸ ਵਿਚ ਸਰੀਰ ਅਤੇ ਮਨ, ਰਾਗ ਆਦਿ ਤੋਂ ਨਵਿਰਤੀ ਪਾਕੇ ਆਪਣਾ ਕਰਮ ਕਰਦੇ ਹਨ। ਇਹ ਅਵਸਥਾ ਵੇਦਾਂਤ ਅਤੇ ਸਾਂਖ ਦੀ ਜੀਵਨ-ਮੁਕਤੀ ਦੀ ਅਵਸਥਾ ਦੇ ਤੁਲ ਹੈ। ਨਿਰੁਪਧਿਸ਼ੇਸ਼ ਨਿਰਵਾਣ ਪਰਿਨਿਰਵਾਣ ਦੀ ਅਵਸਥਾ ਹੈ। ਇਸ ਅਵਸਥਾ ਵਿੱਚ ਸਰੀਰ ਤੋਂ ਨਵਿਰਤੀ ਹੋ ਜਾਂਦੀ ਹੈ।[96] ਮਾਧਯਮਿਕ ਕਾਰਿਕਾ ਵਿੱਚ ਵੀ ਦੋ ਪ੍ਰਕਾਰ ਦੇ ਨਿਰਵਾਣ ਦਾ ਵਰਣਨ ਇਸੇ ਜੀਵਨ ਵਿੱਚ ਪ੍ਰਾਪਤ ਅਵਸਥਾ ਦੇ ਰੂਪ

---

90 ਸੰਸਕ੍ਰਿਤ ਹਿੰਦੀ ਕੋਸ਼, ਵਾਮਨ ਸ਼ਿਵਰਾਮ ਆਪਟੇ, ਪੰਨਾ 538
91 ਬੌਧ ਦਰਸ਼ਨ ਮੀਮਾਂਸਾ, ਬਲਦੇਵ ਉਪਾਧਿਆਇ, ਪੰਨਾ 146
92 ਏ ਪਾਪੂਲਰ ਡਿਕਸ਼ਨਰੀ ਆਫ ਬੁਧਿਜ਼ਮ, ਕ੍ਰਿਸਮਸ ਹੰਮਫਰੀਜ਼, ਪੰਨਾ 38
93 ਓਹੀ, ਪੰਨਾ 138
94 ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ, ਭਾਗ ਨੌਵਾਂ, ਨਿਰਵਾਣ ਉਪਰ ਲੇਖ, ਪੰਨਾ 378
95 ਸਿਸਟਮਜ਼ ਆਫ ਬੁਧਿਸਟਿਕ ਥਾਟ, ਸੋਜਨ, ਪੰਨਾ 36
96 ਦੀ ਸੈਂਟਰਲ ਫਿਲਾਸਫੀ ਆਫ ਬੁਧਿਜ਼ਮ, ਟੀ. ਆਰ. ਵੀ. ਮੂਰਤੀ, ਪੰਨਾ 272

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿੱਚ ਕੀਤਾ ਗਿਆ ਹੈ ਅਤੇ ਅਨੁਪਧਿਸ਼ੇਸ਼ ਨਿਰਵਾਣ ਨੂੰ ਮੌਤ-ਉਪ੍ਰੰਤ ਦੀ ਅਵਸਥਾ ਕਿਹਾ ਗਿਆ ਹੈ।[97] ਮਹਾਂਯਾਨ ਸੂਤ੍ਰਾਲੰਕਾਰ ਵਿੱਚ ਇਕ ਤੀਜੀ ਭਾਂਤ ਦੇ ਨਿਰਵਾਣ ਦੀ ਵੀ ਕਲਪਨਾ ਕੀਤੀ ਗਈ ਹੈ ਜਿਸ ਨੂੰ ਅਪ੍ਰਤਿਸ਼ਠਤ ਨਿਰਵਾਣ ਕਹਿੰਦੇ ਹਨ। ਇਹ ਉਹ ਅਵਸਥਾ ਹੈ ਜੋ ਸੋਪਧਿਸ਼ੇਸ਼ ਨਿਰਵਾਣ ਤੋਂ ਬਾਅਦ ਹੁੰਦੀ ਹੈ। ਦੂਜੇ ਸ਼ਬਦਾ ਵਿੱਚ ਇਹ ਸੋਪਧਿਸ਼ੇਸ਼ ਅਤੇ ਨਿਰੁਪਧਿਸ਼ੇਸ਼ ਨਿਰਵਾਣ ਦੇ ਵਿਚਕਾਰ ਦੀ ਅਵਸਥਾ ਹੈ। ਅਰਹਤ ਅਪ੍ਰਤਿਸ਼ਠਤ ਨਿਰਵਾਣ ਨੂੰ ਪ੍ਰਾਪਤ ਨਹੀਂ ਕਰ ਸਕਦਾ, ਉਹ ਸੋਪਧਿਸ਼ੇਸ਼ ਨਿਰਵਾਣ ਤੋਂ ਬਾਅਦ ਸਿੱਧਾ ਅਨੁਪਧਿਸ਼ੇਸ਼ ਨਿਰਵਾਣ ਵਿੱਚ ਪ੍ਰਵੇਸ਼ ਕਰਦਾ ਹੈ। ਇਸ ਅਪ੍ਰਤਿਸ਼ਠਤ ਨਿਰਵਾਣ ਦੀ ਪ੍ਰਾਪਤੀ ਕੇਵਲ ਬੁਧ ਨੂੰ ਹੀ ਹੋ ਸਕਦੀ ਹੈ। ਇਸ ਨਿਰਵਾਣ ਤੋਂ ਭਾਵ ਇਹ ਹੈ ਕਿ ਬੁਧ ਸਮਾਧੀ-ਸਥਿਤ ਹੋਣ ਤੋਂ ਬਾਅਦ ਵੀ ਸੰਸਾਰ ਦੇ ਕਲਿਆਣ ਲਈ ਪ੍ਰਿਥਵੀ ਤੇ ਦੇਹ ਧਾਰਣ ਕਰੀ ਰਖਦੇ ਹਨ।[98]

ਸਪਸ਼ਟ ਹੈ ਕਿ ਬੌਧ ਦਰਸ਼ਨ ਵਿੱਚ ਨਿਰਵਾਣ ਦੇਹ-ਤਿਆਗ ਤੋਂ ਬਾਅਦ ਹੀ ਨਹੀਂ ਹੁੰਦਾ ਸਗੋਂ ਜੀਵਨ ਕਾਲ ਵਿੱਚ ਵੀ ਹੋ ਸਕਦਾ ਹੈ। ਇਸ ਪ੍ਰਕਾਰ ਦੇ ਨਿਰਵਾਣ ਦੀ ਅਵਸਥਾ ਉੱਤਰ ਕਾਲੀਨ ਵੇਦਾਂਤ ਆਦਿ ਵਿੱਚ ਵਰਣਤ ਜੀਵਨ-ਮੁਕਤੀ ਦੀ ਅਵਸਥਾ ਕਹੀ ਜਾ ਸਕਦੀ ਹੈ। ਬੌਧ ਦਰਸ਼ਨ ਦੇ ਪਾਲੀ ਅਤੇ ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਅਵਸਥਾ ਦਾ ਵਿਸਤ੍ਰਿਤ ਵਰਣਨ ਮਿਲਦਾ ਹੈ।

ਬੌਧ ਦਰਸ਼ਨ ਵਿੱਚ ਜੀਵਨ-ਮੁਕਤੀ ਦਾ ਵਰਣਨ ਅਰਹਤ, ਬੁਧਤਵ, ਸਰਵੱਗਤਾ, ਸ਼ੋਪਧਿਸ਼ੇਸ਼ ਨਿਰਵਾਣ ਆਦਿ ਦੇ ਰੂਪ ਵਿੱਚ ਕੀਤਾ ਗਿਆ ਹੈ। ਇਸੇ ਤਰ੍ਹਾਂ ਜੀਵਨ-ਮੁਕਤ ਲਈ ਬੁਧ, ਅਰਹਤ, ਸਰਵੱਗ, ਬ੍ਰਾਹਮਣ, ਮੁਨੀ, ਤਤਵ-ਗਿਆਨੀ ਆਦਿ ਭਿੰਨ ਭਿੰਨ ਨਾਮਾਂ ਦਾ ਵਰਣਨ ਮਿਲਦਾ ਹੈ। ਇਸ ਤੋਂ ਛੁਟ ਬੌਧ ਗ੍ਰੰਥਾਂ ਜਿਵੇਂ ਜਾਤਕ ਗ੍ਰੰਥਾਂ ਅਤੇ ਬੋਧਿਚਰਿਆਵਤਾਰ ਆਦਿ ਵਿੱਚ ਬੋਧਿਸਤਵ ਦਾ ਵਿਸਥਾਰ-ਪੂਰਣ ਵਰਣਨ ਮਿਲਦਾ ਹੈ। ਇਸ ਵਰਣਨ ਵਿੱਚ ਕਿਤੇ ਕਿਤੇ ਜੀਵਨ-ਮੁਕਤੀ ਦੀ ਅਵਸਥਾ ਦੀ ਝਲਕ ਪ੍ਰਤੀਤ ਹੁੰਦੀ ਹੈ। ਫੇਰ ਵੀ ਬੋਧਿਸਤਵ ਨੂੰ ਪੂਰਣ ਭਾਂਤ ਜੀਵਨ-ਮੁਕਤੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਤਤਵ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਦੀ ਅਵਸਥਾ ਹੀ ਜੀਵਨ-ਮੁਕਤੀ ਦੀ ਅਵਸਥਾ ਮੰਨੀ ਗਈ ਹੈ ਅਤੇ ਬੋਧਿਸਤਵ ਦੀ ਅਵਸਥਾ ਤਤਵ ਗਿਆਨ ਨੂੰ ਪ੍ਰਾਪਤ ਕਰਨ ਵਾਲੇ ਸਾਧਕ ਦੀ ਅਵਸਥਾ ਹੈ ਬੁਧ-ਤਵ ਨਹੀਂ ਹੈ।

ਜੀਵਨ-ਮੁਕਤ ਨੂੰ ਅਰਹਤ ਦੇ ਰੂਪ ਵਿੱਚ ਵਰਣਨ ਕਰਦਿਆਂ ਕਿਹਾ ਗਿਆ ਹੈ ਕਿ ਜਿਸਦਾ ਮਾਰਗ ਸਮਾਪਤ ਹੋ ਚੁਕਾ ਹੈ, ਜੋ ਸ਼ੋਕ ਰਹਿਤ ਅਤੇ ਪੂਰਣ ਭਾਂਤ ਮੁਕਤ ਹੈ, ਜਿਸ ਦੀਆਂ ਸਮਸਤ ਗ੍ਰੰਥੀਆਂ ਨਸ਼ਟ ਹੋ ਚੁਕੀਆਂ ਹਨ, ਉਸਦੇ ਲਈ ਸੰਤਾਪ (ਦੁਖ) ਨਹੀਂ ਰਹਿ ਜਾਂਦਾ।[99] ਬ੍ਰਾਹਮਣ ਦਾ ਵਰਣਨ ਕਰਦਿਆਂ ਕਿਹਾ ਗਿਆ ਹੈ ਕਿ ਉਹ ਇਸੇ ਸੰਸਾਰ

97 ਮਾਧਯਮਿਕ ਕਾਰਿਕਾ, ਨਾਗਾਰਜੁਨ, ਪੰਨਾ 519-20

98 ਆਸਪੈਕਟਸ ਆਫ ਮਹਾਯਾਨਾ ਬੁਧਿਜ਼ਮ, ਐਨ. ਦੱਤ, ਪੰਨਾ 200

99 ਧੰਮਪਦ, 90, ਡਾ. ਰਾਧਾ ਕ੍ਰਿਸ਼ਣਨ ਦੁਆਰਾ ਅੰਗ੍ਰੇਜ਼ੀ ਅਨੁਵਾਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿੱਚ ਆਪਣੇ ਦੁਖਾਂ ਦੇ ਅੰਤ ਨੂੰ ਜਾਣ ਲੈਂਦਾ ਹੈ, ਉਹ ਆਸਕਤੀ ਤੋਂ ਰਹਿਤ ਹੈ, ਇਸੇ ਲਈ ਉਸ ਨੂੰ ਬ੍ਰਾਹਮਣ ਕਹਿੰਦੇ ਹਨ।[100] ਮੁਨੀ ਦਾ ਵਰਣਨ ਕਰਦਿਆਂ ਕਿਹਾ ਗਿਆ ਹੈ ਕਿ ਉਹ ਉਸੇ ਤਰ੍ਹਾਂ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਨਿਰਾਲਮ ਰਹਿੰਦਾ ਹੈ ਜਿਵੇਂ ਜਲ ਵਿੱਚ ਰਹਿੰਦਿਆਂ ਹੋਇਆਂ ਕਮਲ ਨਿਰਲੇਪ ਰਹਿੰਦਾ ਹੈ।[101]

ਤਕਾਕਸੁ ਦਾ ਕਥਨ ਹੈ ਕਿ ਜੋ ਸਤ ਮਾਰਗ ਦਾ ਅਨੁਸਰਣ ਕਰਦੇ ਹਨ ਉਹ ਹੀ ਜੀਵਨ ਵਿੱਚ ਬੁਧ-ਤਤ ਨੂੰ ਪ੍ਰਾਪਤ ਕਰ ਸਕਦੇ ਹਨ।[102] ਵਾਲਸੇ ਦਾ ਮਤ ਹੈ ਕਿ ਬੁਧ ਦੇ ਅਨੁਆਈਆਂ ਨੇ ਉਹਨਾਂ ਦੇ ਉਪਦੇਸ਼ਾਂ ਦੁਆਰਾ ਦੁਖਾਂ ਤੋਂ ਨਵਿਰਤੀ ਪ੍ਰਾਪਤ ਕੀਤੀ ਅਤੇ ਇਸੇ ਜੀਵਨ ਵਿੱਚ ਨਿਰਵਾਣ ਦਾ ਅਨੁਭਵ ਕੀਤਾ। ਉਹਨਾਂ ਨੂੰ ਅਰਹਤ ਅਥਵਾ ਪੂਰਣ ਪੁਰਸ਼ ਦੇ ਨਾਮ ਨਾਲ ਸੰਬੋਧਨ ਕੀਤਾ ਗਿਆ ਹੈ।[103] ਰੀਜ਼ ਡੇਵਿਡ ਅਨੁਸਾਰ ਬੁਧ ਦਾ ਆਦਰਸ਼ ਅਧਿਆਤਮਕ ਸੀ ਅਤੇ ਉਹਨਾਂ ਦੇ ਨਿਰਵਾਣ ਦਾ ਅਰਥ ਇਸ ਲੋਕ ਵਿੱਚ ਗਿਆਨ ਅਤੇ ਸੰਪੂਰਣ ਸ਼ਾਂਤੀ ਦੁਆਰਾ ਮੋਖ ਪ੍ਰਾਪਤ ਕਰਨਾ ਸੀ।[104] ਗੌੜ ਨੇ ਵੀ ਨਿਰਵਾਣ ਦੀ ਪ੍ਰਾਪਤੀ ਇਸੇ ਜੀਵਨ ਵਿੱਚ ਦਸੀ ਹੈ।[105] ਇਸ ਮਤ ਦੀ ਪੁਸ਼ਟੀ ਕਰਦਿਆਂ ਦੱਤਾ ਅਤੇ ਚੈਟਰਜੀ ਦਾ ਮਤ ਹੈ ਕਿ ਨਿਰਵਾਣ ਦੀ ਪ੍ਰਾਪਤੀ ਇਸੇ ਜੀਵਨ ਵਿੱਚ ਹੋ ਸਕਦੀ ਹੈ। ਰਾਗ, ਦਵੈਖ ਅਤੇ ਦੁਖ ਦੇ ਨਾਸ਼ ਦੀ ਅਵਸਥਾ ਹੀ ਨਿਰਵਾਣ ਹੈ।[106]

ਅਨੇਕ ਦਾਰਸ਼ਨਿਕ ਸੰਪ੍ਰਦਾਵਾਂ ਵਿੱਚ ਜਿਥੇ ਚਾਰ ਪੁਰਸ਼ਾਰਥ ਮੰਨੇ ਗਏ ਹਨ, ਚਾਰਵਾਕ ਦਰਸ਼ਨ ਵਿੱਚ ਉੱਥੇ ਕਾਮ ਅਤੇ ਅਰਥ ਦੋ ਹੀ ਪੁਰਸ਼ਾਰਥ ਮੰਨੇ ਗਏ ਹਨ।[107] ਕਾਮ ਅਰਥਾਤ ਸੁਖ ਨੂੰ ਹੀ ਮੁਖ ਪੁਰਸ਼ਾਰਥ ਮੰਨਿਆਂ ਗਿਆ ਹੈ, ਅਰਥ ਤਾਂ ਉਸਦਾ ਸਹਾਇਕ ਹੈ।[108] ਚਾਰਵਾਕਾਂ ਅਨੁਸਾਰ ਮੌਤ ਹੀ ਅਵਪਰਗ ਹੈ,[109] ਇਹੀ ਉਹਨਾਂ ਦੀ ਮੁਕਤੀ-ਧਾਰਣਾ ਹੈ।

ਚਾਰਵਾਕ ਦਰਸ਼ਨ ਅਨੁਸਾਰ ਚਾਰ ਪਦਾਰਥ ਹਨ—ਪ੍ਰਿਥਵੀ, ਜਲ, ਤੇਜ ਅਤੇ ਵਾਯੂ।[110] ਇਹਨਾਂ ਤੋਂ ਹੀ ਸਰੀਰ, ਇੰਦਰੀ ਆਦਿ ਬਣਦੇ ਹਨ ਅਤੇ ਇਹਨਾਂ ਤੋਂ ਹੀ

---

100 ਧੱਮਪਦ, ਖੁਦਿਅਕ ਨਿਕਾਯ, ਜਨਰਲ ਐਡੀਟਰ, ਡਿਖਸ਼ੂ ਜਗਦੀਪ ਕਾਸ਼ਯਪ, ਭਾਗ ਪਹਿਲਾ, ਬ੍ਰਾਹਮਣ ਵੱਗੋ, 26/402

101 ਸੁਤ ਨਿਪਾਤ, ਖੁਦਿਅਕ, ਜਨਰਲ ਐਡੀਟਰ, ਭਿਖਸ਼ੂ ਜਗਦੀਪ ਕਾਸ਼ਯਪ, ਭਾਗ ਪਹਿਲਾ 3/6/146

102 ਦੀ ਐਸੈਂਸ਼ੀਅਲਜ਼ ਆਫ ਬੁਧਿਸਟਿਕ ਫਿਲਾਸਫੀ, ਜੈਜੀਰੋ ਤਕਾਕਸੁ, ਪੰਨਾ 180

103 ਬੁਧਿਜ਼ਮ ਫਾਰ ਹੁੰਡੇ, ਐਮ. ਓ. ਸੀ. ਵਾਲਸ਼ੇ, ਪੰਨਾ 127

104 ਆਸਪੈਕਟਸ ਆਫ ਮਹਾਯਾਨਾ ਬੁਧਿਜ਼ਮ, ਐਨ. ਦੱਤ, ਪੰਨਾ 157-58

105 ਸਪਿਰਟ ਆਫ ਬੁਧਿਜ਼ਮ, ਗੌੜ ਪੰਨਾ 312-13

106 ਭਾਰਤੀ ਦਰਸ਼ਨ, ਦੱਤਾ ਅਤੇ ਚੈਟਰਜੀ, ਪੰਨਾ 83

107 ਪ੍ਰਬੋਧ ਚੰਦ੍ਰੋਦਯ, ਕ੍ਰਿਸ਼ਣ ਮਿਸ਼੍ਰ, 2/19

108 ਭਕ੍ਰਵਦ ਗੀਤਾ, 16/17

109 ਵਾਤਸਾਇਨ ਕਾਮਸੂਤਰ, 1/2/27

110 ਪ੍ਰਬੋਧ ਚੰਦ੍ਰੋਦਯ, ਕ੍ਰਿਸ਼ਣ ਮਿਸ਼੍ਰ, 2/19

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੈਤੰਨ ਉਤਪੰਨ ਹੁੰਦਾ ਹੈ। ਇਹਨਾਂ ਤੋਂ ਛੁੱਟ ਆਤਮਾ ਨਾਮ ਦੀ ਕੋਈ ਵਸਤੂ ਨਹੀਂ ਹੈ। ਸਰੀਰ ਦੇ ਭਸਮ ਹੋ ਜਾਣ ਤੇ ਕੋਈ ਵੀ ਆਤਮਾ ਜਾਂ ਜੀਵ ਬਾਕੀ ਨਹੀਂ ਬਚ ਰਹਿੰਦਾ। ਇਸ ਲਈ ਪ੍ਰਲੋਕ ਕੁਝ ਵੀ ਨਹੀਂ, ਜੋ ਕੁਝ ਵੀ ਹੈ ਇਹੀ ਲੋਕ ਹੈ, ਸਭ ਕੁਝ ਇਸੇ ਲੋਕ ਵਿੱਚ ਹੁੰਦਾ ਹੈ।[111] ਸਰੀਰ ਤੋਂ ਪ੍ਰਾਣ, ਵਾਯੂ ਦਾ ਨਿਕਲ ਜਾਣਾ ਅਰਥਾਤ ਮੌਤ ਹੀ ਮੋਖਸ਼ ਹੈ।[112] ਇੰਜ ਚਾਰਵਾਕ ਦਰਸ਼ਨ ਅਨੁਸਾਰ ਦੇਹ ਦੇ ਛੁਟ ਜਾਣ ਤੇ ਮੁਕਤ ਹੋਣ ਵਾਲਾ ਕੋਈ ਨਹੀਂ ਰਹਿ ਜਾਂਦਾ। ਬਲਦੇਵ ਉਪਾਧਿਆਇ ਨੇ ਕਿਹਾ ਹੈ ਕਿ ਦੇਹ-ਪਾਤ ਤੋਂ ਬਾਅਦ ਕਿਸੇ ਸਥਾਈ ਨਿੱਤ-ਤਤ ਜਾਂ ਪਦਾਰਥ ਨੂੰ ਨਾ ਮੰਨਣ ਕਾਰਣ ਹੀ ਚਾਰਵਾਕਾਂ ਦੀ ਮੁਕਤੀ ਬਿਲਕੁਲ ਅਸੱਤ ਹੈ।[113]

ਦਾਰਸ਼ਨਿਕਾਂ ਅਨੁਸਾਰ ਚਾਰਵਾਕ ਤਿੰਨ ਪ੍ਰਕਾਰ ਦੇ ਹਨ[114]—1. ਧੂਰਤ ਚਾਰਵਾਕ 2. ਸੁਸਿਖਿਅਤ ਚਾਰਵਾਕ ਅਤੇ 3. ਸੁਸਿਖਿਅਤਰ ਚਾਰਵਾਕ। ਪਰ ਜਯੰਤ ਭਟ ਦੀ 'ਨਿਆਇ ਮੰਜਰੀ'[115] ਵਿੱਚ ਧੂਰਤ ਅਤੇ ਸੁਸਿਖਿਅਤ ਦੋ ਪ੍ਰਕਾਰ ਦੇ ਚਾਰਵਾਕਾਂ ਦਾ ਵਰਣਨ ਮਿਲਦਾ ਹੈ। ਧੂਰਤ ਚਾਰਵਾਕ ਅਨੁਸਾਰ ਪਰਲੋਕ, ਪੁਨਰ ਜਨਮ, ਧਰਮ-ਅਧਰਮ ਆਦਿ ਵਿਸ਼ਿਆਂ ਦੀ ਮਾਣਤਾ ਨਹੀਂ, ਉਹਨਾਂ ਅਨੁਸਾਰ ਮੋਹ ਦੇ ਕਾਰਣ ਹੀ ਇਸ ਸੰਸਾਰ ਵਿੱਚ ਪਾਪ-ਪੁੰਨ, ਬੰਧਨ-ਮੁਕਤੀ ਆਦਿ ਦਾ ਅਨੁਭਵ ਹੁੰਦਾ ਹੈ। ਇਹਨਾਂ ਅਨੁਸਾਰ ਏਹਿਕ, ਦੇਹਿਕ ਅਤੇ ਛਣਿਕ ਸੁਖ ਹੀ ਸਵਰਗ ਹੈ ਅਤੇ ਦੇਹ ਦਾ ਨਾਸ਼ ਮੋਖ ਹੈ। ਇੰਜ ਇਹਨਾਂ ਅਨੁਸਾਰ ਸੰਕੀਰਣ ਇੰਦਰੀਆਂ ਦੇ ਭੋਗ ਤੋਂ ਉਤਪੰਨ ਹੋਣ ਵਾਲਾ ਪਸ਼ੂ-ਸੁਲਭ ਸੁਖ ਹੀ ਪਰਮਾਰਥ ਮੰਨਿਆਂ ਗਿਆ ਹੈ।[116]

ਸੁਸਿਖਿਅਤ ਚਾਰਵਾਕਾਂ ਅਨੁਸਾਰ ਪਸ਼ੂ-ਸੁਲਭ ਅਨਿਯਤ੍ਰਿਤ ਸੁਖ, ਸੁਖਦਾਇਕ ਨਹੀਂ ਹੋ ਸਕਦਾ। ਸੁਸਭਿਅ ਅਤੇ ਆਦਰਸ਼ ਸਮਾਜ ਦੀ ਸਥਾਪਨਾ ਲਈ ਮਨੁਖ ਨੂੰ ਇੰਦਰੀ-ਸੰਜਮ ਕਰਨਾ ਚਾਹੀਦਾ ਹੈ। ਆਪਣੇ ਸੁਖ ਨੂੰ ਦੂਜਿਆਂ ਲਈ ਨਾ ਤਿਆਗਣ ਨਾਲ ਸਮਾਜਕ ਜੀਵਨ ਜੀਣਾ ਅਸੰਭਵ ਹੋ ਜਾਂਦਾ ਹੈ। ਇਸ ਲਈ ਸੁਸਿਖਿਅਤ ਸ਼੍ਰੇਣੀ ਦੇ ਚਾਰਵਾਕਾਂ ਨੇ ਕਲਾ-ਵਿਦਿਆ ਆਦਿ ਦੇ ਅਨੁਸ਼ੀਲਨ ਦੁਆਰਾ ਸੂਖਮਤਰ ਸੁਖ ਦੀ ਅਨੁਭੂਤੀ ਨੂੰ ਹੀ ਅਪਣਾਇਆ ਹੈ।[117]

ਸੁਸਿਖਿਅਤਰ ਚਾਰਵਾਕ ਦੀ ਧਾਰਣਾ ਹੈ ਕਿ ਜੀਵ ਜਿਸ ਸਾਧਾਰਣ ਸੁਖ ਦੀ ਕਾਮਨਾ ਕਰਦਾ ਹੈ ਉਹ ਸਾਡਾ ਪੁਰਸ਼ਾਰਥ ਨਹੀਂ ਹੈ। ਦੁਖ ਨੂੰ ਆਪਣੇ ਅੰਦਰ ਸਮੋ ਕੇ ਜੋ ਸੁਖ ਮਿਲਦਾ ਹੈ ਉਹ ਸੱਚਾ ਸੁਖ ਹੈ। ਇਸ ਸੁਖ ਦਾ ਨਾਮ 'ਭੂਮਾ' ਹੈ। 'ਭੂਮੈਵ ਸੁਖਮ' ਅਰਥਾਤ

---

111 ਸਰਵ ਸਿਧਾਂਤ ਸੰਗ੍ਰਹਿ, ਸ਼ੰਕਰ, 8
112 ਓਹੀ, 10
113 ਭਾਰਤੀ ਦਰਸ਼ਨ, ਬਲਦੇਵ ਉਪਾਧਿਆਇ, ਪੰਨਾ 107
114 ਚਾਰਵਾਕ ਦਰਸ਼ਨ ਦੀ ਸ਼ਾਸਤ੍ਰੀਅ ਸਮੀਖਸ਼ਾ, ਡਾ. ਸਰਵਾਨੰਦ, ਪੰਨਾ 53-57
115 ਨਿਆਇ ਮੰਜਰੀ, ਜਯੰਤ ਭਟ, ਭਾਗ ਦੂਜਾ, ਪੰਨਾ 39
116 ਚਾਰਵਾਕ ਦਰਸ਼ਨ ਕੀ ਸ਼ਾਸਤ੍ਰੀਅ ਸਮੀਖਸ਼ਾ, ਡਾ. ਸਰਵਾਨੰਦ, ਪੰਨਾ 53-54
117 ਓਹੀ, ਪੰਨਾ 54-55

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਾ ਹੀ ਆਨੰਦ ਹੈ ਅਤੇ ਆਨੰਦ ਹੀ ਮਨੁਖ ਦਾ ਪਰਮ ਪੁਰਸ਼ਾਰਥ ਹੈ।[118]

ਨਿਆਇ ਦਰਸ਼ਨ ਦੇ ਆਧਾਰ ਨਿਆਇ ਸੂਤਰ ਅਨੁਸਾਰ ਦੁਖ-ਸੁਖ-ਯੁਕਤ ਜੀਵਨ ਤੋਂ ਮੁਕਤ ਹੋਣਾ ਹੀ ਅਪਵਰਗ ਹੈ। ਗ੍ਰਹਿਣ ਕੀਤੇ ਹੋਏ ਜਨਮ ਦਾ ਨਸ਼ਟ ਹੋ ਜਾਣਾ ਅਤੇ ਅਗਲੇ ਜਨਮ ਦਾ ਗ੍ਰਹਿਣ ਨਾ ਕਰਨਾ, ਇਸੇ ਅਵਸਥਾ ਨੂੰ ਮੋਖ ਦੇ ਜਾਣਨ ਵਾਲੇ ਅਪਵਰਗ ਕਹਿੰਦੇ ਹਨ।[119]

ਗੌਤਮ ਮੁਨੀ ਦੇ ਨਿਆਇ ਸੂਤਰ ਵਿੱਚ ਅਤੇ ਵਾਤਸ਼ਾਇਨ ਦੇ ਭਾਸ਼ ਵਿੱਚ ਜੀਵਨ-ਮੁਕਤੀ ਦਾ ਜ਼ਿਕਰ ਨਹੀਂ ਮਿਲਦਾ ਭਾਵੇਂ ਇਸ ਦੇ ਸੰਕੇਤ ਸਾਨੂੰ ਜ਼ਰੂਰ ਮਿਲਦੇ ਹਨ। ਵਾਚਸਪਤੀ ਮਿਸ਼੍ਰ ਦੀ ਨਿਆਇ ਵਾਰਤਿਕ ਤਾਤਪਰਯ ਟੀਕਾ ਅਤੇ ਵਿਸ਼ਵਨਾਥ ਦੀ ਨਿਆਇ ਸੂਤਰ ਵ੍ਰਿਤਿ ਵਿੱਚ ਜੀਵਨ-ਮੁਕਤੀ ਦਾ ਜ਼ਿਕਰ ਸਪਸ਼ਟ ਭਾਂਤ ਕੀਤਾ ਗਿਆ ਹੈ ਅਤੇ ਜੀਵਨ-ਮੁਕਤੀ ਸ਼ਬਦ ਦੀ ਵਰਤੋਂ ਵੀ ਮਿਲਦੀ ਹੈ।

ਨਿਆਇ ਦੇ ਪਹਿਲੇ ਸੂਤਰ[120] ਅਨੁਸਾਰ ਤਤ-ਗਿਆਨ ਦੁਆਰਾ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਨਿਆਇ ਦਰਸ਼ਨ ਅਨੁਸਾਰ ਸਭ ਦੁਖਾਂ ਦਾ ਮੂਲ ਆਧਾਰ ਮਿਥਿਆ ਗਿਆਨ ਹੈ। ਮਿਥਿਆ ਗਿਆਨ ਤੋਂ ਦੋਸ਼ (ਅਰਥਾਤ ਰਾਗ, ਦਵੈਖ ਅਤੇ ਮੋਹ); ਦੋਸ਼ ਤੋਂ ਪ੍ਰਵ੍ਰਿੱਤੀ (ਕਰਮ), ਪਵ੍ਰਿੱਤੀ ਤੋਂ ਜਨਮ ਅਤੇ ਜਨਮ ਦੇ ਕਾਰਣ ਦੁਖ ਭੋਗ ਹੁੰਦਾ ਹੈ। ਦੁਖ ਦੇ ਮੂਲ ਕਾਰਣ ਮਿਥਿਆ ਗਿਆਨ ਨੂੰ ਨਸ਼ਟ ਕਰ ਸਕਣ ਤੇ ਦੋਸ਼, ਪ੍ਰਵ੍ਰਿੱਤੀ ਆਦਿ ਦੁਖ ਦੇ ਕਾਰਣ ਵੀ ਇਕ ਇਕ ਕਰਕੇ ਨਸ਼ਟ ਹੋ ਜਾਂਦੇ ਹਨ। ਸ਼ਾਸਤ੍ਰ-ਵਾਕ ਦਾ ਸ੍ਰਵਣ ਅਤੇ ਵਿਚਾਰ-ਬੁਧੀ ਦੁਆਰਾ ਆਤਮਾ ਦਾ ਸਰੂਪ-ਗਿਆਨ ਪ੍ਰਾਪਤ ਕਰਨਾ ਹੁੰਦਾ ਹੈ। ਸ੍ਰਵਣ, ਮਨਨ ਅਤੇ ਨਿਦਿਆਸਨ ਦੇ ਫਲ ਸਰੂਪ ਤਤ-ਗਿਆਨ ਦੁਆਰਾ ਜੋ ਸੰਸਕਾਰ ਉਤਪੰਨ ਹੁੰਦਾ ਹੈ ਉਹੀ ਸੰਸਕਾਰ ਅਗਿਆਨ-ਜਨਿਤ ਸੰਸਕਾਰਾਂ ਦਾ ਵਿਨਾਸ਼ ਕਰਦਾ ਹੈ। ਉਪ੍ਰੰਤ ਗਿਆਨ-ਜਨਿਤ ਸੰਸਕਾਰ ਦੇ ਵੀ ਨਸ਼ਟ ਹੋਣ ਤੋਂ ਬਾਅਦ ਆਤਮ-ਉਪਲਬਧੀ ਜਾਂ ਆਤਮ-ਸਾਖਿਆਤਕਾਰ ਹੁੰਦਾ ਹੈ। ਆਤਮਾ ਦੀ ਸਵੈ-ਸਰੂਪ-ਸਥਿਤੀ ਹੀ ਮੋਖਸ਼ ਜਾਂ ਅਪਵਰਗ ਹੈ।

ਨਿਆਇਕਾਂ ਦੇ ਮਤ ਵਿੱਚ ਆਤਮਾ ਦੇ ਜੜ੍ਹ-ਦੇਹ ਨਾਲ ਸੰਜੋਗ ਦੇ ਖਤਮ ਹੋਣ ਉਪ੍ਰੰਤ ਜੀਵ ਦੀ ਚਿਰ-ਮੁਕਤੀ ਹੁੰਦੀ ਹੈ। ਮੁਕਤ ਅਵਸਥਾ ਇਕ ਨਿਰਵਿਸ਼ੇਸ਼ ਅਵਸਥਾ ਹੈ। ਇਹ ਇਕ ਅਭੈ, ਅਜੜ ਅਤੇ ਅਮਰਤਾ ਦੀ ਅਵਸਥਾ ਹੈ। ਮੁਕਤ ਅਵਸਥਾ, ਉਹਨਾਂ ਅਨੁਸਾਰ, ਸੁਖ ਜਾਂ ਆਨੰਦ ਦੀ ਅਵਸਥਾ ਨਹੀਂ ਹੈ। ਸੁਖ ਜਾਂ ਆਨੰਦ ਤਾਂ ਜੀਵ ਕੇਵਲ ਸਰੀਰ ਦੇ ਸੰਜੋਗ ਦੁਆਰਾ ਭੋਗ ਸਕਦਾ ਹੈ। ਕਿਉਂਕਿ ਨਿਆਇਕਾਂ ਅਨੁਸਾਰ ਚੇਤੰਨਤਾ ਆਤਮਾ ਦਾ ਸੁਭਾਵਕ ਧਰਮ ਨਹੀਂ ਹੈ, ਇਸ ਲਈ ਮੁਕਤ ਅਵਸਥਾ ਵਿੱਚ ਆਤਮਾ ਦਾ ਸੁਖ-ਭੋਗ ਵੀ ਨਹੀਂ ਰਹਿੰਦਾ। ਇਸ ਵਿੱਚ ਦੁਖ ਹੀ ਨਹੀਂ ਸਗੋਂ ਸਰਵਵਿਧ ਸੁਖ ਦਾ ਵੀ ਵਿਨਾਸ਼ ਹੋ ਜਾਂਦਾ ਹੈ। ਮੁਕਤੀ ਦੀ ਅਵਸਥਾ ਚੇਤੰਨਤਾ-ਹੀਨ ਸੁਖੁਪਤੀ-ਅਵਸਥਾ (ਗਾੜ੍ਹੀ

118 ਚਾਰਵਾਕ ਦਰਸ਼ਨ ਦੀ ਸ਼ਾਸਤ੍ਰੀਅ ਸਮੀਖਸ਼ਾ, ਡਾ. ਸਰਵਾਨੰਦ, ਪੰਨਾ 55-56

119 ਨਿਆਇ ਸੂਤਰ, ਵਾਤਸਾਇਨ ਭਾਸ਼, 1/1/22

120 ਨਿਆਇ ਸੂਤਰ, 1/1/1

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੀਂਦ ਦੀ ਅਵਸਥਾ) ਦੇ ਸਮਾਨ ਸ਼ਾਂਤ ਅਵਸਥਾ ਹੈ ਜਿਸ ਵਿੱਚ ਸਮਸਤ ਕਰਮਾਂ ਦੀ ਨਵਿਰਤੀ ਦੇ ਕਾਰਣ ਜਨਮ ਮਰਣ ਅਤੇ ਦੁਖਾਂ ਦਾ ਭੋਗ ਨਹੀਂ ਰਹਿ ਜਾਂਦਾ।

ਨਿਆਇ ਵਾਰਤਿਕ ਵਿੱਚ ਮੁਕਤੀ ਦੇ ਦੋ ਭੇਦ ਕੀਤੇ ਗਏ ਹਨ—ਪਰਾ-ਮੁਕਤੀ ਅਤੇ ਅਪਰਾ-ਮੁਕਤੀ।[121] ਵਾਚਸਪਤੀ ਮਿਸ਼੍ਰ ਅਤੇ ਵਿਸ਼ਵਨਾਥ ਨੇ ਅਪਰਾ-ਮੁਕਤੀ ਦੀ ਜੀਵਨ-ਮੁਕਤੀ ਦੇ ਰੂਪ ਵਿੱਚ ਅਤੇ ਪਰਾ-ਮੁਕਤੀ ਦੀ ਵਿਦੇਹ-ਮੁਕਤੀ ਦੇ ਰੂਪ ਵਿੱਚ ਵਿਆਖਿਆ ਕੀਤੀ ਹੈ।

ਪਾਤੰਜਲੀ ਦੇ ਯੋਗ ਸੂਤਰਾਂ ਵਿੱਚ ਜੀਵਨ-ਮੁਕਤੀ ਦਾ ਜ਼ਿਕਰ ਨਹੀਂ ਮਿਲਦਾ ਪਰ ਜੀਵਨ-ਮੁਕਤੀ ਜਿਹੀ ਅਵਸਥਾ ਦਾ ਵਰਣਨ ਜ਼ਰੂਰ ਮਿਲਦਾ ਹੈ। ਯੋਗ ਸੂਤਰ ਦੇ ਪ੍ਰਥਮ ਪਾਦ[122] ਦੇ ਦੂਜੇ ਸੂਤਰ ਵਿੱਚ ਕਿਹਾ ਗਿਆ ਹੈ ਕਿ ਚਿੱਤ ਬਿਰਤੀਆਂ ਦੇ ਨਿਰੋਧ ਨੂੰ ਯੋਗ ਕਹਿੰਦੇ ਹਨ।[123] ਅਗਲੇ ਸੂਤਰ ਵਿੱਚ ਕਿਹਾ ਗਿਆ ਹੈ ਕਿ ਚਿੱਤ ਬਿਰਤੀਆਂ ਦੇ ਨਿਰੋਧ ਦੁਆਰਾ ਦ੍ਰਸ਼ਟਾ ਦੀ ਆਪਣੇ ਸਰੂਪ ਵਿੱਚ ਸਥਿਤੀ ਹੁੰਦੀ ਹੈ।[124] ਇਸ ਅਵਸਥਾ ਵਿੱਚ ਚਿੱਤ ਨੂੰ ਕਿਸੇ ਬਾਹਰੀ ਪਦਾਰਥ ਦਾ ਗਿਆਨ ਨਹੀਂ ਰਹਿੰਦਾ, ਕੇਵਲ ਪ੍ਰਕਿਰਤੀ ਅਤੇ ਪੁਰਸ਼ ਦੀ ਦਵੈਤ-ਅਵਸਥਾ ਦਾ ਗਿਆਨ ਹੁੰਦਾ ਹੈ। ਇਸ ਅਵਸਥਾ ਨੂੰ ਪਰਮ ਪ੍ਰਸੰਖਿਆਨ ਕਿਹਾ ਜਾਂਦਾ ਹੈ।[125] ਇਸ ਪ੍ਰਸੰਖਿਆਨ ਦੀ ਅਵਸਥਾ ਵਿੱਚ ਪ੍ਰਾਪਤ ਹੋ ਸਕਦੀਆਂ ਅਨੇਕ ਅਨੁਭੂਤੀਆਂ ਪ੍ਰਤੀ ਉਸਦੀ ਵਿਰਕਤ-ਭਾਵਨਾ ਉਜਾਗਰ ਹੋਣ ਉਪ੍ਰੰਤ ਵਾਸਤਵ ਵਿੱਚ ਵਿਵੇਕ-ਪ੍ਰਕਾਸ਼ ਨਿਸ਼ਪੰਨ (ਸੰਪੂਰਣ) ਹੁੰਦਾ ਹੈ। ਇਸ ਤੋਂ ਬਾਅਦ ਸਾਧਕ ਨੂੰ ਧਰਮ ਮੇਘ[126] ਸਮਾਧੀ ਦੀ ਪ੍ਰਾਪਤੀ ਹੁੰਦੀ ਹੈ।[127] ਉਪ੍ਰੰਤ ਕਲੇਸ਼-ਕਰਮਾਂ ਦੀ ਨਵਿਰਤੀ ਹੋਣ ਤੇ ਯੋਗੀ ਦੇ ਸਮਸਤ ਆਵਰਣ ਰੂਪੀ ਮਲ ਨਸ਼ਟ ਹੋ ਜਾਂਦੇ ਹਨ। ਇਸ ਅਵਸਥਾ ਵਿੱਚ ਅਨੰਤ ਗਿਆਨ ਕਾਰਣ ਸਾਧਕ ਦੀ ਦ੍ਰਿਸ਼ਟੀ ਵਿੱਚ ਦ੍ਰਿਸ਼ਟ ਸੰਸਾਰ ਅਲਪ ਹੋ ਜਾਂਦਾ ਹੈ।[128] ਇੰਜ ਧਰਮ ਮੇਘ ਸਮਾਧੀ ਦੇ ਉਤਪੰਨ ਹੋਣ ਤੇ ਕੈਵਲਯ ਦੀ ਪ੍ਰਾਪਤੀ ਹੁੰਦੀ

---

121 ਨਿਆਇ ਵਾਰਤਿਕ. 1/1/1

122 ਪਾਤੰਜਲ ਮੁਨੀ ਦੁਆਰਾ ਪ੍ਰਤਿਪਾਦਿਤ ਯੋਗ 'ਪਾਤੰਜਲ ਦਰਸ਼ਨ' ਦੇ ਨਾਮ ਨਾਲ ਪ੍ਰਸਿੱਧ ਹੈ। ਪਾਤੰਜਲ ਦੇ ਯੋਗ ਦਰਸ਼ਨ ਦਾ ਆਧਾਰ ਯੋਗਸੂਤਰ ਹਨ ਜਿਹਨਾਂ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੋਇਆ ਹੈ :—

1. ਸਮਾਧੀ ਪਾਦ
2. ਸਾਧਨ ਪਾਦ
3. ਵਿਭੂਤੀ ਪਾਦ
4. ਕੈਵਲਯ ਪਾਦ

123 ਯੋਗ ਸੂਤਰ, ਵਿਆਸ ਭਾਸ਼, ਪੰਡਤ ਜੀਵਾਨੰਦ ਦੁਆਰਾ ਸੰਪਾਦਿਤ, 1/2

124 ਓਹੀ, 1/3

125 ਓਹੀ, 1/2

126 ਯੋਗ ਸੂਤਰ, ਤਤਵ ਵੈਸ਼ਾਰਦੀ ਟੀਕਾ, ਪੰਡਤ ਜੀਵਾਨੰਦ ਦੁਆਰਾ ਸੰਪਾਦਿਤ, 4/31

127 ਯੋਗ ਸੂਤਰ, ਵਿਆਸ ਭਾਸ਼, 4/29

128 ਓਹੀ, 4/31

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ।[129] ਪਰਮਾਰਥ ਤੋਂ ਨਵਿਰਤ ਗੁਣਾਂ ਦਾ ਆਪਣੇ ਕਾਰਣ ਵਿੱਚ ਲੈਅ ਹੋ ਜਾਣਾ ਕੈਵਲਯ ਹੈ ਅਥਵਾ ਚਿੱਤ-ਸ਼ਕਤੀ ਦਾ ਸਰੂਪ ਵਿੱਚ ਸਥਿਤ ਹੋਣਾ ਕੈਵਲਯ ਹੈ।[130] ਇਹੀ ਪਰਾ-ਮੁਕਤੀ ਜਾਂ ਪਰਮ-ਕੈਵੱਲਯ ਹੈ। ਧਰਮ ਮੇਘ ਸਮਾਧੀ ਦੇ ਉਦੈ ਹੋਣ ਤੇ ਅਵਿਦਿਆ ਆਦਿ ਕਲੇਸ਼ ਅਤੇ ਪੁੰਨ-ਅਪੁੰਨ ਕਰਮਾਂ ਦੀ ਜੋ ਨਵਿਰਤੀ ਦਸੀ ਗਈ ਹੈ[131] ਉਹ ਸਰੀਰ ਨਾਸ਼ ਹੋਣ ਤੋਂ ਪਹਿਲਾਂ ਦੀ ਅਵਸਥਾ ਹੈ ਜਿਸ ਵਿੱਚ ਪੁਰਸ਼ ਸਰੀਰ ਆਦਿ ਧਾਰਣ ਕਰਦਿਆਂ ਹੋਇਆਂ ਕੈਵਲਯ ਦੇ ਸਮਾਨ ਹੀ ਸਰੂਪ ਵਿੱਚ ਸਥਿਤ ਹੁੰਦਾ ਹੈ ਅਤੇ ਕਲੇਸ਼-ਕਰਮ ਆਦਿ ਤੋਂ ਰਹਿਤ ਹੋ ਜਾਂਦਾ ਹੈ। ਇਹੀ ਜੀਵਨ-ਮੁਕਤੀ ਦੀ ਅਵਸਥਾ ਹੈ।

ਯੋਗ ਸਾਰ ਸੰਗ੍ਰਹਿ ਵਿੱਚ ਵਿਗਿਆਨ ਭਿਖ਼ਸ਼ੂ ਨੇ ਜੀਵਨ-ਮੁਕਤੀ ਦੀ ਅਵਸਥਾ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ—ਕ੍ਰਿਆ ਯੋਗ ਦੁਆਰਾ ਜਦ ਕਲੇਸ਼ ਨਸ਼ਟ ਹੋ ਜਾਂਦੇ ਹਨ ਤਾਂ ਵਿੱਚ ਵਿੱਚ ਕਲੇਸ਼ਾਂ ਦੁਆਰਾ ਨਾ ਰੋਕਿਆ ਗਿਆ ਵਿਵੇਕ-ਪ੍ਰਕਾਸ਼ ਦਾ ਪ੍ਰਵਾਹ ਵਿਵੇਕ-ਸਾਖਿਆਤਕਾਰ ਵਿੱਚ ਸਮਾਪਤ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਸੰਪ੍ਰਖਿਆਨ ਨਾਮੀ ਵਿਵੇਕ-ਸਾਖਿਆਤਕਾਰ ਦੀ ਅਗਨੀ ਨਾਲ ਸੜੇ ਹੋਏ ਬੀਜ ਦੇ ਸਮਾਨ ਹੋ ਕੇ ਅਵਿਦਿਆ ਆਦਿ ਕਲੇਸ਼ ਅੰਕੁਰਿਤ ਹੋਣ ਵਿੱਚ ਸਮਰਥ ਨਹੀਂ ਰਹਿੰਦੇ। ਇਹੀ ਜੀਵਨ-ਮੁਕਤੀ ਦੀ ਅਵਸਥਾ ਹੈ।[132]

ਸ਼ੰਕਰਾਚਾਰੀਆ ਦਾ ਵਾਸਤਵਿਕ ਮੋਖ਼ਸ਼ ਸਿਧਾਂਤ ਜੀਵਨ-ਮੁਕਤੀ ਹੈ, ਵਿਦੇਹ-ਮੁਕਤੀ ਨਹੀਂ। ਸ਼ੰਕਰ ਅਨੁਸਾਰ ਮੌਤ ਇਕ ਪ੍ਰਾਕ੍ਰਿਤਕ ਪ੍ਰਕਿਰਿਆ ਹੈ ਪਰ ਆਤਮਾ ਕਿਉਂਕਿ ਅਮਰ ਹੈ ਇਸ ਲਈ ਇਸ ਉਪਰ ਮੌਤ ਦਾ ਕੋਈ ਅਸਰ ਨਹੀਂ ਹੁੰਦਾ। ਮੌਤ ਦਾ ਪ੍ਰਭਾਵ ਕੇਵਲ ਸਾਡੀ ਭੌਤਿਕ ਸੱਤਾ ਉਪਰ ਪੈਂਦਾ ਹੈ, ਸਾਡੇ ਅਧਿਆਤਮਕ ਸਰੂਪ ਉਪਰ ਨਹੀਂ। ਇਸੇ ਲਈ ਸ਼ੰਕਰ ਅਨੁਸਾਰ ਮੋਖ ਇਸ ਜਗਤ ਵਿੱਚ ਹੀ, ਇਸੇ ਜੀਵਨ ਦੇ ਅੰਤਰ-ਗਤ ਪ੍ਰਾਪਤ ਹੁੰਦਾ ਹੈ ਅਤੇ ਮੋਖ ਵਿੱਚ ਪ੍ਰਾਪਤ ਅਧਿਆਤਮਕ ਸੱਤਾ ਮੌਤ ਤੋਂ ਬਾਅਦ ਵੀ ਵਿਦਮਾਨ ਰਹਿੰਦੀ ਹੈ।[133]

ਸ਼ੰਕਰ ਅਨੁਸਾਰ ਮੋਖ ਸਾਡੀ ਵਿਅਕਤੀਗਤ ਸੱਤਾ ਦੀ ਕਿਸੇ ਅਵਿਅਕਤਿਕ ਤਤਵ ਵਿੱਚ ਭੌਤਿਕ ਜਾਂ ਪਰਮਾਰਥਕ ਵਿਲੀਨਤਾ ਨਹੀਂ ਸਗੋਂ ਸਾਡੇ ਆਧਿਆਤਮਕ ਸਰੂਪ ਦਾ ਇਕ ਅਨੰਤ ਵਿਅਕਤਿਤਵ ਦੇ ਰੂਪ ਵਿੱਚ ਵਿਕਾਸ ਹੈ। ਆਤਮਾ ਦੀ ਅਨੰਨਤਾ ਦਾ ਅਨੁਭਵ ਹੀ ਮੋਖ ਹੈ। ਇਹ ਸਾਡੇ ਵਿਅਕਤਿਤਵ ਜਾਂ ਜੀਵਤਵ ਦਾ ਨਹੀਂ ਸਗੋਂ ਕੇਵਲ ਸਾਡੀ ਭੇਦ-ਭਾਵਨਾ ਅਤੇ ਅਹੰਕਾਰ ਦਾ ਵਿਨਾਸ਼ ਹੈ।

ਸ਼ੰਕਰ-ਵੇਦਾਂਤ ਦਾ ਉਦੇਸ਼ ਜੀਵਨ ਅਤੇ ਜਗਤ ਦੇ ਵਿਸ਼ੇ ਵਿੱਚ ਅਗਿਆਨਮਈ ਦ੍ਰਿਸ਼ਟੀਕੋਣ ਦਾ ਨਿਵਾਰਣ ਹੈ, ਜੀਵਨ ਦਾ ਅੰਤ ਅਤੇ ਜਗਤ ਦਾ ਵਿਨਾਸ਼ ਨਹੀਂ।

---

129 ਯੋਗ ਸੂਤਰ, ਵਿਆਸ ਭਾਸ਼, 4/31
130 ਓਹੀ, 4/34
131 ਓਹੀ, 4/30
132 ਯੋਗਸਾਰ ਸੰਗ੍ਰਹਿ, ਵਿਗਿਆਨ ਭਿਖ਼ਸ਼ੂ, ਦੂਜਾ ਅਧਿਆਇ, ਪੰਨਾ 54
133 ਛਾਂਦੋਗਯ ਉਪਨਿਸ਼ਦ, ਸ਼ੰਕਰ ਭਾਸ਼, 7-25-2

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗਤ ਦੀ ਸੱਤਾ ਬਾਹਰੀ ਅਤੇ ਵਿਵਹਾਰਕ ਹੈ, ਆਤ੍ਮਿਕ ਅਥਵਾ ਪਰਮਾਰਥਕ ਨਹੀਂ। ਅਰਥਾਤ ਜਗਤ ਉਦੋਂ ਤੀਕ ਹੀ ਸੱਤ ਹੈ ਜਦ ਤੀਕ ਉਹ ਪ੍ਰਤੀਤ ਹੁੰਦਾ ਹੈ। ਮੋਖ ਪ੍ਰਾਪਤੀ ਉਪ੍ਰੰਤ ਜਗਤ ਦੀ ਇਹ ਸੱਤਾ ਨਹੀਂ ਰਹਿੰਦੀ। ਅਰਥਾਤ ਮੋਖ ਦੁਆਰਾ ਜਗਤ ਦੀ ਇਸ ਸੱਤਾ ਦਾ ਅੰਤ ਹੋ ਜਾਂਦਾ ਹੈ।

ਮੋਖ ਕੇਵਲ ਵਸਤੂ-ਸਰੂਪ ਦਾ ਗਿਆਨ ਹੈ, ਜਗਤ ਦੀ ਸੱਤਾ ਦਾ ਵਿਨਾਸ਼ ਨਹੀਂ ਕਿਉਂਕਿ ਜਗਤ ਦੀ ਸੱਤਾ ਦਾ ਨਾਸ਼ ਨਹੀਂ ਹੁੰਦਾ ਸਗੋਂ ਸਰੂਪ-ਪਰਿਵਰਤਨ ਹੁੰਦਾ ਹੈ।[134] ਸ਼ੰਕਰਾਚਾਰੀਆ ਦੀ ਮੋਖ ਧਾਰਣਾ ਇਸ ਸਿਧਾਂਤ ਦੀ ਸਮਰਥਕ ਹੈ। ਸ਼ੰਕਰ ਦਾ ਮਤ ਹੈ ਕਿ ਮੋਖ ਦਾ ਅਰਥ ਜਗਤ ਦਾ ਨਾਸ਼ ਨਹੀਂ, ਜੇ ਇੰਜ ਹੁੰਦਾ ਤਾਂ ਪਹਿਲਾਂ ਮੁਕਤੀ ਦੇ ਨਾਲ ਹੀ ਜਗਤ ਦਾ ਨਾਸ਼ ਹੋ ਗਿਆ ਹੁੰਦਾ।[135] ਮੁਕਤੀ ਦੀ ਅਵਸਥਾ ਵਿੱਚ ਪ੍ਰਪੰਚਾਤਮਕ ਜਗਤ ਦਾ ਨਾਸ਼ ਨਹੀਂ ਹੁੰਦਾ ਸਗੋਂ ਉਹ ਇਕ ਨਵੀਨ ਰੂਪ ਵਿੱਚ ਪ੍ਰਕਾਸ਼ਿਤ ਹੋ ਉਠਦਾ ਹੈ।[136] ਗੱਲ ਕੀ, ਮੁਕਤੀ ਦੀ ਅਵਸਥਾ ਦੇ ਅੰਤਰਗਤ ਜਗਤ ਦੀ ਸੱਤਾ ਵਿੱਚ ਕੋਈ ਫਰਕ ਨਹੀਂ ਪੈਂਦਾ, ਕੇਵਲ ਉਸ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ।[137]

ਸ਼ੰਕਰਾਚਾਰੀਆ ਨੇ ਮੋਖ ਦੇ ਪ੍ਰਸੰਗ ਵਿੱਚ ਸਮਸਤ ਵਿਵਹਾਰ ਦੇ ਅਭਾਵ ਦੀ ਚਰਚਾ ਕੀਤੀ ਹੈ ਪਰ ਦੂਜੇ ਪਾਸੇ ਬ੍ਰਹਿਦਾਰਣਯਕ ਉਪਨਿਸ਼ਦ ਦੇ ਭਾਸ਼ ਵਿੱਚ ਉਹਨਾਂ ਨੇ ਬ੍ਰਹਮ ਗਿਆਨੀ ਅਤੇ ਅਗਿਆਨੀ ਦੋਹਾ ਲਈ ਹੀ ਵਿਵਹਾਰ ਦੀ ਸਥਾਪਨਾ ਕੀਤੀ ਹੈ।[138] ਇਸ ਵਿਰੋਧ ਤੋਂ ਨਵਿਰੱਤੀ ਪ੍ਰਾਪਤ ਕਰਨ ਦਾ ਇਹੀ ਸਾਧਨ ਹੈ ਕਿ ਅਸੀਂ ਮੋਖ ਨੂੰ ਇਕ ਮਨੋ-ਬਿਰਤੀ ਮੰਨੀਏ। ਮੋਖ ਦਾ ਅਰਥ ਅਦਵੈਤ ਗਿਆਨ ਹੈ। ਸ਼ੰਕਰਾਚਾਰੀਆ ਨੇ ਆਪ ਅਦਵੈਤ-ਗਿਆਨ ਨੂੰ ਇਕ ਮਨੋਬਿਰਤੀ ਹੀ ਮੰਨਿਆਂ ਹੈ।[139]

ਸ੍ਰੀਮਦ ਭਾਗਵਤ ਅਨੁਸਾਰ ਮੁਕਤੀ ਜਾਂ ਮੋਖਸ਼ ਹੀ ਜੀਵ ਦਾ ਪਰਮ ਪੁਰਸ਼ਾਰਥ ਹੈ। ਭਗਵਦ-ਪ੍ਰਾਪਤੀ ਹੀ ਮੁਕਤੀ ਹੈ। ਇਹ ਭਗਵਦ-ਪ੍ਰਾਪਤੀ ਦੋ ਤਰ੍ਹਾਂ ਨਾਲ ਹੋ ਸਕਦੀ ਹੈ ਅਰਥਾਤ 1. ਬ੍ਰਹਮ-ਤਤ-ਗਿਆਨ ਦੁਆਰਾ ਅਤੇ 2. ਭਗਵਦ-ਪ੍ਰੇਮ ਦੁਆਰਾ। ਪ੍ਰਕਿਰਤੀ ਵਿੱਚ ਪ੍ਰਲੈ, ਮਹਾਂ ਪ੍ਰਲੈ ਆਦਿ ਤਾਂ ਹੁੰਦੇ ਹਨ ਪਰ ਅਤਿਅੰਤਕ ਪ੍ਰਲੈ ਨਹੀਂ ਹੁੰਦਾ। ਪਰ ਜਦ ਜੀਵ ਉਪਰ ਭਗਵਤ-ਕਿਰਪਾ ਹੁੰਦੀ ਹੈ ਅਤੇ ਉਹ ਭਗਵਦ-ਸਰੂਪ ਦਾ ਸਾਖਿਆਤਕਾਰ ਕਰ ਲੈਂਦਾ ਹੈ ਤਦ ਉਸਦੇ ਲਈ ਸ੍ਰਿਸ਼ਟੀ ਦੀ ਅਤਿਅੰਤਕ ਪ੍ਰਲੈ ਹੋ ਜਾਂਦੀ ਹੈ। ਇਹ ਪ੍ਰਲੈ ਹੀ ਮੁਕਤੀ ਹੈ। ਜੀਵ ਨੂੰ ਇਹ ਮੁਕਤੀ ਕਦੇ ਵੀ ਪ੍ਰਾਪਤ ਹੋ ਸਕਦੀ ਹੈ। ਦੇਸ਼, ਕਾਲ, ਰੂਪ, ਲਿੰਗ ਆਦਿ ਦੇ ਭੇਦ ਇਸ ਵਿੱਚ ਕੋਈ ਰੁਕਾਵਟ ਨਹੀਂ ਪਾ ਸਕਦੇ। ਮੁਕਤੀ ਦੀ ਇਸ ਅਵਸਥਾ ਵਿੱਚ ਜੀਵ ਦੇ ਜਨਮ-ਮਰਣ ਦੇ ਸਮਸਤ ਚੱਕਰ ਛੁਟ ਜਾਂਦੇ ਹਨ।

---

134 ਇੰਡੀਅਨ ਫਿਲਾਸਫੀ, ਰਾਧਾਕ੍ਰਿਸ਼ਨਨ, ਭਾਗ ਦੂਜਾ, ਪੰਨਾ 583

135 ਓਹੀ, ਪੰਨਾ 637

136 ਓਹੀ, ਪੰਨਾ 684

137 ਓਹੀ, ਪੰਨਾ 637

138 ਬ੍ਰਹਿਦਾਰਣਕ ਉਪਨਿਸ਼ਦ, ਸ਼ੰਕਰ ਭਾਸ਼, 3-5-1

139 ਛਾਂਦੋਗਯ ਉਪਨਿਸ਼ਦ, ਸ਼ੰਕਰ ਭਾਸ਼, 1-1-1

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀਮਦ ਭਾਗਵਤ ਦੀ ਮੁਕਤੀ ਅਤੇ ਵੇਦਾਂਤ ਦਰਸ਼ਨ ਦੀ ਕੈਵਲਯ-ਮੁਕਤੀ ਵਿੱਚ ਸਮਾਨਤਾ ਹੈ। ਵੇਦਾਂਤ ਦੀ ਕੈਵਲਯ-ਮੁਕਤੀ ਦਾ ਸਾਧਨ ਹੈ ਨਾਨਾ ਨਾਮ ਰੂਪਾਂ ਨੂੰ ਉਤਪੰਨ ਕਰਕੇ ਉਹਨਾਂ ਦੀ ਕਾਮਨਾ ਤੋਂ ਜੀਵ ਨੂੰ ਮ੍ਰਿਗ ਤ੍ਰਿਸ਼ਨਾ ਵਿੱਚ ਫਾਹੁਣ ਵਾਲੀ ਅਵਿਦਿਆ ਦਾ ਨਾਸ਼। ਪਰਾਵਿਦਿਆ ਅਥਵਾ ਪਰਮ ਗਿਆਨ ਦੁਆਰਾ ਇਸ ਅਵਿਦਿਆ ਦਾ ਨਾਸ਼ ਹੁੰਦਾ ਹੈ। ਸ੍ਰੀਮਦ ਭਾਗਵਤ ਵਿੱਚ ਮੁਕਤੀ ਦਾ ਲੱਛਣ ਇਹ ਦਸਿਆ ਗਿਆ ਹੈ ਕਿ ਅਗਿਆਨ ਕਲਪਿਤ ਕਰਤ੍ਰਿਤਵ, ਭੋਗਤ੍ਰਿਤਵ ਆਦਿ ਅਨਾਤਮ-ਭਾਵ ਦਾ ਤਿਆਗ ਕਰਕੇ ਆਪਣੇ ਵਾਸਤਵਿਕ ਸਰੂਪ ਵਿੱਚ ਸਥਿਤ ਹੋ ਜਾਣਾ ਅਰਥਾਤ ਪਰਮ-ਤਤ ਦਾ ਸਾਖਿਆਤਕਾਰ ਕਰ ਲੈਣਾ ਹੀ ਮੁਕਤੀ ਹੈ।[140]

ਸ੍ਰੀਮਦ ਭਗਵਤ ਵਿੱਚ ਮੁਕਤੀ ਦਾ ਵਰਣਨ ਸਦਯੋ-ਮੁਕਤੀ ਅਤੇ ਕ੍ਰਮ-ਮੁਕਤੀ ਦੇ ਨਾਮ ਨਾਲ ਹੋਇਆ ਹੈ। ਕੈਵਲਯ-ਮੁਕਤੀ ਤੋਂ ਛੁਟ ਸ੍ਰੀਮਦ ਭਾਗਵਤ ਵਿੱਚ ਪੰਜ ਪ੍ਰਕਾਰ ਦੀਆਂ ਮੁਕਤੀਆਂ ਦਾ ਵੀ ਵਰਣਨ ਮਿਲਦਾ ਹੈ ਅਰਥਾਤ 1. ਸਾਲੋਕਯ-ਮੁਕਤੀ 2. ਸ਼ਾਰਸ਼ਟੀ-ਮੁਕਤੀ 3. ਸਾਮੀਪਯ-ਮੁਕਤੀ 4. ਸਾਰੂਪਯ-ਮੁਕਤੀ ਅਤੇ 5 ਸਾਯੁਜਯ-ਮੁਕਤੀ।[141] ਭਗਵਾਨ ਦੇ ਨਿਤ-ਧਾਮ ਵਿੱਚ ਨਿਵਾਸ ਕਰਨਾ ਸਾਲੋਕਯ-ਮੁਕਤੀ ਹੈ। ਭਗਵਾਨ ਦੇ ਸਮਾਨ ਐਸ਼ਵਰਜ ਪ੍ਰਾਪਤ ਕਰ ਲੈਣਾ ਸਾਪਸ਼ਟੀ ਮੁਕਤੀ ਹੈ। ਭਗਵਾਨ ਦੀ ਸਦ-ਸਮੀਪਤਾ ਪ੍ਰਾਪਤ ਕਰ ਲੈਣਾ ਸਾਮੀਪਯ-ਮੁਕਤੀ ਹੈ। ਭਗਵਾਨ ਦੇ ਸਮਾਨ ਰੂਪ ਪ੍ਰਾਪਤ ਕਰ ਲੈਣਾ ਸਾਰੂਪਯ-ਮੁਕਤੀ ਹੈ। ਭਗਵਾਨ ਵਿੱਚ ਲੀਨ ਹੋ ਜਾਣਾ, ਯੁਕਤ ਹੋ ਜਾਣਾ ਸਾਯੁਜਯ ਮੁਕਤੀ ਹੈ। ਇਹਨਾਂ ਪੰਜ ਪ੍ਰਕਾਰ ਦੀਆਂ ਮੁਕਤੀਆਂ ਦੇ ਅਨੇਕ ਉਦਾਹਰਣ ਸ੍ਰੀਮਦ ਭਾਗਵਤ ਵਿੱਚ ਮਿਲਦੇ ਹਨ।[142]

ਸ੍ਰੀਮਦ ਭਾਗਵਤ ਅਨੁਸਾਰ ਸੱਚਾ ਭਗਤ ਉਕਤ ਪੰਜ ਪ੍ਰਕਾਰ ਦੀਆਂ ਮੁਕਤੀਆਂ ਵਿੱਚੋਂ ਕੋਈ ਵੀ ਨਹੀਂ ਚਾਹੁੰਦਾ। ਉਹ ਤਾਂ ਕੇਵਲ ਭਗਵਾਨ ਪ੍ਰਤੀ ਅਨੰਨ ਅਨੁਰਕਤੀ ਅਰਥਾਤ ਲਗਾਉ ਅਤੇ ਉਸਦੀ ਚਰਣ-ਸੇਵਾ ਲੋਚਦਾ ਹੈ।[143] ਸ੍ਰੀਮਦ ਭਾਗਵਤ ਅਨੁਸਾਰ ਭਗਵਦ-ਭਗਤੀ ਮੁਕਤੀ ਤੋਂ ਵੀ ਸ੍ਰੇਸ਼ਠ ਹੈ।

ਦਖਣ ਦੇ ਵੈਸ਼ਣਵ ਆਲਵਾਰਾਂ ਨੇ ਕਿਤੇ ਵੀ ਮੁਕਤੀ ਦਾ ਉਹੋ ਜਿਹਾ ਸਿਧਾਂਤਕ ਵਿਵੇਚਨ ਨਹੀਂ ਕੀਤਾ ਜਿਹੋ ਜਿਹਾ ਪੂਰਵ-ਵਰਤੀ ਭਗਤੀ ਸਾਹਿਤ ਵਿੱਚ ਮਿਲਦਾ ਹੈ। ਸਾਲੋਕ, ਸਾਮੀਪ, ਸ਼ਾਰੂਪ ਅਤੇ ਸਾਯੁਜ ਆਦਿਕ ਮੁਕਤੀਆਂ ਦਾ ਸਿਧਾਂਤਕ ਰੂਪ ਭਾਵੇਂ ਸਾਨੂੰ ਆਲਵਾਰਾਂ ਦੀ ਰਚਨਾ 'ਪ੍ਰਬੰਧਮ' ਵਿੱਚ ਨਹੀਂ ਮਿਲਦਾ ਪਰ ਫੇਰ ਵੀ ਸਾਯੁਜ ਅਤੇ ਸਾਮੀਪ ਆਦਿਕ ਮੁਕਤੀਆਂ ਦੀਆਂ ਯੋਗ ਉਦਾਹਰਣਾਂ ਜ਼ਰੂਰ ਮਿਲ ਜਾਂਦੀਆਂ।[144]

---

140 ਸ੍ਰੀਮਦ ਭਾਗਵਤ, 1.10.6
141 ਓਹੀ. 3.29.13
142 ਓਹੀ, 10.74.45
143 ਓਹੀ. 10.83.41-42
144 ਦਖਣ ਦੇ ਵੈਸ਼ਣਵ ਆਲਵਾਰ ਅਤੇ ਰਵਿਦਾਸ, ਡਾ. ਮਨਮੋਹਨ ਸਿੰਘ, ਪੰ. ਦੁਨੀਆਂ, ਰਵਿਦਾਸ ਵਿਸ਼ੇਸ਼ ਅੰਕ, ਪੰਨਾ 146

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੋਖਸ਼-ਸੁਖ ਦੋ ਪ੍ਰਕਾਰ ਦਾ ਮੰਨਿਆ ਗਿਆ ਹੈ—ਦੇਹ ਦੇ ਹੁੰਦਿਆਂ ਅਰਥਾਤ ਜੀਵਨ ਮੁਕਤ ਅਵਸਥਾ ਦਾ ਸੁਖ ਅਤੇ ਦੇਹ ਤਿਆਗਣ ਤੋਂ ਬਾਅਦ ਈਸ਼ਵਰੀ ਕਿਰਪਾ ਸਦਕਾ ਪ੍ਰਾਪਤ ਮੋਖਸ਼ ਅਵਸਥਾ ਦਾ ਸੁਖ। 'ਪ੍ਰਬੰਧਮ' ਵਿੱਚ ਇਹਨਾਂ ਦੋਹਾਂ ਪ੍ਰਕਾਰ ਦੇ ਮੋਖਸ਼-ਸੁਖਾਂ ਦਾ ਵਰਣਨ ਕੀਤਾ ਮਿਲਦਾ ਹੈ। ਜੀਵਨ-ਮੁਕਤ ਅਵਸਥਾ ਦਾ ਸੁਖ ਦੇਹ ਤਿਆਗ ਤੋਂ ਬਾਅਦ ਦੇ ਮੋਖਸ਼-ਸੁਖ ਦੇ ਟਾਕਰੇ ਤੇ ਵਧੇਰੇ ਉੱਤਮ ਮੰਨਿਆਂ ਗਿਆ ਹੈ। ਨੰਮ ਆਲਵਾਰ ਦਾ ਕਥਨ ਹੈ—ਤੁਛ ਪਦਾਰਥਾਂ ਨੂੰ ਪ੍ਰਾਪਤ ਕਰਨ ਦੀ ਇੱਛਾ ਨਾਲ ਦੂਸਰੇ ਲੋਕ ਭਾਵੇਂ ਜਤਨਸ਼ੀਲ ਪਏ ਹੋਣ ਪਰ ਸ੍ਰੇਸ਼ਠ ਭਗਤ ਇਹਨਾਂ ਵਸਤਾਂ ਦੀ ਕਾਮਨਾ ਨਹੀਂ ਕਰਦੇ। ਉਹ ਤਾਂ ਕੇਵਲ ਭਗਤੀ ਵਿੱਚ ਹੀ ਪਰਮ ਆਨੰਦ ਪ੍ਰਾਪਤ ਕਰਦੇ ਹਨ।[145] ਤਿਰੁਮਲਿਸ਼ੈ ਆਲਵਾਰ ਅਨੁਸਾਰ ਪ੍ਰਭੂ ਮਿਲਾਪ ਦੀ ਇੱਛਾ ਤੋਂ ਛੁਟ ਮੈਨੂੰ ਕਿਸੇ ਦੂਸਰੇ ਮੋਖਸ਼-ਸੁਖ ਦੀ ਕਾਮਨਾ ਨਹੀਂ ਹੈ।'[146]

ਸਾਯੁਜ ਮੁਕਤੀ ਦੀ ਕਾਮਨਾ ਕਰਦਿਆਂ ਤਿਰੁਮੰਗੈ ਆਲਵਾਰ ਕਹਿੰਦੇ ਹਨ ਕਿ ਜਿਵੇਂ ਗਰਮ ਕੀਤੇ ਹੋਏ ਲੋਹੇ ਉਪਰ ਪਾਣੀ ਦੀਆਂ ਬੂੰਦਾਂ ਪੈਣ ਨਾਲ ਉਹ ਆਪ ਸੁਕ ਕੇ ਲੋਹੇ ਵਿੱਚ ਹੀ ਲੀਨ ਹੋ ਜਾਂਦੀਆਂ ਹਨ ਅਤੇ ਫੇਰ ਉਹਨਾਂ ਦੀ ਕੋਈ ਵਖਰੀ ਸੱਤਾ ਨਹੀਂ ਰਹਿ ਜਾਂਦੀ. ਉਸੇ ਤਰ੍ਹਾਂ ਮੈਂ ਵੀ ਭਗਵਾਨ ਵਿੱਚ ਲੀਨ ਹੋਣਾ ਚਾਹੁੰਦਾ ਹਾਂ।[147] ਸਾਮੀਪ ਮੁਕਤੀ ਦੀ ਕਾਮਨਾ ਕਰਦਿਆਂ ਕੁਲਸ਼ੇਖਰ ਆਲਵਾਰ ਕਹਿੰਦੇ ਹਨ ਕਿ ਮੈਨੂੰ ਮੁੜ ਮਨੁਖਾ ਦੇਹੀ ਧਾਰਣ ਕਰਨ ਦੀ ਕਾਮਨਾ ਨਹੀਂ। ਮੈਂ ਆਪਣੇ ਆਪ ਨੂੰ ਵਡਭਾਗੀ ਸਮਝਾਂਗਾ ਜੇ ਭਗਵਾਨ ਦੇ ਨਿਵਾਸ-ਸਥਾਨ ਵੇਂਕਟ ਪਰਬਤ ਤੇ ਮੈਨੂੰ ਇਕ ਬਗਲਾ ਬਣਨ ਦਾ ਸੁਭਾਗ ਪ੍ਰਾਪਤ ਹੋ ਜਾਵੇ।[148]

ਰਾਮਾਨੁਜ ਦੀ ਮੋਖਸ਼-ਧਾਰਣਾ ਨਿਰਾਲੀ ਹੈ। ਸ਼ੰਕਰ ਅਨੁਸਾਰ ਜਿਥੇ ਜੀਵ ਅਤੇ ਬ੍ਰਹਮ ਦਾ ਇਕ ਹੋ ਜਾਣਾ ਹੀ ਮੁਕਤੀ ਹੈ, ਬੁਦਬੁਦੇ ਦਾ ਮਿਟਕੇ ਸਮੁੰਦਰ ਬਣ ਜਾਣਾ ਅਤੇ ਅੰਤ ਵਿੱਚ ਕੇਵਲ ਬ੍ਰਹਮ ਹੀ ਰਹਿ ਜਾਣਾ; ਉਥੇ ਰਾਮਾਨੁਜ ਆਤਮ ਲੈਅ ਨੂੰ ਨਹੀਂ ਮੰਨਦੇ। ਭਗਤ ਤਾਂ, ਰਾਮਾਨੁਜ ਅਨੁਸਾਰ, ਆਪਣੀ ਹੋਂਦ ਕਾਇਮ ਰਖਣਾ ਚਾਹੁੰਦਾ ਹੈ ਤਾਂ ਜੋ ਹਰ ਸਮੇਂ ਉਹ ਈਸ਼ਵਰ ਦੇ ਧਿਆਨ ਵਿੱਚ ਮਗਨ ਰਹਿਕੇ ਉਸਤੋਂ ਆਨੰਦ ਮਾਣ ਸਕੇ।[149] ਈਸ਼ਵਰ ਹੋ ਜਾਣਾ ਕੁਝ ਹੋਰ ਗਲ ਹੈ ਅਤੇ ਈਸ਼ਵਰ ਸਮਾਨ ਹੋਣਾ ਕੁਝ ਹੋਰ। ਰਾਮਾਨੁਜ ਅਨੁਸਾਰ ਜੀਵ ਈਸ਼ਵਰ ਦੇ ਸਮਾਨ ਤਾਂ ਹੋ ਸਕਦਾ ਹੈ ਪਰ ਸ੍ਰਿਸ਼ਟੀ ਦੀ ਸਥਿਤੀ, ਪ੍ਰਲੈ ਆਦਿ ਵਿੱਚ ਕੁਝ ਕਰਨ ਦਾ ਅਧਿਕਾਰ ਉਸਨੂੰ ਨਹੀਂ ਹੁੰਦਾ।[150] ਜੀਵ ਨੂੰ ਅਵਿਦਿਆ ਦੀ ਛੂਹ ਕਿਸੇ ਸਮੇਂ ਵੀ ਲਗ ਸਕਦੀ ਹੈ, ਇਸ ਲਈ ਉਹ ਈਸ਼ਵਰ ਨਹੀਂ ਬਣ ਸਕਦਾ।

145 ਤਿਰੁਵਾਚਿਰਿਯਮ, 2
146 ਤਿਰੁਚੰਤਵਿਰੁਤਮ, 108
147 ਤਿਰੁਕੁਰੰਤਾਂਡਕਮ, 5
148 ਪੇਰੁਮਾਲ ਤਿਰੁਮੋਲੀ, 4
149 ਸ਼੍ਰੀਭਾਸ਼, 4-4-13,15
150 ਸ਼੍ਰੀ ਭਾਸ਼, 4-4-17 ਅਤੇ ਸਰਵ ਦਰਸ਼ਨ ਸੰਗ੍ਰਹਿ, 43

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਲਈ ਰਾਮਾਨੁਜ ਅਨੁਸਾਰ ਜੀਵਨ-ਮੁਕਤੀ ਅਸੰਭਵ ਹੈ, ਕੇਵਲ ਵਿਦੇਹ-ਮੁਕਤੀ ਹੀ ਸੰਭਵ ਹੈ। ਅਰਥਾਤ ਮੌਤ ਤੋਂ ਉਪ੍ਰੰਤ ਭਗਵਾਨ ਦੀ ਕਿਰਪਾ ਦੁਆਰਾ ਭਗਤ ਬੈਕੁੰਠਵਾਸਾ ਹੋ ਕੇ ਭਗਵਾਨ ਦੀ ਨੇੜਤਾ ਪ੍ਰਾਪਤ ਕਰ ਲੈਂਦਾ ਹੈ। ਨਿਆਇ, ਵੈਸ਼ੇਸ਼ਿਕ, ਸਾਂਖ ਅਤੇ ਮੀਮਾਂਸਾ ਆਦਿ ਅਨੁਸਾਰ ਮੋਖ ਅਵਸਥਾ ਵਿੱਚ ਆਨੰਦ ਨਹੀਂ ਮਿਲਦਾ। ਰਾਮਾਨੁਜ ਦੇ ਮਤ ਅਨੁਸਾਰ ਮੋਖ ਦੀ ਹਾਲਤ ਵਿੱਚ ਸਰੀਰ, ਗਿਆਨ ਅਤੇ ਆਨੰਦ ਸਭ ਦੀ ਮੌਜੂਦਗੀ ਹੁੰਦੀ ਹੈ, ਪਰ ਮੁਕਤੀ ਦੀ ਅਵਸਥਾ ਵਾਲਾ ਸਰੀਰ ਅਲੌਕਿਕ ਹੁੰਦਾ ਹੈ।[151]

ਰਾਮਾਨੁਜ ਅਨੁਸਾਰ ਮੋਖਸ਼ ਪ੍ਰਾਪਤੀ ਦਾ ਸਾਧਨ ਕੇਵਲ ਗਿਆਨ ਨਹੀਂ ਸਗੋਂ ਭਗਤੀ ਹੈ।

ਮਧਵਾਚਾਰੀਆ ਨੇ ਜੀਵਾਂ ਦੀ ਸ਼੍ਰੇਣੀ-ਵੰਡ ਦੇ ਪ੍ਰਕਰਣ ਵਿੱਚ ਮੁਕਤੀ ਦਾ ਵਰਣਨ ਕੀਤਾ ਹੈ। ਉਹਨਾਂ ਅਨੁਸਾਰ ਜੀਵਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ—ਮੁਕਤੀ ਯੋਗ, ਨਿਤ ਸੰਸਾਰੀ ਅਤੇ ਤਮੋਯੋਗ। ਬ੍ਰਹਮਾ, ਅਗਨੀ, ਵਾਯੂ ਆਦਿ ਦੇਵਤੇ; ਨਾਰਦ, ਵਿਸ਼ਵਾਮਿਤਰ ਆਦਿ ਉੱਤਮ ਮਨੁਖ ਮੁਕਤੀ ਯੋਗ ਜੀਵ; ਦੈਂਤ, ਰਾਖ਼ਸ਼ ਆਦਿ ਤਮੋਜੀਵ ਅਤੇ ਇਹਨਾਂ ਦੋਹਾਂ ਦੀ ਵਿਚਕਾਰਲੀ ਸ਼੍ਰੇਣੀ ਵਾਲੇ ਆਮ ਮਨੁਖ ਨਿੱਤ ਸੰਸਾਰੀ ਜੀਵ ਹਨ ਜੋ ਪ੍ਰਿਥਵੀ, ਸਵਰਗ ਅਤੇ ਨਰਕ ਆਦਿ ਵਿੱਚ ਰਹਿੰਦੇ ਹੋਏ ਦੁਖ ਸੁਖ ਭੋਗਿਆ ਕਰਦੇ ਹਨ। ਮੁਕਤੀ ਦੀ ਅਵਸਥਾ ਵਿੱਚ ਵੀ ਭਿੰਨ ਭਿੰਨ ਜੀਵ ਭਿੰਨ ਭਿੰਨ ਪ੍ਰਕਾਰ ਦਾ ਆਨੰਦ ਅਨੁਭਵ ਕਰਦੇ ਹਨ।[152]

ਮਧਵ ਅਨੁਸਾਰ ਮੁਕਤੀ ਚਾਰ ਪ੍ਰਕਾਰ ਦੀ ਹੈ—ਸਾਲੋਕ, ਸਾਮੀਪ, ਸਾਰੂਪ ਅਤੇ ਸਾਯਜ। ਸਾਲੋਕ ਮੁਕਤੀ ਵਿੱਚ ਮੁਕਤ ਜੀਵ ਪਰਮਾਤਮਾ ਦੇ ਦੇਸ਼ ਵਿੱਚ ਪਹੁੰਚ ਕੇ ਆਪਣੀ ਇੱਛਾ ਅਨੁਕੂਲ ਭੋਗ ਭੋਗਦਾ ਹੈ। ਸਾਮੀਪ ਮੁਕਤੀ ਵਿੱਚ ਜੀਵ ਈਸ਼ਵਰ ਦੀ ਨੇੜਤਾ ਅਤੇ ਨਿਅ ਪ੍ਰਾਪਤ ਕਰਕੇ ਆਨੰਦ ਮਾਣਦਾ ਹੈ। ਸਾਰੂਪ ਮੁਕਤੀ ਵਿੱਚ ਮੁਕਤ ਜੀਵ ਭਗਵਾਨ ਦੇ ਗੁਣਾਂ ਅਤੇ ਰੂਪਾਂ ਨੂੰ ਧਾਰਣ ਕਰਦਾ ਹੈ ਪਰ ਪਰਮਾਨੰਦ ਭੋਗ ਵਿੱਚ ਅਸਮਰਥ ਹੀ ਰਹਿੰਦਾ ਹੈ। ਸਾਯੁਜ ਮੁਕਤੀ ਵਿੱਚ ਉਹ ਈਸ਼ਵਰ ਵਿੱਚ ਪ੍ਰਵੇਸ਼ ਕਰਕੇ ਉਸਦੇ ਸਰੀਰ ਦੁਆਰਾ ਹੀ ਆਨੰਦ ਭੋਗਦਾ ਹੈ। ਦੇਵਲੋਕ ਹੀ ਸਾਯੁਜ ਮੁਕਤੀ ਦੇ ਅਧਿਕਾਰੀ ਮੰਨੇ ਗਏ ਹਨ।[153]

ਮਧਵਾਚਾਰੀਆ ਅਨੁਸਾਰ ਦੋਸ਼ ਰਹਿਤ ਪਰਮ ਭਗਤੀ, ਜਿਸ ਨੂੰ 'ਅਮਲ-ਭਗਤੀ' ਵੀ ਕਿਹਾ ਗਿਆ ਹੈ, ਹੀ ਮੁਕਤੀ ਦਾ ਸਰਵਸ਼੍ਰੇਸ਼ਠ ਸਾਧਨ ਹੈ।[154]

ਨਿੰਮਬਾਰਕਾਚਾਰੀਆ ਅਨੁਸਾਰ ਮੁਕਤੀ, ਜੀਵ ਦਾ ਬ੍ਰਹਮ ਨਾਲ ਇਕ ਮਿਕ ਹੋਣਾ ਨਹੀਂ, ਬ੍ਰਹਮ ਸਮਾਨ ਹੋਣਾ ਹੈ। ਇਸ ਮਤ ਵਿੱਚ ਮੁਕਤੀ ਦੋ ਪ੍ਰਕਾਰ ਦੀ ਹੈ—ਕ੍ਰਮ ਮੁਕਤੀ ਅਤੇ ਸਦਯ ਮੁਕਤੀ। ਕ੍ਰਮ-ਮੁਕਤੀ ਤੋਂ ਭਾਵ ਮੁਕਤੀ ਪ੍ਰਾਪਤੀ ਵਿਚਲਾ ਕ੍ਰਮ ਹੈ, ਅਰਥਾਤ

151 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ 26
152 ਓਹੀ, ਪੰਨਾ 30
153 ਓਹੀ, ਪੰਨਾ 30
154 ਓਹੀ, ਪੰਨਾ 30

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਸ਼ਕਾਮ ਕਰਮ ਦੁਆਰਾ ਸਵਰਗ ਆਦਿ ਦੀ ਪ੍ਰਾਪਤੀ, ਉਪ੍ਰੰਤ ਸਤਯਲੋਕ ਵਿੱਚ ਸਾਯੁਜ ਦੀ ਪ੍ਰਾਪਤੀ। ਸਦਯ ਮੁਕਤੀ ਵਿੱਚ ਸ਼੍ਰਵਣ ਆਦਿ ਭਗਤੀ ਦੁਆਰਾ ਭੌਤਿਕ ਬੰਧਨਾਂ ਤੋਂ ਨਵਿਰਤ ਹੋਕੇ ਈਸ਼ਵਰ ਦੀ ਕਿਰਪਾ ਸਦਕਾ ਕ੍ਰਿਸ਼ਣ-ਲੋਕ ਵਿੱਚ ਜਾਣਾ ਸ਼ਾਮਿਲ ਹੈ।[155]

ਚੈਤੰਨਯ ਮਤ ਅਨੁਸਾਰ ਭਗਤੀ ਹੀ ਮੁਕਤੀ ਦਾ ਸਾਧਨ ਹੈ। ਮੁਕਤੀ ਪੰਜ ਪ੍ਰਕਾਰ ਦੀ ਮੰਨੀ ਗਈ ਹੈ—ਸਾਰਸ਼ਟੀ, ਸਾਰੂਪ, ਸਾਲੋਕ, ਸਾਮੀਪ ਅਤੇ ਸਾਯੁਜ। ਇਹਨਾਂ ਵਿੱਚੋਂ ਪਹਿਲੇ ਚਾਰ ਪ੍ਰਕਾਰ ਦੀ ਮੁਕਤੀ ਦੀ ਕਾਮਨਾ ਭਗਤ ਕਰ ਸਕਦੇ ਹਨ ਕਿਉਂਕਿ ਇਹਨਾਂ ਵਿੱਚ ਉਹਨਾਂ ਨੂੰ ਭਗਵਦ ਸੇਵਾ ਦਾ ਪਰਮ ਆਨੰਦ ਪ੍ਰਾਪਤ ਕਰਨ ਦਾ ਸੁਅਵਸਰ ਮਿਲਦਾ ਹੈ। ਉਹ ਸਾਯੁਜ ਮੁਕਤੀ ਦੀ ਕਾਮਨਾ ਇਸ ਲਈ ਨਹੀਂ ਕਰਦੇ ਕਿਉਂਕਿ ਇਸ ਵਿੱਚ ਭਗਵਤ ਸੇਵਾ ਦੇ ਲਈ ਭਗਤ ਦੀ ਵੱਖਰੀ ਸੱਤਾ ਹੀ ਨਹੀਂ ਰਹਿੰਦੀ।[156]

ਚੈਤੰਨਯ ਅਨੁਸਾਰ ਸਰਬੋਤਮ ਸ਼੍ਰੇਣੀ ਦਾ ਭਗਤ ਕਿਸੇ ਪ੍ਰਕਾਰ ਦੀ ਮੁਕਤੀ ਨੂੰ ਪਸੰਦ ਨਹੀਂ ਕਰਦਾ। ਉਹ ਕੇਵਲ ਬਿੰਦਰਾਬਨ ਦੀ ਮਧੁਰਤਾ ਦੀ ਕਾਮਨਾ ਕਰਦਾ ਹੈ ਤਾਂ ਜੋ ਉਸ ਨੂੰ ਸ੍ਰੀ ਕ੍ਰਿਸ਼ਣ ਨਾਲ ਨਿਸ਼ਕਾਮ ਪ੍ਰੇਮ ਜਾਂ ਅਹੈਤੁਕੀ ਭਗਤੀ ਕਰਨ ਦਾ ਸਦ-ਸੁਅਵਸਰ ਪ੍ਰਾਪਤ ਚੋ ਸਕੇ।[157]

ਨਾਥ ਸੰਪ੍ਰਦਾਇ ਵਿੱਚ ਵੀ ਮੋਖਸ਼ ਦੇ ਜੀਵਨ-ਮੁਕਤੀ ਵਾਲੇ ਸਰੂਪ ਨੂੰ ਮਾਣਤਾ ਪ੍ਰਾਪਤ ਹੋਈ ਹੈ। ਯੋਗੀ ਜਦੋਂ ਨਾਥ ਸਰੂਪ ਵਿੱਚ ਸਥਿਤ ਹੋ ਜਾਂਦਾ ਹੈ, ਉਦੋਂ ਉਸ ਨੂੰ ਜੀਵਨ-ਮੁਕਤ ਕਹਿੰਦੇ ਹਨ।[158] ਇਸ ਅਵਸਥਾ ਤਕ ਅਪੜਨ ਲਈ ਯੋਗੀ ਨੂੰ ਦੇਹ-ਤਿਆਗ ਦੀ ਲੋੜ ਨਹੀਂ ਹੁੰਦੀ, ਚਿੱਤ ਦੀ ਸਮ-ਅਵਸਥਾ ਨਾਲ ਹੀ ਉਹ ਜੀਵਨ-ਮੁਕਤ ਹੋ ਨਿਬੜਦਾ ਹੈ।[159] ਨਾਥ-ਸੰਪ੍ਰਦਾਇ ਦੀ ਜੀਵਨ-ਮੁਕਤੀ ਦੀ ਧਾਰਣਾ ਨੂੰ ਸਹਿਜ ਅਵਸਥਾ ਦਾ ਵੀ ਨਾਮ ਦਿੱਤਾ ਜਾ ਸਕਦਾ ਹੈ ਕਿਉਂਕਿ ਇਹ ਸਾਧਕ ਦੇ ਚਿੱਤ ਦੀ ਸਮ-ਅਵਸਥਾ ਤੇ ਆਧਾਰਤ ਹੈ।

'ਯੋਗਬੀਜ' ਵਿੱਚ ਗੋਰਖਨਾਥ ਨੇ ਜੀਵਨ-ਮੁਕਤੀ ਦੀ ਅਵਸਥਾ ਦਾ ਹੀ ਵਰਣਨ ਕਰਦਿਆਂ ਹੋਇਆਂ ਕਿਹਾ ਹੈ ਕਿ ਜਿਸ ਯੋਗੀ ਦੇ ਜੀਉਂਦਿਆਂ ਹੀ ਪ੍ਰਾਣ ਵਿਲੀਨ ਹੋ ਜਾਂਦੇ ਹਨ, ਉਸਦੀ ਦੇਹ ਦਾ ਨਾਸ਼ ਨਹੀਂ ਹੁੰਦਾ ਅਤੇ ਉਸਦਾ ਚਿੱਤ ਦੋਸ਼-ਰਹਿਤ ਅਤੇ ਦੋਸ਼-ਮੁਕਤ ਹੋ ਜਾਂਦਾ ਹੈ।[160] ਇਥੇ ਜੀਉਂਦਿਆਂ ਹੀ ਪ੍ਰਾਣ ਦੇ ਵਿਲੀਨ ਹੋਣ ਤੋਂ ਭਾਵ ਲੈਅ-ਯੋਗ ਹੈ। 'ਹਠਯੋਗ ਪ੍ਰਦੀਪਿਕਾ' ਵਿੱਚ ਵੀ ਪ੍ਰਾਣ ਦੇ ਲੈਅ ਦੁਆਰਾ ਜੀਵਨ-ਮੁਕਤੀ ਦਾ ਵਰਣਨ ਮਿਲਦਾ ਹੈ।[161]

---

155 ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ 33

156 ਓਹੀ, ਪੰਨਾ 41

157 ਓਹੀ, ਪੰਨਾ 41

158 ਨਾਥ ਸੰਪ੍ਰਦਾਇ, ਹਜ਼ਾਰੀ ਪ੍ਰਸਾਦ ਦਿਵੇਦੀ, ਪੰਨਾ 136

159 ਅਮਰੌਧ ਪ੍ਰਬੋਧ, ਸਲੋਕ 70

160 ਯੋਗਬੀਜ, ਸਲੋਕ 84

161 ਹਠਯੋਗ ਪ੍ਰਦੀਪਿਕਾ, 4/16

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਯੋਗਬੀਜ' ਵਿੱਚ ਜੀਵਨ-ਮੁਕਤ ਦੇ ਲੱਛਣਾਂ ਦਾ ਵਰਣਨ ਕਰਦਿਆਂ ਹੋਇਆਂ ਕਿਹਾ ਗਿਆ ਹੈ ਕਿ ਸਰਵ-ਕਰਤਾ, ਸੁਤੰਤਰ, ਵਿਸ਼ਵ-ਰੂਪਵਾਨ ਅਤੇ ਜੀਵਨ-ਮੁਕਤ ਯੋਗੀ ਸਵੈ-ਇੱਛਾ ਨਾਲ ਭਵਨ ਵਿੱਚ ਵਿਚਰਣ ਕਰਦਾ ਹੈ।[162] ਅਜਰ, ਅਮਰ ਯੋਗੀ ਹੀ ਜੀਵਨ-ਮੁਕਤ ਹੈ।[163] ਸਰੀਰ ਅਤੇ ਇੰਦਰੀਆਂ ਆਤਮ-ਸਰੂਪ ਹੋਕੇ ਜਦੋਂ ਅਨੰਨਤਾ (ਇਕ ਰੂਪਤਾ) ਨੂੰ ਪ੍ਰਾਪਤ ਕਰਦੇ ਹਨ ਤਾਂ ਯੋਗੀ ਮੁਕਤ ਕਿਹਾ ਜਾਂਦਾ ਹੈ।[164] ਇਹੀ ਯੋਗੀ ਦੀ ਕੈਵਲਯ-ਅਵਸਥਾ ਜਾਂ ਜੀਵਨ-ਮੁਕਤੀ ਹੈ।

ਗੁਰਮਤਿ ਕਾਵਿ ਵਿੱਚ ਮੁਕਤੀ ਦੇ ਪ੍ਰਥਾਇ ਅਨੇਕ ਸ਼ਬਦਾਂ ਦੀ ਵਰਤੋਂ ਹੋਈ ਹੈ ਜਿਵੇਂ ਮੁਕਤਿ,[165] ਮੋਖ,[166] ਪਰਮ-ਪਦ,[167] ਚਉਥ-ਪਦ,[168] ਅਮਰ-ਪਦ,[169] ਨਿਰਬਾਣ-ਪਦ,[170] ਤੁਰੀਆ ਅਵਸਥਾ,[171] ਮਹਾ-ਸੁਖ,[172] ਬੰਦ-ਖਲਾਸੀ,[173] ਆਦਿ।

ਗੁਰਮਤ ਅਨੁਸਾਰ ਸੰਸਾਰਕ ਬੰਧਨਾਂ ਤੋਂ ਨਵਿਰਤੀ ਹੀ ਮੁਕਤੀ ਹੈ।[174] ਇਹਨਾਂ ਬੰਧਨਾਂ ਨੂੰ ਕੂੜ ਦੀ ਦੀਵਾਰ[175] ਅਤੇ ਸੰਸਾਰਕ ਪ੍ਰਪੰਚਾਂ ਦੇ ਭਰਮ[176] ਦਾ ਨਾਮ ਦਿੱਤਾ ਗਿਆ ਹੈ। ਗੁਰੂ ਦੇ ਮੇਲ ਦੁਆਰਾ ਪਰਮਾਤਮਾ ਦੀ ਪਛਾਣ ਹੀ ਮੋਖ-ਦੁਆਰ ਹੈ।[177]

ਗੁਰਮਤ ਅਨੁਸਾਰ ਸਾਧਕ ਦਾ ਪਰਮ ਲਖਸ਼ ਮੁਕਤੀ-ਪ੍ਰਾਪਤੀ ਨਹੀਂ ਸਗੋਂ ਪ੍ਰਭੂ ਦੇ ਚਰਨਾਂ ਦੀ ਪ੍ਰੀਤ[178] ਅਤੇ ਪ੍ਰਭੂ ਦਾ ਸਾਖਿਆਤਕਾਰ ਹੈ।[179] ਪਰ ਫੇਰ ਵੀ ਗੁਰਮਤ-ਕਾਵਿ

---

162 ਯੋਗਬੀਜ, ਸਲੋਕ-170
163 ਓਹੀ, ਸਲੋਕ 183
164 ਓਹੀ, ਸਲੋਕ, 187
165 ਸਾਚੈ ਸਬਦ ਮੁਕਤਿ ਗਤਿ ਪਾਏ। (ਆਸਾ ਮ. ੧)
166 ਮੰਨੈ ਪਾਵਹਿ ਮੋਖ ਦੁਆਰੁ। (ਜਪੁਜੀ)
167 (ੳ) ਤਿਨ ਕੈ ਸੰਗਿ ਪਰਮਪਦੁ ਪਾਈ। (ਮਾਰੂ ਮ. ੫)
(ਅ) ਹਉਮੈ ਜਾਇ ਪਰਮਪਦੁ ਪਾਈਐ। (ਗਉੜੀ ਮ. ੧)
168 ਤੀਨਿ ਸਮਾਵੈ ਚਉਥੈ ਵਾਸਾ। (ਬਿਲਾਵਲ ਮ, ੧)
169 ਨਿਜ ਘਰਿ ਵਾਸੁ ਅਮਰਪਦੁ ਪਾਵੈ। (ਪਰਭਾਤੀ ਮ. ੧)
170 ਸਬਦ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ। (ਸਿਰੀ ਰਾਗ ਮ. ੧)
171 ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਗਹੀ। (ਆਸਾ ਮ. ੧)
172 ਮੁਕਤਿ ਮਹਾਸੁਖ ਗੁਰ ਸਬਦੁ ਬੀਚਾਰ। (ਰਾਮਕਲੀ ਮ. ੧)
173 ਬੰਦਿ ਖਲਾਸੀ ਭਾਣੈ ਹੋਇ। (ਜਪੁਜੀ)
174 ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ। (ਮਲਾਰ ਮ. ੧)
175 ਕਿਵ ਕੂੜੈ ਤੁਟੈ ਪਾਲਿ। (ਜਪੁਜੀ)
176 ਬਿਨੁ ਗੁਰੁ ਸਬਦੈ ਮੁਕਤਿ ਨਾ ਹੋਈ ਪਰਪੰਚੁ ਕਰਿ ਭਰਮਾਈ ਨੇ। (ਮਾਰੂ ਮ. ੧)
177 ਗੁਰਿ ਮਿਲੀਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ। (ਮਾਰੂ ਮ. ੧)
178 ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ। (ਦੇਵਗੰਧਾਰੀ ਮ. ੫)
179 (ੳ) ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੇ ਕਰੈ ਕਿਆ। (ਆਸਾ ਮ. ੧)

(ਬਾਕੀ ਅਗਲੇ ਪੰਨੇ ਤੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿੱਚ ਮੁਕਤੀ-ਪ੍ਰਾਪਤੀ ਦੇ ਅਨੇਕ ਸਾਧਨਾਂ ਸੰਬੰਧੀ ਚਰਚਾ ਕੀਤੀ ਗਈ ਹੈ ਜਿਵੇਂ ਵਿਦਿਆ ਅਤੇ ਵਿਗਿਆਨ ਦੇ ਟਾਕਰੇ ਤੇ[180] ਪ੍ਰਭੂ ਦਾ ਹੁਕਮ, ਰਜ਼ਾ ਅਤੇ ਭਾਣਾ,[181] ਭਗਵਦ-ਅਨੁਗ੍ਰਹਿ ਜਾਂ ਪਰਮ ਤਮਾ ਦੀ ਕਿਰਪਾ,[182] ਗੁਰੂ-ਧਾਰਣ,[183] ਜਿਸ ਤੋਂ ਬਿਨਾਂ ਮੁਕਤੀ ਸੰਭਵ ਹੀ ਨਹੀਂ[184] ਅਤੇ ਫਲਸਰੂਪ ਗੁਰੂ-ਸੇਵਾ[185] ਆਦਿ। ਇਸ ਤੋਂ ਛੁਟ ਗੁਰੂ ਦੇ ਸ਼ਬਦ ਦੁਆਰਾ ਅਹੰ ਤਿਆਗ ਕੇ ਜੀਉਣ,[186] ਪ੍ਰਭੂ ਦੇ ਨਾਮ ਵਿੱਚ ਲਿਵਲੀਨ ਰਹਿਣ,[187] ਹਉਮੈ ਦਾ ਤਿਆਗ ਅਤੇ ਆਪਾ-ਚੀਨਣ[188] ਆਦਿ ਨੂੰ ਵੀ ਮੁਕਤੀ ਪ੍ਰਾਪਤੀ ਦੇ ਲੋੜੀਂਦੇ ਸਾਧਨ ਮੰਨਿਆਂ ਗਿਆ ਹੈ।

ਜੀਵਨ-ਮੁਕਤ ਸੰਬੰਧੀ ਵੀ ਗੁਰਮਤ ਕਾਵਿ ਵਿੱਚ ਕਾਫੀ ਚਰਚਾ ਕੀਤੀ ਗਈ ਹੈ। ਵਾਸਤਵ ਵਿੱਚ ਵਿਦੇਹ-ਮੁਕਤੀ ਦੇ ਟਾਕਰੇ ਤੇ ਗੁਰੂ ਕਵੀਆਂ ਨੂੰ ਜੀਵਨ-ਮੁਕਤੀ ਹੀ ਵਧੇਰੇ ਪ੍ਰਿਅ ਹੈ। ਨਾਮ ਨੂੰ ਮਨ ਵਿੱਚ ਵਸਾਕੇ,[189] ਹਉਮੈਂ ਨੂੰ ਮਾਰ ਕੇ,[190] ਜੋ ਮਰ-ਜੀਵਿਆ ਹੈ[191] ਉਹੀ ਜੀਵਨ-ਮੁਕਤ ਹੈ।

(ਅ) ਸੁਰਗੁ ਮੁਕਤਿ ਬੈਕੁੰਠ ਸਭਿ ਬਾਂਛਹਿ ਨਿਤਿ ਆਸਾ ਆਸ ਕਰੀਜੈ।
ਹਰਿ ਦਰਸਨ ਕੋ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨੁਧੀਜੈ।
(ਪਾਲਿਆਨ, ਮ. ੪)

180 ਮੁਕਤਿ ਨਹੀਂ ਬਿਦਿਆ ਬਿਗਿਆਨ। (ਰਾਮਕਲੀ ਮ. ੧)

181 (ਓ) ਫਾਥਾ ਚੁਗੈ ਚੋਰ ਹੁਕਮੀ ਛਟਸੀ। (ਮਲਾਰ ਮ. ੧)
(ਅ) ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ। (ਜਪੁਜੀ)
(ਏ) ਬੰਦਿ ਖਲਾਸੀ ਭਾਣੈ ਹੋਇ। (ਜਪੁਜੀ)

182 (ਓ) ਨਦਰੀ ਮੋਖੁ ਦੁਆਰ। (ਜਪੁਜੀ)
(ਅ) ਦਰਗਹ ਮੁਕਤਿ ਕਰੇ ਕਚਿ ਕਿਰਪਾ ਬਖਸੇ ਅਵਗੁਣ ਕੀਨਾ ਹੇ। (ਮਾਰੂ ਸੋਲਹੇ ਮ. ੧)

183 ਮੁਕਤਿ ਭਏ ਗੁਰਿ ਦਰਸੁ ਦਿਖਾਇਆ
ਜੁਗਿ ਜੁਗਿ ਭਗਤਿ ਸੁਭਾਵੀ। (ਮਲਾਰ ਮ. ੧)

184 ਸਤਿਗੁਰ ਬਾਝਹੁ ਮੁਕਤਿ ਕਿਨੈਹੀ। (ਮਾਰੂ ਮ. ੧)

185 (ਓ) ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ। (ਗਉੜੀ ਮ. ੧)
(ਅ) ਸਤਿਗੁਰ ਸੇਵਿ ਪਰਮਪਦੁ ਪਾਇ। (ਆਸਾ ਮ. ੧)

186 ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ। (ਰਾਮਕਲੀ ਮ. ੧)

187 (ਓ) ਨਾਮਿ ਰਤੇ ਪਾਵਹਿ ਮੋਖ ਦੁਆਰ। (ਰਾਮਕਲੀ ਮ. ੧)
(ਅ) ਬਿਨੁ ਨਾਮੁ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ। (ਧਨਾਸਰੀ ਮ. ੧)

188 (ਓ) ਸਾਚੈ ਸਬਦਿ ਮੁਕਤਿ ਗਤਿ ਪਾਏ।
ਨਾਨਕ ਵਿਚਹੁ ਆਪੁ ਗਵਾਏ। (ਆਸਾ ਮ. ੧)
(ਅ) ਹਉ ਹਉ ਕਰਤ ਨਹੀ ਸਚੁ ਪਾਈਐ
ਹਉਮੈ ਜਾਇ ਪਰਮਪਦੁ ਪਾਈਐ। (ਗਉੜੀ ਮ. ੧)

189 ਜੀਵਨ ਮੁਕਤੁ ਮਨਿ ਨਾਮੁ ਵਸਾਏ। (ਆਸਾ ਮ. ੧)

190 ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ। (ਮਾਰੂ ਮ. ੧)

191 ਜੀਵਨ ਮੁਕਤ ਸੋ ਆਖੀਐ ਮਰ ਜੀਵਹਿ ਮਰੀਆ। (ਗੁਰੂ ਅਰਜਨ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਵੀਰ ਸਿੰਘ ਅਨੁਸਾਰ ਨਿਰਵਾਣ ਅਥਵਾ ਮੁਕਤੀ ਜੀਵ ਦੀ ਬ੍ਰਹਮ ਵਿੱਚ ਲਿਵਲੀਨਤਾ ਅਥਵਾ ਬ੍ਰਹਮ-ਪ੍ਰਾਪਤੀ ਹੀ ਹੈ।[192]

ਇੰਜ ਜੀਵਾਤਮਾ ਅਤੇ ਪਰਮਾਤਮਾ ਦੀ ਅਭੇਦ-ਅਵਸਥਾ ਹੀ ਵਾਸਤਵਿਕ ਮੁਕਤੀ ਹੈ। ਇਸ ਅਵਸਥਾ ਵਿੱਚ ਜੀਵ ਦੀ 'ਮੈਂ' ਅਤੇ ਬ੍ਰਹਮ ਦੀ 'ਤੂੰ' ਦਾ ਦਵੈਤ ਸਮਾਪਤ ਹੋਕੇ ਇਕ ਅਕਹਿ ਆਨੰਦ-ਅਦਵੈਤ ਦਾ ਰੂਪ ਧਾਰਣ ਕਰ ਲੈਂਦਾ ਹੈ।[193] ਮਾਨੋ ਨੀਰ ਦੀ ਇਕ ਰੇਅ ਆਨੰਦ-ਸਰੂਪੀ ਨੀਰ-ਸਮੁੰਦ ਵਿੱਚ ਲੀਨ ਹੋ ਜਾਂਦੀ ਹੈ। ਨੀਰ (ਜੀਵ) ਦੀ ਨੀਰ (ਸਮੁੰਦ-ਬ੍ਰਹਮ) ਵਿੱਚ ਲੀਨਤਾ ਜੀਵ ਦੀ ਬ੍ਰਹਮ-ਰੂਪਤਾ ਨਹੀਂ, ਕਿਉਂਕਿ ਨੀਰ-ਲੀਨਤਾ ਦੇ ਬਾਵਜੂਦ ਵੀ ਨੀਰ-ਰੇਅ ਦਾ ਵਖਰਾ ਅਸਤਿਤਵ ਕਾਇਮ ਰਹਿੰਦਾ ਹੈ।[194] ਇੰਜ 'ਮੈਂ-ਨੀਰ' ਤੇ 'ਤੂੰ-ਨੀਰ' ਦੀ ਇਕਮਿਕਤਾ ਅਤੇ ਉਸ ਤੋਂ ਪ੍ਰਾਪਤ ਆਨੰਦ-ਅਨੁਭੂਤੀ ਅਕਥਨੀਅ ਹੈ।[195] ਅਦਵੈਤ-ਅਵਸਥਾ ਦੀ ਇਸ ਮੌਜ ਨੂੰ ਕੋਈ ਆਪ ਮੌਜ-ਸਰੂਪ ਹੋਏ ਬਿਨਾ ਨਹੀਂ

---

192 ' ਨਾਮ ਧਿਆਵਣ ਨਾਲ ਹੋ ਲਿਵਲੀਨ ਜੀ,
' 'ਜਿਸ ਨੂੰ ਕਹਿੰਦੇ ਬ੍ਰਹਮ ਉਹ ਹੈ ਪਾ ਲਿਆ :
' 'ਇਸ ਨੂੰ ਹੀ ਨਿਰਬਾਣ ਪਦ ਮੈਂ ਆਖਿਆ। (ਰਾ. ਸ੍ਰ. ਸ਼ਿੰ., ਪੰਨਾ 209)

193 ' 'ਤੂੰ' 'ਮੈਂ' 'ਮੈਂ' 'ਤੂੰ' ਹੋਇ 'ਮੈਂ' 'ਤੂੰ' ਹੈ ਨਹੀਂ,
' 'ਤੂੰ' ਨਾਹੀਂ 'ਮੈਂ' ਨਾਹਿੰ, 'ਤੂੰ' 'ਮੈਂ' ਹੋ ਰਹੇ ;
' ਮੈਂ ਤੂੰ, ਦੋਵੇਂ ਪ੍ਰੇਮ ਪ੍ਰੇਮ 'ਚ ਇਕ ਹਾਂ,
' 'ਤੂੰ ਆਨੰਦ ਅਨੰਦ 'ਮੈਂ' ਆਨੰਦ ਹਾਂ
' ਹੈ ਆਨੰਦ ਅਨੰਦ 'ਮੈਂ' 'ਤੂੰ' ਹੈ ਨਹੀਂ।
' ਹੈ ਆਨੰਦੀ ਸ੍ਵਾਦ ਵਾਹ ਅਨੰਦ ਹੈ। (ਰਾ. ਸ੍ਰ. ਸ਼ਿੰ., ਪੰਨਾ 175)

194 (ੳ) 'ਵਾਹ ਆਨੰਦ ਸਮੁੰਦ ਇਸ ਵਿਚ ਲੇਰੁਦੇ
'ਜੁਦਾ ਨੀਰ ਦੇ ਰੇਅ--ਨੀਰ ਅਨੰਦ ਦੇ—
'ਨੀਰ ਨੀਰ ਵਿਚ ਲੀਨ ਨੀਰੋਂ ਵੱਖ ਨਾ ;
'ਜੁਦਾ ਚਲਣ ਪਰ ਰੇਅ ਫਿਰ ਵਿਚ ਨੀਰ ਦੇ। (ਰਾ. ਸ੍ਰ. ਸ਼ਿੰ., ਪੰਨਾ 175)

(ਅ) ਹੋਇ ਸਮੁੰਦ ਸਰੂਪ ਮਿਲਕੇ ਓਸ ਨੂੰ :
ਪਰ ਨਹਿੰ ਹੋਇ ਸਮੁੰਦ ਹਨ ਵਿਚ ਓਸਦੇ
ਲੀਨ ਹੋਇ ਕੇ ਮੌਜ ਮਾਣਨ ਓਸਦੀ ;
ਮਾਣਨ ਜਾਣਨ ਸੁਆਦ ਪੂਰਨ ਪ੍ਰੇਮ ਦਾ-- (ਰਾ. ਸ੍ਰ. ਸ਼ਿੰ., ਪੰਨਾ 176)

195 (ੳ) 'ਇੱਕੋ ਇੱਕੋ ਹੋਇ, ਆਖ ਨ ਸੱਕੀਏ,
'ਸਮਝ ਨ ਸਕਦੀ ਜਾਣ ਇਹ ਕੀ ਮੌਜ ਹੈ ?
'ਮੈਂ' 'ਤੂੰ' ਮੋਇਆਂ ਮੌਜ ਆਪੇ ਆ ਬਣੇ। (ਰਾ. ਸ੍ਰ. ਸ਼ਿੰ., ਪੰਨਾ 175)

(ਅ) ਇਸ ਦਾ ਧਰਨਾ ਨਾਮ ਔਖੀ ਗਲ ਹੈ। (ਰਾ. ਸ੍ਰ. ਸ਼ਿੰ., ਪੰਨਾ 176)

(ੲ) ਅਸਲ ਮੇਲ ਦਾ ਰੂਪ ਆਖ ਨ ਸੱਕੀਏ। (ਰਾ. ਸ੍ਰ. ਸ਼ਿੰ., ਪੰਨਾ 209)

(ਸ) ਦੱਸਾਂ ਹੁੰਦਾ ਏ ਕਉਣ ਹਵਾਲ ?
ਅੜਿਆ ਚੁਪ ਵੇ ਸੁਹਣਿਆ ਚੁਪ
ਏਥੇ ਬੋਲਣ ਦੀ ਨਹੀਓਂ ਜਾਅ
'ਸਮਝਣ' 'ਸੋਚਣ' ਤੇ 'ਬੋਲਣ' ਦੀ ਤਾਬ
ਮੁਕ ਜਾਂਦੀ ਏ ਆਪਣੇ ਆਪ। (ਬੋਲਣ ਦਾ ਨਹੀਓਂ ਤਾਣ, ਮੇ. ਸਾ. ਜੀ. ਪੰਨਾ 20)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਖ ਸਕਦਾ ਤੇ ਜੇ ਕੋਈ ਦੇਖ ਲਵੇ ਤਾਂ 'ਗੁੰਗੇ ਦੇ ਗੁੜ ਵਾਂਙ' ਦਸ ਨਹੀਂ ਸਕਦਾ।[196] ਇਹ ਅਕਥਨੀਅ ਅਦਵੈਤ-ਅਵਸਥਾ ਅਥਵਾ ਮੋਖਸ਼-ਅਵਸਥਾ ਭਾਈ ਸਾਹਿਬ ਅਨੁਸਾਰ ਨਾਮ ਦੀ ਅਵਸਥਾ ਦਾ ਹੀ ਰੂਪ ਹੈ।[197] ਇਸ ਅਵਸਥਾ ਦੇ ਧਰਣੀ ਲਈ ਜੋਗ-ਜੁਗਤ ਅਤੇ ਬੈਕੁੰਠ-ਸੁਰਗ ਦੀ ਕਾਮਨਾ ਨਹੀਂ ਰਹਿ ਜਾਂਦੀ। ਦੁਖ-ਸੁਖ ਦੇ ਪ੍ਰਭਾਵ ਤੋਂ ਬੇਲਾਗ, ਬੇਪਰਵਾਹ ਅਤੇ ਨਿਰਚਾਹ ਉਸ ਵਿਅਕਤੀ ਲਈ ਕੇਵਲ ਸਿਮਰਨ ਅਤੇ 'ਯਾਦ' ਦੀ ਅਵਸਥਾ ਵਿੱਚ ਵਿਚਰਨਾ ਹੀ ਦੀਨ-ਦੁਨੀਆਂ, ਲੋਕ-ਪਰਲੋਕ ਅਤੇ ਬੈਕੁੰਠ-ਮੁਕਤੀ ਹੈ।[198]

---

196 ਕਹੇ ਮੌਜ ਨੂੰ ਕੌਣ ਦੇਖੇ ਤੋਂ ਬਿਨਾ
ਬਿਨ ਹੋਏ ਦੇ ਆਪ ਮੌਜ ਸਰੂਪੀਆ ?
ਦੇਖ ਨ ਸਕਦਾ ਕੋਇ, ਦੇਖੇ ਜੇ ਕੁਈ
ਗੁੰਗੇ ਦੇ ਗੁੜ ਵਾਂਙ ਦੱਸ ਨ ਸੱਕਦਾ,
ਦੇਖ ਨ ਸੱਕੇ ਜੇਅ ਸੱਕੂ ਆਖ ਕੀ। (ਰਾ. ਸ੍ਰੂ. ਸ਼ਿ., ਪੰਨਾ 182)

197 'ਡਿਠੀ ਜੋ ਨ ਹੋਇ ਉਹ ਕਿਵ ਆਖੀਏ ;
'ਜਿਨ੍ਹ ਦੇਖੀ ਉਹ ਵਾਕ ਐਦਾਂ ਆਖਦੇ !
'ਵਰਣਨ ਸਕੇ ਨ ਕੋਇ, ਦੇਖਣ ਜੋਗ ਹੈ।
'ਪਰ ਦ੍ਰਿਸ਼ਟਾਂਤਾਂ ਨਾਲ ਮੈਂ ਕੁਝ ਆਖਸਾਂ
'—ਅਤੇ ਪਤੇ ਦੇ ਨਾਲ—ਪੜ੍ਹੋ ਜੁ ਮੈਂ ਸੁਣੇ :—
'ਲਾਟੂ ਛਡੀਏ ਤੇਜ਼ ਜਾਲੀ ਚਾੜ੍ਹਕੇ
'ਉਹ ਜਾਪੇਗਾ ਐਉਂ ਜੀਕੁਰ ਹੈ ਖੜਾ !
'ਪਰ ਉਹ ਖੜਾ ਨ ਜਾਣ ਉਹ ਤਾਂ ਭੌਂ ਰਿਹਾ
'ਇੱਡਾ ਤਿੱਖਾ ਤੇਜ਼ ਉਸਦੀ ਚਾਲ ਨੂੰ
'ਫੜ ਨ ਸਕੇ ਨਜ਼ੀਰ ਨੀਝਾਂ ਬੰਨ੍ਹਕੇ।
'ਜਿੱਕੁਰ ਚਾਨਣ ਅੱਤਿ ਦੇਖਣ ਦੇਇ ਨਾ ;
'ਨਜ਼ਰ ਜਾਇ ਚੁੰਧਯਾਇ ਚਾਨਣ ਨਾਲ ਹੈ,—
'ਐਪਰ 'ਚਾਨਣ ਤੇਜ' ਨਹੀਂ 'ਹਨੇਰੜਾ'।'
'ਤਿਉਂ ਸਮਝੋ ਏ ਬਾਤ 'ਵਸਥਾ ਨਾਮ ਦੀ। (ਰਾ. ਸ੍ਰੂ ਸ਼ਿ., ਪੰ. 210)

198 'ਸੋਗ ਨ ਕਰਨਾ ਸਿੱਧ, ਮੁਕਤੀ ਲੋੜ ਨਾ ;
'ਚਾਹੁੰ ਨ ਜਾਂ ਬੈਕੁੰਠ, ਸੁਰਗੇ ਪੌਂਚ੍ਹ ਜਾਂ,
'ਨਰਕੋਂ ਡਰਦੀ ਨਾਂਹ, ਬਚਣਾ ਨਾ ਚਹਾਂ,
'ਚੋਰਾਸੀ ਲਖ ਜੂਨ, ਉਸ ਤੋਂ ਨਾ ਡਰਾਂ ;
'ਮਾਤਲੋਕ ਪਾਤਾਲ ਜੇ ਵਿਚ ਵਾਸ ਹੋ,
'ਅੱਧ ਅਕਾਸ਼ੇ ਮੱਧ ਟੰਗੀ ਜੇ ਰਹਾਂ ;
'ਉਡਦੀ ਫਿਰਾਂ ਹਵਾਇ, ਡੁਬਾਂ ਸਾਗਰ,
'ਮੈਨੂੰ ਨ ਪਰਵਾਹ ਕਿਸੇ ਹਿ ਗੱਲ ਦੀ।
'ਸੁਖੋਂ ਸਦਾ ਅਚਾਹ, ਦੁਖੋਂ ਨਾ ਡਰਾਂ ;
'ਦੁਖ ਸੁਖ ਦੇ ਵਿਚਕਾਰ 'ਵਸਥਾ ਆਖੀਏ
